# ਮੈਂ ਜਾਣਿਆ ਦੁਖ ਮੁਝ ਕੋ

(ਮੇਰਾ ਜੀਵਨ-ਸੰਘਰਸ਼)

*ਇਸੇ ਹੀ ਕਲਮ ਤੋਂ :*

| | | | |
|---|---|---|---|
| 1. | ਵਰਦੀ ਦਾ ਮੁੱਲ | (ਕਹਾਣੀ-ਸੰਗ੍ਰਹਿ) | 2018 |
| 2. | ਮੈਂ ਜਾਨਿਆ ਦੁਖ ਮੁਝ ਕੋ | (ਸਵੈ ਬਿਰਤਾਂਤ) | 2021 |
| 3. | ਬਦਲੇ ਰੰਗ ਪੰਜਾਬ ਦੇ | (ਵਾਰਤਕ) | 2022 |
| 4. | ਮੇਰਾ ਪਿੰਡ ਤੇ ਮੇਰੇ ਲੋਕ | (ਵਾਰਤਕ) | 2024 |
| 5. | ਦਲਦਲ | (ਕਹਾਣੀ-ਸੰਗ੍ਰਹਿ) | 2025 |
| 6. | 19 ਕਲਮਾਂ 72 ਰੰਗ | (ਸੰਪਾਦਨਾ ਸਾਹਿਤਕ ਸੰਗ੍ਰਹਿ) | 2025 |

# ਮੈਂ ਜਾਣਿਆ ਦੁਖ ਮੁਝ ਕੋ

(ਮੇਰਾ ਜੀਵਨ-ਸੰਘਰਸ਼)

ਲੇਖਕ : ਜਸਵਿੰਦਰ ਸਿੰਘ 'ਮਾਣੋਚਾਹਲ'
ਬੀ.ਏ.ਬੀ.ਐੱਡ.
(ਸੇਵਾ-ਮੁਕਤ ਪੰਜਾਬੀ ਮਾਸਟਰ)

ESTD. 1942
LAHORE
AZAD BOOK DEPOT

ਆਜ਼ਾਦ ਬੁੱਕ ਡੀਪੂ
ਅੰਮ੍ਰਿਤਸਰ।

# Main Janiya Dukh Mujh Ko

## (MY LIFE-STRUGGLE)

*by*

**Jaswinder Singh Manochahal**
B.A. B.ED.
(Retired Punjabi Master)
B-21/1949, Park Avenue, Chabal Road,
Tarn-Taran. (M) 9463613035
E-mail: jmanochahal54@gmail.com

**©Jaswinder Singh Manochahal**
*All rights reserved.*
*No part of this publication may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the owner and the publishers.*

ISBN : 978-81-947569-9-6

Edition : 2021
Second Edition : 2025

Rs. : 300 /-

Published in India by :

**Azad Book Depot**

Hall Bazar, Amritsar
0183-2292513, 94631-70369, 93562-92513
E-mail : KD_Singh180@hotmail.com

**Printed in India by :**
D. K. Fine Art Press, Pvt. Ltd. Delhi.

# ਸਮਰਪਤ

ਆਪਣੀ ਪੂਜਨੀਕ ਪਾਲਕ-ਮਾਂ ਸਵਰਗਵਾਸੀ
ਸ੍ਰੀਮਤੀ ਜਸਬੀਰ ਕੌਰ ਨੂੰ, ਜਿਸ ਨੇ ਆਪਣੀ ਸੱਤ ਮਹੀਨੇ
ਦੀ ਧੀ (ਭੈਣ ਜੀ ਕੁਲਦੀਪ ਕੌਰ) ਦੇ ਹਿੱਸੇ ਦਾ ਦੁੱਧ
ਮੈਨੂੰ ਪਿਲਾ ਕੇ ਹਯਾਤੀ ਬਖ਼ਸ਼ੀ।

# ਤਤਕਰਾ


- ਕੁਝ ਆਪਣੇ ਵੱਲੋਂ 11
- ਕੁਝ ਲੇਖਕ ਤੇ ਲਿਖਤ ਬਾਰੇ 13
- ਪਹਿਲੇ ਐਡੀਸ਼ਨ ਦਾ ਰਿਵੀਊ -1 (ਰੋਜ਼ਾਨਾ ਅਜੀਤ) 16
- ਪਹਿਲੇ ਐਡੀਸ਼ਨ ਦਾ ਰਿਵੀਊ -2 (ਪੰਜਾਬੀ ਜਾਗਰਨ) 18
- ਕਹਾਣੀਕਾਰ ਅਤਰਜੀਤ ਵੱਲੋਂ ਕੀਤਾ ਵਿਸ਼ਲੇਸ਼ਣ 20
- ਦੂਜਾ ਐਡੀਸ਼ਨ ਕਿਉਂ? 22
- ਜੱਟਾ ਤੇਰੀ ਜੂਨ ਬੁਰੀ...... 23
- ਦੁੱਧ ਦਾ ਕਰਜ਼ 28
- ਗ਼ੁਰਬਤ ਦੇ ਦਿਨ 32
- ਮੇਰਾ ਸਕੂਲੀ ਜੀਵਨ 34
- ਬਚਪਨ ਦੀ ਦੋਸਤੀ 39
- ਨਾਨਕਿਆਂ ਦਾ ਪ੍ਰਭਾਵ 44
- ਯਾਰਾਂ ਨਾਲ ਬਹਾਰਾਂ ਪਰ ਕਲੇ-ਕਲੇਸ਼ ਦਾ ਮੂੰਹ ਕਾਲ਼ਾ 48
- ਖਡੂਰ ਸਾਹਿਬ ਦੀ ਪਵਿੱਤਰ ਧਰਤੀ ਦੀ ਛੋਹ 52
- ਨਾਨਕੇ-ਘਰ ਰਹਿੰਦਿਆਂ 56
- ਮਾਸੀ ਮਾਂ-ਬਰੋਬਰ ਜਾਣੋ 60
- ਮੇਰਾ ਅਧਿਆਪਕ ਬਣਨ ਦਾ ਸੁਪਨਾ 63
- ਟੀਚਰ-ਟ੍ਰੇਨਿੰਗ ਦੇ ਦੋ ਸਾਲ 68
- ਰੋਜ਼ਗਾਰ ਦੀ ਭਾਲ ਤੇ ਖਾਲਸਾ ਸਕੂਲ ਦੀ ਨੌਂਕਰੀ 71
- ਸਰਕਾਰੀ ਨੌਂਕਰੀ ਦਾ ਸਫ਼ਰ ਤੇ ਗ੍ਰਹਿਸਥੀ ਜੀਵਨ 79
- ਕਾਮਰੇਡ ਮੋਤਾ ਸਿੰਘ ਤੇ ਕਮਿਊਨਿਸਟ ਪਾਰਟੀ 85
- ਸਰਹੱਦੀ ਥਾਣੇ 'ਚ ਕੱਟੀ ਇੱਕ ਰਾਤ 88
- ਦਹਿਸ਼ਤ ਦੇ ਸਾਏ ਹੇਠ ਬਿਤਾਏ ਦਿਨ 91

➢ ਸੁੱਗੇ ਸਕੂਲ ਦੀ ਸੇਵਾ 98
➢ ਇਸ ਅਦਾਲ਼ਤ 'ਚ ਬੰਦੇ ਦੇ ਬਿਰਖ ਹੋ ਗਏ......... 102
➢ ਮੇਰਾ ਆਖ਼ਰੀ ਸਕੂਲ 106
➢ ਚਾਚੇ ਮੱਸੂ ਦੀ ਚੜ੍ਹਦੀ ਤੇ ਢਹਿੰਦੀ ਕਲਾ 111
➢ ਮਾਂ ਦਾ ਅੰਤਲਾ ਸਫ਼ਰ ਤੇ ਅੱਧੀ ਛੁੱਟੀ ਦਾ ਪਛਤਾਵਾ 114
➢ ਬਾਪੂ (ਪਿਤਾ ਜੀ) ਦਾ ਤੁਰ ਜਾਣਾ 119
➢ ਸੁਰਜੀਤ ਸਿੰਘ ਬਰ੍ਹੀਲਾ ਦਾ ਦੁਖਦਾਈ ਵਿਛੋੜਾ 123
➢ ਰਿਸ਼ਤਿਆਂ ਦੇ ਅੰਬਰੋਂ ਇੱਕ ਹੋਰ ਤਾਰਾ ਟੁੱਟ ਗਿਆ 127
➢ ਬੱਚਿਆਂ ਦੀ ਪੜ੍ਹਾਈ ਤੇ ਰੋਜ਼ਗਾਰ 130
➢ ਜਥੇਬੰਦਕ ਸੰਘਰਸ਼ 134
➢ ਨੌਂਕਰੀ ਤੇ ਸੰਘਰਸ਼ ਦੌਰਾਨ ਬੀ.ਐੱਡ. ਦਾ ਪੱਤਰ-ਵਿਹਾਰ ਕੋਰਸ 142
➢ ਬੀ.ਐੱਡ. ਕਰਨ ਪਿੱਛੋਂ ਸੰਘਰਸ਼ 145
➢ ਪਿੰਡ ਨਾਲ ਸਾਂਝ 150
➢ ਸੇਵਾ-ਮੁਕਤੀ ਉਪ੍ਰੰਤ ਸੇਵਾ ਬਾਰੇ 152


# ਮੇਰੇ ਸਤਿਕਾਰਯੋਗ ਮਾਂ-ਬਾਪ ਤੇ ਮਾਮਾ-ਮਾਮੀ



ਸਵ : ਸ੍ਰ: ਨਰੰਜਣ ਸਿੰਘ
ਬਾਪੂ ਜੀ (ਪਿਤਾ ਜੀ)



ਸਵ: ਸ੍ਰੀਮਤੀ ਗੁਰਬਚਨ ਕੌਰ
(ਮਾਤਾ ਜੀ)



ਸਵ : ਕੈਪਟਨ ਭਾਨ ਸਿੰਘ
ਰੰਧਾਵਾ, ਨੱਥੋਕੇ (ਮਾਮਾ ਜੀ)



ਸਵ: ਸ੍ਰੀਮਤੀ ਜਸਬੀਰ ਕੌਰ
ਰੰਧਾਵਾ (ਮਾਮੀ ਜੀ)

# ਵਕਤ ਤੋਂ ਪਹਿਲਾਂ ਤੁਰ ਗਏ




ਸਵ: ਗੁਰਦੀਪ ਸਿੰਘ ਪੰਨੂੰ,
ਪੰਡੋਰੀ



ਸਵ: ਸਜਿੰਦਰ ਸਿੰਘ ਢਿੱਲੋਂ
ਜਲਾਲਾਬਾਦ



ਸਵ: ਜਗਪਾਲ ਸਿੰਘ
ਰੰਧਾਵਾ, ਨੱਥੋ ਕੇ




ਸਵ: ਸੁਰਜੀਤ ਸਿੰਘ
ਬਰੀਲਾ

# ਤੁਰ ਗਏ ਇਹ ਸੇਧ ਤੇ ਸਾਥ ਦੇਣ ਵਾਲੇ ਵੀ



ਸਵ: ਕਾਮਰੇਡ ਮੋਤਾ ਸਿੰਘ
ਗੋਰੇ ਨੰਗਲ



ਸਵ: ਕੁਲਵੰਤ ਸਿੰਘ
ਡਰਾਇੰਗ ਟੀਚਰ



ਸਵ: ਸ. ਪਰਮਜੀਤ ਸਿੰਘ
ਗੋਰੇ ਨੰਗਲ



ਸਵ: ਮਾਸਟਰ ਦਰਸ਼ਨ ਸਿੰਘ
ਮਾਣੋਚਾਹਲ

# ਕੁਝ ਆਪਣੇ ਵੱਲੋਂ

'ਮੈਂ ਜਾਨਿਆ ਦੁਖ ਮੁਝ ਕੋ' ਮੇਰੇ ਜੀਵਨ-ਸੰਘਰਸ਼ ਦੀ ਗਾਥਾ ਹੈ, ਮੇਰੀ ਹੱਡ-ਬੀਤੀ। ਇਹ ਮੇਰੇ ਦੁੱਖਾਂ-ਤਕਲੀਫ਼ਾਂ ਦੀ ਦਾਸਤਾਨ ਹੈ, ਮੇਰੇ ਹੀ ਨਹੀਂ, ਮੇਰੇ ਵਰਗੇ ਹਜ਼ਾਰਾਂ ਉਹਨਾਂ ਲੋਕਾਂ ਦੇ ਦੁੱਖਾਂ ਦੀ ਕਹਾਣੀ ਵੀ ਹੈ, ਜੀਹਨਾਂ ਨੂੰ ਗਰੀਬੀ ਜਾਂ ਤੰਗੀਆਂ-ਤੁਰਸ਼ੀਆਂ ਵਿਰਸੇ 'ਚ ਮਿਲਦੀਆਂ ਹਨ, ਜੋ ਉਹਨਾਂ ਨੂੰ ਅੱਗੇ ਵਧਣ ਤੋਂ ਰੋਕਦੀਆਂ ਹਨ, ਪਰ ਉਹ ਇਹਨਾਂ ਔਖੀਆਂ ਘਾਟੀਆਂ ਨੂੰ ਪਾਰ ਕਰਕੇ ਆਪਣੀ ਮੰਜ਼ਿਲ ਤੇ ਪਹੁੰਚਦੇ ਹਨ।ਬਹੁਤੇ ਲੋਕ ਆਪਣੇ ਵੱਲੋਂ ਹੱਡੀਂ-ਹੰਡਾਏ ਦੁੱਖ-ਤਕਲੀਫ਼ਾਂ ਤੇ ਪਰਦਾ ਪਾਈ ਰੱਖਦੇ ਹਨ, ਪਰ ਮੈਂ ਇਹ ਪਰਦਾ ਚੁੱਕ ਕੇ ਪਾਠਕਾਂ ਨੂੰ ਆਪਣੇ ਨਿੱਜੀ ਜੀਵਨ 'ਚ ਵਾਪਰੀਆਂ ਘਟਨਾਵਾਂ ਵੱਲ ਝਾਤੀ ਮਾਰਨ ਦੀ ਦਾਅਵਤ ਦੇ ਰਿਹਾ ਹਾਂ।ਹੋ ਸਕਦਾ ਹੈ ਕਿ ਬਹੁਤਿਆਂ ਨੂੰ ਇਹ ਮੇਰੀ ਹਿਮਾਕਤ ਪਸੰਦ ਨਾ ਆਵੇ ਪਰ ਬੜੇ ਚਿਰ ਤੋਂ ਮੇਰੀ ਇਹ ਖ਼ਾਹਿਸ਼ ਸੀ ਕਿ ਮੈਂ ਆਪਣੀ ਜ਼ਿੰਦਗੀ ਦੇ ਮਾੜੇ-ਚੰਗੇ ਅਨੁਭਵਾਂ ਨੂੰ ਸ਼ਬਦਾਂ 'ਚ ਬਿਆਨ ਕਰਕੇ ਆਪਣੇ ਮਨ ਦਾ ਭਾਰ ਹਲਕਾ ਕਰਾਂ। ਇਸ ਕਾਰਨ ਮੈਂ ਬੀਤੇ ਕਈ ਮਹੀਨਿਆਂ ਤੋਂ ਕੀਤੀ ਕਲਮ-ਘਸਾਈ ਨੂੰ ਪੁਸਤਕ ਰੂਪ ਦੇ ਕੇ ਪਾਠਕਾਂ ਸਾਹਵੇਂ ਪਰੋਸ ਰਿਹਾ ਹਾਂ।

ਬਾਬਾ ਫ਼ਰੀਦ ਜੀ ਦੇ ਸ਼ਲੋਕ **'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥'** ਦੇ ਅਸਲੀ ਅਰਥਾਂ ਵਿੱਚ ਮੈਂ ਵੀ ਬਚਪਨ 'ਚ ਏਹੀ ਸਮਝਦਾ ਰਿਹਾ ਸਾਂ ਕਿ ਇਸ ਦੁਨੀਆਂ 'ਚ ਕੇਵਲ ਮੈਂ ਹੀ ਦੁਖੀ ਹਾਂ, ਮੈਂ ਹੀ ਮਹਿਰੂਮ ਹਾਂ, ਮੈਂ ਹੀ ਸੁਖ-ਸਹੂਲਤਾਂ ਤੋਂ ਸੱਖਣਾ ਹਾਂ ਤੇ ਬਾਕੀ ਸਭ ਸੁਖ ਮਾਣ ਰਹੇ ਹਨ। ਪਰ ਜਦੋਂ ਬੁੱਧੀ ਨੇ ਕੰਮ ਕੀਤਾ, ਸਿਰ ਚੁੱਕ ਕੇ ਸਾਹਮਣੇ ਨਜ਼ਰ ਮਾਰੀ ਤਾਂ ਸਮਝ ਆਈ ਕਿ ਇਹ ਤੰਗੀਆਂ-ਤੁਰਸ਼ੀਆਂ ਤੇ ਗਰੀਬੀ ਘਰ 2 ਦੀ ਕਹਾਣੀ ਹੈ। ਮੈਂ ਇਕੱਲਾ ਸਾਧਨ-ਹੀਣ ਨਹੀਂ ਹਾਂ, ਹੋਰ ਬਹੁਤ ਸਾਰੇ ਸੱਜਣ, ਜੀਵਨ ਦੀ ਇਸ ਪਗਡੰਡੀ ਤੇ ਮੇਰੇ ਅੱਗੇ-ਪਿੱਛੇ ਹਨ ਤੇ ਕਈ ਮੇਰੇ ਤੋਂ ਵੀ ਮੰਦੀ ਹਾਲਤ ਵਿੱਚ ਹਨ। ਉਮਰ ਦੇ ਕਿਸੇ ਅਗਲੇ ਪੜਾਅ ਤੇ ਗੱਲ ਹੋਰ ਸਾਫ਼ ਹੋ ਗਈ ਕਿ ਅਮੀਰੀ-ਗਰੀਬੀ ਕੋਈ ਪਿਛਲੇ ਕਰਮਾਂ ਦਾ ਫਲ਼ ਨਹੀਂ ਹੈ ਸਗੋਂ ਇਹ ਲੁਟੇਰੇ ਵਰਗ ਵੱਲੋਂ ਕਿਰਤੀਆਂ ਦੀ ਕੀਤੀ ਗਈ ਲੁੱਟ ਚੋਂ ਜਨਮਦੀ ਹੈ। ਰਾਜਨੀਤਿਕ ਪ੍ਰਬੰਧ ਲੁਟੇਰਿਆਂ ਦੇ ਪੱਖ 'ਚ ਖਲੋ ਕੇ, ਕਿਰਤੀ ਲੋਕਾਂ ਦੀ ਲੁੱਟ ਕਰਨ

ਲਈ, ਉਹਨਾਂ ਨੂੰ ਸੁਰੱਖਿਆ ਛਤਰੀ ਮੁਹੱਈਆ ਕਰਦਾ ਹੈ, ਜਿਸ ਕਾਰਨ ਲੁੱਟੇ ਜਾ ਰਹੇ ਕਿਰਤੀ ਲੋਕ ਦਿਨੋ ਦਿਨ ਗਰੀਬ ਹੁੰਦੇ ਜਾਂਦੇ ਹਨ ਤੇ ਮੁੱਠੀ ਭਰ ਲੁਟੇਰਿਆਂ ਦੀਆਂ ਤਿਜ਼ੌਰੀਆਂ ਉੱਛਲਣ ਲਗਦੀਆਂ ਹਨ। ਇਸ ਲਈ ਅਜਿਹੇ ਪ੍ਰਬੰਧ ਨੂੰ ਬਦਲੇ ਬਿਨਾਂ, ਹੋ ਰਹੀ ਲੁੱਟ-ਖਸੁੱਟ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਤੇ ਇਹ ਪ੍ਰਬੰਧ ਬਦਲਣ ਲਈ ਸਮੂਹ ਕਿਰਤੀ ਲੋਕਾਂ ਨੂੰ ਜਾਤ-ਪਾਤ ਤੇ ਧਰਮ-ਮਜ਼੍ਹਬ ਦੇ ਵਿਤਕਰੇ ਭੁੱਲ ਕੇ ਜਮਾਤੀ ਏਕਤਾ ਉਸਾਰ ਕੇ ਹਾਕਮਾਂ ਵਿਰੁੱਧ ਜ਼ੋਰਦਾਰ ਸੰਘਰਸ਼ ਵਿੱਢਣਾ ਪੈਣਾ ਹੈ। ਇਹ ਇੱਕ ਲੰਬੀ ਲੜਾਈ ਹੈ ਜਿਸ ਨੇ ਆਖ਼ਰ ਜਿੱਤ 'ਚ ਬਦਲਣਾ ਹੈ।

ਸਵੈ-ਜੀਵਨੀ ਆਮ ਤੌਰ ਤੇ ਮਹਾਨ ਸਾਹਿਤਕਾਰਾਂ, ਵਿਗਿਆਨਿਕਾਂ, ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਆਗੂਆਂ ਜਾਂ ਕਿਸੇ ਵੀ ਹੋਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਪ੍ਰਸਿੱਧ ਲੋਕਾਂ ਦੀ, ਆਪਣੇ ਰਾਹੀਂ ਲਿਖੀ ਗਈ ਇਬਾਰਤ ਹੁੰਦੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੇ ਅਨੁਭਵਾਂ ਤੋਂ ਲਾਭ ਉਠਾ ਸਕਣ। ਪਰ ਮੈਂ ਉਕਤ ਕਿਸੇ ਵੀ ਸ੍ਰੇਣੀ ਵਿੱਚ ਨਹੀਂ ਆਉਂਦਾ, ਫਿਰ ਵੀ ਮੈਂ ਆਪਣੇ ਜੀਵਨ-ਸੰਘਰਸ਼ ਦੌਰਾਨ ਦਰਪੇਸ਼ ਮੁਸ਼ਕਲਾਂ ਨੂੰ ਹੱਲ ਕਰਦਿਆਂ ਮੰਜ਼ਿਲ ਤੇ ਪਹੁੰਚਣ ਦਾ ਆਪਣਾ ਬਿਰਤਾਂਤ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸੇ ਕਰਕੇ ਇਸ ਪੁਸਤਕ ਦੇ ਟਾਈਟਲ ਹੇਠ ਸਵੈ-ਜੀਵਨੀ ਦੀ ਥਾਂ ਸ਼ਬਦ 'ਮੇਰਾ ਜੀਵਨ-ਸੰਘਰਸ਼' ਲਿਖਿਆ ਗਿਆ ਹੈ। ਇਹ ਕੋਈ ਉੱਚ-ਪੱਧਰ ਦੀ ਸਾਹਿਤਕ ਕਿਰਤ ਭਾਵੇਂ ਨਾ ਵੀ ਹੋਵੇ ਪਰ ਮੇਰੀਆਂ ਹੱਡਬੀਤੀਆਂ ਦਾ ਸੰਖੇਪ ਜਿਹਾ ਦਸਤਾਵੇਜ਼ੀ ਰਿਕਾਰਡ ਤਾਂ ਬਣ ਹੀ ਜਾਵੇਗਾ। ਇਸ ਨੂੰ ਪੜ੍ਹ ਕੇ ਜੇ ਕਿਸੇ ਪਾਠਕ ਨੂੰ ਜ਼ਿੰਦਗੀ 'ਚ ਅੱਗੇ ਵਧਣ ਲਈ ਹਿੰਮਤ ਤੇ ਹੌਂਸਲਾ ਮਿਲ ਜਾਵੇ ਤਾਂ ਮੈਨੂੰ ਬੇਹੱਦ ਖ਼ੁਸ਼ੀ ਹੋਵੇਗੀ।

**ਜਸਵਿੰਦਰ ਸਿੰਘ 'ਮਾਣੋਚਾਹਲ'**

# ਕੁਝ ਲੇਖਕ ਤੇ ਲਿਖਤ ਬਾਰੇ

ਜਸਵਿੰਦਰ ਮਾਣੋਚਾਹਲ ਦਾ ਹਥਲਾ ਸੰਗ੍ਰਹਿ ਵਾਰਤਿਕ ਰੂਪ ਵਿੱਚ ਹੈ ਜਿਸ ਵਿੱਚ ਲੇਖਕ ਨੇ ਆਪਣੇ ਜਨਮ ਤੋਂ ਲੈ ਕੇ ਹੁਣ ਤੱਕ ਹੰਡਾਏ ਸੰਤਾਪ ਅਤੇ ਦੁਖ-ਸੁਖ ਨੂੰ ਬੜੇ ਸੰਵੇਦਨਸ਼ੀਲ ਅਤੇ ਭਾਵਪੂਰਤ ਸ਼ਬਦਾਂ ਰਾਹੀਂ ਪਾਠਕਾਂ ਦੇ ਰੂ-ਬਰੂ ਕੀਤਾ ਹੈ।ਲੇਖਕ ਦਾ ਆਪਣੇ ਜੀਵਨ-ਯਥਾਰਥ ਨੂੰ ਪਾਠਕਾਂ ਸਾਹਵੇਂ ਰੱਖਣ ਦਾ ਇਹ ਵਧੀਆ ਉਪਰਾਲਾ ਹੈ। ਅਸਲ ਵਿੱਚ ਹਰ ਮਨੁੱਖ ਆਪਣੇ ਧੁਰ-ਅੰਦਰ ਇੱਕ ਸੱਚ ਦਾ ਸਾਹਮਣਾ ਕਰ ਰਿਹਾ ਹੁੰਦਾ ਹੈ ਤੇ ਪ੍ਰਸਥਿੱਤੀਆਂ ਨਾਲ ਘੁਲ਼ ਰਿਹਾ ਹੁੰਦਾ ਹੈ। ਕੁਝ ਲੋਕ ਉਸ ਸੱਚ ਨੂੰ ਦਬਾਈ ਰੱਖਦੇ ਹਨ ਤੇ ਕੁਝ ਆਪਣੇ ਉਸ ਸੱਚ ਨੂੰ ਉਜਾਗਰ ਕਰਕੇ ਮਨ ਹੌਲ਼ਾ ਕਰ ਲੈਂਦੇ ਹਨ। ਜਸਵਿੰਦਰ ਮਾਣੋਚਾਹਲ ਦੂਸਰੇ ਵਰਗ ਨਾਲ ਸਬੰਧਿਤ ਲੇਖਕ ਹੈ।

ਲੇਖਕ ਨਾਲ ਮੇਰਾ ਰਾਬਤਾ ਕੋਈ 38 ਸਾਲ ਪਹਿਲਾਂ ਵਿਚਾਰਾਂ ਦੀ ਸਾਂਝ ਪੈ ਜਾਣ ਕਾਰਨ ਜੁੜਿਆ ਸੀ। ਉਸ ਸਮੇਂ ਮੇਰੇ ਮਨ ਵਿੱਚ ਖ਼ਿਆਲ ਤੱਕ ਨਹੀਂ ਸੀ ਕਿ ਇਸ ਬੰਦੇ ਦੇ ਅੰਦਰ ਆਪਣੇ ਪਿੰਡੇ ਤੇ ਹੰਡਾਇਆ ਸੱਚ ਕਹਿਣ ਤੇ ਲਿਖਣ ਦੀ ਹਿੰਮਤ ਤੇ ਦਲੇਰੀ ਹੋਵੇਗੀ। ਬਾਅਦ ਵਿੱਚ ਮੇਰੀ ਉਹਦੇ ਨਾਲ ਪਹਿਚਾਣ ਕੇਵਲ ਇੱਕ ਅਧਿਆਪਕ ਤੇ ਮੁਲਾਜ਼ਮ ਆਗੂ ਦੇ ਤੌਰ ਤੇ ਹੀ ਰਹੀ। ਲੇਖਕ ਵਜੋਂ ਸਿਵਾਏ ਕੁਝ 'ਲੋਕ ਲਹਿਰ' ਅਖ਼ਬਾਰ 'ਚ ਛਪੇ ਉਹਦੇ ਸਮਾਜਿਕ ਤੇ ਰਾਜਨੀਤਿਕ ਲੇਖਾਂ ਦੇ, ਹੋਰ ਕੋਈ ਪਛਾਣ ਨਹੀਂ ਸੀ। ਟੀਚਰ ਵਜੋਂ ਪ੍ਰਾਈਵੇਟ ਤੇ ਫਿਰ ਸਰਕਾਰੀ ਨੌਂਕਰੀ ਕਰਦਿਆਂ ਉਹ ਅਧਿਆਪਕ ਤੇ ਮੁਲਾਜ਼ਮ-ਜਥੇਬੰਦੀਆਂ ਨਾਲ ਜੁੜਿਆ ਰਿਹਾ ਤੇ ਆਪਣੀਆਂ ਜਾਇਜ਼ ਮੰਗਾਂ ਲਈ ਸਮੇਂ ਦੀਆਂ ਸਰਕਾਰਾਂ ਵਿਰੁੱਧ ਚੱਲਦੇ ਸੰਘਰਸ਼ ਵਿੱਚ ਰੁੱਝਾ ਰਿਹਾ।

ਫਿਰ ਸਮੇਂ ਦੇ ਗੇੜ ਨਾਲ ਸਾਡਾ ਕਈ ਸਾਲ ਮੇਲ-ਜੋਲ ਨਾ ਹੋ ਸਕਿਆ। ਇੱਕ ਦਿਨ ਉਚੇਚੇ ਤੌਰ ਤੇ ਮੈਂ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਤੋਂ ਉਹਦਾ ਐਡਰੈੱਸ ਲੈ ਕੇ ਉਹਨੂੰ ਮਿਲਣ ਗਿਆ, ਤਦ ਤੱਕ ਉਹ ਅਧਿਆਪਕ ਵਜੋਂ ਸਰਕਾਰੀ ਨੌਂਕਰੀ ਤੋਂ ਸੇਵਾ-ਮੁਕਤ ਹੋ ਗਿਆ ਸੀ। ਮੈਂ ਉਹਨੂੰ 'ਸਤਰੰਗੀ' ਮੈਗ਼ਜ਼ੀਨ ਦਾ ਤਾਜ਼ਾ ਅੰਕ ਦੇ ਕੇ ਕੁਝ ਲਿਖਣ ਲਈ ਪ੍ਰੇਰਿਤ ਕੀਤਾ। ਉਸੇ ਵੇਲੇ ਜਸਵਿੰਦਰ ਮਾਣੋਚਾਹਲ ਨੇ ਆਪਣੀ ਲਿਖੀ ਹੋਈ ਇਕ ਕਹਾਣੀ ਮੈਨੂੰ ਫੜਾਈ। ਕਹਾਣੀ ਅਗਲੇ ਅੰਕ ਵਿੱਚ ਛਪ ਗਈ ਤੇ ਪਾਠਕਾਂ

ਨੇ ਬੜੀ ਪਸੰਦ ਕੀਤੀ। ਫਿਰ ਕੀ ਸੀ, ਉਹ ਦਿਨ ਤੇ ਆਹ ਦਿਨ, ਜਸਵਿੰਦਰ ਨੇ ਲਗਾਤਾਰ ਲਿਖਣਾ ਸ਼ੁਰੂ ਕਰ ਦਿੱਤਾ। ਦੋ ਸਾਲ ਪਹਿਲਾਂ ਉਹਨੇ ਇੱਕ ਕਹਾਣੀ ਸੰਗ੍ਰਹਿ 'ਵਰਦੀ ਦਾ ਮੁੱਲ' ਪੰਜਾਬੀ ਪਾਠਕਾਂ ਦੀ ਝੋਲੀ ਪਾਇਆ ਹੈ। ਆਪਣੀਆਂ ਕਹਾਣੀਆਂ ਵਿੱਚ ਉਹਨੇ ਸਮੇਂ ਦੇ ਯਥਾਰਥ ਨੂੰ ਬੜੇ ਮਾਰਮਿਕ ਢੰਗ ਨਾਲ ਪੇਸ਼ ਕੀਤਾ ਹੈ। ਬਹੁਤ ਸਾਰੇ ਪਾਠਕਾਂ ਨੇ ਉਹ ਕਹਾਣੀਆਂ ਪੜ੍ਹ ਕੇ ਲੇਖਕ ਦੀ ਹੌਂਸਲਾ-ਅਫ਼ਜ਼ਾਈ ਕੀਤੀ ਹੈ। ਪਾਠਕਾਂ ਦੇ ਹੁੰਗਾਰੇ ਨਾਲ ਮਿਲੇ ਉਤਸ਼ਾਹ ਦੇ ਨਤੀਜੇ ਵਜੋਂ ਲੇਖਕ ਨੇ ਹੱਥਲਾ ਪੰਜਾਬੀ ਵਾਰਤਿਕ ਸੰਗ੍ਰਹਿ 'ਮੈਂ ਜਾਨਿਆ ਦੁੱਖ ਮੁਝ ਕੋ' ਪਾਠਕਾਂ ਸਾਹਵੇਂ ਪੇਸ਼ ਕੀਤਾ ਹੈ।

ਇਹ ਪੁਸਤਕ ਲੇਖਕ ਵੱਲੋਂ ਹੱਡੀਂ ਹੰਡਾਏ ਦੁੱਖਾਂ-ਸੁੱਖਾਂ ਤੇ ਜੀਵਨ ਦੇ ਬਿਖੜੇ ਰਾਹਾਂ ਤੇ ਕੀਤੇ ਸਫ਼ਰ ਦੀ ਦਾਸਤਾਨ ਪੇਸ਼ ਕਰਦੀ ਹੈ। ਬਚਪਨ ਤੋਂ ਲੈ ਕੇ ਜਵਾਨੀ ਤੱਕ ਗ਼ੁਰਬਤ ਨਾਲ ਘੁਲਦਿਆਂ, ਆਪਣੇ ਜੀਵਨ-ਸੰਘਰਸ਼ ਦੇ ਉਤਰਾਅ-ਚੜ੍ਹਾਅ ਵਾਲੀ ਨੈਂ ਪਾਰ ਕਰਨ ਦੀ ਗਾਥਾ ਨੂੰ ਲੇਖਕ ਨੇ ਸ਼ਬਦਾਂ ਦੀ ਬਾ-ਕਮਾਲ ਬੁਣਤੀ ਰਾਹੀਂ ਪੇਸ਼ ਕੀਤਾ ਹੈ। ਪੁਸਤਕ ਪੜ੍ਹਨ ਤੋਂ ਬਾਅਦ ਪਾਠਕ ਸੁਤੇ-ਸਿੱਧ ਕਹਿ ਉੱਠਦਾ ਹੈ ਕਿ ਇਹ ਇਕ ਕਮਾਲ ਦੀ ਰਚਨਾ ਹੈ। ਮੈਂ ਖ਼ੁਦ ਇਹ ਪੁਸਤਕ-ਰੂਪੀ ਖਰੜਾ ਪੜ੍ਹ ਕੇ ਕਈ ਵਾਰ ਭਾਵਕ ਹੋਇਆ ਹਾਂ ਤੇ ਲੇਖਕ ਦੇ ਦੁੱਖ-ਦਰਦ ਮੈਨੂੰ ਆਪਣੇ ਦੁੱਖ ਜਾਪਣ ਲੱਗ ਪਏ ਹਨ।

ਵਾਰਤਿਕ-ਰੂਪ ਵਿੱਚ ਲੇਖਕ ਦੇ ਆਪਣੇ ਜੀਵਨ-ਸੰਘਰਸ਼ ਦਾ ਬਿਓਰਾ ਪੇਸ਼ ਕਰਦੀ ਇਹ ਪੁਸਤਕ ਸਾਹਿਤਕ ਵੰਨਗੀ ਵਜੋਂ ਸਵੈ-ਜੀਵਨੀ ਹੈ। ਇਸ ਦਾ ਵਿਸ਼ਾ-ਵਸਤੂ ਸਾਡੇ ਸਮਾਜਿਕ ਰਿਸ਼ਤਿਆਂ ਵਿਚਲੀ ਅਪਣੱਤ, ਗ਼ੁਰਬਤ-ਮਾਰੇ ਲੋਕਾਂ ਦੀਆਂ ਮਜਬੂਰੀਆਂ ਤੇ ਆਰਥਿਕ ਮੰਦਹਾਲੀਆਂ ਤੋਂ ਪਰਦਾ ਚੁੱਕਦੀ ਇੱਕ ਜਟਿਲ ਗਾਥਾ ਹੈ। ਲੇਖਕ ਨੇ ਜਿੱਥੇ ਸਰਮਾਏਦਾਰ-ਜਗੀਰਦਾਰੀ ਪ੍ਰਬੰਧ ਤੇ ਚੋਟ ਮਾਰੀ ਹੈ ਉੱਥੇ ਇਸ ਪ੍ਰਬੰਧ ਵਿਰੁੱਧ ਲੜ ਰਹੇ ਲੋਕਾਂ ਨੂੰ ਦਰਪੇਸ਼ ਦੁਸ਼ਵਾਰੀਆਂ ਦੀ ਝਲਕ ਵੀ ਪੇਸ਼ ਕੀਤੀ ਹੈ। ਇਹ ਲੇਖਕ ਦੇ ਸਵੈ-ਤਜਰਬੇ ਦਾ ਨਤੀਜਾ ਹੈ ਕਿਉਂਕਿ ਉਹ ਆਪ ਇੱਕ ਸੰਵੇਦਨਸ਼ੀਲ ਤੇ ਕਰਮਸ਼ੀਲ ਅਧਿਆਪਕ ਤੇ ਮੁਲਾਜ਼ਮ-ਆਗੂ ਰਿਹਾ ਹੈ। ਉਹਨੇ ਆਪਣੇ ਜੀਵਨ ਵਿੱਚ ਸਮਾਜ ਸੁਧਾਰਕ ਦੇ ਰੂਪ ਵਿੱਚ ਵੀ ਕਾਫੀ ਸੰਤਾਪ ਹੰਡਾਇਆ ਹੈ ਜੋ ਦੂਜਿਆਂ ਲਈ ਪ੍ਰੇਰਨਾਦਾਇਕ ਹੈ।

ਲੇਖਕ ਇਕ ਖੇਤਾਂ ਦੇ ਕਾਮੇ, ਕਿਸਾਨ ਦਾ ਪੁੱਤ ਹੈ ਜਿਸ ਦੀ ਸਾਰੀ ਜ਼ਿੰਦਗੀ ਮਿੱਟੀ ਨਾਲ ਮਿੱਟੀ ਹੁੰਦਿਆਂ ਸੋਨਾ ਪੈਦਾ ਕਰਦਿਆਂ ਲੰਘ ਜਾਂਦੀ ਹੈ ਪਰ ਉਹ ਸੋਨਾ ਉਹਦੇ ਤਨ ਦਾ ਸ਼ਿੰਗਾਰ ਨਹੀਂ ਬਣਦਾ। ਗਰੀਬ ਕਿਸਾਨ ਅੱਜ ਵੀ ਕਰਜ਼ੇ ਦੇ ਬੋਝ ਹੇਠ ਦੱਬਿਆ ਆਤਮ-ਹੱਤਿਆ ਕਰ ਰਿਹਾ ਹੈ ਪਰ ਉਹਦੇ ਦੁੱਖਾਂ ਦੀ ਗਾਥਾ ਸੁਣਨ ਵਾਲਾ ਕੋਈ ਨਹੀਂ ਹੈ। ਸਿਆਸਤ ਵਾਅਦਿਆਂ ਤੇ ਲਾਰਿਆਂ ਦੀ ਜਾਦੂਈ ਪੇਸ਼ਕਾਰੀ ਤੱਕ ਸੀਮਿਤ ਹੋ ਕੇ ਰਹਿ

ਗਈ ਹੈ। ਜਸਵਿੰਦਰ ਨੇ ਖ਼ੁਦ ਆਪਣੇ ਪਰਿਵਾਰ ਨਾਲ ਪੂੰਜੀਵਾਦੀ ਪ੍ਰਬੰਧ ਦੇ ਗਰਭ ਚੋਂ ਉਪਜਦੀ ਗੁਰਬਤ ਨੂੰ ਬਾਖ਼ੂਬੀ ਪਿੰਡੇ ਤੇ ਹੰਡਾਇਆ ਹੈ ਤੇ ਇੰਜ ਲਗਦਾ ਹੈ ਜਿਵੇਂ ਉਹ ਇਸ ਪ੍ਰਬੰਧ ਦੀ ਭੱਠੀ 'ਚੋਂ ਉਹ ਸੋਨੇ ਦਾ ਗਹਿਣਾ ਬਣ ਨਿਕਲਿਆ ਹੋਵੇ। ਮੈਂ ਉਹਦੇ ਜੀਵਨ-ਸੰਘਰਸ਼ ਬਾਰੇ ਪੜ੍ਹ ਕੇ ਬੜਾ ਪ੍ਰਭਾਵਿਤ ਹੋਇਆਂ ਹਾਂ ਤੇ ਸਮੂਹ ਨੌਜਵਾਨਾਂ ਤੇ ਪੰਜਾਬੀ-ਪਿਆਰਿਆਂ ਨੂੰ ਇਹ ਪੁਸਤਕ ਪੜ੍ਹਨ ਦੀ ਸਿਫ਼ਾਰਸ਼ ਕਰਦਾਂ ਹਾਂ।

ਉਸ ਦੀ ਜੀਵਨ-ਗਾਥਾ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਲਈ ਮਾਰਗ-ਦਰਸ਼ਕ ਤੇ ਪ੍ਰੇਰਨਾ-ਸਰੋਤ ਹੈ। ਮੈਂ ਲੇਖਕ ਨੂੰ ਉਹਨਾਂ ਦੇ ਇਸ ਉਸਾਰੂ ਸਾਹਿਤ-ਸਿਰਜਣਾ ਦੇ ਹੰਭਲੇ ਕਾਰਨ ਢੇਰ ਸਾਰੀਆਂ ਮੁਬਾਰਕਾਂ ਪੇਸ਼ ਕਰਦਿਆਂ ਆਸ ਕਰਦਾ ਹਾਂ ਕਿ ਉਹ ਭਵਿੱਖ 'ਚ ਵੀ ਇਸੇ ਤਰ੍ਹਾਂ ਲੋਕ-ਮਸਲਿਆਂ ਤੇ ਸਮਾਜਿਕ ਵਰਤਾਰਿਆਂ ਨੂੰ ਕਲਮ ਦੀ ਤਾਕਤ ਨਾਲ ਕਾਗ਼ਜ਼ ਦੀ ਹਿੱਕ ਤੇ ਉਤਾਰਦੇ ਰਹਿਣਗੇ। ਆਮੀਨ!

**ਜਸਬੀਰ ਸਿੰਘ ਝਬਾਲ**
ਪ੍ਰਧਾਨ ਪੰਜਾਬੀ ਸਭਿਆਚਾਰਕ ਸੱਥ
ਤੇ ਸਾਹਿਤ ਸਭਾ, ਅੰਮ੍ਰਿਤਸਰ।
ਮੋ:ਨੰ: 9464745738

# ਪਹਿਲੇ ਐਡੀਸ਼ਨ ਦਾ ਰਿਵੀਊ -1

(ਰੋਜ਼ਾਨਾ ਅਜੀਤ)

ਇਸ ਸਵੈ-ਬਿਰਤਾਂਤ ਵਿੱਚ ਲੇਖਕ ਨੇ ਆਪਣੇ ਜੀਵਨ ਸੰਘਰਸ਼ ਨੂੰ ਬਿਆਨ ਕਰਦਿਆਂ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਹੈ ਕਿ ਉਸ ਨੂੰ ਪਹਿਲਾਂ ਪਹਿਲਾਂ ਇਹੀ ਜਾਪਦਾ ਸੀ ਕਿ ਉਸ ਦਾ ਜੀਵਨ ਹੀ ਸੰਘਰਸ਼ ਭਰਿਆ ਹੈ ਪਰ ਜਿਵੇਂ ਜਿਵੇਂ ਉਸ ਨੇ ਦੁਨੀਆਂ ਨੂੰ ਜਾਣਨਾ ਤੇ ਸਮਝਣਾ ਸ਼ੁਰੂ ਕੀਤਾ ਤਾਂ ਉਸ ਨੂੰ ਅਹਿਸਾਸ ਹੋਇਆ ਕਿ ਦੁਨੀਆਂ ਵਿੱਚ ਸੰਘਰਸ਼ ਹਰੇਕ ਇਨਸਾਨ ਦੇ ਹਿੱਸੇ ਆਇਆ ਹੈ ਪਰ ਉਸ ਦਾ ਰੂਪ ਅਲੱਗ ਅਲੱਗ ਹੈ। ਇਕ ਕਿਸਾਨੀ ਪਰਿਵਾਰ ਨਾਲ਼ ਸਬੰਧ ਰੱਖਣ ਵਾਲ਼ੇ ਲੇਖਕ ਨੇ ਆਪਣੇ ਬਚਪਨ ਦੇ ਦਿਨਾਂ ਦਾ ਜ਼ਿਕਰ ਕਰਦਿਆਂ ਇਹਨਾਂ ਦਿਨਾਂ ਦੇ ਸੰਘਰਸ਼ ਦੀ ਦਾਸਤਾਨ ਨੂੰ ਬਿਆਨ ਕੀਤਾ ਹੈ। ਆਪਣੇ ਨਾਨਕਿਆਂ ਖ਼ਾਸ ਕਰਕੇ ਆਪਣੇ ਮਾਮਾ ਜੀ ਦੇ ਪ੍ਰਭਾਵ ਅਧੀਨ ਉਹ ਜ਼ਿੰਦਗੀ ਦੇ ਸੁਲਝੇ ਰਾਹਾਂ ਵੱਲ ਪੈਰ ਵਧਾਉਂਦਾ ਹੈ ਅਤੇ ਆਪਣੇ ਅਧਿਆਪਕ ਬਣਨ ਦੇ ਸੁਪਨੇ ਨੂੰ ਪੂਰਾ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਜੁੱਟ ਜਾਂਦਾ ਹੈ। ਇਸ ਰਾਹ ਤੇ ਉਹਨੂੰ ਭਾਵੇਂ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਗੰਭੀਰ ਅਤੇ ਸਿਆਣੇ ਮਿੱਤਰਾਂ ਦਾ ਸਾਥ ਉਸ ਨੂੰ ਆਪਣੇ ਰਾਹ ਤੇ ਲਗਨ ਨਾਲ਼ ਤੋਰੀ ਰੱਖਦਾ ਹੈ।

ਆਪਣੇ ਇਹਨਾਂ ਮਿੱਤਰਾਂ ਨੂੰ ਲੇਖਕ ਨੇ 'ਧਰੂ ਤਾਰੇ' ਕਹਿ ਕੇ ਨਿਵਾਜ਼ਿਆ ਹੈ ਜਿਹੜੇ ਕਿ ਰਾਹ-ਦਿਸੇਰੇ ਸਾਬਤ ਹੁੰਦੇ ਹਨ। ਜੇ.ਬੀ.ਟੀ. ਦੀ ਟਰੇਨਿੰਗ ਤੋਂ ਬਾਅਦ ਰੁਜ਼ਗਾਰ ਦੀ ਭਾਲ਼, ਪ੍ਰਾਈਵੇਟ ਸਕੂਲ ਦੀ ਨੌਂਕਰੀ ਤੇ ਬਾਅਦ ਸਰਕਾਰੀ ਨੌਂਕਰੀ ਲੈਣ ਪਿੱਛੋਂ ਆਪਣੇ ਗ੍ਰਹਿਸਥ ਜੀਵਨ ਦੀ ਗਾਥਾ ਬਿਆਨ ਕਰਦਾ ਹੈ। ਪੰਜਾਬ ਦੇ ਕਾਲ਼ੇ ਦਿਨਾਂ ਦੇ ਖ਼ੌਫ ਵਿੱਚ ਬਿਤਾਏ ਦਿਨ, ਨਿਆਂ-ਪਾਲਿਕਾ ਵਿਵਸਥਾ ਬਾਰੇ ਅਤੇ ਆਪਣੇ ਆਖ਼ਰੀ ਸਕੂਲ ਬਾਰੇ ਚਰਚਾ ਕਰਨ ਦੇ ਨਾਲ਼-ਨਾਲ਼ ਉਹ ਆਪਣੀ ਮਾਂ ਅਤੇ ਚਾਚੇ ਨਾਲ਼ ਆਪਣੇ ਰਿਸ਼ਤੇ ਅਤੇ ਉਹਨਾਂ ਦੇ ਪ੍ਰਭਾਵ ਬਾਰੇ ਵੀ ਗੱਲ ਕਰਦਾ ਹੈ। ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ ਸ਼ਹਿਰ 'ਚ ਜਾ ਰਹਿਣ ਦਾ ਫ਼ੈਸਲਾ, ਮਾਤਾ-ਪਿਤਾ ਦੇ ਤੁਰ ਜਾਣ ਦਾ ਦਰਦ, ਅਧਿਆਪਕ ਯੂਨੀਅਨ ਵਿੱਚ ਕੰਮ ਕਰਨਾ, ਬੀ.ਐੱਡ. ਦਾ ਕੋਰਸ ਅਤੇ ਬਾਅਦ ਦੀ ਖੱਜਲ-ਖ਼ੁਆਰੀ, ਇਹ ਸਭ ਵੀ ਲੇਖਕ ਦੇ ਸਵੈ ਬਿਰਤਾਂਤ ਦਾ ਹਿੱਸਾ ਬਣੇ ਹਨ। ਸੇਵਾ-ਮੁਕਤੀ ਤੋਂ ਬਾਅਦ

ਲੇਖਕ ਆਪਣੇ ਨਿੱਜੀ ਸੰਘਰਸ਼ ਤੋਂ ਉੱਪਰ ਉੱਠ ਕੇ ਸਮਾਜਕ ਸੰਘਰਸ਼ ਵਿੱਚ ਹਿੱਸਾ ਪਾਉਣ ਲਈ ਯਤਨਸ਼ੀਲ ਹੈ। ਸਰਲ ਤੇ ਸਾਦਾ ਭਾਸ਼ਾ ਵਾਲ਼ਾ ਇਹ ਬਿਰਤਾਂਤ ਲੇਖਕ ਦੇ ਨਿੱਜ ਨੂੰ ਬਿਆਨਦਾ ਹੈ।

**ਡਾ: ਸੁਖਪਾਲ ਕੌਰ ਸਮਰਾਲ਼ਾ,**
ਮੋ: 8360686823

# ਪਹਿਲੇ ਐਡੀਸ਼ਨ ਦਾ ਰਿਵੀਊ -2

**(ਪੰਜਾਬੀ ਜਾਗਰਨ)**

ਲੇਖਕ ਉਹ ਹੀ ਆਪਣੀ ਸਵੈ-ਜੀਵਨੀ ਲਿਖਣ ਲਈ ਉਤਸਾਹਤ ਹੁੰਦਾ ਹੈ ਜਿਸ ਨੇ ਆਪਣੇ ਸਮੁੱਚੇ ਜੀਵਨ ਵਿੱਚ ਸੰਘਰਸ਼ ਕਰਦਿਆਂ ਰਾਜਨੀਤਕ, ਸਮਾਜਕ, ਵਿਗਿਆਨਕ ਅਤੇ ਸਾਹਿਤਕ ਖੇਤਰ ਵਿੱਚ ਪ੍ਰਾਪਤੀਆਂ ਕਰਦਿਆਂ ਆਪਣੇ ਪਾਠਕਾਂ ਜਾਂ ਆਮ ਲੋਕਾਂ ਲਈ ਕਹਿਣ ਅਤੇ ਸੰਚਾਰਨ ਲਈ ਮੁੱਲਵਾਨ ਜ਼ਿੰਦਗੀ ਦੇ ਸੰਘਰਸ਼ ਕਰਦਿਆਂ ਕੁਝ ਨਵਾਂ ਪ੍ਰਾਪਤ ਕੀਤਾ ਹੋਵੇ।

ਜਸਵਿੰਦਰ ਸਿੰਘ ਮਾਣੋਚਾਹਲ ਨੇ ਆਪਣੇ ਜੀਵਨ ਵਿੱਚ ਸੰਘਰਸ਼ ਕਰਦਿਆਂ ਆਪਣੇ ਸਮੁੱਚੇ ਜੀਵਨ ਦੀਆਂ ਤਲ਼ਖ਼ ਹਕੀਕਤਾਂ ਨੂੰ ਇਸ ਪੁਸਤਕ ਵਿੱਚ ਪੇਸ਼ ਕੀਤਾ ਹੈ। ਪੁਸਤਕ ਦੇ 33 ਕਾਂਡਾਂ ਵਿੱਚ ਉਸ ਨੇ ਜਿੱਥੇ ਆਜ਼ਾਦੀ ਤੋਂ ਪਿੱਛੋਂ ਆਪਣੇ ਪਿੰਡ ਮਾਣੋਚਾਹਲ ਕਲਾਂ ਦੇ ਆਪਣੇ ਪਰਿਵਾਰ ਦੀ ਆਰਥਿਕ ਤੇ ਸਮਾਜਿਕ ਹਾਲਤ ਦਾ ਚਿਤਰਣ ਕੀਤਾ ਹੈ, ਉੱਥੇ ਪਿੰਡ ਦੇ ਕਿਸਾਨੀ ਪਰਿਵਾਰਾਂ ਦੀ ਗ਼ੁਰਬਤ, ਅਨਪੜ੍ਹਤਾ ਅਤੇ ਮੁਸੀਬਤਾਂ ਦੀ ਗਾਥਾ ਵੀ ਬਿਆਨ ਕੀਤੀ ਹੈ। ਇਸ ਪੁਸਤਕ ਨੂੰ ਅਸੀਂ ਜਿੱਥੇ ਲੇਖਕ ਦੀ ਹੱਡਬੀਤੀ ਦੀ ਲਿਖਤੀ ਗਾਥਾ ਕਹਿ ਸਕਦੇ ਹਾਂ, ਉੱਥੇ ਇਹ ਉਸ ਸਮੇਂ ਪੰਜਾਬ ਦੇ ਪਿੰਡਾਂ ਦੀ ਆਜ਼ਾਦੀ ਪਿੱਛੋਂ ਯੋਜਨਾਬੱਧ ਤਰੀਕੇ ਨਾਲ ਚੁੱਪਚਾਪ ਹੋ ਰਹੀ ਤਬਦੀਲੀ ਦਾ ਵੀ ਚਿਤਰਣ ਹੈ।

ਮਾਣੋ ਚਾਹਲ ਨੇ ਆਪਣੇ ਬਚਪਨ ਤੋਂ ਲੈ ਕੇ ਅਧਿਆਪਕੀ ਕਿੱਤੇ ਤੋਂ ਸੇਵਾ-ਮੁਕਤ ਹੋਣ ਤੱਕ ਕੀਤੇ ਸੰਘਰਸ਼ ਦੀ ਜੋ ਗਾਥਾ ਬਿਆਨ ਕੀਤੀ ਹੈ, ਉਸ ਵਿੱਚ ਦੁੱਖ ਵਧੇਰੇ ਹਨ ਜਿਹੜੇ ਕਿ ਉਸ ਦੇ ਬਚਪਨ ਸਮੇਂ ਪਰਿਵਾਰ ਦੀ ਮੰਦਹਾਲੀ ਦਾ ਨਤੀਜਾ ਸਨ। ਜਿਸ ਤਰ੍ਹਾਂ ਉਹਨੇ ਆਪਣੇ ਬਾਪੂ ਜੀ ਦੇ ਖੇਤੀਬਾੜੀ ਦੇ ਧੰਦੇ ਦੀਆਂ ਮੁਸ਼ਕਲਾਂ ਬਿਆਨ ਕੀਤੀਆਂ ਹਨ ਉਸੇ ਤਰ੍ਹਾਂ ਦੀਆਂ ਸੰਘਰਸ਼ੀ ਘਟਨਾਵਾਂ ਉਸ ਨੇ ਆਪ ਝੱਲ ਕੇ ਜੀਵਨ ਵਿੱਚ ਪ੍ਰਾਪਤੀਆਂ ਦੇ ਫਲ਼ ਹਾਸਲ ਕੀਤੇ ਹਨ।

ਇਹ ਸਵੈ-ਜੀਵਨੀ ਸੰਘਰਸ਼ੀ ਮਨੁੱਖ ਦੀ ਅਜਿਹੀ ਗਾਥਾ ਹੈ ਜਿਸ ਰਾਹੀ ਉਹਦੇ ਵੱਲੋਂ ਕੀਤੀ ਪ੍ਰਾਪਤੀ ਅੱਜ ਦੇ ਉਹਨਾਂ ਨੌਜਵਾਨਾਂ ਲਈ ਪ੍ਰੇਰਨਾ-ਸ਼ਕਤੀ ਬਣ ਸਕਦੀ ਹੈ ਜਿਹੜੇ ਨਸ਼ਿਆਂ ਦਾ ਸ਼ਿਕਾਰ ਹੋ ਕੇ ਆਪਣਾ ਜੀਵਨ ਨਰਕ ਬਣਾ ਰਹੇ ਹਨ ਅਤੇ ਘਰ, ਪਰਿਵਾਰ, ਸਮਾਜ ਤੇ ਕੌਮ ਲਈ ਕਾਲਖ਼ ਖੱਟ ਰਹੇ ਹਨ। ਵਿਸ਼ਾ ਨਵਾਂ ਨਹੀ ਹੈ ਫਿਰ ਵੀ ਸਿੱਖਿਆਦਾਇਕ ਹੈ। ਕਥਨ-ਵਿਧੀ ਰੌਚਕ ਤੇ ਆਕਰਸ਼ਕ ਹੈ।

**ਡਾ: ਅਮਰ ਕੋਮਲ**

# ਕਹਾਣੀਕਾਰ ਅਤਰਜੀਤ ਵੱਲੋਂ ਕੀਤਾ ਵਿਸ਼ਲੇਸ਼ਣ

ਆਤਮ ਕਥਾ ਲਿਖਣ ਲਈ ਵਿਅਕਤੀ ਕੋਲ਼ ਭਰਪੂਰ ਜੀਵਨ-ਅਨੁਭਵ ਹੋਵੇ ਤਦ ਹੀ ਉਸ ਦਾ ਜੀਵਨ ਬਿਓਰਾ ਕਾਗਜ਼ ਦੀ ਹਿੱਕ ਤੇ ਤਵੀਤ ਬਣਦਾ ਹੈ। ਜੀਵਨ ਦੇ ਲੱਗਭੱਗ ਅੰਤਲੇ ਪੜਾਅ ਤੇ ਆ ਕੇ ਜਸਬੀਰ ਸਿੰਘ ਝਬਾਲ ਦੀ ਸੰਗਤ ਵਿੱਚ ਆ ਕੇ ਉਹਨੇ ਕਲਮ ਉਠਾਈ। ਇੱਕ ਕਹਾਣੀ-ਸੰਗ੍ਰਹਿ ਲਿਖਣ ਤੋਂ ਬਾਅਦ ਉਸ ਨੇ ਆਪਣੇ ਜੀਵਨ ਦਾ ਲੇਖਾ ਜੋਖਾ ਸ਼ਬਦੀ ਟਕਸਾਲ ਵਿੱਚ ਢਾਲ ਕੇ ਪੰਜਾਬੀ ਸਾਹਿਤ ਅਤੇ ਮਾਂ-ਬੋਲੀ ਪੰਜਾਬੀ ਦੀ ਝੋਲ਼ੀ ਪਾਇਆ - "ਮੈਂ ਜਾਣਿਆ ਦੁਖ ਮੁਝ ਕੋ" ਸਵੈ ਜੀਵਨੀ ਮੂਲਕ ਸੰਘਰਸ਼ ਦੀ ਗਾਥਾ ਹੈ। ਜਸਵਿੰਦਰ ਸਿੰਘ ਮਾਣੋਚਾਹਲ ਸੰਘਰਸ਼ ਦਾ ਯੋਧਾ ਬਣ ਕੇ ਡਟਿਆ ਹੈ, ਵਿਚਾਰਧਾਰਾ ਪੱਖੋਂ ਵੀ ਤੇ ਅਮਲੀ ਜੀਵਨ ਪੱਖੋਂ ਵੀ।

ਉਸ ਦੀ ਆਤਮ ਵਚਨੀ ਵਿੱਚੋਂ ਇੱਕ ਤੱਥ ਇਹ ਵੀ ਉੱਘੜਦਾ ਦਿਖਾਈ ਦਿੰਦਾ ਹੈ ਕਿ ਉਹ ਆਪਣੇ ਮੁੱਢਲੇ ਜੀਵਨ ਵਿੱਚ ਭਟਕਣ ਦੇ ਰਾਹ ਪਿਆ ਉੱਖੜਿਆ-ਪੁੱਖੜਿਆ ਨੌਜਵਾਨ ਰਿਹਾ ਸੀ ਜੋ ਐਬੀ ਸੰਗਤ ਵਿੱਚ ਪੈ ਕੇ ਸ਼ਰਾਬ ਕੱਢਦਾ ਤੇ ਵੇਚਦਾ ਵੀ ਰਿਹਾ। ਇਸ ਤਰ੍ਹਾਂ ਦੇ ਐਬੀ ਜੀਵਨ ਵੱਲ ਧੱਕੇ ਜਾਣਾ ਕਿਸੇ ਵਿਅਕਤੀ ਵਿਸ਼ੇਸ਼ ਦਾ ਆਪਣਾ ਨਿਰਨਾ ਨਹੀਂ ਹੁੰਦਾ। ਇਸ ਪਿੱਛੇ ਮਹਾਨ ਲੇਖਕ ਮੈਕਸਿਮ ਗੋਰਕੀ ਦੇ ਕਥਨ ਦਾ ਸਾਰ ਤੱਤ ਕਾਰਜਸ਼ੀਲ ਹੁੰਦਾ ਹੈ - "ਲੋਕਾਂ ਦਾ ਜਾਹਲ ਹੋਣ ਵਿੱਚ ਕੋਈ ਕਸੂਰ ਨਹੀਂ ਹੁੰਦਾ, ਸਮਾਜਕ ਹਾਲਾਤ ਉਹਨਾਂ ਨੂੰ ਅਜਿਹਾ ਬਣਾਉਂਦੇ ਹਨ।"

ਲੇਖਕ ਥੁੜੀ ਟੁੱਟੀ ਕਿਸਾਨੀ ਦੇ ਘਰ ਪੈਦਾ ਹੋਇਆ, ਫੂਹੀ ਫੂਹੀ ਨੂੰ ਤਰਸਦਾ, ਰਿਸ਼ਤੇਦਾਰਾਂ ਦੇ ਘਰੀਂ ਪੜ੍ਹਿਆ। ਲੋਕਾਂ ਕੋਲੋਂ ਉਧਾਰੇ ਸੁਧਾਰੇ ਪੈਸੇ ਫੜ ਕੇ, ਤੰਗੀਆਂ-ਤੁਰਸ਼ੀਆਂ ਨਾਲ਼ ਜੂਝਦਿਆਂ, ਜੀਵਨ ਨੂੰ ਪੱਤਣਾਂ ਤੱਕ ਲਿਆਉਣ ਦਾ ਜੋਖ਼ਮ ਭਰਿਆ ਸਫ਼ਰ ਤਹਿ ਕਰਕੇ ਅਧਿਆਪਨ ਕਿੱਤੇ ਤੱਕ ਪਹੁੰਚਦਾ ਹੈ। ਇੱਕ ਦ੍ਰਿਸ਼ਟੀਕੋਣ ਇਹ ਵੀ ਹੈ ਕਿ ਲੋਕਾਂ ਵਿੱਚ ਲੜਨ ਦੀ ਅਥਾਹ ਸ਼ਕਤੀ ਹੁੰਦੀ ਹੈ ਪਰ ਉਹ ਇਸ ਸ਼ਕਤੀ ਨੂੰ ਜਮਾਤੀ ਸੰਘਰਸ਼ ਵਿੱਚ ਲਾਉਣ ਦੀ ਥਾਂ ਆਪਣੇ ਹੀ ਬੰਧੂਆਂ ਨਾਲ ਦੁਸ਼ਮਣੀਆਂ ਸਹੇੜਨ ਲਈ ਅਣਖ ਦਾ ਸਵਾਲ ਬਣਾ ਲੈਂਦੇ ਹਨ ਜਿਵੇਂ ਕਿ ਭਰਾਵੀ-ਝਗੜੇ ਤੋਂ ਟਾਲ਼ਾ ਵੱਟ ਕੇ ਲੇਖਕ ਦਾ ਪਰਿਵਾਰ ਖੇਤਾਂ ਵਿੱਚ ਕੋਠੜਾ ਛੱਤ ਕੇ ਰਿਹਾਇਸ਼ ਕਰ ਲੈਂਦਾ ਹੈ ਪਰ ਉਸ ਦਾ ਚਾਚਾ

ਖੇਤ ਪਹੁੰਚ ਕੇ ਵੀ ਆਹਢਾ ਲਾ ਲੈਂਦਾ ਹੈ ਪਰ ਟਿਕ ਟਿਕਾ ਕਰਾਉਣ ਦੀ ਨੀਯਤ ਨਾਲ ਅੱਗੇ ਆਏ ਲੇਖਕ ਦੀ ਅੱਖ ਤੇ ਉਹਦਾ ਚਾਚਾ ਲੰਮੇ ਵੰਝ ਨਾਲ ਵਾਰ ਕਰ ਦਿੰਦਾ ਹੈ। ਸਬੱਬ ਨਾਲ਼ ਅੱਖ ਬਚ ਜਾਂਦੀ ਹੈ ਪਰ ਲਹੂ-ਲੁਹਾਨ ਹੋ ਕੇ ਘਰ ਆਇਆਂ ਨੂੰ ਵੀ ਚਾਚਾ ਥਾਣੇ ਲਿਜਾ ਕੇ ਆਪਣੀ ਹਾਉਮੇ ਨੂੰ ਸ਼ਾਂਤ ਕਰਦਾ ਹੈ। ਬੇਸ਼ੱਕ ਸਿਆਣੇ ਬੰਦੇ ਵਿੱਚ ਪੈ ਕੇ ਰਾਜੀਬੰਦਾ ਕਰਵਾ ਦੇਂਦੇ ਹਨ ਪਰ ਫੋਕੀ ਅਣਖ ਅਤੇ ਹਉਮੈ 'ਬੁਰਰ' ਕੀਤੇ ਬਗੈਰ ਸ਼ਾਂਤ ਨਹੀਂ ਹੁੰਦੀ।

ਸਮੁੱਚੇ ਜੀਵਨ ਬਿਰਤਾਂਤ ਦੇ ਨਾ਼ਲ ਨਾ਼ਲ ਲੇਖਕ ਆਪਣੇ ਦੋਸਤਾਂ-ਮਿੱਤਰਾਂ, ਸਕੇ-ਸਬੰਧੀਆਂ, ਜਾਣੂਆਂ-ਪਛਾਣੂਆਂ ਨਾ਼ਲ ਵੀ ਪਾਠਕਾਂ ਨੂੰ ਬਾਵਾਸਤਾ ਰੱਖਦਾ ਹੈ। ਇੱਕਾ ਦੁੱਕਾ ਪਾਤਰਾਂ ਨੂੰ ਛੱਡ ਕੇ ਉਸ ਦੀ ਆਤਮ ਕਥਾ ਵਿੱਚ ਸ਼ਾਮਲ ਪਾਤਰ ਨੇਕਦਿਲ, ਇਕ ਦੂਜੇ ਦੇ ਕੰਮ ਆਉਣ ਵਾ਼ਲੇ, ਚੰਗੀਆਂ ਕਦਰਾਂ ਕੀਮਤਾਂ ਦੇ ਪਹਿਰੇਦਾਰ ਦਿਖਾਈ ਦੇਂਦੇ ਹਨ। ਸ਼ਾਇਦ ਅਜਿਹੇ ਲੋਕਾਂ ਦੀ ਸੰਗਤ ਹੀ ਉਸ ਦੀ ਅਨੁਸ਼ਾਸਨ ਬੱਧ ਜੀਵਨ ਸ਼ੈਲੀ ਦਾ ਵਾਹਨ ਬਣਦੀ ਹੈ। ਹਰ ਚੰਗੇ ਪਾਤਰ ਨੂੰ ਲੇਖਕ ਆਪਣੇ ਸਰੀਰ ਦੇ ਕਿਸੇ ਅੰਗ ਵਾਂਗ ਉਘਾੜਦਾ ਹੈ। ਤੰਗੀਆਂ-ਤੁਰਸ਼ੀਆਂ ਤੋਂ ਨਿਜਾਤ ਪਾਉਣ ਲਈ ਲੇਖਕ ਨੂੰ ਅਖੰਡ ਪਾਠਾਂ ਦੀ ਰੌ਼ਲ ਲਾਉਣ ਦਾ ਸਹਾਰਾ ਵੀ ਲੈਣਾ ਪਿਆ। ਟਿਊਸ਼ਨਾਂ ਪੜ੍ਹਾ ਕੇ ਵੀ ਖਰਚੇ ਕੱਢਣ ਲਈ ਮਜਬੂਰ ਹੋਣਾ ਪਿਆ। ਗੌਰਮਿੰਟ ਟੀਚਰ ਯੂਨੀਅਨ ਵਿੱਚ ਸਰਗਰਮ ਹੋ ਕੇ ਲੇਖਕ ਪ੍ਰਗਤੀਵਾਦੀ ਵਿਚਾਰਧਾਰਾ ਵੱਲ ਰੁਚਿਤ ਹੁੰਦਾ ਹੈ। ਮਾਰਕਸਵਾਦੀ ਪਾਰਟੀ ਨਾ਼ਲ ਪ੍ਰਤੀਬੱਧ ਰਾਣਾ ਗਰੁੱਪ ਦਾ ਸਿਪਾਹੀ ਬਣ ਕੇ ਮੁਲਾਜ਼ਮ ਹਿੱਤਾਂ ਲਈ ਸੰਘਰਸ਼ਸ਼ੀਲ ਹੁੰਦਾ ਹੈ।

ਅਤਿਵਾਦ ਦੇ ਕਾਲ਼ੇ ਦੌਰ ਦਾ ਸੰਤਾਪ ਹੰਢਾਉਂਦਿਆਂ, ਆਪਣਾ ਬਚਾਅ ਕਰਨ ਲਈ ਮਜਬੂਰੀ-ਵੱਸ ਥਾਂਵਾਂ ਤਾਂ ਬਦਲਦਾ ਹੈ ਪਰ ਖਾਲਸਤਾਨੀ ਦਹਿਸ਼ਤਗਰਦੀ ਨੂੰ ਸਿੱਖ ਅੰਦੋਲਨ ਮੰਨਣ ਲਈ ਤਿਆਰ ਨਹੀਂ ਹੁੰਦਾ। ਇਹ ਅਖੌਤੀ ਬਾਣਾਧਾਰੀਏ ਅਸਾਲਟ ਰਾਈਫ਼ਲਾਂ ਤੇ ਏ ਕੇ ਸੰਤਾਲੀਆਂ ਨਾ਼ਲ ਲੈਸ ਲੋਕਾਂ ਲਈ ਸੰਤਾਪ ਦਾ ਕਾਰਨ ਬਣਕੇ ਬਹੂ-ਬੇਟੀਆਂ ਦੀਆਂ ਅਸਮਤਾਂ ਰੋਲ਼ਦੇ ਸਨ, ਉੱਥੇ ਦੂਜੇ ਪਾਸੇ ਪੁਲਸੀ ਅਤਿਆਚਾਰ ਨੂੰ ਲੇਖਕ ਬਰਾਬਰ ਧਰਦਾ ਹੈ। ਖਾਲਸਤਾਨੀ ਗੁਰਗਿਆਂ ਦੇ ਕਾਲ਼ੇ ਕਾਰਨਾਮਿਆਂ ਉੱਪਰ ਬੇਖ਼ੌਫ਼ ਅਤੇ ਬੇਬਾਕ ਪ੍ਰਤੀਕਰਮ ਪ੍ਰਗਟ ਕਰਦਿਆਂ ਜਾਨ ਜੋਖ਼ਮ ਵਿੱਚ ਵੀ ਪਾਉਂਦਾ ਹੈ। ਜਨਤਕ ਜਥੇਬੰਦੀਆਂ ਵਿੱਚ ਉਸਾਰੂ ਭੂਮਿਕਾ ਨਿਭਾਉਂਦਿਆਂ ਜਸਬੀਰ ਸਿੰਘ ਝਬਾਲ ਪ੍ਰਧਾਨ ਪੰਜਾਬੀ ਸਭਿਆਚਾਰਕ ਸੱਥ ਅਤੇ ਸਾਹਿਤ ਸਭਾ ਦੀ ਸੰਗਤ ਵਿੱਚ ਆ ਕੇ ਕਲਮ ਚੁੱਕਦਾ ਹੈ। ਬੀਤੇ ਨੂੰ ਸਵੈ ਪੜਚੋਲ ਦੀ ਕਸਵੱਟੀ ਤੇ ਲਾ ਕੇ ਜ਼ਿੰਦਗੀ ਦੇ ਸੱਚ ਨੂੰ ਪੱਲੇ ਬੰਨ੍ਹ ਕੇ ਅਗਲੇ ਸਫ਼ਰ ਤੇ ਤੁਰ ਪੈਂਦਾ ਹੈ।

14.05.2023 **ਅਤਰਜੀਤ ਕਹਾਣੀਕਾਰ**

# ਦੂਜਾ ਐਡੀਸ਼ਨ ਕਿਉਂ?

ਸਾਹਿਤਕ ਰਚਨਾਵਾਂ ਨੂੰ ਕਿਤਾਬੀ ਸ਼ਕਲ ਦੇਣ ਦਾ ਕਾਰਜ ਮੈਂ 2018 ਵਿੱਚ ਕਹਾਣੀ ਸੰਗ੍ਰਹਿ "ਵਰਦੀ ਦਾ ਮੁੱਲ" ਨਾਲ਼ ਸ਼ੁਰੂ ਕੀਤਾ ਸੀ ਜਦੋਂ ਅਜੇ ਸਾਹਿਤ ਸਿਰਜਨਾ ਦਾ ਮੈਂ ੳ ਅ ਹੀ ਪੜ੍ਹਿਆ ਸੀ। "ਮੈਂ ਜਾਣਿਆ ਦੁਖ ਮੁਝ ਕੋ" ਸਿਰਲੇਖ ਹੇਠ ਸਵੈ ਬਿਰਤਾਂਤ 2021 ਵਿੱਚ ਛਪਿਆ ਸੀ। ਆਪਣੀਆਂ ਲਿਖਤਾਂ ਨੂੰ ਪੁਸਤਕ ਰੂਪ ਵਿੱਚ ਛਪਵਾਉਣ ਦਾ ਮੈਨੂੰ ਉਦੋਂ ਕੋਈ ਤਜਰਬਾ ਨਹੀਂ ਸੀ। ਇਸ ਕਾਰਨ ਦੋਹਾਂ ਪੁਸਤਕਾਂ ਦੇ ਛਪਣ ਸਮੇਂ ਕੁਝ ਘਾਟਾਂ ਰਹਿ ਗਈਆਂ ਸਨ। "ਵਰਦੀ ਦਾ ਮੁੱਲ" ਪੁਸਤਕ ਵਿੱਚ 14 ਕਹਾਣੀਆਂ ਤੋਂ ਬਾਅਦ ਹੱਡ-ਬੀਤੀਆਂ, ਜੱਗ ਬੀਤੀਆਂ ਸਿਰਲੇਖ ਹੇਠ ਦੋ ਚੈਪਟਰ ਵਾਧੂ ਜੁੜ ਗਏ ਸਨ ਜਿਹਨਾਂ ਤੋਂ ਬਿਨਾਂ ਵੀ ਉਹ ਕਿਤਾਬ ਪੂਰਨ ਸੀ। ਇਹ ਚੈਪਟਰ ਮੇਰੇ ਜੀਵਨ-ਸੰਘਰਸ਼ ਨਾਲ ਸਬੰਧਤ ਸਨ ਇਸ ਲਈ ਇਹਨਾਂ ਨੂੰ ਸਵੈ ਬਿਰਤਾਂਤ ਵਿੱਚ ਸ਼ਾਮਲ ਕਰਨਾ ਵੀ ਜ਼ਰੂਰੀ ਸੀ। ਜਦੋਂ ਇਸ ਸਵੈ ਬਿਰਤਾਂਤ ਦਾ ਅੰਕ ਪਾਠਕਾਂ ਕੋਲ਼ ਪੁੱਜਾ ਤਾਂ ਮੇਰੇ ਕੁਝ ਪਾਠਕਾਂ ਤੇ ਅਲੋਚਕਾਂ ਨੇ ਇਹ ਊਣਤਾਈਆਂ ਮੇਰੇ ਧਿਆਨ ਵਿੱਚ ਲਿਆਂਦੀਆਂ। ਪਾਠਕਾਂ ਦਾ ਧੰਨਵਾਦ ਕਰਦੇ ਹੋਏ ਮੈਂ ਦੋਹਾਂ ਕਿਤਾਬਾਂ ਦੇ ਸੋਧੇ ਹੋਏ ਐਡੀਸ਼ਨ ਛਪਾਉਣ ਦਾ ਫ਼ੈਸਲਾ ਕੀਤਾ ਹੈ। ਦੂਸਰਾ ਕਾਰਨ ਇਹ ਸੀ ਕਿ ਜੀਵਨ-ਸੰਘਰਸ਼ ਵਿੱਚ ਕੁਝ ਦੋਸਤ-ਮਿੱਤਰ ਤੇ ਸਨੇਹੀ ਮੇਰੇ ਨਾਲ਼ ਵਿਚਰਦੇ ਰਹੇ ਸਨ ਪਰ ਉਹਨਾਂ ਬਾਰੇ ਪੁਸਤਕ ਵਿੱਚ ਲੋੜੀਂਦਾ ਜ਼ਿਕਰ ਕਰਨਾ ਵਿੱਸਰ ਜਾਣ ਕਰਕੇ ਮੈਂ ਉਹਨਾਂ ਨਾਲ਼ ਇਨਸਾਫ਼ ਨਹੀਂ ਸੀ ਕੀਤਾ। ਇਹਨਾਂ ਘਾਟਾਂ ਨੂੰ ਦੂਰ ਕਰਕੇ ਹੁਣ ਪੁਸਤਕ "ਮੈਂ ਜਾਣਿਆ ਦੁਖ ਮੁਝ ਕੋ" ਦਾ ਦੂਸਰਾ ਐਡੀਸ਼ਨ ਲੈ ਕੇ ਮੁੜ ਪਾਠਕਾਂ ਦੇ ਦਰ ਤੇ ਹਾਜ਼ਰ ਹੋਣ ਜਾ ਰਿਹਾ ਹਾਂ। ਭੁੱਲਾਂ-ਚੁੱਕਾਂ ਦੀ ਮੁਆਫ਼ੀ!

**ਜਸਵਿੰਦਰ ਸਿੰਘ 'ਮਾਣੋ ਚਾਹਲ'**

# ਜੱਟਾ ਤੇਰੀ ਜੂਨ ਬੁਰੀ

ਸੰਨ 1954 ਦੇ ਸਤੰਬਰ ਮਹੀਨੇ ਦੀ 17 ਤਰੀਕ ਨੂੰ (ਸਕੂਲ ਰਿਕਾਰਡ ਮੁਤਾਬਕ), ਸਰਹੱਦੀ ਪਿੰਡ ਮਾਣੋਚਾਹਲ ਕਲਾਂ ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨਤਾਰਨ) ਵਿਖੇ, ਇੱਕ ਗਰੀਬ ਕਿਸਾਨ ਸ੍ਰ ਨਰੰਜਣ ਸਿੰਘ ਤੇ ਮਾਤਾ ਗੁਰਬਚਨ ਕੌਰ ਦੇ ਘਰ ਦੇ ਕੱਚੇ ਕੋਠੇ 'ਚ, ਮੈਨੂੰ ਇਹ ਦੁਨੀਆਂ ਵੇਖਣੀ ਨਸੀਬ ਹੋਈ। ਕਿਸਾਨੀ ਪਰਤਾਂ ਅਨੁਸਾਰ ਇੱਕ ਏਕੜ ਤੋਂ ਘੱਟ ਮਾਲਕੀ ਵਾਲੇ ਕਿਸਾਨ ਨੂੰ 'ਗਰੀਬ ਕਿਸਾਨ' ਹੀ ਕਿਹਾ ਜਾਂਦਾ ਹੈ। ਮੇਰੇ ਦਾਦੇ ਦੀ ਜੱਦੀ-ਪੁਸ਼ਤੀ ਮਾਲਕੀ ਕੇਵਲ ਤਿੰਨ ਏਕੜ ਭੋਂ ਹੀ ਸੀ ਤੇ ਬਾਪੂ ਦੇ ਚਾਰ ਭਰਾ ਉਸ ਤੋਂ ਛੋਟੇ ਹੋਰ ਵੀ ਸਨ, ਅੱਗੋਂ ਬਾਪੂ ਨੂੰ ਹਿੱਸੇ ਆਉਂਦੀ ਸੀ - ਚਾਰ ਕਨਾਲਾਂ ਸੋਲਾਂ ਮਰਲੇ। ਇਸ ਹਿਸਾਬ ਨਾਲ ਅਸੀਂ ਕੇਵਲ ਨਾਂ ਦੇ ਹੀ ਜੱਟ ਸਾਂ। ਏਨੀ ਕੁ ਜ਼ਮੀਨ ਵਿੱਚੋਂ ਤਾਂ ਟੱਬਰ ਦੇ ਖਾਣ ਜੋਗੇ ਦਾਣੇ ਵੀ ਮੁਸ਼ਕਿਲ ਨਾਲ ਹੁੰਦੇ ਸਨ, ਮਾਲ-ਡੰਗਰ ਦੇ ਪੱਠੇ-ਦੱਥੇ ਲਈ ਹਿੱਸੇ-ਠੇਕੇ ਤੇ ਲੈਣੀ ਪੈਂਦੀ ਸੀ। ਏਨੀ ਕੁ ਜ਼ਮੀਨ ਵਾਲੇ ਜੱਟ ਦੀ ਜ਼ਿੰਦਗੀ ਉਦੋਂ ਬੜੀ ਸੰਘਰਸ਼-ਮਈ ਹੁੰਦੀ ਸੀ। ਉਹਦੀ ਇਹ ਹਾਲਤ ਸੀਰੀ ਤੋਂ ਵੀ ਮਾੜੀ ਹੁੰਦੀ ਸੀ ਕਿਉਂਕਿ ਮਜ਼ਦੂਰੀ ਜਾਂ ਦਿਹਾੜੀ ਕਰਨ ਨਾਲ ਉਹਦੇ ਅੰਦਰ ਵੜੇ 'ਜੱਟਵਾਦ' ਨੂੰ ਸੱਟ ਵੱਜਦੀ ਸੀ ਤੇ ਥੋੜ੍ਹੀ ਭੋਂ ਵਾਹ ਕੇ ਉਹਦੀਆਂ ਗਰਜ਼ਾਂ ਪੂਰੀਆਂ ਨਹੀਂ ਸਨ ਹੁੰਦੀਆਂ। ਦੂਜੇ ਪਾਸੇ ਮਜ਼ਦੂਰਾਂ ਦੀ ਜ਼ਿੰਦਗੀ ਵੀ ਕੋਈ ਘੱਟ ਸੰਘਰਸ਼ ਵਾਲੀ ਨਹੀਂ ਸੀ। ਉਹ ਵੀ ਸਾਰਾ 2 ਦਿਨ ਖੇਤਾਂ 'ਚ ਮਜ਼ਦੂਰੀ ਕਰਦੇ ਸਨ ਤੇ ਔਰਤਾਂ ਘਰਾਂ ਦਾ ਗੋਹਾ-ਕੂੜਾ ਕਰਦੀਆਂ ਤੇ ਬੱਚੇ ਮਾਲ-ਡੰਗਰ ਦੇ ਪੱਠੇ-ਦੱਥੇ ਲਈ ਜੱਟਾਂ ਦੀਆਂ ਵੱਟਾਂ ਤੋਂ ਘਾਹ ਖੋਤਦੇ ਸਨ ਤਾਂ ਜਾ ਕੇ ਕਿਤੇ ਜੀਊਂਦੇ ਰਹਿਣ ਦਾ ਵਸੀਲਾ ਬਣਦਾ ਸੀ।

ਬਾਪੂ (ਆਪਣੇ ਬਾਪ ਨੂੰ ਨਿੱਕੇ ਹੁੰਦਿਆਂ ਅਸੀਂ 'ਚਾਚਾ' ਕਹਿੰਦੇ ਹੁੰਦੇ ਸਾਂ ਤੇ ਵੱਡੇ ਹੋ ਕੇ 'ਬਾਪੂ' ਕਹਿਣ ਲੱਗ ਪਏ ਸਾਂ) ਦੱਸਿਆ ਕਰਦਾ ਸੀ ਕਿ ਮੁਰੱਬੇ-ਬੰਦੀ ਵੇਲੇ ਜ਼ਮੀਨ ਦੀ ਅਲਾਟਮੈਂਟ ਹੁੰਦਿਆਂ ਸਾਡੇ ਪਿਉ ਨੇ ਰੁਪਈਏ ਮੁੱਲ ਵਾਲੀ (ਯਾਨੀ ਸੇਂਜੂ) ਘੱਟ ਜ਼ਮੀਨ ਹੀ ਮਨਜ਼ੂਰ ਕਰ ਲਈ ਸੀ। ਜੇ ਉਹ ਚਵਾਨੀ ਮੁੱਲ ਵਾਲੀ (ਬਰਾਨ) ਲੈ ਲੈਂਦਾ ਤਾਂ ਬਾਰਾਂ ਕਿੱਲੇ ਮਿਲਣੇ ਸਨ। ਉਨ੍ਹਾਂ ਸਮਿਆਂ ਵਿੱਚ ਬੰਦਿਆਂ ਦੀ ਜੈ ਹੁੰਦੀ ਸੀ। ਜਿਸ ਜੱਟ ਦੇ ਬਹੁਤੇ ਮੁੰਡੇ ਹੁੰਦੇ ਸਨ, ਉਹਦਾ ਖੇਤੀ-ਵਾਹੀ ਦਾ ਕੰਮ ਅਸਾਨ ਹੋ ਜਾਂਦਾ ਸੀ। ਸਾਰੇ ਕੰਮ ਹੱਥੀਂ

ਕਰਨੇ ਪੈਂਦੇ ਸਨ, ਮਸ਼ੀਨ ਉਦੋਂ ਅਜੇ ਆਈ ਨਹੀਂ ਸੀ। ਇਸ ਤਰ੍ਹਾਂ 'ਬਹੁਤੇ ਹੱਥ ਤੇ ਬਹੁਤਾ ਕੰਮ' ਵਾਲਾ ਫ਼ਾਰਮੂਲਾ ਕੰਮ ਕਰਦਾ ਸੀ। ਆਪਣੀ ਜ਼ਮੀਨ ਥੋੜ੍ਹੀ ਹੋਣ ਕਰਕੇ ਬਾਪੂ ਤੇ ਚਾਚੇ ਨੇ ਹਿੱਸੇ-ਠੇਕੇ ਤੇ ਬਥੇਰੀ ਲੈ ਰੱਖੀ ਸੀ ਤੇ ਕੁਝ ਗਹਿਣੇ ਵੀ ਲਈ ਹੋਈ ਸੀ। ਉਹ ਸਮਾਂ ਹੀ ਇਸ ਤਰ੍ਹਾਂ ਦਾ ਸੀ ਕਿ ਵਿਹਲੜ ਤੇ ਨਿਕੰਮੇ ਜੱਟਾਂ ਤੋਂ ਆਪਣੀ ਜ਼ਮੀਨ ਦਾ ਮਾਮਲਾ (ਸਰਕਾਰ ਨੂੰ ਦਿੱਤਾ ਜਾਣ ਵਾਲਾ ਟੈਕਸ) ਨਹੀਂ ਸੀ ਤਰਦਾ ਤੇ ਉਹ ਆਪਣੀ ਜ਼ਮੀਨ ਆਪ ਵਾਹੁਣ ਦੀ ਥਾਂ ਹਿੱਸੇ-ਠੇਕੇ ਤੇ ਦੇ ਦੇਂਦੇ ਸਨ, ਮਾਮਲਾ ਵੀ ਤਰ ਜਾਂਦਾ ਸੀ ਤੇ ਖਾਣ ਲਈ ਚਾਰ ਮਣ ਦਾਣੇ ਵੀ ਆ ਜਾਂਦੇ ਸਨ। ਮੇਰਾ ਬਾਪੂ ਆਪਣੇ ਛੋਟੇ ਭਰਾ ਨਾਲ ਦੋ ਜੋਗਾਂ ਦੀ ਵਾਹੀ ਕਰਦਾ ਸੀ। ਚਾਰ ਬਲਦ ਸਨ, ਜੋ ਪਿੰਡੇ ਤੇ ਮੱਖੀ ਨਹੀਂ ਸਨ ਬਹਿਣ ਦੇਂਦੇ। ਇੱਕ ਊਠ ਤੇ ਇੱਕ ਘੋੜੀ ਵੀ ਰੱਖੀ ਹੋਈ ਸੀ।

ਉਸ ਸਮੇਂ ਸਾਡੀ, ਸਰਕਾਰੀਆਂ ('ਸਰਕਾਰੀਏ' ਪਿੰਡ 'ਚ ਸਾਡੀ ਅੱਲ ਪਈ ਹੋਈ ਹੈ) ਦੇ ਟੱਬਰ ਦੀ ਵਾਹੀ ਸਾਰੇ ਪਿੰਡ ਵਿੱਚ ਮੰਨੀ-ਪ੍ਰਮੰਨੀ ਸੀ। ਅੱਜ ਦੇ ਹਾਲਾਤ ਵੇਖ ਕੇ ਤਾਂ ਇਹ ਗੱਪ ਹੀ ਜਾਪਦੀ ਹੈ ਪਰ ਬਾਪੂ ਸਾਨੂੰ ਇੰਜ ਹੀ ਦੱਸਦਾ ਸੀ। ਵੱਡੇ ਦੋਵੇਂ ਭਰਾ ਹਾਲ਼ੀ ਸਨ ਤੇ ਵਾਹੀ-ਖੇਤੀ ਦਾ ਸਾਰਾ ਕੰਮ ਉਹਨਾਂ ਦੇ ਜ਼ਿੰਮੇ ਸੀ। ਉਹਨਾਂ ਜਿੰਨੀ ਮਿਹਨਤ ਸਾਰੇ ਪਿੰਡ 'ਚ ਹੋਰ ਕੋਈ ਨਹੀਂ ਸੀ ਕਰਦਾ, ਕੋਈ ਟਾਂਵਾ-ਵਿਰਲਾ ਈ ਉਹਨਾਂ ਜਿੰਨਾ ਉਦਮੀ ਹੁੰਦਾ ਸੀ। ਪਹਿਰ ਰਾਤ ਰਹਿੰਦਿਆਂ ਉਹ ਉੱਠ ਬਹਿੰਦੇ ਸਨ, ਵਹਿਗੁਰੂ ਕਹਿ ਕੇ ਮਾਲ-ਡੰਗਰ ਨੂੰ ਪੱਠੇ ਪਾਉਂਦੇ, ਲੋਅ ਫੁੱਟਣ ਤੋਂ ਪਹਿਲਾਂ ਹਲ਼ ਜੋਤ ਕੇ ਖੇਤੀਂ ਪਹੁੰਚ ਜਾਂਦੇ ਤੇ ਸ਼ਾਹ ਵੇਲੇ ਤੱਕ ਦੋ ਵਿਘੇ ਜ਼ਮੀਨ ਦੀ ਹਿੱਕ ਪਾੜ ਦੇਂਦੇ ਸਨ। ਹਲ਼ ਛੱਡ ਕੇ ਪਸ਼ੂਆਂ ਲਈ ਪੱਠਾ-ਦੱਥਾ ਵੱਢ ਕੇ, ਊਠ ਤੇ ਲੱਦ ਕੇ, ਖੂਹ ਤੇ ਲਿਆ ਸੁੱਟਦੇ। ਬਲਦਾਂ ਨੂੰ ਪਾਣੀ ਪਿਆ ਕੇ ਨਿਹਾਰੀ ਚਾਰਦੇ, ਘੜੀ-ਪਲ ਦਮ ਮਾਰਦੇ ਤੇ ਮੁੜ ਹੱਥ ਵਾਲੇ ਟੋਕੇ ਨਾਲ ਪੱਠੇ ਕੁਤਰਨੇ ਸ਼ੁਰੂ ਕਰ ਦੇਂਦੇ। ਦੁਪਹਿਰ ਤੱਕ ਟੱਕ ਵਿੱਚ ਕੁਤਰੇ ਹੋਏ ਪੱਠਿਆਂ ਦਾ ਢੇਰ ਉੱਚਾ ਹੋ ਜਾਂਦਾ ਸੀ। ਜ਼ਮੀਨ ਦੀ ਸਿੰਜਾਈ ਖੂਹਾਂ ਰਾਹੀਂ ਹੁੰਦੀ ਸੀ ਜਾਂ ਇੰਦਰ ਦੇਵਤੇ ਦੀ ਕਿਰਪਾ ਨਾਲ। ਤਿੰਨਾਂ ਖੂਹਾਂ ਤੇ ਜ਼ਮੀਨ ਲਈ ਹੋਈ ਸੀ ਬਾਪੂ ਹੋਰਾਂ, ਸਾਰੀ 2 ਰਾਤ ਖੂਹ ਵਾਹੁੰਦੇ ਰਹਿੰਦੇ, ਟਿਕ ਟਿਕ, ਟਿਕ ਟਿਕ ਹੁੰਦੀ ਰਹਿੰਦੀ। ਵਾਰੀਆਂ ਵੰਡੀਆਂ ਹੁੰਦੀਆਂ ਸਨ। ਅੱਜ ਸੂਦਾਂ ਵਾਲੇ ਖੂਹ ਤੇ, ਕੱਲ੍ਹ ਨੂੰ ਦਸੀਹਾਂ ਵਾਲੇ, ਪਰਸੋਂ ਅਤਰੀ ਵਾਲੇ ਤੇ ਅਗਲੇ ਦਿਨ ਤੇਲੀਆਂ ਵਾਲੇ। ਜੱਟ ਦੀ ਕਾਹਦੀ ਜੂਨ ਸੀ ਉਦੋਂ ? ਕਹਾਵਤ ਬਣ ਗਈ ਸੀ ਕਿ ਭਾਦੋਂ ਦੇ ਚੁਮਾਸਿਆਂ ਤੋਂ ਡਰਦਾ ਜੱਟ ਸਾਧ ਹੋ ਗਿਆ ਸੀ। ਇਹੋ ਜਿਹੀ ਮੁਸ਼ੱਕਤ-ਭਰੀ ਜ਼ਿੰਦਗੀ ਪਿੰਡਾਂ ਦੇ ਕਈ ਹੋਰ ਲੋਕ ਵੀ ਜੀਉ ਰਹੇ ਸਨ।

ਚਾਚਾ ਚੰਨਣ ਸਿੰਹੁ, ਜੀਹਨੂੰ ਬਾਪੂ ਹੋਰੀਂ ਚੰਨੋਂ ਕਹਿੰਦੇ ਸਨ, ਭਲਵਾਨੀ ਕਰਦਾ ਸੀ। ਉਹਨੂੰ ਘਰ ਦਾ ਵਾਹੀ-ਖੇਤੀ ਜਾਂ ਮਾਲ-ਡੰਗਰ ਵਾਲਾ ਕੋਈ ਕੰਮ ਨਹੀਂ ਸੀ ਦੱਸਿਆ

ਜਾਂਦਾ, ਜੇ ਜੀਅ ਕਰੇ ਤਾਂ ਉਹ ਕੰਮ ਨੂੰ ਹੱਥ ਪੁਆ ਦੇਂਦਾ ਸੀ। ਉਹਦਾ ਕੰਮ ਕੇਵਲ ਅਖਾੜੇ 'ਚ ਜ਼ੋਰ ਕਰਨਾ ਤੇ ਛਿੰਝਾਂ ਤੇ ਜਾਣਾ ਈ ਸੀ। ਦੁੱਧ ਚੁੰਘਣ ਨੂੰ ਉਹਨੂੰ ਇੱਕ ਵੱਖਰੀ ਮੱਝ ਦਿੱਤੀ ਹੋਈ ਸੀ ਤੇ ਖਾਣ ਲਈ ਘਿਉ ਮੇਰੀ ਦਾਦੀ ਉਹਨੂੰ ਵਾਧੂ ਕਰ ਛੱਡਦੀ ਸੀ। ਘੋੜੀ ਉਹਦੇ ਲਈ ਛਿੰਝਾਂ ਤੇ ਜਾਣ ਲਈ ਰੱਖੀ ਹੋਈ ਸੀ। ਸਰਕਾਰੀਆਂ ਦਾ ਟੱਬਰ ਹੀ ਨਹੀਂ, ਸਾਰਾ ਪਿੰਡ ਉਹਨੂੰ 'ਆਪਣਾ' ਸਮਝਦਾ ਸੀ। ਉਹਨਾਂ ਵੇਲਿਆਂ ਵਿੱਚ ਪਿੰਡਾਂ ਦਾ ਭਾਈਚਾਰਾ ਮਿਸਾਲੀ ਹੁੰਦਾ ਸੀ। ਪਿੰਡ ਦੀ ਧੀ ਸਭ ਦੀ ਧੀ ਹੁੰਦੀ ਸੀ ਤੇ ਪਿੰਡ ਦੇ ਸਿਆਣੇ ਤੇ ਜ਼ੋਰਾਵਰ ਬੰਦੇ ਤੇ ਸਾਰਾ ਪਿੰਡ ਮਾਣ ਕਰਿਆ ਕਰਦਾ ਸੀ। ਮੇਰੇ ਛੋਟੇ ਦੋਵੇਂ ਚਾਚੇ ਟਾਂਗਾ ਵਾਹੁੰਦੇ ਸਨ। ਦੋਵਾਂ ਕੋਲ ਅੱਵਲ ਦਰਜੇ ਦੀਆਂ ਘੋੜੀਆਂ ਸਨ ਤੇ ਉਹਨਾਂ ਦੇ ਸ਼ੌਕ ਵੀ ਵੱਖਰੇ ਹੀ ਸਨ। ਜਦੋਂ ਤੱਕ ਦਾ ਮੈਨੂੰ ਚੇਤਾ ਹੈ, ਮੈਂ ਉਹਨਾਂ ਨੂੰ ਕਦੇ ਸਾਂਝੇ ਘਰ 'ਚ ਵਾਹੀ-ਖੇਤੀ ਦਾ ਕੰਮ ਕਰਦੇ ਨਹੀਂ ਸੀ ਵੇਖਿਆ। ਉਹ ਕੇਵਲ ਆਪੋ-ਆਪਣੀ ਘੋੜੀ ਸੰਭਾਲਦੇ ਤੇ ਟਾਂਗਾ ਜੋੜ ਕੇ ਸ਼ਹਿਰ ਨੂੰ ਤੁਰ ਜਾਂਦੇ। ਸ਼ਾਮ ਪਈ ਨੂੰ ਵਾਪਸ ਮੁੜਦੇ ਤਾਂ ਉਹਨਾਂ ਦੀਆਂ ਗੁਥਲੀਆਂ 'ਚ ਭਾਨ ਛਣ 2 ਕਰਦਾ ਹੁੰਦਾ ਸੀ। ਵਾਹੀ-ਖੇਤੀ ਦਾ ਸਾਰਾ ਕੰਮ ਬਾਪੂ ਤੇ ਉਹਤੋਂ ਛੋਟਾ, ਚਾਚਾ ਸ਼ਿੰਗਾਰਾ ਸਿੰਹੁ ਹੀ ਕਰਦੇ ਸਨ।

ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਪਿੰਡ ਵਿੱਚ ਕਈ ਮੁਸਲਮਾਨ ਪਰਿਵਾਰ ਵੀ ਰਹਿੰਦੇ ਸਨ। ਸਾਡੇ ਘਰ ਦੇ ਨਾਲ ਗਵਾਂਢ 'ਚ ਵੀ ਦੋ ਘਰ ਤੇਲੀ ਤੇ ਅਰਾਈ ਮੁਸਲਮਾਨਾਂ ਦੇ ਸਨ। ਉਹਨਾਂ ਦੀ ਜ਼ਮੀਨ ਵੀ ਸੀ ਤੇ ਜ਼ਮੀਨ ਵਿੱਚ ਖੂਹ ਵੀ, ਇੱਕ ਤੇਲੀਆਂ ਵਾਲਾ ਤੇ ਦੂਜਾ ਅਰਾਈਆਂ ਵਾਲਾ। ਬਾਪੂ ਦੱਸਦਾ ਹੁੰਦਾ ਸੀ ਕਿ ਸਾਡਾ ਉਹਨਾਂ ਨਾਲ ਬੜਾ ਤੇਹ-ਮੁਹੱਬਤ ਵਾਲਾ ਰਿਸ਼ਤਾ ਸੀ ਤੇ ਕਦੇ ਵੀ ਉਹਨਾਂ ਨਾਲ ਕੋਈ ਝਗੜਾ ਨਹੀਂ ਸੀ ਹੋਇਆ। ਉਹ ਹਰ ਇੱਕ ਦਾ ਦਿਲੋਂ-ਮਨੋਂ ਆਦਰ ਕਰਦੇ ਸਨ। ਕਦੇ ਕੋਈ ਦੀਨ ਧਰਮ ਦਾ ਸਵਾਲ ਵੀ ਖੜਾ ਨਹੀਂ ਸੀ ਹੋਇਆ। ਇਹਨਾਂ ਸਾਰੇ ਘਰਾਂ ਦੇ ਬੱਚੇ ਇਕੱਠੇ ਖੇਡ ਕੇ ਜਵਾਨ ਹੋਏ ਸਨ। ਪਰ ਲੀਡਰਾਂ ਨੂੰ ਇਹ ਮਨਜ਼ੂਰ ਨਹੀਂ ਸੀ ਤੇ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਈ ਇਸ ਦੀ ਵੰਡ ਹੋ ਗਈ। ਪਾਕਿਸਤਾਨ ਨਾਂ ਦਾ ਇੱਕ ਹੋਰ ਦੇਸ਼ ਬਣ ਗਿਆ। ਮੁਸਲਮਾਨਾਂ ਨੂੰ ਇਧਰੋਂ ਉਧਰ ਤੇ ਹਿੰਦੂ-ਸਿੱਖਾਂ ਨੂੰ ਉਧਰੋਂ ਇਧਰ ਭੱਜਣਾ ਪਿਆ। ਭਰੇ-ਭਕੁੰਨੇ ਘਰ ਛੱਡ ਕੇ ਲੋਕ ਜਾਨਾਂ ਬਚਾ ਕੇ ਆਪੋ ਆਪਣੇ ਦੇਸ਼ਾਂ ਨੂੰ ਤੁਰ ਪਏ। ਪਰ ਬਹੁਤ ਸਾਰਿਆਂ ਦੀਆਂ ਨਾ ਜਾਨਾਂ ਬਚੀਆਂ ਤੇ ਨਾ ਇਜ਼ਤਾਂ । ਇਤਿਹਾਸ ਦੇ ਪੰਨਿਆਂ ਤੇ ਇਹ ਕਾਲਾ ਦੌਰ ਖ਼ੂਨੀ ਕਾਂਡ ਵਜੋਂ ਦਰਜ ਹੈ। ਸਾਡੇ ਗਵਾਂਢੀ ਮੁਸਲਮਾਨ ਵੀ ਆਪਣੇ ਘਰਾਂ ਦੀਆਂ ਚਾਬੀਆਂ ਆਂਢ-ਗਵਾਂਢ ਫੜਾ ਕੇ ਅਣਮੰਨੇ ਮਨ ਨਾਲ ਕਿਸੇ ਅਣਵੇਖੀ ਧਰਤੀ ਵੱਲ ਰੁਖ਼ਸਤ ਹੋ ਗਏ ਸਨ। ਇਹ ਗੱਲਾਂ ਤਾਂ ਮੇਰੇ ਜਨਮ ਤੋਂ ਪਹਿਲਾਂ ਦੀਆਂ ਹਨ, ਬਾਪੂ ਦੇ ਦੱਸਣ ਮੁਤਾਬਕ ਹੀ ਲਿਖੀਆਂ ਹਨ। ਉਹਨੇ ਇਹ ਵੀ ਦੱਸਿਆ ਸੀ ਕਿ ਸਾਡੇ ਪਿੰਡ ਕਿਸੇ ਮੁਸਲਮਾਨ ਦਾ

ਕੋਈ ਜਾਨੀ ਨੁਕਸਾਨ ਜਾਂ ਕਿਸੇ ਧੀ-ਭੈਣ ਦੀ ਬੇ-ਇਜ਼ਤੀ ਨਹੀਂ ਸੀ ਹੋਈ।

ਇਹਨਾਂ ਮੁਸਲਮਾਨਾਂ ਚੋਂ ਇੱਕ, ਆਪਣੇ ਘਰ ਦੀ ਚਾਬੀ ਸਾਡੇ ਵੱਲ ਤੇ ਦੂਜੇ, ਸਾਡੇ ਇੱਕ ਹੋਰ ਗਵਾਂਢੀ ਸੂਰਤਾ ਸਿੰਘ ਨੂੰ ਫੜਾ ਗਏ ਸਨ। ਜਦੋਂ ਵੱਡੇ ਹੜ੍ਹ ਆਏ, ਮੈਂ ਉਦੋਂ ਅਜੇ ਛੋਟਾ ਹੀ ਸਾਂ। ਸਾਡੇ ਪਿੰਡ ਨੇੜਿਉਂ ਦੀ ਇੱਕ ਡਰੇਨ ਲੰਘਦੀ ਹੈ। ਇਹਨਾਂ ਹੜ੍ਹਾਂ ਤੋਂ ਪਹਿਲਾਂ ਕਦੇ ਸਰਕਾਰ ਵੱਲੋਂ ਇਹਦੀ ਖਲਾਈ ਨਹੀਂ ਸੀ ਕਰਵਾਈ ਗਈ। ਇਸ ਕਾਰਨ ਪਿੱਛੋਂ ਆਏ ਮੀਂਹ ਦੇ ਪਾਣੀ ਨਾਲ ਡਰੇਨ ਉੱਛਲ ਗਈ ਤੇ ਪਾਣੀ ਸਾਡੇ ਘਰਾਂ 'ਚ ਆਣ ਵੜਿਆ। ਸੌਣ-ਬਹਿਣ ਅਤੇ ਪਸ਼ੂ ਬੰਨ੍ਹਣ ਲਈ ਉੱਚੀਆਂ ਥਾਂਵਾਂ ਦੀ ਭਾਲ ਹੋਣ ਲੱਗੀ। ਮੁਸਲਮਾਨਾਂ ਦੇ ਘਰ ਉੱਚੀ ਥਾਂ ਤੇ ਹੋਣ ਕਰਕੇ ਚਾਚੇ ਨੇ ਆਪਣੇ ਪਸ਼ੂ ਉੱਥੇ ਜਾ ਬੰਨ੍ਹੇ। ਸੂਰਤਾ ਸਿੰਘ ਨੇ ਰੋਕਿਆ ਤਾਂ ਝਗੜਾ ਵਧ ਗਿਆ, ਉਹਨੇ ਸਮਝਿਆ ਸੀ ਕਿ ਸਰਕਾਰੀਆਂ ਨੇ ਇਸ ਥਾਂ ਤੇ ਵੀ ਕਬਜਾ ਕਰ ਲਿਆ ਹੈ। ਅਗਲੇ ਦਿਨ ਸੂਰਤਾ ਸਿੰਘ ਦੇ ਘਰ ਸ਼ਰਾਬ ਦਾ ਦੌਰ ਚੱਲਿਆ ਤੇ ਸਰਾਬੀਆਂ ਦੀ ਲੜਾਈ ਡਾਂਗ-ਸੋਟੇ ਤੋਂ ਅਗਾਂਹ ਮਰਨ-ਮਾਰਨ ਤੱਕ ਪਹੁੰਚ ਗਈ। ਬਾਪੂ ਹੋਰੀਂ ਹਲ਼ ਛੱਡ ਕੇ ਪੰਜਾਲੀਆਂ ਰੱਖ ਰਹੇ ਸਨ ਕਿ ਦੋ ਸ਼ਰਾਬੀ ਉਨਾਂ ਦੇ ਗਲ਼ ਆ ਪਏ। ਸੋਫ਼ੀ ਤੇ ਸਰੀਰੋਂ ਤਕੜੇ ਹੋਣ ਕਰਕੇ ਉਹਨਾਂ ਨੇ ਦੋਹਾਂ ਨੂੰ ਢਾਹ ਲਿਆ। ਬੰਦੇ ਢੱਠੇ ਵੇਖ ਕੇ ਸੂਰਤਾ ਸਿੰਘ ਨਾਲ ਆਈ ਮਾਂਗਵੀਂ ਧਾੜ ਨੇ ਗੋਲੀ ਚਲਾ ਦਿੱਤੀ ਤਾਂ ਹਵੇਲੀ 'ਚ ਪਿੱਛੇ ਖੜੇ ਚਾਚੇ ਚੰਨੋਂ ਦੀ ਲੱਤ 'ਚ ਜਾ ਵੱਜੀ। ਉਹ ਥਾਂ ਤੇ ਹੀ ਢੇਰੀ ਹੋ ਗਿਆ। ਗੋਲੀ ਦਾ ਖੜਾਕ ਸੁਣ ਕੇ ਬਾਕੀ ਸਾਰੇ ਭੱਜ ਗਏ। ਸੂਰਤਾ ਸਿੰਘ ਦੇ ਬੰਦੇ ਚਾਚੇ ਦੀ ਲੱਤ 'ਚ ਬਰਛੀਆਂ ਮਾਰ 2 ਗੋਲੀ ਦਾ ਨਿਸ਼ਾਨ ਮਿਟਾਉਂਦੇ ਰਹੇ। ਬਹੁਤਾ ਖ਼ੂਨ ਨੁੱਚੜਨ ਕਰਕੇ ਜਦੋਂ ਚਾਚਾ ਬੇਹੋਸ਼ ਹੋ ਗਿਆ ਤਾਂ ਦੁਸ਼ਮਣ ਉਹਨੂੰ ਮਰਨਾਊ ਹਾਲਤ 'ਚ ਛੱਡ ਕੇ ਘਰਾਂ ਨੂੰ ਭੱਜ ਗਏ। ਠੰਢ-ਠੰਢੌਲਾ ਹੋਣ ਪਿੱਛੋਂ ਚਾਚੇ ਨੂੰ ਚੁੱਕ ਕੇ ਹਸਪਤਾਲ ਖੜਿਆ ਪਰ ਅੱਠੀਂ ਦਿਨੀਂ ਉਹਦੀ ਮੌਤ ਹੋ ਗਈ।

ਤੇ ਉਸ ਤੋਂ ਬਾਅਦ ਸ਼ੁਰੂ ਹੋਏ ਕਚਹਿਰੀਆਂ ਦੇ ਚੱਕਰ। ਚਹੁੰ ਭਰਾਵਾਂ ਨੇ ਸਹੁੰ ਖਾ ਲਈ ਕਿ ਭਰਾ ਦੇ ਕਾਤਲਾਂ ਨੂੰ ਜੇ ਫਾਹੇ ਨਹੀਂ ਲਵਾ ਸਕਦੇ ਤਾਂ ਵੀਹ ਸਾਲ ਤੋਂ ਘੱਟ ਸਜ਼ਾ ਨਾ ਹੋਵੇ ਭਾਵੇਂ ਜਿੰਨੇ ਮਰਜੀ ਪੈਸੇ ਲੱਗਣ। ਇਹ ਉਸ ਵੇਲੇ ਦੀ ਜੱਟਕੀ ਸੋਚ ਸੀ ਤੇ ਏਸੇ ਨੂੰ ਅਣਖ ਜਾਂ ਗ਼ੈਰਤ ਦਾ ਨਾਂ ਦਿੱਤਾ ਜਾਂਦਾ ਸੀ। ਹੁਣ ਵਕੀਲਾਂ ਦੇ ਘਰ ਵਾਹੀ ਦੀ ਆਮਦਨ ਤੋਂ ਹੀ ਕਿਥੋਂ ਭਰਨੇ ਸਨ, ਗਹਿਣੇ ਲਈ ਜ਼ਮੀਨ ਵੀ ਸਹਿਜੇ 2 ਹੱਥਾਂ ਹੇਠੋਂ ਨਿੱਕਲ ਗਈ। ਵੱਡੇ ਦੋਵੇਂ ਭਰਾ ਜੋ ਕਮਾਉਣ ਵਾਲੇ ਸਨ, ਉਹ ਅਨਪੜ੍ਹ ਸਨ। ਇੱਕ ਟਾਂਗੇ ਵਾਲਾ ਭਰਾ ਦੋ-ਤਿੰਨ ਜਮਾਤਾਂ ਪੜ੍ਹਿਆ ਹੋਇਆ ਸੀ। ਇਸ ਕਰ ਕੇ ਕਤਲ-ਕੇਸ ਲੜਨ ਦੀ ਜ਼ਿੰਮੇਵਾਰੀ ਉਹਨੂੰ ਦੇ ਦਿੱਤੀ ਗਈ। ਕਾਤਲਾਂ ਨੂੰ ਤਾਂ ਵੀਹ 2 ਸਾਲ ਦੀ ਸਜ਼ਾ ਹੋ ਗਈ ਸੀ ਪਰ ਘਰ ਦਾ ਮੂੰਹ ਵੀ ਦੂਜੇ ਪਾਸੇ ਲੱਗ ਗਿਆ ਸੀ। ਉੱਤੋਂ ਮਰਨ ਵਾਲੇ ਦੇ ਟੱਬਰ ਦਾ

ਭਾਰ ਵੀ ਬਾਕੀਆਂ ਸਿਰ ਆ ਪਿਆ ਸੀ। ਉਹਦੀਆਂ ਤਿੰਨ ਧੀਆਂ ਤੇ ਇੱਕ ਮੁੰਡਾ ਸੀ। ਰੋਟੀ-ਪਾਣੀ, ਲੀੜਾ-ਕੱਪੜਾ ਵੀ ਦੇਣਾ ਸੀ ਤੇ ਵਿਆਹ-ਸ਼ਾਦੀਆਂ ਵੀ ਕਰਨੇ ਪੈਣੇ ਸਨ। ਸਾਰਾ ਹਿਸਾਬ-ਕਿਤਾਬ ਲਾ ਕੇ ਛੋਟੇ ਦੋਹਾਂ ਨੇ ਸਾਂਝੇ ਪਰਿਵਾਰ ਚੋਂ ਅੱਡ ਹੋਣ 'ਚ ਹੀ ਆਪਣਾ ਭਲਾ ਸਮਝਿਆ। ਵੱਡੇ ਦੋਵੇਂ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਕਿਵੇਂ ਭੱਜ ਸਕਦੇ ਸਨ ? ਉਹਨਾਂ ਨੇ ਸਿਰ ਤੇ ਪਈ ਝੱਲੀ ਤੇ ਮ੍ਰਿਤਕ ਦੀਆਂ ਵੱਡੀਆਂ ਦੋ ਧੀਆਂ ਦਾ ਵਿਆਹ ਕਰਕੇ ਜਵਾਨ ਮੁੰਡੇ ਨੂੰ ਟਾਂਗਾ ਬਣਾ ਦਿੱਤਾ। ਪਿੰਡ ਤੋਂ ਸ਼ਹਿਰ ਤਰਨ-ਤਾਰਨ ਛੇ ਕੋਹਾਂ (ਨੌਂ ਮੀਲ) ਦੀ ਵਿੱਥ ਤੇ ਸੀ ਤੇ ਘੋੜਾ-ਟਾਂਗਾ ਉਸ ਵੇਲੇ ਆਵਾਜਾਈ ਦਾ ਚੰਗਾ ਸਾਧਨ ਸੀ। ਸ਼ਹਿਰ ਨੂੰ ਜਾਣ ਵਾਲੀਆਂ ਵਾਧੂ ਸਵਾਰੀਆਂ ਮਿਲ ਜਾਂਦੀਆਂ ਸਨ ਤੇ ਘਰੋ-ਘਰੀ ਪਹੁੰਚਾਉਣ ਲਈ ਭਾਰ ਵੀ। ਇਸ ਕਾਰਨ ਟਾਂਗਾ ਚਲਾਉਣਾ ਉਹਨਾਂ ਸਮਿਆਂ ਵਿੱਚ ਇੱਕ ਲਾਭਦਾਇਕ ਕਿੱਤਾ ਸੀ।

ਮੈਨੂੰ ਯਾਦ ਹੈ ਕਿ ਆਪਣੇ ਕਤਲ ਹੋਏ ਭਰਾ ਦੇ ਪਰਿਵਾਰ ਦਾ ਭਾਰ ਹਲਕਾ ਕਰਕੇ ਅਤੇ ਮੁੰਡੇ ਨੂੰ ਕਮਾਉਣ-ਯੋਗ ਕਰਨ ਪਿੱਛੋਂ ਹੀ ਬਾਪੂ ਤੇ ਚਾਚੇ ਨੇ ਆਪਣੀ ਵੰਡ-ਵੰਡਾਈ ਕੀਤੀ ਸੀ। ਉਦੋਂ ਤੱਕ ਸਾਰੇ ਪਿੰਡ 'ਚ ਮੰਨੀ-ਪ੍ਰਮੰਨੀ ਉਹਨਾਂ ਦੀ ਵਾਹੀ ਦਾ ਭੋਗ ਪੈ ਚੁੱਕਾ ਸੀ। ਸਾਰਾ ਕੁਝ ਇੱਕ ਬੇਲੋੜੇ ਵਾਦ-ਵਿਵਾਦ ਕਾਰਨ ਜੱਟਾਂ ਦੀ ਫੋਕੀ ਹੈਂਕੜ ਦੇ ਲੇਖੇ ਲੱਗ ਗਿਆ ਸੀ। ਜਦੋਂ ਬਾਪੂ ਹੋਰਾਂ ਅੱਡ ਹੋ ਕੇ ਜ਼ਮੀਨ ਦੀ ਵੰਡ-ਵੰਡਾਈ ਕੀਤੀ ਸੀ ਤਾਂ ਬਹੁਤ ਥੋੜ੍ਹੀ 2 ਜ਼ਮੀਨ ਹਿੱਸੇ ਆਈ ਸੀ। ਏਨੀ ਕੁ ਭੋਂ ਵਾਹ ਕੇ ਕਿਸੇ ਪਰਿਵਾਰ ਦਾ ਰੋਟੀ-ਪਾਣੀ ਤਾਂ ਮਾੜਾ-ਮੋਟਾ ਚੱਲ ਸਕਦਾ ਸੀ ਪਰ ਬੱਚਿਆਂ ਦੀ ਪੜ੍ਹਾਈ ਤੇ ਹੋਰ ਖ਼ਰਚੇ ਪੂਰੇ ਕਰਨੇ ਔਖੇ ਸਨ। ਫਿਰ ਵੀ ਬਾਪੂ ਨੇ ਹੌਂਸਲਾ ਨਾ ਹਾਰਿਆ ਤੇ ਥੋੜ੍ਹੀ ਹੋਰ ਜ਼ਮੀਨ ਹਿੱਸੇ-ਠੇਕੇ ਤੇ ਲੈ ਕੇ ਜੀਵਨ-ਸੰਘਰਸ਼ ਮੁੜ ਤੋਂ ਸ਼ੁਰੂ ਕਰ ਦਿੱਤਾ। ਮਾਂ ਨੇ ਵੀ ਘਰ ਨੂੰ ਸੁਚੱਜੇ ਰੂਪ ਵਿੱਚ ਚਲਾਉਣ ਤੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਬਰਾਬਰ ਯੋਗਦਾਨ ਪਾਇਆ। ਉਹਨੇ ਲਵੇਰੀਆਂ ਦਾ ਦੁੱਧ ਵੇਚ ਕੇ, ਮੁਰਗੀਆਂ ਪਾਲ ਕੇ, ਆਂਡੇ ਵੇਚ ਕੇ ਤੇ ਬਾਅਦ 'ਚ ਸਿਲਾਈ ਮਸ਼ੀਨ ਲੈ ਕੇ, ਲੋਕਾਂ ਦੇ ਕੱਪੜੇ ਸੀਂ ਕੇ ਸਾਡੀਆਂ ਕਿਤਾਬਾਂ-ਕਾਪੀਆਂ ਤੇ ਹੋਰ ਖ਼ਰਚੇ ਪੂਰੇ ਕੀਤੇ। ਇੰਜ ਘੱਟ ਜ਼ਮੀਨ ਵਾਲੇ ਜੱਟਾਂ ਤੇ ਉਪ੍ਰੋਕਤ ਅਖਾਣ ਪੂਰਾ ਢੁੱਕਦਾ ਸੀ ਜਿਹਨਾਂ ਨੂੰ ਹਲ਼ ਵਾਹੁਣ ਪਿੱਛੋਂ ਨਾ ਕੇਵਲ ਪੱਠਿਆਂ ਨੂੰ ਹੀ ਜਾਣਾ ਪੈਂਦਾ ਸੀ ਸਗੋਂ ਟੱਬਰ ਪਾਲਣ ਲਈ ਹੋਰ ਵੀ ਕਈ ਪਾਪੜ ਵੇਲਣੇ ਪੈਂਦੇ ਸਨ। ਉਹਨਾਂ ਦੀ ਕਿਰਤ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਸੀ ਤੇ ਸੂਰਜ ਅਸਤਣ ਤੋਂ ਬਾਅਦ ਮੁੱਕਦੀ ਸੀ। ਕਹਿਣ ਦੀ ਲੋੜ ਨਹੀਂ ਰਹਿ ਗਈ ਕਿ ਮੈਂ ਇਸੇ ਤਰ੍ਹਾਂ ਦੇ ਕਿਰਤੀ ਪਰਿਵਾਰ ਵਿੱਚ ਹੀ ਜੰਮਿਆ-ਪਲਿਆ ਹਾਂ।

# ਦੁੱਧ ਦਾ ਕਰਜ਼

ਬਦ-ਕਿਸਮਤੀ ਜਨਮ ਤੋਂ ਹੀ ਮੇਰੇ ਨਾਲ ਤੁਰ ਪਈ ਸੀ। ਮੇਰੇ ਜਨਮ ਤੋਂ ਦੋ ਮਹੀਨੇ ਬਾਅਦ ਹੀ ਮੇਰੀ ਮਾਂ ਬੀਮਾਰ ਹੋ ਗਈ ਸੀ। ਉਹਨੂੰ ਤਪਦਿਕ ਵਰਗੀ ਕੋਈ ਘਾਤਕ ਬੀਮਾਰੀ ਚੰਬੜ ਗਈ ਸੀ ਜਿਸ ਤੋਂ ਦੁੱਧ ਪੀਂਦੇ ਬੱਚੇ ਨੂੰ ਖ਼ਤਰਾ ਹੋ ਸਕਦਾ ਸੀ। ਇਸ ਲਈ ਡਾਕਟਰ ਦੇ ਕਹਿਣ ਤੇ ਮੈਨੂੰ ਮਾਂ ਤੋਂ ਵੱਖ ਰੱਖਣਾ ਠੀਕ ਸਮਝਿਆ ਗਿਆ ਤੇ ਮਾਂ ਦਾ ਇਲਾਜ ਸ਼ੁਰੂ ਹੋ ਗਿਆ। ਬਾਪੂ ਲਈ ਇਹ ਦਿਨ ਬੜੇ ਸੰਕਟ-ਭਰੇ ਸਨ। ਉਹ ਤੜ੍ਹਕੇ ਖੇਤਾਂ 'ਚ ਕੰਮ ਕਰਦਾ ਤੇ ਬਾਅਦ 'ਚ ਦੂਜੇ-ਤੀਜੇ ਦਿਨ ਮਾਂ ਨੂੰ ਡਾਕਟਰ ਕੋਲ ਲੈ ਕੇ ਜਾਂਦਾ ਸੀ। ਡਾਕਟਰ ਦੇ ਕਹਿਣ ਅਨੁਸਾਰ ਇਲਾਜ ਲੰਮਾ ਸਮਾਂ ਚੱਲਣਾ ਸੀ ਪਰ ਵੱਡੀ ਚਿੰਤਾ ਦੁੱਧ-ਪੀਂਦੇ ਬੱਚੇ ਨੂੰ ਪਾਲਣ ਦੀ ਸੀ। ਚਾਚੀਆਂ-ਤਾਈਆਂ ਨੇ ਕੁਝ ਦਿਨ ਮੇਰੀ ਸਾਂਭ-ਸੰਭਾਲ ਕੀਤੀ ਪਰ ਉਹ ਆਪਣੇ ਬੱਚਿਆਂ ਨੂੰ ਛੱਡ ਕੇ ਓਪਰੇ ਬੱਚੇ ਨੂੰ ਕਿੰਨਾ ਕੁ ਚਿਰ ਸਾਂਭ ਸਕਦੀਆਂ ਸਨ। ਇਹ ਬੜੀ ਵੱਡੀ ਸਮੱਸਿਆ ਸੀ। ਬਾਪੂ ਨਾ ਆਪ ਮੈਨੂੰ ਸੰਭਾਲ ਸਕਦਾ ਸੀ ਤੇ ਨਾ ਕੋਈ ਮੇਰੇ ਲਈ ਖਿਡਾਵੀ ਰੱਖਣ ਜੋਗਾ ਸੀ, ਜੇ ਉਹ ਇਹੋ ਜਿਹਾ ਕੋਈ ਜੁਗਾੜ ਕਰਨਾ ਵੀ ਚਾਹੁੰਦਾ ਤਾਂ ਉਹਦੇ ਕੋਲ ਏਨੇ ਮਾਇਕ ਸਾਧਨ ਹੀ ਨਹੀਂ ਸਨ। ਉਹ ਸਿੱਧਾ-ਸਾਦਾ ਪੇਂਡੂ ਜੱਟ ਸੀ, ਚਿੱਟਾ ਅਨਪੜ੍ਹ, ਸਿਰਫ ਹਲ਼ ਵਾਹੁਣਾ ਜਾਣਦਾ ਸੀ। ਦਾਦੀ ਮੇਰੀ ਵੀ ਉਸ ਵੇਲੇ ਕਾਫੀ ਬਿਰਧ ਸੀ ਜੋ ਮੁਸ਼ਕਲ ਨਾਲ ਆਪਣੀ ਕਾਇਆ ਹੀ ਸਾਧ ਸਕਦੀ ਸੀ। ਨਿੱਕੇ ਬੱਚੇ ਨੂੰ ਪਾਲਣਾ ਉਹਦੇ ਵੀ ਵੱਸ ਦਾ ਰੋਗ ਨਹੀਂ ਸੀ। ਇਸ ਬਿਪਤਾ ਦੇ ਸਮੇਂ ਆਪਣੇ ਲਹੂ ਤੋਂ ਬਿਨਾਂ ਇਸ ਭਾਰੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਕਿਸੇ ਹੋਰ ਤੋਂ ਆਸ ਨਹੀਂ ਸੀ ਰੱਖੀ ਜਾ ਸਕਦੀ।

ਉੱਧਰ ਮਾਂ ਦਾ ਦੁੱਧ ਨਾ ਮਿਲਣ ਕਰਕੇ ਤੇ ਯੋਗ ਸੰਭਾਲ ਨਾ ਹੋਣ ਕਰਕੇ ਮੇਰੀ ਸਿਹਤ ਵੀ ਵਿਗੜਦੀ ਜਾ ਰਹੀ ਸੀ। ਮਾਂ ਤੇ ਬਾਪੂ ਚਿੰਤਾ 'ਚ ਡੁੱਬੇ, ਮੇਰੇ ਨਾਨਕੇ ਪਿੰਡ ਗਏ ਤੇ ਮੈਨੂੰ ਮਾਮੀ ਜੀ ਦੀ ਝੋਲੀ ਪਾ ਆਏ। ਮੇਰੇ ਵੱਡੇ ਮਾਮਾ ਜੀ ਫੌਜ 'ਚ ਨੌਂਕਰੀ ਕਰਦੇ ਸਨ, ਉਹਨਾਂ ਦੀ ਧਰਮ-ਪਤਨੀ ਯਾਨੀ ਮੇਰੇ ਮਾਮੀ ਜੀ - ਸ੍ਰੀ ਮਤੀ ਜਸਬੀਰ ਕੌਰ, ਨਿਰੋਲ ਧਾਰਮਿਕ ਬਿਰਤੀ ਦੇ, ਸਿੱਖ ਧਰਮ ਵਿੱਚ ਅਥਾਹ ਸ਼ਰਧਾ ਰੱਖਣ ਵਾਲੇ ਤੇ ਸਵੇਰੇ ਸ਼ਾਮ ਪਾਠ-ਪੂਜਾ ਕਰਨ ਵਾਲੀ ਰੂਹ ਦੇ ਮਾਲਕ ਸਨ। ਉਹਨੇ ਮਾਂ ਅੱਗੇ ਝੋਲੀ ਅੱਡ ਕੇ, ਉਹਦੇ

ਠੀਕ ਹੋਣ ਤੱਕ ਮੇਰਾ ਪਾਲਣ-ਪੋਸ਼ਣ ਕਰਨ ਦੀ ਸਾਰੀ ਜ਼ਿੰਮੇਵਾਰੀ ਖ਼ੁਸ਼ੀ 2 ਚੁੱਕ ਲਈ ਤੇ ਮਾਂ ਨੂੰ ਚਿੰਤਾ-ਮੁਕਤ ਕਰਦਿਆਂ ਕਹਿਣ ਲੱਗੀ,

"ਬੀਬੀ ਜੀ! ਇਹਦਾ ਤੁਸੀਂ ਹੁਣ ਫ਼ਿਕਰ ਨਾ ਕਰਿਓ, ਇਹ ਹੁਣ ਮੇਰਾ ਪੁੱਤਰ ਈ ਆ। ਕੁੜੀ ਨੇ ਛੇ-ਸੱਤ ਮਹੀਨੇ ਮੇਰਾ ਦੁੱਧ ਚੁੰਘ ਲਿਆ ਏ, ਉਹ ਤਾਂ ਪਲ਼ ਪਈ ਸਮਝੋ, ਨਾਲੇ ਕੁੜੀਆਂ ਨੂੰ ਰੱਬ ਦੀਆਂ ਰੱਖਾਂ ਨੇ। ਮੈਂ ਉਹਦਾ ਦੁੱਧ ਛੁਡਾ ਕੇ ਜੱਸ ਨੂੰ ਪਿਆਵਾਂਗੀ, ਜਦੋਂ ਤੂੰ ਠੀਕ ਹੋ ਗਈਓਂ, ਉਦੋਂ ਲੈ ਜਾਈਂ।" ਮਾਂ ਤੇ ਬਾਪੂ ਬੇ-ਫ਼ਿਕਰ ਹੋ ਕੇ ਘਰ ਮੁੜ ਆਏ।

ਕੋਈ ਮਾਂ ਆਪਣੇ ਬੱਚੇ ਨੂੰ ਛੱਡ ਕੇ ਦੂਸਰੇ ਦੇ ਬੱਚੇ ਨੂੰ ਆਪਣਾ ਦੁੱਧ ਪਿਆ ਕੇ ਪਾਲ਼ੇ -ਇਹ ਸ਼ਾਇਦ ਇੱਕ ਵਿਲੱਖਣ ਉਦਾਹਰਣ ਹੀ ਸੀ। ਅਜਿਹੀ ਕੁਰਬਾਨੀ ਕੋਈ ਵਿਰਲੀ ਮਾਂ ਹੀ ਕਰ ਸਕਦੀ ਹੈ। ਪਰ ਮੇਰੀ ਪਾਲਕ-ਮਾਂ ਨੇ, ਭੈਣ ਜੀ ਕੁਲਦੀਪ ਦਾ ਦੁੱਧ ਛੁਡਾ ਕੇ, ਮੈਨੂੰ ਦੁੱਧ ਚੁੰਘਾਉਣਾ ਸ਼ੁਰੂ ਕਰ ਦਿੱਤਾ ਤੇ ਸਮਾਜ ਵਿੱਚ ਇੱਕ ਨਵੀਂ ਉਦਾਹਰਣ ਪੇਸ਼ ਕੀਤੀ। ਸਿਹਤ ਪੱਖੋਂ ਮੇਰੀ ਹਾਲਤ ਪਹਿਲਾਂ ਹੀ ਬਹੁਤ ਮਾੜੀ ਸੀ। ਤੀਜੇ-ਚੌਥੇ ਦਿਨ ਡਾਕਟਰ ਕੋਲ ਲੈ ਕੇ ਜਾਣਾ ਪੈਂਦਾ ਸੀ। ਬੇਗਾਨੀ ਅਮਾਨਤ ਦੀ ਜ਼ਿੰਮੇਵਾਰੀ ਲੈ ਕੇ ਭਾਵੇਂ ਮਾਮੀ ਜੀ ਨੇ ਮੁਸੀਬਤ ਸਹੇੜ ਲਈ ਸੀ ਪਰ ਉਹਨੇ ਹੌਂਸਲਾ ਨਾ ਹਾਰਿਆ। ਦਵਾਈ ਦੇ ਨਾਲ 2 ਮੰਦਰਾਂ ਤੇ ਗੁਰਦੁਆਰਿਆਂ ਵਿੱਚ ਜਾ ਕੇ ਉਹਨੇ ਮੇਰੀ ਲੰਮੀ ਉਮਰ ਲਈ ਦੁਆਵਾਂ ਵੀ ਕੀਤੀਆਂ। ਉਹਨੇ ਮੈਨੂੰ ਸਕੇ ਪੁੱਤ ਵਾਂਗ ਪਾਲਿਆ ਤੇ ਛੇ-ਸੱਤ ਮਹੀਨਿਆਂ ਬਾਦ ਜਦੋਂ ਮਾਂ ਠੀਕ ਹੋ ਗਈ, ਉਹਨੂੰ ਸੱਦ ਕੇ ਮੁੜ ਉਹਦੀ ਝੋਲ਼ੀ ਪਾਉਂਦਿਆਂ ਕਹਿਣ ਲੱਗੀ,

"ਬੀਬੀ ਜੀ! ਮੁੰਡਾ ਅਗਲੇ ਬਾਰਿਉਂ ਹੋ ਕੇ ਮਸ੍ਹਾਂ ਬਚਿਆ ਏ, ਮੈਂ ਇਹਦੀ ਸੁੱਖ ਸੁੱਖੀ ਏ ਗੁਰੂ ਅਰਜਣ ਦੇਵ ਜੀ ਦੇ ਦਰਬਾਰ 'ਚ, ਤੂੰ ਸਮਝ ਮੈਂ ਗੁਰੂ ਬਾਬੇ ਤੋਂ ਮੁੱਲ ਈ ਲਿਆ ਏ, ਥੋੜ੍ਹਾ ਵੱਡਾ ਹੁੰਦਾ ਏ ਤਾਂ ਮੈਂ ਤੇਰੇ ਵੀਰ ਨੂੰ ਨਾਲ ਲੈ ਕੇ ਸੁੱਖ ਲਾਹੁਣ ਆਊਂਗੀ।"

ਮਾਂ ਮੈਨੂੰ ਆਪਣੇ ਘਰ ਲੈ ਆਈ। ਉਧਰ ਮਾਮੀ ਜੀ ਆਪਣੀ ਕਬੀਲਦਾਰੀ ਤੇ ਪਰਿਵਾਰਕ ਰੁਝੇਵਿਆਂ ਵਿੱਚ ਰੁੱਝ ਗਏ। ਜਦੋਂ ਮਾਮੀ ਜੀ ਮੇਰੀ ਸੁੱਖ ਲਾਹੁਣ ਲਈ ਮਾਮਾ ਜੀ ਨਾਲ ਸਾਡੇ ਪਿੰਡ ਆਏ ਉਦੋਂ ਤੱਕ ਮੈਂ ਪੰਜ ਸਾਲਾਂ ਦਾ ਹੋਣ ਵਾਲਾ ਸਾਂ। ਜਦੋਂ ਅਸੀਂ ਗੁਰਦੁਆਰੇ ਪਹੁੰਚੇ ਤਾਂ ਮਾਮੀ ਜੀ ਨੇ ਗ੍ਰੰਥੀ ਸਿੰਘ ਨੂੰ ਬੇਨਤੀ ਕੀਤੀ,

"ਬਾਬਾ ਜੀ! ਮੇਰਾ ਇਹ ਬੱਚਾ ਬੀਮਾਰ ਹੋ ਗਿਆ ਸੀ, ਮੈਂ ਗੁਰੂ ਬਾਬੇ ਅੱਗੇ ਅਰਦਾਸ ਕੀਤੀ ਸੀ ਕਿ ਮਹਾਰਾਜ ਇਹ ਬੇਗਾਨੀ ਅਮਾਨਤ ਮੈਨੂੰ ਮੁੱਲ ਦੇ ਭਾਅ ਮੋੜ ਦਿਉ। ਗੁਰੂ ਬਾਬੇ ਨੇ ਮੇਰੀ ਅਰਦਾਸ ਕਬੂਲ ਕਰ ਲਈ ਤੇ ਮੁੰਡਾ ਰਾਜ਼ੀ ਹੋ ਗਿਆ। ਤੁਸੀਂ ਦੱਸੋ ਮੈਂ ਗੁਰੂ-ਘਰ ਨੂੰ ਕਿੰਨੀ ਮਾਇਆ ਭੇਟ ਕਰਾਂ?"

ਸੁਣ ਕੇ ਬਾਬਾ ਜੀ ਹੈਰਾਨ ਹੋਏ ਕਹਿਣ ਲੱਗੇ, "ਬੀਬੀ ਜੀ! ਬੱਚਿਆਂ ਦਾ ਮੁੱਲ ਕੋਈ ਨਹੀਂ ਦੇ ਸਕਦਾ। ਇਹ ਦਾਤ ਮੁੱਲ ਮਿਲਣ ਵਾਲੀ ਨਹੀਂ। ਸਤਿਗੁਰ ਨੇ ਤੁਹਾਡੇ ਤੇ ਕਿਰਪਾ

ਕੀਤੀ ਹੈ ਤਾਂ ਉਹਦਾ ਸ਼ੁਕਰ-ਗੁਜ਼ਾਰ ਕਰੋ ਤੇ ਸਰਦਾ-ਬਣਦਾ ਗੁਰੂ-ਘਰ ਦੇ ਲੰਗਰ 'ਚ ਪਾ ਕੇ ਰਸੀਦ ਲੈ ਲਉ। " ਇਹ ਘਟਨਾ ਜਦੋਂ ਕਦੇ ਮੈਨੂੰ ਚੇਤੇ ਆਉਂਦੀ ਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਦੁੱਧ ਦਾ ਕਰਜ਼ ਹੀ ਨਹੀਂ ਹੋਰ ਵੀ ਬਹੁਤ ਸਾਰਾ ਕਰਜ਼ ਹੈ ਮੇਰੇ ਸਿਰ ਤੇ, ਉਸ ਮਾਂ ਦਾ, ਜਿਹੜਾ ਮੈਂ ਕਦੇ ਲਾਹ ਨਹੀਂ ਸਕਾਂ ਗਾ। ਉਸ ਦੇਵੀ-ਮਾਂ ਨੂੰ ਕੋਟ-ਕੋਟ ਵਾਰ ਨਮਸ਼ਕਾਰ! ਮੈਂ ਆਪਣੀ ਉਸ ਭੈਣ ਦਾ ਵੀ ਕਰਜ਼ਦਾਰ ਹਾਂ ਜੀਹਦੇ ਹਿੱਸੇ ਦਾ ਦੁੱਧ ਪੀ ਕੇ ਮੈਂ ਹਯਾਤੀ ਪਾਈ ਤੇ ਜਿਸ ਤੋਂ ਬਾਲ-ਅਵਸਥਾ ਵਿੱਚ ਹੀ ਮਾਂ ਦੀ ਗੋਦ ਮੈਂ ਖੋਹ ਲਈ ।

ਮਾਮੀ ਜੀ ਕੇਵਲ ਪਾਠ-ਪੂਜਾ ਕਰਨ ਵਾਲੇ ਸੰਤ-ਸ਼ੁਭਾਅ ਵਾਲੀ ਔਰਤ ਹੀ ਨਹੀਂ ਸੀ ਸਗੋਂ ਜ਼ਿੰਦਗੀ ਦੀਆਂ ਕਰੂਰ ਸਚਾਈਆਂ ਨਾਲ ਸੰਘਰਸ਼ ਕਰਨ ਵਾਲੀ ਬਹਾਦਰ ਔਰਤ ਵੀ ਸੀ। ਉਹਨਾਂ ਨੇ ਮਾਮਾ ਜੀ ਦੀ ਫੌਜ ਦੀ ਨੌਂਕਰੀ ਦੌਰਾਨ ਉਹਨਾਂ ਦੀ ਗ਼ੈਰ-ਹਾਜ਼ਰੀ ਵਿੱਚ, ਘਰੇਲੂ ਮਸਲਿਆਂ ਦਾ ਮਰਦਾਂ ਵਾਂਗ ਸਾਹਮਣਾ ਕੀਤਾ। ਦੋਹਾਂ ਭਰਾਵਾਂ 'ਚ ਜ਼ਮੀਨ ਦੀ ਵੰਡ ਹੋਣ ਬਾਅਦ ਖੇਤਾਂ 'ਚ ਜਾ ਕੇ, ਵੱਟ ਤੇ ਖੜ ਕੇ ਵਾਹੀ-ਖੇਤੀ ਦੇ ਕੰਮ ਦੀ ਕਮਾਨ ਸੰਭਾਲੀ। ਬੱਚਿਆਂ ਦੀ ਪਰਿਵਰਸ਼ ਤੇ ਪੜ੍ਹਾਈ ਦੇ ਮੋਰਚੇ ਤੇ ਜ਼ਿੰਮੇਵਾਰੀ ਨਿਭਾਈ। ਕੈਪਟਨ ਸਾਹਬ (ਮਾਮਾ ਜੀ) ਦੇ ਪੈਨਸ਼ਨ ਆਉਣ ਪਿੱਛੋਂ ਤੇ ਬੱਚਿਆਂ ਦੇ ਵਿਆਹ-ਸ਼ਾਦੀਆਂ ਹੋ ਜਾਣ ਬਾਅਦ, ਜਦੋਂ ਭੈਣ ਜੀ ਕੁਲਦੀਪ ਤੇ ਬਲਜੀਤ ਨੂੰ ਸਰਕਾਰੀ ਨੌਂਕਰੀ ਮਿਲ ਗਈ, ਛੋਟਾ ਬੇਟਾ ਸਤਪਾਲ ਕੰਮ-ਕਾਰ ਦੀ ਭਾਲ ਵਿੱਚ ਇੰਗਲੈਂਡ ਚਲਾ ਗਿਆ, ਵੱਡੇ ਜਗਪਾਲ ਨੂੰ ਚਾਰ-ਪੰਜ ਕਿੱਲੇ ਜ਼ਮੀਨ ਹੋਰ ਖ਼ਰੀਦ ਦਿੱਤੀ ਤੇ ਉਹਨੇ ਟ੍ਰੈਕਟਰ ਲੈ ਕੇ ਆਧੁਨਿਕ ਢੰਗਾਂ ਨਾਲ ਖੇਤੀ ਦਾ ਕੰਮ ਚਲਾ ਲਿਆ ਤਾਂ ਉਹਨਾਂ ਨੂੰ ਜਿਵੇਂ ਬੀਤੇ ਦੀ ਮਿਹਨਤ-ਮੁਸ਼ਕਤ ਦਾ ਫਲ਼ ਮਿਲ ਗਿਆ ਹੋਵੇ, ਉਹਨਾਂ ਦਾ ਜੀਵਨ ਬੜਾ ਸੁਖਦਾਇਕ ਹੋ ਗਿਆ ਸੀ।

ਪਰ ਜ਼ਿੰਦਗੀ ਦੁੱਖਾਂ-ਸੁਖਾਂ ਤੇ ਜਿੱਤਾਂ-ਹਾਰਾਂ ਦਾ ਮਿਲਗੋਭਾ ਹੈ। ਜ਼ਿੰਦਗੀ ਦੇ ਵਿਹੜੇ ਵਿੱਚ ਜੇ ਇੱਕ ਵੇਲੇ ਸੁੱਖਾਂ ਦੀ ਬਹਾਰ ਖਿੜੀ ਹੋਵੇ ਤਾਂ ਦੁੱਖਾਂ ਦੀ ਪਤਝੜ ਆਉਂਦਿਆਂ ਵੀ ਦੇਰ ਨਹੀਂ ਲਗਦੀ। ਉਹਨਾਂ ਦੀਆਂ ਖ਼ੁਸ਼ੀਆਂ ਤੇ ਖੇੜਿਆਂ ਦੀ ਇਹ ਬਹਾਰ ਵੀ ਸਦੀਵੀ ਨਾ ਰਹੀ। ਕੁਝ ਸਾਲਾਂ ਬਾਅਦ ਕੈਪਟਨ ਸਾਹਿਬ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਤੁਰਦੇ ਬਣੇ। ਅਜੇ ਉਹਨਾਂ ਨੂੰ ਪਤੀ ਦੇ ਵਿਛੋੜੇ ਦਾ ਦੁੱਖ ਹੀ ਨਹੀਂ ਸੀ ਘਟਿਆ ਕਿ ਉਹਨਾਂ ਦਾ ਲਾਡਲਾ ਪੁੱਤਰ ਤੇ ਸਾਡਾ ਛੋਟਾ ਵੀਰ ਜਗਪਾਲ ਸਿੰਘ (ਸਰਪੰਚ) ਦੋ ਕੁ ਮਹੀਨੇ ਬਿਮਾਰ ਰਹਿ ਕੇ ਸਾਰੇ ਪਰਿਵਾਰ ਨੂੰ ਰੋਂਦਾ ਛੱਡ ਗਿਆ। ਭਾਵੇਂ ਛੋਟੇ ਵੀਰ ਸਤਪਾਲ ਰੰਧਾਵਾ ਨੇ ਇੰਗਲੈਂਡ ਤੋਂ ਵਾਪਸ ਆ ਕੇ ਘਰ ਦੀ ਸਾਰੀ ਜ਼ਿੰਮੇਵਾਰੀ ਸੰਭਾਲ ਲਈ ਸੀ ਪਰ ਜਗਪਾਲ ਨਾਲ ਜਿਹੜੀ ਰੌਣਕ ਘਰ ਵਿੱਚ ਸੀ ਉਹ ਵਾਪਸ ਨਾ ਪਰਤੀ ਤੇ ਸਾਰੇ

ਪਰਿਵਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਮੀ ਜੀ ਪੁੱਤਰ ਦੇ ਸਦਮੇਂ ਨੂੰ ਭੁਲਾ ਨਾ ਪਾਏ। ਨੌਜਵਾਨ ਪੁੱਤਰ ਦੇ ਵਿਛੋੜੇ ਵਿੱਚ ਤਿਲ ਤਿਲ ਮਰਦਿਆਂ ਮੇਰੀ ਇਹ ਮਹਾਨ ਅੰਮਾਂ ਦੋ ਕੁ ਸਾਲਾਂ ਬਾਅਦ ਆਖਰ 2 ਸਤੰਬਰ 2019 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਈ ਹੈ। ਇਸ ਸੰਕਟ ਦੇ ਸਮੇਂ ਮੈਂ ਕਦੇ-ਕਦਾਈਂ ਉਹਦੇ ਨਾਲ ਹਮਦਰਦੀ ਦੇ ਦੋ ਬੋਲ ਸਾਂਝੇ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਿਆ। ਕਿਵੇਂ ਲਾਹ ਸਕਾਂਗਾ ਮੈਂ ਉਸ ਮਾਂ ਦਾ ਕਰਜ਼ਾ ? ਸ਼ਾਇਦ ਕੋਈ ਨਹੀਂ ਜਾਣਦਾ। ਉਸ ਮਹਾਨ ਮਾਂ ਨੂੰ ਮੇਰਾ ਕੋਟਿ ਕੋਟਿ ਵਾਰ ਨਮਸ਼ਕਾਰ !

# ਗ਼ੁਰਬਤ ਦੇ ਦਿਨ

ਵੰਡ-ਵੰਡਾਈ ਤੋਂ ਬਾਅਦ ਜਦੋਂ ਬਾਪੂ ਨੇ ਆਪਣਾ ਖੇਤੀ ਦਾ ਪਿਤਾ-ਪੁਰਖੀ ਧੰਦਾ ਵੱਖਰੇ ਤੌਰ ਤੇ ਸ਼ੁਰੂ ਕੀਤਾ ਤਾਂ ਉਹਨੇ ਆਪਣੇ ਆਪ ਨੂੰ ਇਕੱਲਿਆਂ ਮਹਿਸੂਸ ਕੀਤਾ ਤੇ ਮਾਂ ਦੀ ਰਜ਼ਾਮੰਦੀ ਦੇ ਖ਼ਿਲਾਫ ਮੇਰੇ ਵੱਡੇ ਭਰਾ ਨੂੰ ਖੇਤੀ ਦੇ ਕੰਮ 'ਚ ਲਾ ਲਿਆ। ਸਕੂਲ ਜਾਣ ਦੀ ਉਮਰੇ ਉਹਨੂੰ ਹਲ਼ ਦੀ ਜੰਘੀ ਫੜਾ ਦਿੱਤੀ ਤੇ ਇਸ ਤਰ੍ਹਾਂ ਵੱਡਾ ਭਾਈ ਵਿਦਿਆ ਤੋਂ ਸੱਖਣਾ ਰਹਿ ਗਿਆ। ਇਹ ਵੀ ਸੱਚ ਹੈ ਕਿ ਉਹਦੀ ਕੁਰਬਾਨੀ ਨੇ ਹੀ ਸਾਨੂੰ ਛੋਟੇ ਭਰਾਵਾਂ ਨੂੰ ਆਪਣਾ ਭਵਿੱਖ ਬਣਾਉਣ ਦਾ ਭਰਪੂਰ ਮੌਕਾ ਪ੍ਰਦਾਨ ਕੀਤਾ। ਮੇਰੇ ਸਕੂਲ ਦਾਖ਼ਲ ਹੋਣ ਤੱਕ ਅਸੀਂ ਦੋ ਤੋਂ ਤਿੰਨ ਭਰਾ ਹੋ ਗਏ ਸਾਂ। ਉਸ ਸਮੇਂ ਸਾਡੇ ਪਰਿਵਾਰ ਦੀ ਮਾਇਕ ਸਥਿੱਤੀ ਬਹੁਤ ਮਾੜੀ ਸੀ। ਖੇਤੀ ਸਿਰਫ ਰੋਟੀ-ਪਾਣੀ ਹੀ ਪੂਰਾ ਕਰਦੀ ਸੀ। ਵੱਡੇ ਹੜ੍ਹਾਂ ਨਾਲ ਭਰਾਵੀ-ਵੰਡ ਵਾਲਾ ਘਰ ਢਹਿ ਗਿਆ ਸੀ। ਔਖੇ-ਸੌਖੇ ਹੋ ਕੇ ਬਾਪੂ (ਪਹਿਲਾਂ ਜਦੋਂ ਅਸੀਂ ਛੋਟੇ ਸਾਂ ਤਾਂ ਸ਼ਰੀਕੇ 'ਚੋਂ ਲਗਦੇ ਤਾਏ ਦੇ ਪੁੱਤ ਭਰਾਵਾਂ ਦੀ ਰੀਸੇ ਆਪਣੇ ਬਾਪ ਨੂੰ 'ਚਾਚਾ' ਕਹਿ ਕੇ ਬੁਲਾਉਂਦੇ ਸਾਂ ਪਰ ਵੱਡੇ ਹੋ ਕੇ 'ਬਾਪੂ' ਕਹਿਣ ਲੱਗ ਪਏ) ਨੇ ਮਸ੍ਹਾਂ ਦੋ ਖਣ (ਕੱਚੇ ਕੋਠੇ) ਖੜ੍ਹੇ ਕੀਤੇ ਸਨ, ਇੱਕ ਆਪਣੀ ਵਸੋਂ ਲਈ ਤੇ ਦੂਜਾ ਮਾਲ-ਡੰਗਰ ਲਈ। ਰੋਟੀ-ਟੁੱਕ ਲਈ ਇਕ ਛੋਟੀ ਜਿਹੀ ਸਬਾਤ ਸੀ। ਸਿਆਲ਼ ਦੀ ਹੱਡ-ਭੰਨਵੀਂ ਠੰਢ ਦਾ ਮੁਕਾਬਲਾ ਕਰਨ ਲਈ ਘਰ 'ਚ ਕਈ ਵਾਰ ਲੋੜੀਂਦੇ ਬਿਸਤਰੇ ਵੀ ਨਹੀਂ ਸਨ ਹੁੰਦੇ। ਸੱਚ ਤਾਂ ਇਹ ਹੈ ਕਿ ਉਸ ਵੇਲੇ ਅਸੀਂ ਹੀ ਨਹੀਂ ਸਾਡੇ ਵਰਗੇ ਹੋਰ ਵੀ ਬਹੁਤ ਸਾਰੇ ਪਰਿਵਾਰ ਇੱਸੇ ਤਰ੍ਹਾਂ ਗਰੀਬੀ ਹੰਡਾ ਰਹੇ ਸਨ ਤੇ ਇੱਕ ਹਿਸਾਬ ਨਾਲ ਜੂਨ ਪੂਰੀ ਹੀ ਕਰ ਰਹੇ ਸਨ।

ਵੱਡੇ ਭਰਾ ਦੀ ਮਦਦ ਨਾਲ ਬਾਪੂ ਦਾ ਖੇਤੀ ਦਾ ਕੰਮ ਕੁਝ ਚਮਕ ਪਿਆ। ਉਹਦੇ ਉੱਖੜੇ ਹੋਏ ਪੈਰ ਜੰਮ ਗਏ ਤੇ ਉਹਨੇ ਕੁਝ ਸਾਲਾਂ ਵਿੱਚ ਹੀ ਸਖ਼ਤ ਮਿਹਨਤ ਕਰਕੇ ਕਿੱਲਾ ਕੁ ਜ਼ਮੀਨ ਗਹਿਣੇ ਲੈ ਲਈ। ਲਵੇਰੀਆਂ ਵੀ ਇੱਕ ਦੀ ਥਾਂ ਦੋ ਕਰ ਲਈਆਂ। ਦੋ ਵੇਲਿਆਂ ਦੀ ਚਾਹ ਜੋਗਾ ਦੁੱਧ ਘਰ ਰੱਖ ਕੇ ਬਾਕੀ ਦਾ ਦੋਧੀ ਨੂੰ ਪਾ ਦੇਂਦੇ। ਸਕੂਲੋਂ ਵਾਪਸ ਆ ਕੇ ਮੇਰੀ ਡਿਊਟੀ ਮਾਲ-ਡੰਗਰ ਨੂੰ ਸਾਂਭਣ ਦੀ ਹੀ ਸੀ। ਮੈਂ ਪਹਿਲਾਂ ਸਕੂਲ ਦਾ ਕੰਮ ਮੁਕਾਉਂਦਾ ਤੇ ਫਿਰ ਡੰਗਰਾਂ ਨੂੰ ਰੋਹੀ ਤੇ ਲੈ ਜਾਂਦਾ। ਕਿੱਲਿਆਂ ਤੇ ਬੱਧੇ ਡੰਗਰ ਛੱਡ ਕੇ ਜਦੋਂ ਰੋਹੀ ਵੱਲ ਭੱਜੇ ਜਾਂਦੇ ਤਾਂ ਮੈ ਭੱਜ ਕੇ ਮਸ੍ਹਾਂ ਨਾਲ ਮਿਲਦਾ, ਉਹ ਰੋਹੀ ਦੇ ਵਗਦੇ

ਪਾਣੀ ਚੋਂ ਰੱਜ ਕੇ ਪਾਣੀ ਪੀਂਦੇ ਤੇ ਆਸੇ-ਪਾਸਿਉਂ ਘਾਹ ਚਰਦੇ, ਇਸ ਤਰ੍ਹਾਂ ਸ਼ਾਮ ਪਈ ਨੂੰ ਘਰ ਵਾਪਸ ਮੁੜਦਾ। ਕਦੇ 2 ਮੈਂ ਆਪਣੇ ਦੋਸਤ ਤਰਖਾਣਾਂ ਦੇ ਮਰੀਕੇ ਨਾਲ ਜਾ ਕੇ ਦੂਰ ਟਿੱਬੇ ਵਾਲੇ ਕਪਾਹ ਦੇ ਖੇਤਾਂ ਚੋਂ ਹਰੇ-ਕਚੂਰ ਮਧਾਣੇ ਘਾਹ ਦੀ ਪੰਡ ਵੀ ਲੈ ਆਉਂਦਾ ਸਾਂ। ਮੱਝਾਂ ਇਹ ਸਾਬਤ ਘਾਹ ਹੀ ਬੜੇ ਸਵਾਦ ਨਾਲ ਖਾਂਦੀਆਂ ਸਨ।

ਜਦੋਂ ਬਹੁਤ ਛੋਟਾ ਸਾਂ ਤਾਂ ਬਾਪੂ ਹੋਰੀਂ ਹੱਥ ਵਾਲੇ ਟੋਕੇ ਨਾਲ ਪੱਠੇ ਕੁਤਰਿਆ ਕਰਦੇ ਸਨ ਪਰ ਮੇਰੇ ਪੰਜਾਂ ਸਾਲਾਂ ਦਾ ਹੋਣ ਤੱਕ ਘਰ ਪੱਠੇ ਕੁਤਰਨ ਵਾਲਾ ਟੋਕਾ ਆ ਗਿਆ ਸੀ। ਸ਼ਰਾਰਤਾਂ ਕਰਦਿਆਂ ਤੇ ਪੰਗੇ ਲੈਂਦਿਆਂ ਬਾਅਦ 'ਚ ਇਸ ਟੋਕੇ ਨਾਲ ਮੇਰੇ ਇੱਕ ਹੱਥ ਦਾ ਅੰਗੂਠਾ ਤੇ ਇੱਕ ਉਂਗਲ ਦਾ ਇੱਕ 2 ਪੋਟਾ ਕੱਟਿਆ ਗਿਆ ਸੀ। ਉਸ ਦਿਨ ਜਦੋਂ ਬਾਪੂ ਖੇਤ ਤੋਂ ਘਰ ਆਇਆ ਸੀ ਤਾਂ ਉਹਨੇ ਮੈਨੂੰ ਡਾਕਟਰ ਕੋਲ ਲਿਜਾਣ ਤੋਂ ਪਹਿਲਾਂ ਮੇਰੀ ਖੂਬ ਸੇਵਾ ਕੀਤੀ ਸੀ। ਮਾਂ ਨੂੰ ਹੌਲ ਪੈ ਰਹੇ ਸਨ ਪਰ ਬਾਪੂ ਦਾ ਗੁੱਸਾ ਸਤਵੇਂ ਅਸਮਾਨ ਤੇ ਸੀ। ਉਹਨੂੰ ਖੇਤੀ ਦਾ ਕੰਮ ਛੱਡ ਕੇ ਪੁੱਤਰ ਨੂੰ ਡਾਕਟਰ ਕੋਲ ਲਿਜਾਣਾ ਊਠ ਦੇ ਪਹਾੜ ਚੜ੍ਹਨ ਵਾਂਗ ਔਖਾ ਲਗਦਾ ਸੀ। ਪਿੰਡਾਂ ਵਿੱਚ ਉਦੋਂ ਦੇਸੀ ਓਹੜ-ਪੋਹੜ ਹੀ ਸਨ, ਡਾਕਟਰ ਸ਼ਹਿਰ ਹੀ ਹੁੰਦੇ ਸਨ। ਰਾਤ ਨੂੰ ਹਲਦੀ ਤੇਲ ਬੰਨ੍ਹ ਛੱਡਿਆ ਤੇ ਅਗਲੀ ਭਲਕ ਮਾਂ ਪੱਟੀ ਕਰਾਉਣ ਲਈ ਮੈਨੂੰ ਸ਼ਹਿਰ ਲੈ ਗਈ। ਡਾਕਟਰ ਨੇ ਇਨਫੈਕਸ਼ਨ ਵਧ ਜਾਣ ਕਾਰਨ ਦੋਵ੍ਹੇਂ ਪੋਟੇ ਕੱਟ ਕੇ ਪੱਟੀ ਕਰ ਦਿੱਤੀ ਤੇ ਮਾਂ ਅੱਖਾਂ ਚੋਂ ਅੱਥਰੂ ਵਹਾਉਂਦੀ ਬੱਜਾਰਿੱਤ ਹੋਏ ਪੁੱਤਰ ਨੂੰ ਨਾਲ ਲੈ ਕੇ ਵਾਪਸ ਘਰ ਮੁੜ ਆਈ। ਕਈ ਦਿਨ ਮਾਂ ਦੇ ਚਿਹਰੇ ਤੇ ਖ਼ੁਸ਼ੀ ਦੀ ਝਲਕ ਮੈਨੂੰ ਨਜ਼ਰ ਨਾ ਆਈ।

ਕਹਿੰਦੇ ਹਨ ਕਿ ਜੇ ਨੀਅਤ ਸਾਫ਼ ਹੋਵੇ, ਬੰਦਾ ਹਿੰਮਤੀ ਤੇ ਮਿਹਨਤੀ ਹੋਵੇ ਤਾਂ ਕਿਸਮਤ ਦੇ ਦਰਵਾਜ਼ੇ ਆਪਣੇ ਆਪ ਖੁੱਲ ਜਾਂਦੇ ਹਨ। ਕੁਝ ਇਸ ਤਰ੍ਹਾਂ ਦੀ ਬਿਧ ਬਣ ਗਈ ਕਿ ਇੱਕ ਲੋੜਵੰਦ ਤੇ ਥੁੜ੍ਹੇ ਜੱਟ ਜਿੰਦਰ ਸਿੰਘ ਨੇ ਆਪਣੀ ਜ਼ਮੀਨ ਚੋਂ ਦੋ ਕਿੱਲੇ ਬੈਅ ਕਰਨ ਦਾ ਭੇਦ ਬਾਪੂ ਨਾਲ ਸਾਂਝਾ ਕੀਤਾ। ਘਰ ਸਲਾਹ ਕਰਕੇ ਮਾਂ ਨੇ ਕੁਝ ਆਪਣੇ ਗਹਿਣੇ ਵੇਚ ਕੇ ਅਤੇ ਕੁਝ ਮੇਰੇ ਮਾਮਿਆਂ ਤੋਂ ਉਧਾਰ ਫੜ ਕੇ ਬਾਪੂ ਦਾ ਹੌਂਸਲਾ ਵਧਾਇਆ ਤੇ ਬਾਪੂ ਨੇ ਦੋ ਕਿੱਲੇ ਭੋਂ ਹੋਰ ਖ਼ਰੀਦ ਲਈ। ਦੋ ਕੁ ਸਾਲਾਂ ਬਾਅਦ ਉੱਸੇ ਜੱਟ ਤੋਂ ਸਵਾ ਕਿੱਲਾ ਹੋਰ ਬੈਅ ਲੈ ਲਿਆ। ਇਹ ਜ਼ਮੀਨ ਸਾਰੀ ਬਰਾਨੀ ਸੀ, ਸਿੰਜਾਈ ਦਾ ਕੋਈ ਸਾਧਨ ਨਹੀਂ ਸੀ ਇਸ ਕਰਕੇ ਕੁਝ ਸਸਤੀ ਮਿਲ ਗਈ ਸੀ। ਬਰਸਾਤ ਚੰਗੀ ਹੋ ਜਾਂਦੀ ਤਾਂ ਫ਼ਸਲ ਚੰਗੀ ਹੋ ਜਾਂਦੀ ਸੀ, ਜੇ ਔੜ ਲੱਗ ਜਾਂਦੀ ਤਾਂ ਹਰ ਹਰ ਗੋਪਾਲ। ਪਰ ਫਿਰ ਵੀ ਥੋੜ੍ਹੇ ਸਾਲਾਂ 'ਚ ਹੀ ਬਾਪੂ ਫੜ੍ਹੇ-ਫੜਾਏ ਪੈਸੇ ਵਾਪਸ ਮੋੜ ਕੇ ਸੁਰਖ਼ੁਰੂ ਹੋ ਗਿਆ। ਰੋਟੀ-ਕੱਪੜੇ ਤੇ ਹੋਰ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਹੁਣ ਕਿਸੇ ਦੇ ਮੂੰਹ ਵੱਲ ਨਹੀਂ ਸੀ ਵੇਖਣਾ ਪੈਂਦਾ ਪਰ ਬੱਚਿਆਂ ਦੀ ਪੜ੍ਹਾਈ ਵਰਗੇ ਵਾਧੂ ਜਾਪਦੇ ਖ਼ਰਚੇ ਪੂਰੇ ਕਰਨ ਜੋਗੀ ਗੁੰਜਾਇਸ਼ ਅਜੇ ਨਹੀਂ ਸੀ।

# ਮੇਰਾ ਸਕੂਲੀ ਜੀਵਨ

ਪੰਜਵੀਂ ਤੱਕ ਮੁੱਢਲੀ ਵਿਦਿਆ ਲਈ ਸਕੂਲ ਸਾਡੇ ਪਿੰਡ ਹੀ ਸੀ। ਬੜੇ ਮਿਹਨਤੀ ਅਧਿਆਪਕ ਸਨ, ਜਮਾਤਾਂ ਦੀ ਗਿਣਤੀ ਪੱਖੋਂ ਬਹੁਤੀਆਂ ਜਮਾਤਾਂ ਪਾਸ ਨਹੀਂ ਸਨ ਪਰ ਗਿਆਨ ਦੇ ਪੱਖੋਂ ਤੇ ਪੜ੍ਹਾਉਣ ਦੇ ਪੱਖੋਂ ਕੋਈ ਉਣਤਾਈ ਉਹਨਾਂ ਕਿਸੇ ਵਿੱਚ ਵੀ ਨਹੀਂ ਸੀ। ਸਿਲੇਬਸ ਵੀ ਮਿਆਰੀ, ਪ੍ਰੈਕਟੀਕਲ ਤੇ ਹਲਕੇ ਹੁੰਦੇ ਸਨ। ਬੱਚਿਆਂ ਦੇ ਮਨ ਤੇ ਪੜ੍ਹਾਈ ਦਾ ਭਾਰ ਨਾਂਹ ਦੇ ਬਰਾਬਰ ਹੀ ਸੀ। ਫੱਟੀਆਂ ਤੇ ਸੁੰਦਰ-ਲਿਖਤ ਲਿਖਾਈ ਲਿਖੀ ਜਾਂਦੀ ਸੀ ਤੇ ਖ਼ੁਸ਼ਖ਼ਤ ਲਿਖਤ ਨੂੰ ਸਾਬਾਸ਼ ਮਿਲਦੀ ਸੀ। ਹਰ ਰੋਜ਼ ਦੋ 2 ਟੋਲੀਆਂ ਬਣਾ ਕੇ ਉੱਚੀ ਅਵਾਜ਼ ਵਿੱਚ ਪਹਾੜੇ ਕਹਾਏ ਜਾਂਦੇ ਸਨ। ਬਾਲ-ਸਭਾ ਲਗਦੀ ਤਾਂ ਬੱਚੇ ਕਵਿਤਾਵਾਂ ਪੜ੍ਹਦੇ ਤੇ ਗਾਉਂਦੇ ਸਨ। ਮੈਂ ਵੀ ਇੱਕ ਕਵਿਤਾ "ਬਾਲਕੋ ਨਗਾਰੇ ਉੱਤੇ ਚੋਟ ਲਾ ਦਿਉ, ਦੇਸ਼ ਵਿੱਚੋਂ ਛੂਤ-ਛਾਤ ਨੂੰ ਭਜਾ ਦਿਉ" ਉੱਚੀ ਸੁਰ ਵਿੱਚ ਗਾਉਂਦਾ ਹੁੰਦਾ ਸਾਂ। ਸੁਣਦੇ ਤਾਂ ਸਾਰੇ ਬੜੇ ਧਿਆਨ ਨਾਲ ਸਨ ਪਰ ਸਾਲ ਭਰ ਮੁੰਡਿਆਂ ਨੇ ਮੇਰਾ ਨਾਂ 'ਬਾਲਕੋ' ਪਾ ਛੱਡਿਆ ਸੀ ਜਿਸ ਤੋਂ ਚਿੜ ਕੇ ਮੈਂ ਕਵਿਤਾ ਬੋਲਣੀ ਬੰਦ ਕਰ ਦਿੱਤੀ ਸੀ। ਇਸ ਸਕੂਲ ਵਿੱਚ ਅਸੀਂ ਘਰੋਂ ਲਿਆਂਦੇ ਤੱਪੜਾਂ ਤੇ ਬਹਿ ਕੇ ਖਾਦ ਵਾਲੀ ਬੋਰੀ ਦੇ ਬਣੇ ਬਸਤਿਆਂ ਤੇ ਪੋਚੀਆਂ ਹੋਈਆਂ ਸਾਫ਼ ਫੱਟੀਆਂ ਸਮੇਤ ਕਲਮ-ਦਵਾਤ ਨਾਲ ਪੜ੍ਹਾਈ ਕੀਤੀ ਜਿਸ ਦਾ ਮੁੱਲ ਹੁਣ ਤੱਕ ਮਿਲ ਰਿਹਾ ਹੈ। ਵਿਦਿਆ ਇੱਕ ਲੰਮੀ ਮਿਆਦ ਵਾਲਾ ਫਿਕਸ ਡਿਪਾਜ਼ਿਟ (ਐਫ.ਡੀ.) ਹੈ, ਜਿਸ ਦੀ ਟਰਮ ਪੂਰੀ ਹੋਣ ਤੱਕ ਬੜੇ ਸਬਰ ਨਾਲ ਉਡੀਕ ਕਰਨੀ ਪੈਂਦੀ ਹੈ ਪਰ ਮਿਆਦ ਪੂਰੀ ਹੋਣ ਪਿੱਛੋਂ ਮੂਲ ਨਾਲ ਵਿਆਜ ਵੀ ਪੂਰਾ ਮਿਲਦਾ ਹੈ।

ਮਾਸਟਰ ਤਾਰਾ ਸਿੰਘ, ਸ੍ਰ. ਠਾਕਰ ਸਿੰਘ ਜੀ, ਮਾਸਟਰ ਮਨੋਹਰ ਲਾਲ ਜੀ ਮੇਰੇ ਮੁੱਢਲੀ ਸਿੱਖਿਆ ਦੇ ਅਧਿਆਪਕ ਸਨ। ਸ੍ਰ. ਤੇਜਾ ਸਿੰਘ ਜੀ ਸਾਡੇ ਪ੍ਰਾਈਮਰੀ ਸਕੂਲ਼ ਦੇ ਮੁੱਖ-ਅਧਿਆਪਕ ਸਨ। ਉਹ ਬੜੇ ਵਧੀਆ ਢੰਗ ਨਾਲ ਪੜ੍ਹਾਉਂਦੇ ਸਨ। ਉਹਨਾਂ ਦੇ ਆਪਣੇ ਮੁੰਡੇ ਵੀ ਸਾਡੇ ਨਾਲ ਹੀ ਉਸੇ ਸਕੂਲ ਵਿੱਚ ਪੜ੍ਹਦੇ ਸਨ। ਪੜ੍ਹਾਉਣ ਦੇ ਨਾਲ ਉਹ ਡਾਕ ਵੰਡਣ ਦਾ ਕੰਮ ਵੀ ਕਰਦੇ ਸਨ, ਇਸ ਕੰਮ ਦੇ ਉਹਨਾਂ ਨੂੰ ਡਾਕ ਮਹਿਕਮੇਂ ਵੱਲੋਂ ਵੱਖਰੇ ਪੈਸੇ ਮਿਲਦੇ ਸਨ। ਛੁੱਟੀ ਤੋਂ ਬਾਅਦ ਜਦੋਂ ਸਾਰੇ ਬੱਚਿਆਂ ਨੂੰ ਇਕੱਠੇ ਕਰਕੇ ਉਹ ਡਾਕ

ਵੰਡਦੇ ਹੋਏ ਅਵਾਜ਼ ਦੇਂਦੇ - ਨਰੰਜਣ ਸਿੰਘ ਪੁੱਤਰ ਰਾਮ ਸਿੰਘ ਪੱਤੀ ਗੋਂਦ ਕੀ - ਤਾਂ ਅਸੀਂ ਇੱਕ ਦੂਜੇ ਤੋਂ ਮੂਹਰੇ ਹੋ ਕੇ ਚਿੱਠੀਆਂ ਫੜਦੇ ਤੇ ਸ਼ਾਮ ਨੂੰ ਸਬੰਧਤ ਘਰ ਪਹੁੰਚਾ ਦੇਂਦੇ ਸਾਂ। ਉਹਨਾਂ ਦਾ ਚਿੱਠੀ ਬੱਚਿਆਂ ਤੱਕ ਸੁੱਟ ਕੇ ਪਹੁੰਚਾਉਣ ਦਾ ਤਰੀਕਾ ਵੀ ਵੇਖਣਯੋਗ ਹੁੰਦਾ ਸੀ ਤੇ ਬੱਚਿਆਂ ਦਾ ਚਿੱਠੀ ਫੜ ਕੇ ਘਰ ਜਾ ਕੇ ਦੇਣ ਦੀ ਖ਼ੁਸ਼ੀ ਵੀ ਵੱਖਰੀ ਹੀ ਹੁੰਦੀ ਸੀ। ਉਹ ਸਾਡੇ ਪਿੰਡ 'ਚ ਹੀ ਰਹਿੰਦੇ ਸਨ। ਬੱਚਿਆਂ ਦੇ ਮਾਪੇ ਉਹਨਾਂ ਨੂੰ ਦੁੱਧ-ਦਹੀਂ, ਸਾਗ, ਛੱਲੀਆਂ, ਗੰਨੇ ਤੇ ਕਈ ਹੋਰ ਪੇਂਡੂ ਸੁਗਾਤਾਂ ਵਾਧੂ ਕਰ ਛੱਡਦੇ ਸਨ। ਉਹਨਾਂ ਤੋਂ ਬਿਨਾਂ ਮਾਸਟਰ ਤਾਰਾ ਸਿੰਘ, ਮਾਸਟਰ ਠਾਕਰ ਸਿੰਘ, ਮਾਸਟਰ ਕਰਮ ਸਿੰਘ, ਮਾਸਟਰ ਪ੍ਰਤਾਪ ਸਿੰਘ ਤੇ ਮਾਸਟਰ ਮਨੋਹਰ ਲਾਲ ਵੀ ਸਾਡੇ ਸਤਿਕਾਰਯੋਗ ਤੇ ਮਿਹਨਤੀ ਅਧਿਆਪਕ ਸਨ। ਉਹਨਾਂ ਸਾਰਿਆਂ ਦੀ ਰਹਿਣੀ-ਬਹਿਣੀ ਬੜੀ ਸਾਦਾ ਤੇ ਸੋਚ ਉੱਚੀ ਸੀ। ਉਹ ਗੁਰਸਿੱਖੀ ਦੇ 'ਮਨ ਨੀਂਵਾਂ ਤੇ ਮਤ ਉੱਚੀ' ਵਾਲੇ ਸਿਧਾਂਤ ਦੇ ਧਾਰਨੀ ਸਨ। ਉਹਨਾਂ ਅਧਿਆਪਕਾਂ ਦੀ ਬਦੌਲਤ ਉਹਨਾਂ ਦੇ ਵਿਦਿਆਰਥੀਆਂ ਵਿੱਚੋਂ ਬਹੁਤ ਸਾਰਿਆਂ ਨੇ ਆਪਣੀ ਜ਼ਿੰਦਗੀ 'ਚ ਉੱਚੇ ਮੁਕਾਮ ਹਾਸਲ ਕੀਤੇ।

ਪੰਜਵੀਂ ਪਾਸ ਕਰਨ ਪਿੱਛੋਂ ਬਾਪੂ (ਪਿਤਾ ਜੀ) ਮੈਨੂੰ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ਼ ਅਗਾੜਾ-ਪਿਛਾੜਾ ਵਿੱਚ ਦਾਖ਼ਲ ਕਰਾ ਆਇਆ। ਇਹ ਸਕੂਲ ਪ੍ਰਾਈਵੇਟ ਸੀ ਪਰ ਸਰਕਾਰੀ ਮਾਣਤਾ-ਪ੍ਰਾਪਤ ਸੀ। ਉਸ ਵੇਲੇ ਹਾਈ ਜਾਂ ਹਾਇਰ ਸਕੰਡਰੀ ਸਕੂਲ ਬਹੁਤ ਘੱਟ ਤੇ ਦੂਰ-ਦੁਰਾਡੇ ਹੀ ਹੁੰਦੇ ਸਨ। ਇਹ ਸਕੂਲ ਵੀ ਪਿੰਡ ਜੀਓਬਾਲ਼ੇ ਦੇ ਸਰਦਾਰ ਮਹਿੰਦਰ ਸਿੰਘ ਢਿੱਲੋਂ ਤੇ ਇਲਾਕੇ ਦੇ ਸੁਹਿਰਦ ਪੰਚਾਂ-ਸਰਪੰਚਾਂ ਦੀ ਹਿੰਮਤ ਨਾਲ ਬਣਿਆ ਸੀ। ਢਿੱਲੋਂ ਸਾਹਿਬ ਆਪ ਐਮ.ਏ. ਬੀ.ਐਡ. ਤੱਕ ਉੱਚ-ਵਿਦਿਆ ਪ੍ਰਾਪਤ ਸੀ। ਉਹਨੇ ਇਲਾਕੇ ਦੇ ਮੁਹਤਬਰ ਬੰਦਿਆਂ ਨੂੰ ਨਾਲ ਲੈ ਕੇ ਪਹਿਲਾਂ ਸਕੂਲ ਲਈ ਜ਼ਮੀਨ ਦਾ ਪ੍ਰਬੰਧ ਕੀਤਾ ਤੇ ਫਿਰ ਮੈਨੇਜਮੈਂਟ ਕਮੇਟੀ ਬਣਾ ਕੇ ਸਕੂਲ ਚਾਲੂ ਕੀਤਾ, ਬਾਅਦ 'ਚ ਸਰਕਾਰ ਤੋਂ ਮਾਣਤਾ ਪ੍ਰਾਪਤ ਕਰ ਲਈ। ਆਸ-ਪਾਸ ਦੇ 15-16 ਪਿੰਡਾਂ ਦੇ ਪੰਚਾਂ-ਸਰਪੰਚਾਂ ਤੇ ਹੋਰ ਮੁਹਤਬਰਾਂ ਨੇ ਵਿਦਿਆ ਦੇ ਇਸ ਮੰਦਰ ਦੀ ਉਸਾਰੀ ਵਿੱਚ ਉੱਘਾ ਯੋਗਦਾਨ ਪਾਇਆ ਤੇ ਆਪਣੇ 2 ਪਿੰਡ ਚੋਂ ਉਗਰਾਹੀ ਕਰਕੇ ਇਮਾਰਤ ਬਣਵਾਈ। ਕਿਉਂਕਿ ਢਿੱਲੋਂ ਸਾਹਬ ਨੇ ਸਕੂਲ ਬਣਾਉਣ ਤੇ ਚਲਾਉਣ ਵਿੱਚ ਆਗੂ ਰੋਲ ਅਦਾ ਕੀਤਾ ਸੀ ਇਸ ਕਾਰਨ ਮੈਨੇਜਮੈਂਟ ਨੇ ਉਹਨਾਂ ਨੂੰ ਸਕੂਲ ਦਾ ਹੈੱਡਮਾਸਟਰ ਥਾਪ ਦਿੱਤਾ। ਉਹ ਆਪਣੀ ਸੇਵਾ-ਮੁਕਤੀ ਤੱਕ ਇਸ ਸਕੂਲ ਦੇ ਹੈੱਡਮਾਸਟਰ ਰਹੇ ਤੇ ਆਪਣੇ ਕਾਰਜਕਾਲ ਦੌਰਾਨ ਉਹਨਾਂ ਇਸ ਸਕੂਲ ਨੂੰ ਬੁਲੰਦੀਆਂ ਤੇ ਪਹੁੰਚਾਇਆ। ਉਹਨਾਂ ਦੀ ਸਕੂਲ ਵਿੱਚ ਬੜੀ ਦਹਿਸ਼ਤ ਸੀ। ਉਹਨਾਂ ਦੇ ਹੁਕਮ ਤੋਂ ਬਿਨਾਂ ਸਕੂਲ ਵਿੱਚ ਪੱਤਾ ਨਹੀਂ ਸੀ ਹਿਲਦਾ। ਹਰ ਕੋਈ ਸਰਦਾਰ ਢਿੱਲੋਂ ਤੋਂ ਡਰਦਾ ਸੀ। ਉਹ ਕਿਸੇ ਦੀ ਵੀ ਨਹੀਂ ਸੀ ਸੁਣਦਾ। ਸੁਭਾਵਕ

ਤੌਰ ਤੇ ਹੀ ਉਹ ਤਾਨਾਸ਼ਾਹ ਸੀ। ਉਸ ਦੀ ਇਸ ਰੁਚੀ ਕਾਰਨ ਬਾਅਦ ਵਿੱਚ ਸਕੂਲ ਸਟਾਫ ਧੜੇਬੰਦੀ ਦਾ ਸ਼ਿਕਾਰ ਹੋ ਗਿਆ ਸੀ। ਫਿਰ ਵੀ ਸਕੂਲ ਦਾ ਅਨੁਸਾਸ਼ਨ ਬੜਾ ਸਖ਼ਤ ਹੁੰਦਾ ਸੀ ਤੇ ਸਾਰੇ ਅਧਿਆਪਕ ਪੂਰੀ ਤਨਦੇਹੀ ਨਾਲ ਪੜ੍ਹਾਇਆ ਕਰਦੇ ਸਨ। ਇਸ ਕਾਰਨ ਇਸ ਸਕੂਲ ਦੀ ਪੜ੍ਹਾਈ ਸਾਰੇ ਇਲਾਕੇ 'ਚ ਮਸ਼ਹੂਰ ਤੇ ਮੰਨੀ-ਪ੍ਰਮੰਨੀ ਸੀ। ਮਗਰੋਂ ਸਕੂਲ ਦੀ ਪ੍ਰਬੰਧਕੀ ਕਮੇਟੀ ਵੀ ਹੈੱਡ-ਮਾਸਟਰ ਢਿੱਲੋਂ ਸਾਹਿਬ ਦੇ ਕੱਟੜ, ਹਾਉਮੈਵਾਦੀ ਤੇ ਹੰਕਾਰੀ ਰਵੱਈਏ ਕਾਰਨ ਧੜੇਬੰਦੀ ਦਾ ਸ਼ਿਕਾਰ ਹੋ ਗਈ ਤੇ ਸਕੂਲ-ਪ੍ਰਬੰਧ ਢਹਿੰਦੀਆਂ ਕਲਾਂ ਵੱਲ ਜਾਣ ਲੱਗ ਪਿਆ ਜੋ ਅੱਜ ਤੱਕ ਆਪਣੀ ਖੁੱਸੀ ਹੋਈ ਸ਼ਾਖ ਨੂੰ ਬਹਾਲ ਨਹੀਂ ਕਰ ਸਕਿਆ।

ਸ੍ਰ. ਗੁਰਨਾਮ ਸਿੰਘ ਸਾਡੇ ਵੇਲੇ ਇਸ ਸਕੂਲ ਵਿੱਚ ਡਰਾਇੰਗ ਮਾਸਟਰ ਸਨ। ਉਹ ਅਧਿਆਪਕ ਹੋਣ ਦੇ ਨਾਲ 2 ਕਲਾਕਾਰ ਵੀ ਸਨ। ਆਪਣੇ ਹੱਥ ਨਾਲ ਪੇਂਟਿੰਗਾਂ ਵੀ ਬਣਾਉਂਦੇ ਸਨ, ਕੋਮਲ ਕਲਾ 'ਚ ਮਾਹਰ ਪਰ ਸੁਭਾਅ ਦੇ ਬੜੇ ਸਖ਼ਤ ਸਨ। ਉਹਨਾਂ ਦਾ ਪਿਛੋਕੜ ਮਾਲਵੇ ਦਾ ਸੀ ਇਸ ਕਾਰਨ ਉਹ ਜਦੋਂ ਸਾਨੂੰ ਪੜ੍ਹਾਉਂਦੇ ਹੋਏ ਕਿਸੇ ਨੂੰ ਸ਼ਰਾਰਤ ਕਰਦਿਆਂ ਵੇਖਦੇ ਜਾਂ ਘਰ ਦਾ ਕੰਮ ਚੌਂਕ ਕਰਦੇ ਗਲਤੀਆਂ ਤੋਂ ਮਾਰਦੇ ਤਾਂ 'ਤੈਂ ਸਾਲਿਆ' ਸ਼ਬਦ ਦੀ ਵਰਤੋਂ ਕਰਦੇ ਸਨ । ਇਹ ਉਹਨਾਂ ਦਾ ਕੋਟ-ਵਰਡ ਸੀ। ਪਹਿਲਾਂ 2 ਤਾਂ ਅਸੀਂ ਇਸ ਸ਼ਬਦ ਨੂੰ ਗਾਲ੍ਹ ਸਮਝਦੇ ਰਹੇ ਤੇ ਗੁੱਸਾ ਵੀ ਬੜਾ ਕਰਦੇ ਸਾਂ ਪਰ ਬਾਅਦ 'ਚ ਸਾਨੂੰ ਅਸਲੀ ਭੇਤ ਦਾ ਪਤਾ ਲੱਗ ਗਿਆ। ਉਹ ਡਰਾਇੰਗ ਦੇ ਨਾਲ ਛੇਵੀਂ 'ਚ ਸਾਨੂੰ ਅੰਗਰੇਜ਼ੀ ਵੀ ਪੜ੍ਹਾਉਂਦੇ ਸਨ। ਚਾਰ ਲੀਕਾਂ ਵਾਲੀ ਕਾਪੀ ਤੇ ਜੀ ਦੀ ਨਿੱਬ ਵਾਲੇ ਡਰੰਕ ਨਾਲ ਹੀ ਲਿਖਣ ਦੇਂਦੇ ਸਨ। ਜੇ ਕਿਸੇ ਵਿਦਿਆਰਥੀ ਕੋਲ ਅੰਗਰੇਜੀ ਦੇ ਪੀਰੀਅਡ ਵਿੱਚ ਉਹ ਪੈੱਨ ਵੇਖ ਲੈਂਦੇ ਤਾਂ ਸਭ ਦੇ ਸਾਹਮਣੇ ਪੈੱਨ ਤੋੜ ਦੇਂਦੇ ਤੇ 'ਤੈਂ ਬੱਚੂ' ਜਾਂ 'ਤੈਂ ਸਾਲਿਆ' ਦੇ ਕੋਟ-ਵਰਡ ਨਾਲ ਪਿੱਠ ਤੇ ਪਿੰਜਣੀਆਂ ਤੇ ਸੋਟੀਆਂ ਵੀ ਵਰ੍ਹਾਉਂਦੇ। ਮਾੜੀ ਕਿਸਮਤ ਨੂੰ ਸਕੂਲ ਦੀ ਖੁਲ੍ਹੀ ਚਾਰ-ਦਿਵਾਰੀ ਇੱਟਾਂ ਦੀ ਥਾਂ ਗੁਲਾਬਾਸੀ (ਅੱਕ) ਦੇ ਬੂਟਿਆਂ ਨਾਲ ਕਵਰ ਕੀਤੀ ਹੋਈ ਸੀ ਤੇ ਗੁਲਾਬਾਸੀ ਦੀਆਂ ਲੰਮੀਆਂ ਸ਼ਾਖ਼ਾਵਾਂ ਸਾਡੇ ਪਿੰਡਿਆਂ ਤੇ ਹੀ ਟੁੱਟਦੀਆਂ ਸਨ। ਸਮੇਂ ਦੇ ਰਿਵਾਜ ਮੁਤਾਬਕ ਸਭ ਨੂੰ ਰੰਬੇ ਵਾਂਗ ਚੰਡ ਕੇ ਰੱਖਿਆ ਜਾਂਦਾ ਸੀ। ਪਰ ਉਹਨਾਂ ਸਮਿਆਂ ਵਿੱਚ ਬੱਚੇ ਸਕੂਲ ਪਈ ਕੁੱਟ ਬਾਰੇ ਘਰ ਜਾ ਕੇ ਨਹੀਂ ਸੀ ਦੱਸਦੇ ਤੇ ਸਿੱਟੇ ਵਜੋਂ ਕਦੇ ਕਿਸੇ ਬੱਚੇ ਦੇ ਮਾਂ-ਪਿਓ ਨੇ ਸਕੂਲ ਜਾ ਕੇ ਮਾਸਟਰਾਂ ਨੂੰ ਉਲਾਹਮਾਂ ਨਹੀਂ ਸੀ ਦਿੱਤਾ। ਸ੍ਰ. ਗੁਰਨਾਮ ਸਿੰਘ ਹੋਰਾਂ ਦੀ ਮਿਹਨਤ ਨਾਲ ਜਿਹੜੀ ਅਸਾਂ ਅੰਗਰੇਜੀ ਦੀ ਕਰਸਿਵ ਰਾਈਟਿੰਗ ਸਿੱਖੀ ਉਹਨੇ ਸਾਡੀ ਅਗਲੀ ਪੜ੍ਹਾਈ ਵਿੱਚ ਬੜਾ ਅਹਿਮ ਯੋਗਦਾਨ ਪਾਇਆ।

ਸ੍ਰ. ਲੱਖਾ ਸਿੰਘ ਜੋ ਕਿ ਸਕੂਲ 'ਚ ਕਲਰਕ ਦੀ ਪੋਸਟ ਤੇ ਕੰਮ ਕਰਦੇ ਸਨ, ਸਾਨੂੰ

ਹਿਸਾਬ ਪੜ੍ਹਾਉਂਦੇ ਸਨ। ਭਾਵੇਂ ਉਹਨਾਂ ਨੇ ਕੋਈ ਟੀਚਰ-ਟ੍ਰੇਨਿੰਗ ਪ੍ਰਾਪਤ ਨਹੀਂ ਕੀਤੀ ਸੀ ਪਰ ਉਹਨਾਂ ਦਾ ਹਿਸਾਬ ਪੜ੍ਹਾਉਣ ਦਾ ਤਰੀਕਾ ਏਨਾ ਵਧੀਆ ਸੀ ਕਿ ਇੱਕ ਵਾਰ ਸਮਝਾਇਆ ਹਿਸਾਬ ਦਾ ਫਾਰਮੂਲਾ/ਤਰੀਕਾ ਸਾਡੇ ਦਿਮਾਗ 'ਚ ਪੱਕੀ ਤਰ੍ਹਾਂ ਬਹਿ ਜਾਂਦਾ ਸੀ ਤੇ ਸਾਲਾਂ ਤੱਕ ਯਾਦ ਰਹਿੰਦਾ ਸੀ। ਦੂਜੇ ਸ਼ਬਦਾਂ ਵਿੱਚ ਆਪਣੇ ਵਿਸ਼ੇ ਤੇ ਉਹਨਾਂ ਦੀ ਪੂਰੀ ਪਕੜ ਸੀ। ਸ੍ਰ. ਮੇਜਰ ਸਿੰਘ ਦੁੱਬਲੀ ਵਾਲੇ ਬੀ.ਏ. ਬੀ.ਟੀ. ਸਨ, ਸਤਵੀਂ ਜਮਾਤ ਤੋਂ ਅੰਗਰੇਜੀ ਪੜ੍ਹਾਉਂਦਿਆਂ ਉਹਨਾਂ ਸਾਨੂੰ ਇੰਨੇ ਵਧੀਆ ਢੰਗ ਨਾਲ ਟੈਂਸ ਸਿਖਾਏ ਕਿ ਬੀ.ਏ. ਤੱਕ ਅੰਗਰੇਜੀ ਪੜ੍ਹਨ-ਲਿਖਣ ਵਿੱਚ ਮੈਨੂੰ ਕਦੇ ਕੋਈ ਮੁਸ਼ਕਿਲ ਨਹੀਂ ਆਈ। ਗਿ. ਗੁਰਬਚਨ ਸਿੰਘ ਪੰਜਾਬੀ ਪੜ੍ਹਾਉਂਦਿਆਂ ਜਿਹੜਾ ਪ੍ਰੀਤਲੜੀ ਦਾ ਫ਼ਿਲਸਫਾ ਸਾਨੂੰ ਉਸ ਵੇਲੇ ਸਮਝਾਇਆ ਕਰਦੇ ਸਨ ਉਹਦੀ ਸਮਝ ਮੈਨੂੰ ਕਾਫੀ ਦੇਰ ਬਾਅਦ ਲੱਗੀ। ਨੌਂਵੀਂ-ਦਸਵੀਂ ਨੂੰ ਅੰਗਰੇਜੀ ਸ੍ਰ. ਮਹਿੰਦਰ ਸਿੰਘ ਆਪ ਪੜ੍ਹਾਉਂਦੇ ਸਨ। ਸਕੂਲ ਪ੍ਰਾਈਵੇਟ ਤੇ ਸ਼ਹਿਰ ਤੋਂ ਦੂਰ ਪੇਂਡੂ ਇਲਾਕੇ ਦਾ ਹੋਣ ਕਰਕੇ ਸਾਇੰਸ ਮਾਸਟਰ ਉੱਥੇ ਕੋਈ ਪੱਕੇ ਤੌਰ ਤੇ ਘੱਟ ਹੀ ਟਿਕਦਾ ਸੀ। ਸਾਡੇ ਵੇਲੇ ਸ੍ਰ. ਸਵਰਨ ਸਿੰਘ ਪੰਨੂੰ ਸਾਇੰਸ ਪੜ੍ਹਾਉਂਦੇ ਸਨ। ਉਹ ਬੜੇ ਮਿਹਨਤੀ ਤੇ ਇਮਾਨਦਾਰ ਸਨ। ਮੁੱਕਦੀ ਗੱਲ ਇਹ ਹੈ ਕਿ ਇਸ ਸਕੂਲ ਵਿੱਚ ਸਖ਼ਤ ਅਨੁਸਾਸ਼ਨ ਹੋਣ ਕਾਰਨ ਪੜ੍ਹਾਈ ਦਾ ਪੱਧਰ ਕਾਫੀ ਉੱਚਾ ਹੁੰਦਾ ਸੀ ਤੇ ਸਕੂਲ ਵਿੱਚ ਵੱਖ 2 ਖੇਡਾਂ ਦੀਆਂ ਮਜ਼ਬੂਤ ਟੀਮਾਂ ਵੀ ਹੁੰਦੀਆਂ ਸਨ ਪਰ ਖੇਡਾਂ ਦੇ ਖੇਤਰ 'ਚ ਮੈਂ ਨਿਕੰਮਾ ਹੀ ਸਾਂ।

1965-66 ਤੱਕ, ਜਦੋਂ ਮੈਂ ਇਸ ਸਕੂਲ ਵਿੱਚ ਪੜ੍ਹਦਾ ਸਾਂ ਤਾਂ ਸਾਡੀ ਮਾਇਕ ਹਾਲਤ ਬਹੁਤ ਮਾੜੀ ਸੀ। ਸਕੂਲ ਪ੍ਰਾਈਵੇਟ ਹੋਣ ਕਰਕੇ ਥੋੜ੍ਹੀ ਜਿਹੀ ਫ਼ੀਸ ਹਰ ਮਹੀਨੇ ਦੇਣੀ ਪੈਂਦੀ ਸੀ। ਮਹੀਨਾ-ਵਾਰ ਦਿੱਤੀ ਜਾਣ ਵਾਲੀ ਰਕਮ (ਸ਼ਾਇਦ 3 ਰੁ: 12 ਆਨੇ), ਭਾਵੇਂ ਬਹੁਤੀ ਨਹੀਂ ਸੀ ਪਰ ਗਰੀਬ ਕਿਸਾਨ ਪਰਿਵਾਰਾਂ ਲਈ ਏਨੇ ਪੈਸੇ ਦੇਣੇ ਵੀ ਔਖੇ ਸਨ। ਮਜ਼੍ਹਬੀ-ਸਿੱਖਾਂ ਦੇ ਬੱਚਿਆਂ ਨੂੰ ਫ਼ੀਸ ਮੁਆਫ਼ ਹੁੰਦੀ ਸੀ, ਉਹਨਾਂ ਨੂੰ ਸਿਰਫ਼ ਨਾ-ਮਾਤਰ ਚੰਦਾ ਹੀ ਦੇਣਾ ਪੈਂਦਾ ਸੀ। ਉਦੋਂ ਕਦੇ 2 ਮੇਰੇ ਮਨ ਵਿੱਚ ਖਿਆਲ ਆਉਂਦਾ ਸੀ ਕਿ ਜੇ ਕਿਧਰੇ ਮੇਰੀ ਜਾਤ ਜੱਟ ਨਾ ਹੋ ਕੇ ਮਜ਼੍ਹਬੀ-ਸਿੱਖ ਹੁੰਦੀ ਤਾਂ ਮੈਨੂੰ ਸਕੂਲ-ਕਾਲਜ ਦੀਆਂ ਫ਼ੀਸਾਂ ਨਾ ਦੇਣੀਆਂ ਪੈਂਦੀਆਂ ਤੇ ਮੈਂ ਉੱਚ ਵਿਦਿਆ ਹਾਸਲ ਕਰ ਲੈਂਦਾ। ਪਰ ਕਦੇ ਵੀ ਇਹਨਾਂ ਮਜ਼ਦੂਰ ਪਰਿਵਾਰਾਂ ਦਾ ਥੁੜਾਂ-ਭਰਿਆ ਜੀਵਨ ਮੈਨੂੰ ਮਹਿਸੂਸ ਨਾ ਹੋਇਆ। ਸ਼ਾਇਦ ਇਹ ਤਸਵੀਰ ਦਾ ਇੱਕੋ ਪਾਸਾ ਵੇਖਣ ਦੀ ਮੇਰੀ ਬਚਗਾਨਾ ਗਲਤੀ ਸੀ। ਉਦੋਂ ਬਹੁਤੇ ਮਜ਼ਦੂਰ-ਕਿਸਾਨ ਪਰਿਵਾਰਾਂ ਦੀ ਆਰਥਿਕ ਹਾਲਤ ਮੇਰੇ ਪਰਿਵਾਰ ਵਰਗੀ ਜਾਂ ਇਸ ਤੋਂ ਵੀ ਬਦਤਰ ਹੁੰਦੀ ਸੀ, ਐਵੇਂ ਢੱਕ ਈ ਢੱਕੇ ਹੋਏ ਸਨ ਜਾਂ ਇਹ ਕਹਿ ਲਉ ਕਿ ਦੂਰ ਦੇ ਢੋਲ ਸੁਹਾਵਣੇ ਲਗਦੇ ਸਨ। ਮੈਂ ਛੇਵੀਂ ਜਮਾਤ ਤੋਂ ਲੈ ਕੇ ਹਰ ਸਾਲ ਹੀ ਫ਼ੀਸ

ਮੁਆਫ਼ ਕਰਾਉਣ ਲਈ ਘਰ ਦੀ ਮਾੜੀ ਆਰਥਿਕ ਹਾਲਤ ਦਾ ਵਾਸਤਾ ਪਾ ਕੇ ਆਪਣੇ ਕਲਾਸ-ਇਨਚਾਰਜ ਨੂੰ ਅਰਜ਼ੀ ਲਿਖ ਕੇ ਦਿੰਦਾ ਰਿਹਾ ਪਰ ਕਿਉਂਕਿ ਸਕੂਲ ਦੇ ਰਿਕਾਰਡ ਵਿੱਚ ਮੇਰੀ ਜਾਤ ਜੱਟ ਲਿਖੀ ਹੋਈ ਸੀ, ਇਸ ਕਾਰਨ ਦਸਵੀਂ ਜਮਾਤ ਪਾਸ ਕਰਨ ਤੱਕ ਮੇਰੀ ਫ਼ੀਸ ਮੁਆਫ਼ ਨਾ ਹੋਈ। ਇਸ ਤਰ੍ਹਾਂ ਡਿੱਗਦਾ-ਢਹਿੰਦਾ ਆਪਣੀ ਮਾਂ ਦੀ ਪ੍ਰੇਰਨਾ ਤੇ ਮਿਹਨਤ ਨਾਲ ਮੈਂ ਚੰਗੇ ਨੰਬਰਾਂ ਨਾਲ ਦਸਵੀਂ ਪਾਸ ਕਰ ਗਿਆ।

ਜਦੋਂ ਮੈਂ ਦਸਵੀਂ ਜਮਾਤ 'ਚ ਪੜ੍ਹਦਾ ਸਾਂ ਤਾਂ ਮੈਥੋਂ ਛੋਟੇ ਸੁਖਦੇਵ ਨੂੰ ਵੀ ਛੇਵੀਂ ਜਮਾਤ 'ਚ ਦਾਖ਼ਲ ਕਰਵਾ ਦਿੱਤਾ ਗਿਆ ਪਰ ਉਹ ਇਸ ਸਕੂਲ ਦੀ ਸਖ਼ਤੀ ਦੀ ਮਾਰ ਨਾ ਸਹਿ ਸਕਿਆ। ਸਕੂਲ ਵਿੱਚ ਬਿਨਾਂ ਵਰਦੀ ਆਉਣ ਵਾਲੇ ਬੱਚਿਆਂ ਦੀ ਰੋਜ਼ਾਨਾ ਛਿੱਤਰ-ਪਰੇਡ ਕੀਤੀ ਜਾਂਦੀ ਸੀ। ਮੇਰੀ ਵਰਦੀ ਤਾਂ ਪਹਿਲਾਂ ਤੋਂ ਹੀ ਇੱਕ ਬਣੀ ਹੋਈ ਸੀ ਤੇ ਮੈਂ ਉਸੇ ਨਾਲ ਹੀ ਸਾਰ ਲੈਂਦਾ ਸਾਂ ਪਰ ਘਰੇਲੂ ਤੰਗੀਆਂ-ਤੁਰਸ਼ੀਆਂ ਕਾਰਨ ਸੁਖਦੇਵ ਦੀ ਵਰਦੀ ਨਾ ਬਣਾਈ ਜਾ ਸਕੀ। ਉਹ ਰੋਜ਼ ਦੀ ਕੁੱਟ ਤੋਂ ਡਰਦਾ ਸਕੂਲ ਛੱਡ ਗਿਆ ਤੇ ਅਗਲੀ ਪੜ੍ਹਾਈ ਤੋਂ ਵਾਂਝਾ ਰਹਿ ਗਿਆ। ਬਾਪੂ ਨੇ ਉਹਨੂੰ ਡੰਗਰਾਂ ਪਿੱਛੇ ਲਾ ਦਿੱਤਾ। ਤਿੰਨ ਕੁ ਸਾਲ ਤਾਂ ਉਹਨੇ ਮੱਝਾਂ-ਗਾਂਵਾਂ ਨੂੰ ਪੱਠੇ ਪਾਏ ਫਿਰ ਖ਼ਾਸੇ ਡਿਸਟਿੱਲਰੀ 'ਚ ਡੇਲੀ-ਵੇਜ ਤੇ ਜਾ ਲੱਗਾ। ਉੱਥੋਂ ਸਾਡੀ ਮਾਸੀ ਜੀ ਦਾ ਪਿੰਡ ਵਡਾਲਾ ਭਿੱਟੇਵਿੱਢ ਨੇੜੇ ਪੈਂਦਾ ਸੀ, ਸੁਖਦੇਵ ਦਿਨੇ ਫੈਕਟਰੀ 'ਚ ਕੰਮ ਕਰਕੇ ਰਾਤ ਨੂੰ ਮਾਸੀ ਜੀ ਦੇ ਪਿੰਡ ਚਲਾ ਜਾਂਦਾ ਸੀ। ਉਮਰ-ਹੱਦ ਪੂਰੀ ਹੁੰਦਿਆਂ ਹੀ ਉਹ ਅੰਮ੍ਰਿਤਸਰ ਦੇ ਭਰਤੀ-ਦਫ਼ਤਰ 'ਚ ਫੌਜ ਦੀ ਭਰਤੀ ਵੇਖਣ ਜਾਂਦਾ ਰਿਹਾ ਤੇ ਇੱਕ ਦਿਨ ਭਾਗਾਂ ਦੀ ਡੋਰ ਨੂੰ ਉਹਦਾ ਹੱਥ ਪੈ ਈ ਗਿਆ ਯਾਨੀ ਉਹ ਭਾਰਤੀ ਫੌਜ ਦਾ ਸਿਪਾਹੀ ਬਣ ਗਿਆ। ਸਤਾਰਾਂ ਸਾਲ ਨੌਕਰੀ ਕਰਕੇ ਉਹ ਨਾਇਕ ਦੀ ਪੈਨਸ਼ਨ ਲੈ ਕੇ ਘਰ ਆਇਆ।

ਸਭ ਤੋਂ ਛੋਟੇ ਬਲਦੇਵ ਨੇ ਜਿੰਨੇ ਚਿਰ ਨੂੰ ਪੰਜਵੀਂ ਪਾਸ ਕੀਤੀ, ਉਦੋਂ ਤੱਕ ਘਰ ਦੀ ਹਾਲਤ ਕੁਝ ਸੁਧਰ ਗਈ ਸੀ। ਉਹ ਅਸਾਨੀ ਨਾਲ ਦਸਵੀਂ ਪਾਸ ਕਰ ਗਿਆ। ਸੁਖਦੇਵ ਦੇ ਫੌਜ 'ਚ ਭਰਤੀ ਹੋ ਜਾਣ ਬਾਅਦ ਆਪਣੇ ਕੰਪਨੀ ਕਮਾਂਡਰ ਨਾਲ ਸਬੰਧ ਚੰਗੇ ਹੋਣ ਕਰਕੇ ਜਦੋਂ ਉਸ ਯੂਨਿਟ ਦੀ ਆਮ ਭਰਤੀ ਖੁਲ੍ਹੀ ਤਾਂ ਉਹਨੇ ਬਲਦੇਵ ਨੂੰ ਵੀ ਫੌਜ 'ਚ ਭਰਤੀ ਕਰਵਾ ਦਿੱਤਾ। ਓਨੇ ਚਿਰ ਨੂੰ ਜੇ.ਬੀ.ਟੀ. ਕਰਕੇ ਮੈਂ ਵੀ ਇੱਕ ਪ੍ਰਾਈਵੇਟ ਸਕੂਲ ਵਿੱਚ ਟੀਚਰ ਲੱਗ ਗਿਆ ਸਾਂ। ਘਰ ਵਿੱਚ ਹੁਣ ਤਿੰਨ ਨੌਕਰੀ-ਪੇਸ਼ਾ ਹੋਣ ਕਰਕੇ ਮਾਇਕ ਹਾਲਤ ਚੰਗੀ ਹੋ ਗਈ ਸੀ ਤੇ ਮਾਂ-ਬਾਪ ਨੂੰ ਔਖੇ ਦਿਨਾਂ ਦੌਰਾਨ ਝੱਲੇ ਗਏ ਕਸ਼ਟਾਂ ਦੀ ਪੀੜ ਭੁੱਲ ਗਈ ਸੀ। ਉਹਨਾਂ ਦੀ ਘਰ-ਗ੍ਰਹਿਸਥੀ ਦੀ ਬਗੀਚੀ ਵਿੱਚ ਜਿਵੇਂ ਲੰਬੀ ਪਤਝੜ ਤੋਂ ਬਾਅਦ ਬਹਾਰ ਆ ਗਈ ਸੀ।

# ਬਚਪਨ ਦੀ ਦੋਸਤੀ

ਉਂਜ ਤਾਂ ਮੇਰੇ ਬਹੁਤ ਸਾਰੇ ਦੋਸਤ ਹਨ ਪਰ ਦਰਸ਼ਨ ਮੇਰਾ ਸਭ ਤੋਂ ਪਹਿਲਾ ਤੇ ਪੱਕਾ ਦੋਸਤ ਹੈ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਦੂਸਰੀ ਜਮਾਤ 'ਚ ਪੜ੍ਹਦੇ ਸਾਂ ਤਾਂ ਦੋਵੇਂ ਇਕੱਠੇ, ਪਿੰਡ ਦੇ ਚੜ੍ਹਦੇ ਪਾਸੇ, ਉਹਨਾਂ ਦੇ ਘਰ ਦੇ ਖੁਲ੍ਹੇ ਵਿਹੜੇ 'ਚ ਨੇਜ਼ੇਬਾਜ਼ੀ ਖੇਡਦੇ ਹੁੰਦੇ ਸਾਂ। ਅਸੀਂ ਮਿੱਟੀ ਵਿੱਚ ਇੱਕ ਫੱਟੀ ਖੜੀ ਕਰ ਲੈਂਦੇ ਤੇ ਹੱਥ 'ਚ ਇੱਕ ਸੱਤ ਕੁ ਫੁੱਟ ਲੰਮੀ ਸੋਟੀ ਵਾਲੀ ਬਰਛੀ ਫੜੀ ਵਾਰੀ 2 ਦੂਰੋਂ ਭੱਜ ਕੇ ਆਉਂਦੇ ਤੇ ਮਿੱਟੀ 'ਚ ਖੜੀ ਕੀਤੀ ਫੱਟੀ ਨੂੰ ਨਿਸ਼ਾਨਾ ਮਾਰਦੇ ਤੇ ਨੰਬਰ ਗਿਣ ਕੇ ਜਿੱਤ-ਹਾਰ ਦਾ ਫ਼ੈਸਲਾ ਕਰਦੇ ਸਾਂ। ਉਹ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਸੀ। ਉਹਦੇ ਭਾਪਾ ਜੀ (ਤਾਇਆ ਰਾਮ ਸਿੰਘ) ਸੁਭਾਅ ਦੇ ਬੜੇ ਸਖ਼ਤ ਸਨ। ਉਹ ਰਾਜਗੀਰੀ ਦਾ ਕੰਮ ਕਰਦੇ ਸਨ। ਇੱਟਾਂ ਲਾਉਂਦਿਆਂ ਜੇ ਗਾਰੇ-ਸੀਮੈਂਟ ਵਾਲਾ ਬਾਟਾ ਖਾਲੀ ਹੋ ਜਾਂਦਾ ਤੇ ਸਮੇਂ ਸਿਰ ਨਾ ਭਰਦਾ ਤਾਂ ਉਹ ਖਾਲੀ ਬਾਟਾ ਚਲਾ ਮਾਰਦੇ। ਇੱਟਾਂ-ਗਾਰਾ ਫੜਾਉਣ ਵਾਲਾ ਸਹਾਇਕ ਜਾਂ ਮਜ਼ਦੂਰ ਜੇ ਢਿੱਲਾ ਵਗਦਾ ਤਾਂ ਉਹ ਮਾਲਕ ਨੂੰ ਕੰਮ ਤੋਂ ਜਵਾਬ ਦੇ ਦੇਂਦੇ ਸਨ। ਦਰਸ਼ਨ ਹੋਰੀਂ ਚਾਰ ਭਰਾ ਤੇ ਤਿੰਨ ਭੈਣਾਂ ਸਨ। ਸਭ ਤੋਂ ਵੱਡਾ ਜਸਵੰਤ ਫੌਜ 'ਚ ਭਰਤੀ ਹੋ ਗਿਆ ਸੀ ਤੇ ਉਸ ਤੋਂ ਛੋਟਾ ਸਵਰਨ ਤਾਇਆ ਜੀ ਨਾਲ ਕੰਮ ਤੇ ਜਾਂਦਾ ਸੀ। ਜੇ ਉਸਾਰੀ ਦਾ ਕੰਮ ਨਾ ਮਿਲਦਾ ਤਾਂ ਉਹ ਲੱਕੜ ਦਾ ਕੰਮ ਵੀ ਕਰ ਲੈਂਦੇ ਸਨ। ਇਸ ਤਰਾਂ ਉਹਨਾਂ ਦਾ ਗੁਜ਼ਾਰਾ ਚੰਗਾ ਚੱਲੀ ਜਾਂਦਾ ਸੀ।

ਦਰਸ਼ਨ ਦੀ ਮਾਂ (ਤਾਈ ਗੁਰਦੀਪ ਕੌਰ) ਬੜੇ ਚੰਗੇ ਸੁਭਾਅ ਦੀ ਨੇਕ ਔਰਤ ਸੀ। ਉਹ ਮੈਨੂੰ ਦਰਸ਼ਨ ਵਾਂਗ ਪਿਆਰ ਕਰਦੀ ਤੇ ਆਪਣਾ ਪੁੱਤ ਹੀ ਸਮਝਦੀ ਸੀ। ਉਹਦੇ ਹੱਥਾਂ ਦੇ ਬਣੇ ਤੇ ਖਾਧੇ, ਖੰਡ ਵਾਲੇ ਤੇ ਨਮਕੀਨ, ਕਈ ਤਹਿਆਂ ਵਾਲੇ ਤਿੰਨ-ਨੁਕਰੇ ਪਰਾਉਂਠੇ ਮੈਨੂੰ ਅਜੇ ਤੱਕ ਯਾਦ ਹਨ। ਦਰਸ਼ਨ ਦੀ ਵੱਡੀ ਭੈਣ ਤਾਂ ਸਾਡੀ ਦੋਸਤੀ ਤੋਂ ਪਹਿਲਾਂ ਹੀ ਵਿਆਹੀ ਹੋਈ ਸੀ ਬਾਕੀ ਸਾਰੇ ਭੈਣ-ਭਰਾਵਾਂ ਦੇ ਵਿਆਹ ਮੈਂ ਵੀ ਵੇਖੇ ਹਨ। ਜਸਵੰਤ ਫੌਜੀ ਦਾ ਜਿਉਂ ਹੀ ਵਿਆਹ ਹੋਇਆ, ਉਹ ਮੁੜ ਫੌਜ ਦੀ ਨੌਂਕਰੀ ਤੇ ਨਾ ਗਿਆ ਤੇ ਬਿਨਾਂ ਪੈਨਸ਼ਨ ਨਾਂਵਾਂ ਕਟਾ ਕੇ ਘਰ ਆ ਬੈਠਾ। ਵਿਹਲਿਆਂ ਘਰ ਬੈਠੇ ਕਿੰਨਾ ਕੁ ਚਿਰ ਰੋਟੀ ਮਿਲਣੀ ਸੀ, ਉਹਨੂੰ ਵੀ ਵੱਖ ਹੋ ਕੇ ਓਹੀ ਕਾਂਡੀ-ਤੇਸੀ ਫੜ੍ਹਨੀ ਪਈ। ਇਹ ਕਾਰ ਬੜੀ

ਔਖੀ ਸੀ, ਰਾਹ ਸੁਖਾਲਾ ਕਰਨ ਲਈ ਉਹਨੇ ਨਸ਼ਿਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਤੇ ਅੰਤ ਨਸ਼ਿਆਂ ਨੇ ਉਹਨੂੰ ਖਾ ਲਿਆ। ਸਵਰਨ ਵੀ ਵਿਆਹ ਕਰਾ ਕੇ ਵੱਖ ਹੋ ਗਿਆ ਤੇ ਦੂਸਰੀ ਭੈਣ ਹਰਜਿੰਦਰ ਦੀ ਵੀ ਸ਼ਾਦੀ ਹੋ ਗਈ। ਛੋਟੀ ਭੈਣ ਰਾਣੀ ਦਾ ਵਿਆਹ ਦਰਸ਼ਨ ਨੇ ਤਾਇਆ ਜੀ ਦੀ ਮੌਤ ਤੋਂ ਬਾਅਦ ਕੀਤਾ ਸੀ।

ਦਸਵੀਂ ਪਾਸ ਕਰਕੇ ਦਰਸ਼ਨ ਨੇ ਇੱਕ ਸਾਲ ਮੇਰੇ ਨਾਲ ਕਾਲਜ ਦੀ ਪੜ੍ਹਾਈ ਕੀਤੀ ਪਰ ਅਸੀਂ ਦੋਵ੍ਹੇਂ ਪਾਸ ਨਾ ਹੋ ਸਕੇ। ਮੈਂ ਤਾਂ ਕਿਸੇ ਤਰ੍ਹਾਂ ਦੁਬਾਰਾ ਕਾਲਜ ਦਾਖ਼ਲ ਹੋ ਗਿਆ ਪਰ ਦਰਸ਼ਨ ਆਪਣੇ ਜੱਦੀ-ਪੁਸ਼ਤੀ ਕੰਮ ਵਿੱਚ ਰੁੱਝ ਗਿਆ। ਉਹ ਇੱਕ ਸਿਆਣਾ ਤੇ ਹੁਨਰਮੰਦ ਕਾਰੀਗਰ ਬਣਨ 'ਚ ਕਾਮਯਾਬ ਹੋ ਗਿਆ। ਸਾਲ ਕੁ ਬਾਦ ਉਹ ਵੱਡੇ ਭਾਈਏ ਨਾਲ ਫ਼ਰਨੀਚਰ ਦਾ ਕੰਮ ਸਿੱਖਣ ਲਈ ਦਿੱਲੀ ਚਲੇ ਗਿਆ। ਭਾਈਆ ਲੱਕੜ ਦਾ ਬੜਾ ਸਿਆਣਾ ਕਾਰੀਗਰ ਸੀ, ਉਹਨੇ ਦਰਸ਼ਨ ਨੂੰ ਵੀ ਕੰਮ ਵਿੱਚ ਪ੍ਰਬੀਨ ਕਰ ਦਿੱਤਾ। ਦੋ ਤਿੰਨ ਸਾਲ ਦਰਸ਼ਨ ਨੇ ਟਿਕ ਕੇ ਕੰਮ ਕੀਤਾ। ਦਰਸ਼ਨ ਨੂੰ ਕੋਈ ਘੱਟ ਦੁਸ਼ਵਾਰੀਆਂ ਦਾ ਸਾਹਮਣਾ ਨਹੀਂ ਕਰਨਾ ਪਿਆ। ਦੁੱਖਾਂ-ਤਕਲੀਫ਼ਾਂ ਨੇ ਉਹਦੀ ਤਰੱਕੀ ਦਾ ਰਾਹ ਰੋਕ ਲਿਆ। ਇਹਨਾਂ ਸਾਲਾਂ 'ਚ ਹੀ ਤਾਇਆ ਜੀ ਪਰਿਵਾਰ ਦਾ ਸਾਥ ਛੱਡ ਗਏ। ਛੋਟੀ ਭੈਣ ਦਾ ਵਿਆਹ ਦਰਸ਼ਨ ਨੇ ਆਪਣੇ ਸਿਰ-ਬ-ਸਿਰ ਕਰ ਕੇ ਆਪਣੀ ਜ਼ਿੰਮੇਵਾਰੀ ਨਿਭਾਈ। ਪਰ ਮੰਦੇ ਭਾਗਾਂ ਨੂੰ ਉਹਦਾ ਪ੍ਰਾਹੁਣਾ ਨਸ਼ੱਈ ਪੱਲੇ ਪੈ ਜਾਣ ਕਾਰਨ ਕੁੜੀ ਦੀ ਜ਼ਿੰਦਗੀ ਰੁਲ਼ ਗਈ ਤੇ ਆਖ਼ਰ ਉਹ ਬੱਚਿਆਂ ਸਮੇਤ ਸਹੁਰੇ ਘਰ ਨੂੰ ਛੱਡ ਕੇ ਸਦਾ ਲਈ ਭਰਾ ਦੇ ਚੁੱਲ੍ਹੇ ਆ ਬੈਠੀ। ਦਰਸ਼ਨ ਤੇ ਦੋ ਪਰਿਵਾਰਾਂ ਦਾ ਬੋਝ ਪੈ ਗਿਆ। ਉਹਦਾ ਛੋਟਾ ਭਰਾ ਫੌਜ 'ਚ ਭਰਤੀ ਹੋਇਆ ਤਾਂ ਉਹਨੇ ਕੁਝ ਸੁਖ ਦਾ ਸਾਹ ਲਿਆ ਪਰ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਹੋਏ ਨੀਲਾ ਤਾਰਾ ਐਕਸ਼ਨ ਤੋਂ ਬਾਅਦ ਉਹ ਕੁਝ ਜਜ਼ਬਾਤੀ ਹੋਏ ਫੌਜੀਆਂ ਨਾਲ ਬਾਗ਼ੀ ਹੋ ਗਿਆ। ਰਸਤੇ ਚੋਂ ਸਾਥੀਆਂ ਸਮੇਤ ਫੜ੍ਹ ਕੇ ਭਾਰਤੀ ਫੋਜ ਨੇ ਉਹਦੇ ਤੇ ਮੁਕੱਦਮਾ ਚਲਾਇਆ ਤੇ ਨੌਂਕਰੀ ਬਹੁਤ ਥੋੜ੍ਹੀ ਹੋਣ ਕਾਰਨ ਬੇ-ਰੰਗ ਹੀ ਘਰ ਭੇਜ ਦਿੱਤਾ। ਉਸ ਸਮੇਂ ਉਹਦੀ ਸ਼ਾਦੀ ਹੋ ਚੁੱਕੀ ਸੀ, ਸਹੁਰੇ ਘਰ ਗਏ ਨੂੰ ਨਾ-ਜਾਣੇ ਕੀ ਵਾਪਰਿਆ, ਅਚਨਚੇਤ ਉਹਦੀ ਮੌਤ ਹੋ ਗਈ ਤੇ ਫਿਰ ਕੁਝ ਸਾਲਾਂ ਬਾਅਦ ਤਾਈ ਜੀ ਵੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ । ਦਰਸ਼ਨ ਲਈ ਇਹ ਹੋਰ ਵੱਡੀ ਮਾਨਸਿਕ ਸੱਟ ਸੀ।

ਜੇ.ਬੀ.ਟੀ. ਅਸਾਂ ਇਕੱਠਿਆਂ ਪਾਸ ਕੀਤੀ ਸੀ। ਜਦੋਂ ਮੈਂ ਪ੍ਰਾਈਵੇਟ ਸਕੂਲ 'ਚ ਟੀਚਰ ਲੱਗ ਗਿਆ ਤਾਂ ਉਹਨੇ ਫਿਰ ਆਪਣਾ ਪਿਤਾ-ਪੁਰਖੀ ਕੰਮ ਸ਼ੁਰੂ ਕਰ ਲਿਆ। ਆਖ਼ਰ 1983-84 'ਚ ਉਹਨੂੰ ਵੀ ਸਰਕਾਰੀ ਨੌਂਕਰੀ ਮਿਲ ਗਈ। ਗਿਆਨੀ ਪਾਸ ਕੀਤੀ ਹੋਣ ਕਰਕੇ ਉਹਨੂੰ ਪੰਜਾਬੀ ਟੀਚਰ ਦੀ ਪੋਸਟ ਮਿਲੀ। ਵਿਆਹ ਤੋਂ ਬਾਅਦ ਉਹਦੇ ਘਰ ਇੱਕ

ਲੜਕੀ ਸ਼ਬਦਲਪ੍ਰੀਤ ਦਾ ਜਨਮ ਹੋਇਆ ਤੇ ਪਿੱਛੋਂ ਉਹਦੀ ਪਤਨੀ ਸ਼ਰਨਜੀਤ ਦਾ ਕੋਈ ਨੁਕਸ ਪੈ ਜਾਣ ਕਰਕੇ ਬੱਚੇਦਾਨੀ ਦਾ ਅਪ੍ਰੇਸ਼ਨ ਕਰਾਉਣਾ ਪਿਆ। ਅਪ੍ਰੇਸ਼ਨ ਤੋਂ ਬਾਅਦ ਸ਼ਰਨਜੀਤ ਦੇ ਮਨ ਤੇ ਬੜਾ ਮਾਰੂ ਪ੍ਰਭਾਵ ਪਿਆ ਤੇ ਉਹ ਅਬਨਾਰਮਲ ਰਹਿਣ ਲੱਗ ਪਈ। ਇਹ ਵੀ ਸੱਚ ਹੈ ਕਿ ਅਪ੍ਰੇਸ਼ਨ ਉਪ੍ਰੰਤ ਦਰਸ਼ਨ ਹੋਰਾਂ ਦਾ ਬਦਲਿਆ ਰਵੱਈਆ ਵੀ ਉਹਦੀ ਇਸ ਹਾਲਤ ਲਈ ਕੁਝ ਜ਼ਿੰਮੇਵਾਰ ਸੀ ਕਿਉਂਕਿ ਉਸ ਤੋਂ ਹੁਣ ਬੱਚੇ ਦੀ ਆਸ ਨਹੀਂ ਸੀ ਰਹੀ ਤੇ ਪਰਿਵਾਰ ਹੋਰ ਬੱਚੇ ਦੀ ਖ਼ਾਹਿਸ਼ ਰੱਖਦਾ ਸੀ।

ਦਰਸ਼ਨ ਦੀ ਪੋਸਟਿੰਗ ਬਹੁਤਾ ਸਮਾਂ, ਨੇੜੇ ਪੈਂਦੇ ਪਿੰਡ ਜੌੜੇ ਤੇ ਫਿਰ ਕੁਹਾੜਕੇ ਹੀ ਰਹੀ। ਬਦਕਿਸਮਤੀ ਨਾਲ ਉਹ ਸਕੂਲ ਵਿੱਚ ਕੰਮ ਕਰਦੀ ਇੱਕ ਵਿਧਵਾ ਜਵਾਨ ਔਰਤ ਚੰਪਾ (ਫ਼ਰਜ਼ੀ ਨਾਂ) ਦੇ ਚੁੰਗਲ ਵਿੱਚ ਫਸ ਗਿਆ। ਇਸ ਡਾਇਣ ਨੇ ਉਹਦੀ ਐਸੀ ਮਤ ਮਾਰੀ ਕਿ ਉਹ ਆਪਣੀ ਬਹੁਤੀ ਪੂੰਜੀ ਲੁਟਾ ਬੈਠਾ। ਮੈਨੂੰ ਤੇ ਉਹਦੇ ਹੋਰ ਕਈ ਦੋਸਤਾਂ ਨੂੰ ਇਸ ਵਰਤਾਰੇ ਦਾ ਬੜਾ ਦੁੱਖ ਹੋਇਆ। ਅਸੀਂ ਉਹਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਹ ਪ੍ਰੇਮ-ਪਿਆਰ ਦੇ ਇਸ ਚੱਕਰਵਿਊ ਚੋਂ ਬਾਹਰ ਨਾ ਨਿੱਕਲ ਸਕਿਆ। ਥੋੜ੍ਹੇ ਸਾਲਾਂ ਬਾਅਦ ਹੀ ਚੰਪਾ ਕੈਂਸਰ ਦਾ ਸ਼ਿਕਾਰ ਹੋ ਕੇ ਜਹਾਨੋਂ ਕੂਚ ਕਰ ਗਈ ਪਰ ਇਸ ਤੋਂ ਪਹਿਲਾਂ ਹੀ ਉਹ ਆਪਣੇ ਤਲਿਸਮ ਰਾਹੀਂ ਜ਼ਬਾਨੀਂ-ਕੁਲਾਮੀਂ ਦਰਸ਼ਨ ਨੂੰ ਆਪਣੇ ਬੱਚਿਆਂ ਦੇ ਬਾਪ ਦੀ ਥਾਂ ਦੇਣ ਵਿੱਚ ਕਾਮਯਾਬ ਹੋ ਗਈ ਸੀ। ਦਰਸ਼ਨ ਚੰਪਾ ਦੇ ਮੁੰਡੇ ਕੁੜੀ ਨੂੰ ਆਪਣੇ ਪੁੱਤ ਧੀ ਸਮਝਣ ਲੱਗ ਪਿਆ ਸੀ। ਉਹਨਾਂ ਦੋਹਾਂ ਦੀ ਵਿਆਹ-ਸ਼ਾਦੀ ਦਾ ਅੱਧ-ਪਚੱਧਾ ਖ਼ਰਚਾ ਬਾਪ ਬਣ ਕੇ ਦਰਸ਼ਨ ਨੇ ਹੀ ਕੀਤਾ ਸੀ। ਚੰਪਾ ਦੀ ਮੌਤ ਤੋਂ ਬਾਅਦ ਵੀ ਉਹਦੇ ਬੱਚੇ ਦਰਸ਼ਨ ਨੂੰ ਮਾਂ ਵਾਂਗ ਤੋੜ ਤੋੜ ਖਾਂਦੇ ਰਹੇ ਪਰ ਆਖ਼ਰੀ ਮੌਕੇ ਉਹਨਾਂ ਦਰਸ਼ਨ ਨਾਲ ਬੇਵਫ਼ਾਈ ਕੀਤੀ ਤੇ ਮੰਜੇ ਤੇ ਬਿਮਾਰ ਪਏ ਦਾ ਪਤਾ ਤੱਕ ਲੈਣ ਨਾ ਆਏ। 'ਮੇਰੇ ਨਾਲ ਧੋਖਾ ਹੋ ਗਿਆ' ਬਾਰ ਬਾਰ ਦੁਹਰਉਂਦਾ ਦਰਸ਼ਨ 9 ਨਵੰਬਰ 2020 ਨੂੰ ਅਕਾਲ ਚਲਾਣਾ ਕਰ ਗਿਆ। ਉਹਦੇ ਜਾਣ ਦੇ ਨਾਲ ਹੀ ਮੇਰੀ ਦੋਸਤੀ ਦੇ 58 ਸਾਲਾ ਇਤਿਹਾਸ ਦਾ ਆਖ਼ਰੀ ਪੰਨਾ ਵੀ ਮੁੱਕ ਗਿਆ।

ਸਕੂਲ 'ਚ ਬਣੇ ਅਢੁੱਕਵੇਂ ਮਹੌਲ ਕਾਰਨ ਰਿਟਾਇਰਮੈਂਟ ਤੋਂ ਪਹਿਲਾਂ ਉਹਦੀ ਬਦਲੀ ਖੇਮਕਰਨ ਸੈਕਟਰ 'ਚ ਬਾਰਡਰ ਤੇ (ਮੇਰੇ ਪਹਿਲੇ ਸਕੂਲ ਨੇੜੇ) ਸਰਕਾਰੀ ਹਾਈ ਸਕੂਲ ਰਾਜੋਕੇ ਹੋ ਗਈ ਜਿੱਥੋਂ ਉਹ 30 ਅਪਰੈਲ 2011 ਨੂੰ ਰਿਟਾਇਰ ਹੋਇਆ।

ਇਸ ਸਾਲ ਅਸੀਂ ਆਪਣੀ ਦੋਸਤੀ ਦੇ 58 ਸਾਲ ਪੂਰੇ ਕੀਤੇ ਸਨ ਤੇ ਅੰਤ ਤੱਕ ਨਿਭਾਉਣ ਦਾ ਅਹਿਦ ਕੀਤਾ ਸੀ ਪਰ ਵਿਧਾਤਾ ਨੂੰ ਸਾਡੀ ਦੋਸਤੀ ਦਾ ਅਗਲਾ ਪੈਂਡਾ ਮਨਜ਼ੂਰ ਨਹੀਂ ਸੀ। ਹੁਣ ਤੱਕ ਸਾਡਾ ਮੇਲਜੋਲ ਤੇ ਇੱਕ ਦੂਜੇ ਦੇ ਘਰ ਆਉਣ-ਜਾਣ ਬੇ-ਰੋਕ ਜਾਰੀ ਰਿਹਾ ਹੈ। ਸਾਡੇ ਦਰਮਿਆਨ ਕਦੇ ਕੋਈ ਗਲ਼ਤ-ਫ਼ਹਿਮੀ ਪੈਦਾ ਨਹੀਂ ਹੋਈ।

ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਸਾਡੀ ਦੋਸਤੀ ਕਿਸੇ ਨਿੱਜੀ ਸਵਾਰਥ ਤੇ ਨਹੀਂ ਸੀ ਖੜ੍ਹੀ ਤੇ ਨਾ ਹੀ ਅਸੀਂ ਹਾਸੇ-ਮਖੌਲ 'ਚ ਕਹੀ ਗੱਲ ਦਾ ਕਦੇ ਕਿਸੇ ਗੁੱਸਾ ਕੀਤਾ ਸੀ। ਮਾਂ-ਪਿਉ ਤੇ ਭੈਣ-ਭਰਾਵਾਂ ਤੱਕ ਸਾਡੇ ਆਪਸੀ ਪਿਆਰ ਤੇ ਮਿਤਰਤਾ ਨੂੰ ਸਤਿਕਾਰ-ਭਰੀਆਂ ਨਜ਼ਰਾਂ ਨਾਲ ਵੇਖਦੇ ਰਹੇ ਹਨ। ਸਵੇਰੇ ਜੇ ਰੋਟੀ ਸਾਡੇ ਘਰ ਖਾਧੀ ਹੈ ਤਾਂ ਸ਼ਾਮ ਨੂੰ ਦਰਸ਼ਨ ਵੱਲ, ਤਾਈ ਗੁਰਦੀਪ ਕੌਰ ਦੇ ਚੁੱਲ੍ਹੇ ਮੂਹਰੇ ਬੈਠੇ ਹੁੰਦੇ ਸਾਂ। ਦੋਹੀਂ ਪਾਸੀਂ ਆਲ੍ਹਿਆਂ 'ਚ ਪਿਆ ਮੱਖਣ ਜਾਂ ਸ਼ੱਕਰ ਕਦੇ ਕਿਸੇ ਤੋਂ ਲੁਕਿਆ ਨਹੀਂ ਸੀ ਰਹਿੰਦਾ। ਮੇਰੇ ਛੋਟੇ ਫੌਜੀ ਭਰਾ ਜਦੋਂ ਛੁੱਟੀ ਆਉਂਦੇ ਤਾਂ ਰੋਜ਼ ਸ਼ਾਮ ਨੂੰ ਸਾਡੇ ਘਰ ਮਹਿਫ਼ਲ ਜੁੜਦੀ ਸੀ, ਦਰਸ਼ਨ ਉਸ ਮਹਿਫ਼ਲ ਦਾ ਸ਼ਿੰਗਾਰ ਹੁੰਦਾ ਤੇ ਜਦੋਂ ਜੀਅ ਕਰਦਾ ਦਰਸ਼ਨ ਵੱਲ ਜਾ ਰੌਣਕਾਂ ਲਾਉਂਦੇ। ਫੌਜੀ-ਰੰਮ ਦੇ ਜਾਮ ਛਲਕਦੇ, ਮੀਟ-ਸ਼ਰਾਬਾਂ ਉੱਡਦੇ ਤੇ ਡੈੱਕ ਲਾ ਕੇ ਗਾਣਿਆਂ ਦੀ ਤਾਲ ਤੇ ਭੰਗੜੇ ਪੈਂਦੇ। ਉਹ ਦਿਨ ਸਾਡੇ ਲਈ ਖੁਸ਼ੀਆਂ-ਖੇੜਿਆਂ ਵਾਲੇ ਦਿਨ ਸਨ ਜੀਹਨਾਂ ਦੀ ਯਾਦ ਹੁਣ ਤੱਕ ਕਾਇਮ ਹੈ। ਦਰਸ਼ਨ ਦੇ ਛੋਟੇ ਭਰਾ ਸੁਖਦੇਵ ਨੂੰ ਵੀ ਮੈਥੋਂ ਛੋਟੇ ਸੁਖਦੇਵ ਨੇ ਆਪਣੀ ਰੈਜਮੈਂਟ 'ਚ ਭਰਤੀ ਕਰਵਾਇਆ ਸੀ। ਉਹਦੀ ਆਪਣੇ ਉੱਚ-ਅਧਿਕਾਰੀਆਂ ਨਾਲ ਸੁਰ ਬੜੀ ਮਿਲਦੀ ਸੀ ਇਸ ਕਾਰਨ ਉਹ ਵਾਰੀ 2 ਮੇਰੇ ਸਭ ਤੋਂ ਛੋਟੇ ਭਰਾ ਬਲਦੇਵ, ਦਰਸ਼ਨ ਦੇ ਭਰਾ ਸੁਖਦੇਵ, ਸਾਡੇ ਚਾਚੇ ਦੇ ਪੁੱਤ ਤਰਸੇਮ ਤੇ ਇਕ ਨੌਨਿਆਂ ਦੇ ਮੁੰਡੇ ਚਹੁੰ ਜਾਣਿਆਂ ਨੂੰ ਆਪਣੀ 19 ਸਿੱਖ ਰੈਜਮੈਂਟ 'ਚ ਭਰਤੀ ਕਰਾਉਣ 'ਚ ਸਫ਼ਲ ਰਿਹਾ ਸੀ।

ਦਰਸ਼ਨ ਸਿੰਘ ਦੀ ਇੱਕ ਹੋਰ ਸਿਫ਼ਤ ਸੀ ਕਿ ਉਹ ਕੋਈ ਫ਼ੈਸਲਾ ਕਾਹਲੀ 'ਚ ਨਹੀਂ ਸੀ ਕਰਦਾ। ਜਦੋਂ ਅਸੀਂ ਕਿਸੇ ਮਸਲੇ ਦਾ ਹੱਲ ਬਿਨਾਂ ਲਾਭ-ਹਾਣ ਸੋਚਿਆਂ ਕਾਹਲੀ ਨਾਲ ਕਰਦੇ ਹਾਂ ਤਾਂ ਨਤੀਜੇ ਗਲਤ ਵੀ ਹੋ ਸਕਦੇ ਹਨ। ਇਕ ਵਾਰ ਉਹਦਾ ਭਰਾ ਸੁੱਖਾ ਫੌਜੀ ਆਪਣੇ ਦੋਸਤ ਬਾਵੇ ਨਾਲ ਕਿਸੇ ਅਗਲੇ ਪਿੰਡੋਂ ਵਾਪਸ ਆਉਂਦੇ ਸਾਡੀ ਬਹਿਕ ਤੇ ਰੁਕੇ। ਦਾਰੂ ਉਹਨਾਂ ਪਹਿਲਾਂ ਹੀ ਪੀਤੀ ਹੋਈ ਸੀ ਤੇ ਸਾਡਾ ਫੌਜੀ ਸੁਖਦੇਵ ਵੀ ਛੁੱਟੀ ਆਇਆ ਹੋਇਆ ਸੀ। ਉਹ ਤਿੰਨੇ ਮੁੜ ਪੀਣ ਲੱਗ ਪਏ। ਦੋਵ੍ਹਾਂ ਫੌਜੀ-ਸੁੱਖਿਆਂ ਦੀ ਸ਼ਰਾਬ ਪੀਣੀ ਮਾੜੀ ਸੀ, ਇਸੇ ਕਾਰਨ ਕਿਸੇ ਗੱਲੋਂ ਖਹਿਬੜ ਪਏ ਤੇ ਹੂਰੋ-ਮੁੱਕੀ ਹੋ ਗਏ। ਦਰਸ਼ਨ ਦੇ ਭਰਾ ਨੂੰ ਨੱਕ ਤੇ ਘਸੁੰਨ ਵੱਜਣ ਕਰਕੇ ਖ਼ੂਨ ਵਗਣ ਲੱਗ ਪਿਆ, ਕੱਪੜੇ ਉਹਦੇ ਸਾਰੇ ਖ਼ੂਨ ਨਾਲ ਲੱਥ-ਪੱਥ ਹੋ ਗਏ। ਸਾਨੂੰ ਦਵਾ-ਦਾਰੂ ਦਾ ਮੌਕਾ ਦੇਣ ਤੋਂ ਪਹਿਲਾਂ ਹੀ ਉਹ ਵਾਹੋ-ਦਾਹੀ ਘਰ ਨੂੰ ਦੌੜ ਗਿਆ ਤੇ ਸਾਰੇ ਟੱਬਰ ਨੂੰ ਆਪਣੇ ਨਾਲ ਠਾਣੇ ਜਾਣ ਲਈ ਉਕਸਾਉਣ ਲੱਗਾ। ਉਹਨੇ ਬਾਵੇ ਦੇ ਘਰ ਵੀ ਸੁਨੇਹਾਂ ਭੇਜ ਦਿੱਤਾ ਕਿ ਉਹਨੂੰ ਸਰਕਾਰੀਆਂ ਦੀ ਬੰਬੀ ਤੇ ਸੱਟਾਂ ਲੱਗੀਆਂ ਤੇ ਮਰਨਾਊ ਪਿਆ ਹੈ।

ਦਰਸ਼ਨ ਨੇ ਉਹਨੂੰ ਜਬ੍ਹੇ ਨਾਲ ਠਾਣੇ ਜਾਣੋਂ ਰੋਕਿਆ ਤੇ ਸਾਰਿਆਂ ਨੂੰ ਸਮਝਾਇਆ

ਕਿ ਇਹਦੀ ਵੀ ਗਲ਼ਤੀ ਹੋਊਗੀ। ਉਹ ਬਾਵੇ ਦੇ ਘਰ ਦਿਆਂ ਨੂੰ ਵੀ ਸਮਝਾਉਣ ਗਿਆ। ਪਰ ਉਹਦੇ ਜਾਣ ਤੋਂ ਪਹਿਲਾਂ ਹੀ ਬਾਵੇ ਦਾ ਬਾਪ ਤੇ ਭਰਾ, ਨਾਲ ਹੋਰ ਬੰਦੇ ਤੇ ਹਥਿਆਰ ਲੈਕੇ ਸਾਡੀ ਬਹਿਕ ਤੇ ਆ ਧਮਕੇ। ਉਹਨਾਂ ਦੂਰੋਂ ਲਲਕਾਰਾ ਮਾਰਿਆ। ਚਾਚਾ ਹਰਨਾਮ ਸਿੰਹੁ ਬਾਰਵਾਲਾ ਵੀ, ਜੋ ਸਾਡਾ ਗਵਾਂਢੀ ਸੀ, ਰੌਲਾ ਸੁਣ ਕੇ ਸਾਡੀ ਹਵੇਲੀ ਆ ਗਿਆ ਸੀ। ਉਹਨੇ ਪੂਰੇ ਜੋਸ਼ ਨਾਲ ਲਲਕਾਰੇ ਵਾਲਿਆਂ ਨੂੰ ਸੂਚਿਤ ਕੀਤਾ ਕਿ ਤੁਹਾਡਾ ਮੁੰਡਾ ਠੀਕ-ਠਾਕ ਸੁੱਤਾ ਪਿਆ, ਉਹਨੂੰ ਕੁਝ ਨਹੀਂ ਹੋਇਆ ਤੇ ਅਰਾਮ ਨਾਲ ਆ ਕੇ ਉਹਨੂੰ ਲੈ ਜਾਓ ਜੇ ਗੋਲੀ ਚਲਾਈ ਤਾਂ ਇਧਰੋਂ ਵੀ ਬਰਾਬਰ ਚੱਲੂ। ਸੁਣ ਕੇ ਪਿੰਡੋਂ ਆਈ ਵਾਹਰ ਠਠੰਬਰ ਗਈ ਤੇ ਬਿਨਾਂ ਸ਼ੋਰ-ਸ਼ਰਾਬੇ ਦੇ ਘੂਕ ਸੁੱਤੇ ਬਾਵੇ ਨੂੰ ਉਠਾ ਕੇ ਲੈ ਗਏ। ਜੇ ਚਾਚਾ ਹਰਨਾਮ ਸਿੰਹੁ ਉਹਨਾਂ ਨੂੰ ਬਰਾਬਰ ਦਬਕਾ ਨਾ ਮਾਰਦਾ ਤਾਂ ਨਿਸਚੇ ਹੀ ਕਤਲ ਹੋਣ ਤੱਕ ਦੀ ਨੌਬਤ ਆ ਜਾਣੀ ਸੀ। ਮਗਰੋਂ ਦਰਸ਼ਨ ਵੀ ਬਹਿਕ ਤੇ ਆਇਆ ਤੇ ਸਾਰੀ ਗੱਲ ਦਾ ਪਤਾ ਕੀਤਾ। ਮੇਰਾ ਭਾਵ ਇਹ ਹੈ ਕਿ ਜੇ ਦਰਸ਼ਨ ਵੀ ਸੁੱਖੇ ਤੇ ਇਤਬਾਰ ਕਰ ਲੈਂਦਾ ਤੇ ਆਪਣੇ ਭਰਾਵਾਂ ਵਾਂਗ ਕਾਹਲੀ ਨਾਲ ਫ਼ੈਸਲਾ ਕਰਦਾ ਤਾਂ ਇਹ ਝਗੜਾ ਹੋਰ ਵਧ ਜਾਂਦਾ। ਅਜਿਹੀ ਸਵਾਰਥ-ਰਹਿਤ, ਲਾਲਚ-ਹੀਣ ਤੇ ਦੂਸਰੇ ਦੇ ਕੰਮ ਆਉਣ ਵਾਲੀ ਦੋਸਤੀ ਜ਼ਿੰਦਾਬਾਦ!

# ਨਾਨਕਿਆਂ ਦਾ ਪ੍ਰਭਾਵ

ਮੇਰੇ ਨਾਨਕਿਆਂ ਦਾ ਸਾਰਾ ਪਰਿਵਾਰ ਪੜ੍ਹਿਆ-ਲਿਖਿਆ ਸੀ ਤੇ ਇਸ ਪਰਿਵਾਰ ਨਾਲ ਮੇਰਾ ਖ਼ਾਸਾ ਮੋਹ ਸੀ। ਸ਼ਾਇਦ ਇਹ ਮਾਮੀ ਜੀ ਦੇ ਦੁੱਧ ਦਾ ਅਸਰ ਹੋਵੇ ਜਾਂ ਮਾਂ ਦੇ ਖ਼ੂਨ ਦੀ ਰਿਸ਼ਤੇਦਾਰੀ ਦਾ, ਮੈਂ ਆਪਣੇ ਦੂਸਰੇ ਭਰਾਵਾਂ ਨਾਲੋਂ ਬਹੁਤਾ ਸਮਾਂ ਨਾਨਕੇ ਗੁਜ਼ਾਰਦਾ ਸਾਂ। ਜਦੋਂ ਵੀ ਸਕੂਲੋਂ ਛੁੱਟੀਆਂ ਹੁੰਦੀਆਂ ਮੈਂ ਨਾਨਕੇ-ਪਿੰਡ ਨੱਥੋਕੇ ਜਾ ਵੜਦਾ ਸਾਂ। ਵੱਡੇ ਮਾਮਾ ਜੀ ਫੌਜ ਵਿੱਚ ਨੌਂਕਰੀ ਕਰਦੇ ਸਨ ਤੇ ਛੋਟੇ ਮਾਮਾ ਜੀ ਖੇਤੀ ਕਰਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਉਹ ਪਾਕਿਸਤਾਨ ਵਿੱਚ ਲਾਇਲਪੁਰ ਦੇ ਨੇੜੇ ਇੱਕ ਮੁਰੱਬਾ ਜ਼ਮੀਨ ਦੇ ਮਾਲਕ ਸਨ ਪਰ ਵੰਡ ਤੋਂ ਬਾਦ ਭਰੇ-ਭਕੁੰਨੇ ਘਰ-ਘਾਟ ਛੱਡ ਕੇ, ਜਾਨਾਂ ਬਚਾ ਕੇ ਏਧਰ ਆਏ ਤਾਂ ਆਪਣੇ ਜ਼ੱਦੀ ਪਿੰਡ ਸਰਲੀ ਕਲਾਂ ਦੀ ਥਾਂ ਨੱਥੋਕੇ ਪਿੰਡ 'ਚ ਸਿਰਫ ਅੱਧਾ ਮੁਰੱਬਾ ਜ਼ਮੀਨ ਮਿਲੀ ਸੀ। ਇੱਥੇ ਹੀ ਮੁੜ ਨਵੇਂ ਸਿਰੇ ਤੋਂ ਉਹਨਾਂ ਆਪਣਾ ਘਰ ਬਣਾਇਆ ਸੀ ਤੇ ਖੇਤੀ ਦਾ ਕੰਮ ਸ਼ੁਰੂ ਕੀਤਾ ਸੀ। ਦੋਵ੍ਹਾਂ ਭਰਾਵਾਂ ਦੇ ਤੇ ਉਹਨਾਂ ਦੇ ਚਾਚੇ ਦੇ ਪੁੱਤ ਭਰਾਵਾਂ ਦੇ ਵੀ ਸਾਰੇ ਬੱਚੇ ਸਕੂਲ ਪੜ੍ਹਦੇ ਸਨ। ਮਾਂ ਵੀ ਪੰਜਵੀਂ ਜਮਾਤ ਤੱਕ ਪੜ੍ਹੀ ਹੋਈ ਸੀ। ਉਹ ਮੇਰੀ ਪ੍ਰੇਰਨਾ-ਸ੍ਰੋਤ ਸੀ। ਇਸ ਕਰਕੇ ਮੁੱਢ ਤੋਂ ਹੀ ਮੈਂ ਵੱਧ ਤੋਂ ਵੱਧ ਪੜ੍ਹਾਈ ਕਰਨ ਦਾ ਮਨ ਬਣਾਇਆ ਹੋਇਆ ਸੀ।

ਏਧਰ ਜਦੋਂ ਮੈਂ ਦਸਵੀਂ ਦੇ ਪੇਪਰ ਦੇ ਕੇ ਵਿਹਲਾ ਹੋਇਆ ਤਾਂ ਘਰ ਦੀ ਹਾਲਤ ਮਾਇਕ ਪੱਖ ਤੋਂ ਅਜੇ ਮਾੜੀ ਹੀ ਸੀ। ਬਸ ਰੋਟੀ-ਪਾਣੀ ਹੀ ਚਲਦਾ ਸੀ। ਬੱਚਿਆਂ ਦੀ ਪੜ੍ਹਾਈ ਬਾਰੇ ਜਦੋਂ ਕਦੇ ਘਰ ਗੱਲ ਚਲਦੀ ਸੀ ਤਾਂ ਇੱਕ ਮਾਂ ਹੀ ਸੀ ਜਿਹੜੀ ਹਰ ਹਾਲਤ ਵਿੱਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਜ਼ਿਦ ਕਰਦੀ ਸੀ। ਬਾਪੂ ਹਮੇਸ਼ਾਂ ਇਹੋ ਕਹਿੰਦਾ, "ਇਹਨਾਂ ਪੜ੍ਹ ਕੇ ਕਿਹੜਾ ਡੀ ਸੀ ਲੱਗ ਜਾਣਾ, ਮਾਲ-ਡੰਗਰ ਸਾਂਭਣਗੇ ਤਾਂ ਸਾਡੀ ਜਾਨ ਸੌਖੀ ਰਹੂਗੀ, ਮੱਝਾਂ ਇੱਕ ਦੋ ਹੋਰ ਲੈ ਲੈਨੇ ਆਂ।" ਪਰ ਮਾਂ ਨੇ ਕਦੇ ਵੀ ਬਾਪੂ ਦੀ ਹਾਂ 'ਚ ਹਾਂ ਨਾ ਮਿਲਾਈ। ਪੜ੍ਹਨ ਵਾਲੇ ਤਾਂ ਹੁਣ ਦੋ ਹੀ ਰਹਿ ਗਏ ਸਾਂ, ਮੈਂ ਦਸਵੀਂ ਕਰ ਲਈ ਸੀ ਤੇ ਸਭ ਤੋਂ ਛੋਟਾ ਬਲਦੇਵ ਅਜੇ ਪ੍ਰਾਇਮਰੀ ਸਕੂਲ 'ਚ ਸੀ। ਮੇਰੇ ਮਨ ਵਿੱਚ ਸਦਾ ਇਹ ਤੌਖਲਾ ਬਣਿਆ ਰਹਿੰਦਾ ਕਿ ਪਤਾ ਨਹੀਂ ਮੈਨੂੰ ਕਾਲਜ ਪੜ੍ਹਨ ਦਾ ਮੌਕਾ ਮਿਲੇ ਜਾਂ ਨਾ। ਬਾਪੂ ਤੋਂ ਤਾਂ ਕੋਈ ਆਸ ਨਹੀਂ ਸੀ, ਨਾ ਹੀ ਘਰ ਕੋਈ ਰੋਕੜ ਸੀ ਜੀਹਦੇ ਨਾਲ

ਮੈਨੂੰ ਕੋਈ ਧਰਵਾਸ ਹੁੰਦਾ, ਰਹਿ ਖਹਿ ਕੇ ਇੱਕ ਨਾਨਕੇ ਹੀ ਮੇਰੇ ਲਈ ਆਸ ਦੀ ਕਿਰਨ ਸੀ।

ਵਾਢੀਆਂ ਦੇ ਦਿਨ ਸਨ, ਇਹ ਗੱਲ ਜੂਨ 1970 ਦੀ ਹੈ, ਉਦੋਂ ਤੱਕ ਸਾਡੇ ਪਿੰਡਾਂ ਵਿੱਚ ਕਣਕ ਦੀ ਵਾਢੀ ਕਿਸਾਨ-ਮਜ਼ਦੂਰ ਦਾਤਰੀ ਨਾਲ ਹੱਥੀਂ ਕਰਦੇ ਸਨ। ਪਹਿਲਾਂ ਕਈ ਦਿਨ ਕਣਕ ਵੱਢ ਕੇ ਭਰੀਆਂ ਬੰਨ੍ਹ ਕੇ ਖਿਲਵਾੜੇ ਲਾ ਲੈਂਦੇ ਤੇ ਫਿਰ ਫਲ੍ਹਿਆਂ ਨਾਲ ਗਾਹ ਲੈਂਦੇ। ਰੋਜ਼ ਇੱਕ ਪਿੜ ਵਿੱਚ ਭਰੀਆਂ ਖੋਲ੍ਹ ਕੇ ਸਲੰਘ ਨਾਲ ਖਿਲਾਰ ਕੇ ਗਾਹ ਪਾਉਂਦੇ, ਪਸ਼ੂਆਂ ਨੂੰ ਪੰਜਾਲੀ 'ਚ ਜੋੜ ਕੇ ਮਗਰ ਫਲ੍ਹਾ ਪਾ ਕੇ (ਜੋ ਲੱਕੜ ਦੇ ਫ਼ਰੇਮ ਵਿੱਚ ਦਰੱਖ਼ਤਾਂ ਦੇ ਟਾਹਣਾਂ ਨੂੰ ਤਹਿਆਂ ਲਾ ਕੇ ਬਣਦਾ ਸੀ) ਸਾਰਾ ਦਿਨ ਇੱਕ ਕੇਂਦਰ-ਬਿੰਦੂ ਦੁਆਲੇ ਘੁਮਾਈ ਜਾਂਦੇ ਤੇ ਕਣਕ ਦੇ ਨਾੜ ਨੂੰ ਫਲ੍ਹੇ ਨਾਲ ਤੋੜ ਕੇ ਤੂੜੀ ਬਣਾਈ ਜਾਂਦੇ ਤੇ ਸ਼ਾਮ ਨੂੰ ਸਾਰਾ ਕੁਝ ਕੇਂਦਰ ਵਿੱਚ ਇਕੱਠਾ ਕਰਕੇ, ਢੇਰ ਲਾ ਕੇ, ਧੜ ਬਣਾ ਦੇਂਦੇ। ਕੜਕਦੀ ਧੁੱਪ ਵਿੱਚ ਵੀ ਲੋਕ ਰੱਬ ਤੋਂ ਹੋਰ ਧੁੱਪ ਦੀ ਹੀ ਮੰਗ ਕਰਦੇ ਸਨ ਕਿਉਂਕਿ ਗਰਮੀ ਨਾਲ ਹੀ ਕਣਕ ਦਾ ਨਾੜ ਟੁੱਟ ਕੇ ਛੇਤੀ ਬਰੀਕ ਹੋਣਾ ਹੁੰਦਾ ਸੀ। ਇਹ ਕਾਰਜ-ਕ੍ਰਮ ਉਸ ਧੜ ਦੁਆਲੇ ਰੋਜ਼ ਚਲਦਾ ਤੇ ਧੜ ਵੱਡੀ ਹੁੰਦੀ ਜਾਂਦੀ। ਜਦੋਂ ਖੇਤ ਦੀ ਸਾਰੀ ਕਣਕ ਦੀਆਂ ਭਰੀਆਂ ਗਾਹੀਆਂ ਜਾਂਦੀਆਂ ਤਾਂ ਤੰਗਲੀ ਨਾਲ ਇਸ ਧੜ ਦੇ ਤੂੜੀ-ਤੰਦ ਨੂੰ ਹਵਾ 'ਚ ਉਛਾਲ ਕੇ ਦਾਣੇ ਤੂੜੀ ਤੋਂ ਵੱਖ ਕਰਕੇ ਬੋਹਲ ਲਾ ਲੈਂਦੇ ਸਨ। ਇਸ ਤਰ੍ਹਾਂ ਵਾਢੀ ਦਾ ਕੰਮ ਤੂੜੀ-ਦਾਣੇ ਸਾਂਭਣ ਤੱਕ ਲੰਮਾ ਸਮਾਂ ਚਲਦਾ ਸੀ।

ਸੂਦਾਂ ਵਾਲੇ ਖੂਹ ਤੇ ਬਾਪੂ ਨੇ ਇੱਕ ਕਿੱਲਾ ਗਹਿਣੇ ਲੈ ਕੇ ਕਣਕ ਬੀਜੀ ਹੋਈ ਸੀ। ਵਾਢੀ ਦਾ ਕੰਮ ਮੁਕ ਗਿਆ ਸੀ ਤੇ ਇੱਕ ਦਿਨ ਬਾਪੂ ਤੇ ਮੇਰਾ ਵੱਡਾ ਭਰਾ ਉਸ ਖੇਤ 'ਚ ਕਣਕ ਗਾਹੁਣ ਲਈ ਫਲ੍ਹਾ ਵਾਹ ਰਹੇ ਸਨ। ਭਰਾ ਡੰਗਰਾਂ ਮਗਰ ਪਾਏ ਫਲ੍ਹੇ ਤੇ ਬੈਠਾ ਪਸ਼ੂਆਂ ਨੂੰ ਹੱਕ ਰਿਹਾ ਸੀ ਤੇ ਬਾਪੂ ਸਲੰਘ ਨਾਲ ਕਣਕ ਦੀਆਂ ਭਰੀਆਂ ਦਾ ਨਾੜ ਪੁੱਟ ਕੇ ਪਿੜ 'ਚ ਖਿਲਾਰ ਰਿਹਾ ਸੀ। ਵਿੱਚਕਾਰ ਧੜ ਲੱਗੀ ਹੋਈ ਸੀ ਤੇ ਆਲ਼ੇ-ਦੁਆਲ਼ੇ ਫਲ੍ਹੇ ਅੱਗੇ ਜੁੱਪੇ ਬਲਦ ਘੁੰਮ ਰਹੇ ਸਨ। ਮੈਂ ਉਹਨਾਂ ਦੀ ਦੁਪਹਿਰ ਦੀ ਰੋਟੀ ਲੈ ਕੇ ਗਿਆ ਸਾਂ। ਰੋਟੀ ਖਾਣ ਪਿੱਛੋਂ ਮੈਂ ਨਿਆਣਿਆਂ ਵਾਂਗ ਪੜ੍ਹਾਈ ਦੀ ਗੱਲ ਛੇੜ ਲਈ। ਉਹ ਤਾਂ ਜਿਵੇਂ ਪਹਿਲਾਂ ਹੀ ਖਪੇ ਪਏ ਸਨ, ਸੁਣਦਿਆਂ ਸਾਰ ਦੋਵੇਂ ਭੜਕ ਪਏ। ਉਹਨਾਂ ਮੇਰੀ ਚੰਗੀ ਖੁੰਬ ਠੱਪੀ ਤੇ ਮੈਂ ਰੋਣ-ਹਾਕਾ ਹੋ ਗਿਆ। ਮੇਰਾ ਮਨ ਭਰ ਆਇਆ। ਮਨ 'ਚ ਸੋਚਣ ਲੱਗਾ ਕਿ ਮੇਰੇ ਜਿੰਨਾ ਦੁਖੀ ਹੋਰ ਕੋਈ ਨਹੀਂ ਹੋਣਾ ਜੋ ਪੜ੍ਹਾਈ ਦੀ ਗੱਲ ਕਰੇ ਤੇ ਉਹਦਾ ਪਿਉ ਅੱਗੋਂ ਗਾਲ੍ਹਾਂ ਦਾ ਪ੍ਰਸ਼ਾਦ ਦੇਵੇ। ਮੈਂ ਮਨ 'ਚ ਫ਼ੈਸਲਾ ਕਰ ਲਿਆ ਕਿ ਮੈਂ ਇਸ ਘਰ ਰਹਿਣਾ ਈ ਨਹੀਂ। ਖੇਤੋਂ ਵਾਪਸ ਆ ਕੇ ਮੈ ਮਾਂ ਨੂੰ ਦੱਸ ਕੇ ਪੁਰਾਣੀਆਂ ਕਿਤਾਬਾਂ ਦੀ ਰੱਦੀ ਵੇਚ ਕੇ ਕਿਰਾਏ ਜੋਗੇ ਪੈਸੇ ਹੱਟੀ ਤੋਂ ਲੈ ਕੇ ਜੇਬ 'ਚ ਪਾਏ ਤੇ ਨਾਨਕਿਆਂ ਨੂੰ ਤੁਰ ਪਿਆ।

ਇਤਫ਼ਾਕ-ਵੱਸ ਮਾਮਾ ਜੀ ਵੀ ਘਰ ਛੁੱਟੀ ਆਏ ਹੋਏ ਸਨ। ਜਦੋਂ ਮੈਂ ਘਰ ਪਹੁੰਚਾ ਤਾਂ ਉਹ ਮੈਨੂੰ ਇਕੱਲਿਆਂ ਵੇਖ ਕੇ ਹੈਰਾਨ ਰਹਿ ਗਏ। 'ਬੀਬੀ ਕਿਉਂ ਨਹੀਂ ਆਈ? ਤੂੰ 'ਕੱਲ੍ਹਾ ਕਿਉਂ ਆਇਆਂ ?' ਆਦਿ ਪ੍ਰਸ਼ਨਾਂ ਦੇ ਉੱਤਰਾਂ 'ਚ ਮੈਂ ਉਲਝ ਗਿਆ ਤੇ ਹਟਕੋਰੇ ਲੈਂਦਿਆਂ ਕੇਵਲ ਏਨਾ ਈ ਦੱਸ ਸਕਿਆ ਕਿ ਮੈਂ ਕਾਲਜ ਪੜ੍ਹਨਾ ਚਾਹੁੰਦਾ ਹਾਂ ਪਰ ਬਾਪੂ ਨਹੀਂ ਮੰਨਦਾ ਤੇ ਉਲਟਾ ਮੈਨੂੰ ਗੁੱਸੇ ਹੁੰਦੇ ਹਨ । ਮਾਮਾ ਜੀ ਨੇ ਮੈਨੂੰ ਹੌਂਸਲਾ ਦਿੱਤਾ ਤੇ ਕਾਲਜ ਦਾਖ਼ਲ ਕਰਾਉਣ ਦਾ ਵਾਅਦਾ ਕਰਕੇ ਅਗਲੇ ਦਿਨ ਪਿੰਡ ਨੂੰ ਤੋਰ ਦਿੱਤਾ।

ਦਸੀਂ-ਪੰਦਰੀਂ ਦਿਨੀਂ ਮਾਮਾ ਜੀ ਸਾਡੇ ਪਿੰਡ ਆਏ, ਰਾਤ ਰਹੇ ਤੇ ਅਗਲੇ ਦਿਨ ਮੈਨੂੰ ਨਾਲ ਲੈ ਕੇ ਸ੍ਰੀ ਗੁਰੂ ਅਰਜਣ ਦੇਵ ਖਾਲਸਾ ਕਾਲਜ ਤਰਨਤਾਰਨ 'ਚ ਦਾਖ਼ਲ ਕਰਵਾ ਗਏ। ਸਾਡੇ ਪਿੰਡ ਦੇ ਸ੍ਰ. ਜਗੀਰ ਸਿੰਘ ਸੂਬੇਦਾਰ, ਮਾਮਾ ਜੀ ਦੇ ਵਾਕਫ਼ ਸਨ, ਉਹ ਪੈਨਸ਼ਨ ਆ ਕੇ ਬਤੌਰ ਐੱਨ ਸੀ ਸੀ ਅਫਸਰ ਇਸੇ ਕਾਲਜ ਵਿੱਚ ਤਾਇਨਾਤ ਸਨ, ਉਹਨਾਂ ਨੇ ਵੀ ਮੇਰੀ ਯਥਾਯੋਗ ਮਦਦ ਕੀਤੀ। ਮਾਮਾ ਜੀ ਨੇ ਫੌਜੀ ਕੰਟੀਨ ਤੋਂ ਮੈਨੂੰ ਇੱਕ ਨਵਾਂ ਸਾਇਕਲ ਖਰੀਦ ਦਿੱਤਾ। ਮੇਰਾ ਬਚਪਨ ਦਾ ਦੋਸਤ ਦਰਸ਼ਨ ਵੀ ਮੇਰੇ ਨਾਲ ਹੀ ਦਾਖ਼ਲ ਹੋ ਗਿਆ। ਅਸੀਂ ਦੋਵ੍ਹੇਂ ਦਾਖ਼ਲ ਹੋਣ ਲੱਗਿਆਂ ਇਕ ਗਲ਼ਤੀ ਕਰ ਬੈਠੇ ਜੋ ਸਮੇਂ ਸਿਰ ਸੁਧਾਰੀ ਨਾ ਜਾ ਸਕੀ। ਦਸਵੀਂ ਤਾਂ ਪੇਂਡੂ ਸਕੂਲ ਵਿੱਚੋਂ ਪਾਸ ਕੀਤੀ ਸੀ, ਜਿੱਥੇ ਫਿਜਿਕਸ-ਕਮਿਸਟਰੀ ਦੀ ਥਾਂ ਜਨਰਲ ਸਾਇੰਸ ਦਾ ਵਿਸ਼ਾ ਪੜ੍ਹਿਆ ਸੀ ਤੇ ਉਹ ਵੀ ਪੰਜਾਬੀ ਮੀਡੀਅਮ ਵਿੱਚ, ਪਰ ਕਾਲਜ 'ਚ ਅਸੀਂ ਸਾਇੰਸ ਗਰੁੱਪ 'ਚ ਦਾਖ਼ਲਾ ਲੈ ਲਿਆ ਜਿਹੜਾ ਅੰਗਰੇਜੀ ਮੀਡੀਅਮ 'ਚ ਪੜ੍ਹਨਾ ਸੀ। ਪਿੰਡ 'ਚ ਕੋਈ ਟਿਊਸ਼ਨ ਦਾ ਵੀ ਪ੍ਰਬੰਧ ਨਹੀਂ ਸੀ, ਜੇ ਹੁੰਦਾ ਵੀ ਤਾਂ ਵੀ ਘਰੋਂ ਏਨਾ ਖ਼ਰਚਾ ਨਹੀਂ ਸੀ ਮਿਲਣਾ। ਅਸੀਂ ਪੂਰੀ ਮਿਹਨਤ ਵੀ ਨਾ ਕਰ ਸਕੇ ਤੇ ਸਿੱਟੇ ਵਜੋਂ ਦੋਵ੍ਹੇਂ ਫੇਲ੍ਹ ਹੋ ਗਏ। ਜਦੋਂ ਘਰ ਪਤਾ ਲੱਗਾ ਤਾਂ ਬਾਪੂ ਦਾ ਗੁੱਸਾ ਅਸਮਾਨੋਂ ਟੱਪ ਗਿਆ।

ਦਰਸ਼ਨ ਤਾਂ ਕਾਲਜ ਛੱਡ ਕੇ ਪਿਤਾ-ਪੁਰਖੀ ਧੰਦੇ 'ਚ ਰੁੱਝ ਗਿਆ ਪਰ ਮੈਂ ਮਿੰਨਤ-ਤਰਲਾ ਕਰਕੇ ਇਕ ਵਾਰ ਫਿਰ ਦਾਖ਼ਲੇ ਲਈ ਬਾਪੂ ਨੂੰ ਮਨਾ ਲਿਆ। ਇਹ ਵੀ ਇੱਕ ਕ੍ਰਿਸ਼ਮਾ ਹੀ ਸੀ ਕਿ ਹਮੇਸ਼ਾਂ ਪੜ੍ਹਾਈ ਦੇ ਉਲਟ ਬੋਲਣ ਵਾਲਾ ਬਾਪੂ, ਮੇਰੇ ਫੇਲ੍ਹ ਹੋ ਜਾਣ ਤੇ ਦੁਖੀ ਹੋਣ ਦੇ ਬਾਵਜੂਦ ਇਸ ਵਾਰ ਨਰਮ ਪੈ ਗਿਆ ਸੀ। ਮਾਮਾ ਜੀ ਨੇ ਵੀ ਮੇਰਾ ਹੌਂਸਲਾ ਨਾ ਟੁੱਟਣ ਦਿੱਤਾ ਤੇ ਹੋਰ ਮਦਦ ਕੀਤੀ। ਇਸ ਵਾਰ ਮੈਂ ਗਰੁੱਪ ਬਦਲ ਕੇ ਆਰਟਸ ਕਰ ਲਿਆ ਤੇ ਪੂਰੀ ਮਿਹਨਤ ਕਰਕੇ ਚੰਗੇ ਨੰਬਰ ਲੈ ਕੇ ਪ੍ਰੈੱਪ ਪਾਸ ਕਰ ਲਈ। ਅਗਲੇ ਸਾਲ ਫ਼ਸਟ ਈਅਰ ਪਾਸ ਕਰਕੇ ਮੇਰੀ ਪੜ੍ਹਾਈ ਨੂੰ ਫਿਰ ਬ੍ਰੇਕਾਂ ਲੱਗ ਗਈਆਂ ਕਿਉਂਕਿ ਮਾਮਾ ਜੀ ਇਸ ਵਾਰ ਸਮੇਂ ਸਿਰ ਮੇਰੀ ਹੋਰ ਸਹਾਇਤਾ ਨਾ ਕਰ ਸਕੇ, ਸ਼ਾਇਦ ਉਹਨਾਂ ਦੇ ਆਪਣੇ ਬੱਚੇ ਵੀ ਸਕੂਲ-ਕਾਲਜ ਪੜ੍ਹਦੇ ਹੋਣ ਕਰਕੇ ਗੁੰਜਾਇਸ਼ ਨਾ ਨਿਕਲੀ ਹੋਵੇ ਤੇ

ਬਾਪੂ ਤਾਂ ਪਹਿਲਾਂ ਹੀ ਮਾਇਕ ਹਾਲਤ ਮਾੜੀ ਹੋਣ ਕਰਕੇ ਮੇਰੇ ਕਾਲਜ ਪੜ੍ਹਨ ਦੇ ਹੱਕ 'ਚ ਨਹੀਂ ਸੀ। ਉਹਦਾ ਸਿੱਧਾ ਜਟਕਾ ਫ਼ਾਰਮੂਲਾ ਸੀ ਕਿ ਪੜ੍ਹ ਕੇ ਕਿਤੇ ਤੂੰ ਡੀ.ਸੀ. ਨ੍ਹੀਂ ਲੱਗ ਜਾਣਾ, ਮੱਝਾਂ ਨੂੰ ਪੱਠੇ ਪਉਣੋਂ ਵੀ ਜਾਵੇਂਗਾ। ਇਸ ਕਾਰਨ ਸਾਰਾ ਸਾਲ ਮੇਰਾ ਕੁੱਤੇ-ਖੱਸੀ 'ਚ ਲੰਘ ਗਿਆ।

# ਯਾਰਾਂ ਨਾਲ ਬਹਾਰਾਂ ਪਰ ਕਲੇ-ਕਲੇਸ਼ ਦਾ ਮੂੰਹ ਕਾਲ਼ਾ

ਇਹ ਸਾਲ ਮੇਰੀ ਜ਼ਿੰਦਗੀ 'ਚ ਕੀਤੇ-ਕਰਾਏ ਤੇ ਪੋਚਾ ਫੇਰਨ ਵਾਲਾ ਸੀ। ਘਰੋਂ ਬਾਗੀ ਹੋ ਕੇ ਮੈਂ ਵਿਹਲੜ ਲਟੋਰ ਵਾਂਗ ਅਜ਼ਾਦ ਘੁੰਮਣ ਲੱਗਾ। ਮੇਰੀ ਦੋਸਤੀ ਵੀ ਇਹੋ ਜਿਹੇ ਸੱਜਣਾਂ ਨਾਲ ਪੈ ਗਈ ਜਿਹੜੇ ਪੜ੍ਹਾਈ ਵੱਲ ਪਿੱਠ ਕਰੀ ਬੈਠੇ ਸਨ। ਇੱਕ ਦੋਸਤ ਰਤਨ ਨਾਲ ਮਿਲ ਕੇ ਮੈਂ ਕਵੀਸ਼ਰੀ ਜਥਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਏਹਨੀਂ ਦਿਨੀਂ ਵਿਹਲਾ ਹੋਣ ਕਰਕੇ ਮੈਂ ਸ਼ਰਾਬ ਕੱਢਣ, ਪੀਣ ਤੇ ਵੇਚਣ ਵਰਗੀਆਂ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਗਿਆ। ਰਤਨ ਦਾ ਵੱਡਾ ਭਰਾ ਅਰੂੜ ਪੜ੍ਹਿਆ ਤਾਂ ਥੋੜ੍ਹਾ ਸੀ ਪਰ ਬੜਾ ਮਿਹਨਤੀ, ਸਕੀਮੀ ਤੇ ਅਣਥੱਕ ਕਾਮਾ ਸੀ। ਉਹ ਤੜਕੇ ਉੱਠ ਕੇ ਹਲ਼ ਵਾਹੁੰਦਾ ਤੇ ਸੂਰਜ ਚੜ੍ਹੇ ਹਰਨਾਲੀ ਛੱਡ ਕੇ ਘਰ ਮੁੜ ਆਉਂਦਾ ਸੀ। ਪਿਉ ਉਹਨਾਂ ਦਾ ਨੰਬਰਦਾਰ ਸੀ ਪਰ ਬਜ਼ੁਰਗ ਹੋਣ ਕਾਰਨ ਵਾਹੀ-ਖੇਤੀ ਦਾ ਕੰਮ ਕਰਨ ਤੋਂ ਅਸਮਰਥ ਸੀ। ਅਸੀਂ ਕਦੀ ਉਹਨਾਂ ਦੇ ਖੇਤੀਂ ਕੰਮ ਕਰਦੇ ਤੇ ਕਦੇ ਏਧਰ ਸਾਡੇ ਵੱਲ। ਇਸ ਕਰਕੇ ਬਾਪੂ ਮੇਰੇ ਨਾਲ ਬਹੁਤਾ ਨਰਾਜ਼ ਨਾ ਹੁੰਦਾ। ਅਰੂੜ ਤੇ ਰਤਨ ਜਦੋਂ ਛੋਟੇ ਸਨ ਤਾਂ ਉਹਨਾਂ ਦਾ ਇੱਕ ਗਵਾਂਢੀ ਜੋ ਬਦਮਾਸ਼ ਕਰਕੇ ਜਾਣਿਆ ਜਾਂਦਾ ਸੀ, ਉਹਨਾਂ ਦੇ ਖੇਤਾਂ ਚੋਂ ਪੱਕੀ-ਕੱਚੀ ਫ਼ਸਲ ਦਾ ਉਜਾੜਾ ਕਰ ਕੇ ਆਪਣਾ ਘਰ ਭਰਦਾ ਸੀ। ਜਦੋਂ ਅਰੂੜ ਨੇ ਸੁਰਤ ਸੰਭਲੀ ਤਾਂ ਉਹਦਾ ਹਲਵਾ-ਮੰਡਾ ਕੁਝ ਘਟ ਗਿਆ ਤੇ ਫਿਰ ਜਦੋਂ ਪੱਕੀ ਹੋਈ ਫ਼ਸਲ ਦੀ ਰਾਖੀ ਲਈ ਰਾਤ ਨੂੰ ਮੈਂ ਵੀ ਉਹਨਾਂ ਨਾਲ ਖੇਤ ਜਾਣ ਲੱਗ ਪਿਆ ਤਾਂ ਉਹਨੇ ਮੇਰੇ ਬਾਪੂ ਨੂੰ ਉਲਾਹਮਾਂ ਦਿੱਤਾ ਕਿ ਆਪਣੇ ਮੁੰਡੇ ਨੂੰ ਉਹਨਾਂ ਵੱਲ ਜਾਣ ਤੋਂ ਰੋਕ ਲਉ ਮਤਾਂ ਕੋਈ ਸੱਟ-ਫੇਟ ਲੱਗ ਜਾਵੇ ਕਿਉਂਕਿ ਨੰਬਰਦਾਰ ਨਾਲ ਸਾਡੀ ਲੱਗਦੀ ਆ। ਜਦੋਂ ਮੈਂ ਬਾਪੂ ਨੂੰ ਅਸਲ ਗੱਲ ਦੱਸੀ ਤਾਂ ਉਹਨੇ ਮੈਨੂੰ ਕੁਝ ਨਾ ਕਿਹਾ।

ਜਿੰਦਰ ਵਾਲੇ ਸਾਢੇ ਤਿੰਨ ਕਿੱਲੇ, ਜਿਹੜੇ ਬਾਪੂ ਨੇ ਭੁੱਖੇ-ਪਿਆਸੇ ਰਹਿ ਕੇ, ਕੁਝ ਮਾਂ ਤੇ ਕੁਝ ਮਾਮੇ ਹੋਰਾਂ ਦੀ ਮਦਦ ਨਾਲ ਬੈਅ ਖ਼ਰੀਦੇ ਸਨ, ਪਿੰਡ ਤੋਂ ਮੀਲ ਕੁ ਦੂਰ ਸਨ, ਇਹਨਾਂ ਦੇ ਵਿੱਚ ਦੀ ਬਿਜਲੀ ਦੀ ਛੋਟੀ ਲਾਈਨ ਲੰਘਦੀ ਸੀ, ਇਸ ਲਾਈਨ ਤੋਂ ਅੱਗੋਂ ਕੁਝ ਮੋਟਰਾਂ ਨੂੰ ਕੁਨੈਕਸ਼ਨ ਦੇ ਕੇ ਟਿਊਬਵੈੱਲ ਚੱਲ ਰਹੇ ਸਨ। ਇੱਕ ਦਿਨ ਅਰੂੜ ਮੇਰੇ ਨਾਲ ਖੇਤ ਗਿਆ ਤਾਂ ਵੇਖ ਕੇ ਕਹਿਣ ਲੱਗਾ, "ਜੇ ਤੁਸੀਂ ਬੋਰ ਕਰਾ ਲਉ ਤਾਂ ਤਹਾਨੂੰ ਮੋਟਰ ਦਾ

ਕੁਨੈਕਸ਼ਨ ਮਿਲ ਸਕਦਾ, ਹੁਣ ਸਿੰਗਲ ਪੋਲ ਕੁਨੈਕਸ਼ਨ ਖੁੱਲ੍ਹੇ ਆ, ਤਹਾਨੂੰ ਤਾਂ ਪੋਲ ਦੀ ਵੀ ਲੋੜ ਨਹੀਂ ਸਿਰਫ ਕੇਬਲ ਈ ਪੈਣੀ ਆ। " ਉਹਦੀ ਗੱਲ ਸੁਣ ਕੇ ਮੈਂ ਬਾਪੂ ਨਾਲ ਸਲਾਹ ਕੀਤੀ ਤੇ ਆੜ੍ਹਤੀਏ ਤੋਂ ਪੈਸੇ ਫੜ੍ਹ ਕੇ, ਦੋ ਕੁ ਮਹੀਨਿਆਂ 'ਚ ਬੋਰ ਕਰਵਾ ਕੇ, ਬਿਜਲੀ ਬੋਰਡ ਨੂੰ ਕੁਨੈਕਸ਼ਨ ਲੈਣ ਲਈ ਅਰਜ਼ੀ ਦੇ ਦਿੱਤੀ। ਅਰੂੜ ਨੇ ਇਸ ਕੰਮ 'ਚ ਸਾਡੀ ਬੜੀ ਮਦਦ ਕੀਤੀ। ਸੱਚ ਤਾਂ ਇਹ ਸੀ ਕਿ ਉਹਦੀ ਅਗਵਾਈ ਤੋਂ ਬਿਨਾਂ ਪਤਾ ਨਹੀਂ ਹੋਰ ਕਿੰਨਾ ਚਿਰ ਅਸੀਂ ਰੱਬ ਆਸਰੇ ਖੇਤੀ ਕਰਦੇ ਰਹਿੰਦੇ। ਹੋਰ ਦੋ ਕੁ ਮਹੀਨਿਆਂ 'ਚ ਹੀ ਸਾਡੀ ਮੋਟਰ ਚਾਲੂ ਹੋ ਗਈ। ਕਈ ਸਾਲਾਂ ਦੀ ਔੜ ਬਾਅਦ ਜਿਵੇਂ ਅਚਨਚੇਤ ਮੀਂਹ ਪੈ ਜਾਵੇ, ਕੁਝ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਸੀ। ਚੰਗੇ ਬੰਦੇ ਆਮ ਤੌਰ ਤੇ ਦੁਨੀਆ ਤੇ ਥੋੜ੍ਹਾ ਚਿਰ ਜੀਊਂਦੇ ਹਨ, ਅਰੂੜ ਦੇ ਵੀ ਟੀਕਾ ਭਰ ਜਾਣ ਕਰਕੇ ਟੈਟਨਸ ਹੋ ਗਈ ਤੇ ਇੱਕ ਮੰਦਭਾਗੇ ਦਿਨ ਉਹ ਰੱਬ ਨੂੰ ਪਿਆਰਾ ਹੋ ਗਿਆ। ਉਹਦੀ ਮੌਤ ਤੋਂ ਬਾਅਦ ਰਤਨ ਵੱਲ ਮੇਰਾ ਆਉਣ-ਜਾਣ ਘਟ ਗਿਆ।

ਇਹਨਾਂ ਦਿਨਾਂ ਵਿੱਚ ਹੀ ਮੇਰੇ ਵੱਡੇ ਭਰਾ ਨੂੰ ਚਾਚੇ ਨੇ ਰਿਸ਼ਤਾ ਕਰਾ ਦਿੱਤਾ। ਇਸ ਅਹਿਸਾਨ ਬਦਲੇ ਭਾਊ ਨੂੰ ਉਹਦੀ ਬੜੀ ਹਾਲੀ-ਮਾਹਲੀ ਝੱਲਣੀ ਪਈ। ਪਰ ਇਹ ਵੀ ਮਜ਼ਬੂਰੀ ਸੀ ਕਿਉਂਕਿ ਘੱਟ ਜ਼ਮੀਨ ਵਾਲੇ ਜੱਟ ਦੇ ਹਾਲ਼ੀ ਪੁੱਤ ਨੂੰ ਰਿਸ਼ਤਾ ਬੜਾ ਔਖਾ ਹੁੰਦਾ ਸੀ। ਕੰਮ ਦੀ ਵਗਾਰ ਤਾਂ ਉਹ ਪਾ ਹੀ ਛੱਡਦਾ ਸੀ ਉਲਟਾ ਜਦੋਂ ਸ਼ਰਾਬ ਪੀ ਕੇ ਰੱਜਿਆ ਹੁੰਦਾ ਤਾਂ ਖੇੜਦਾ ਵੀ ਸਾਡੇ ਤੇ ਈ ਸੀ। ਵਿਆਹ ਤੱਕ ਔਖੇ-ਸੌਖੇ ਅਸਾਂ ਬੜੀ ਮੁਸ਼ਕਿਲ ਨਾਲ ਟਾਇਮ ਕੱਢਿਆ ਪਰ ਚਾਚੇ ਨੇ ਸ਼ਰਾਬ ਦੇ ਲੋਰ 'ਚ ਬਨੇਰੇ ਖੇੜਨ ਵੱਲੋਂ ਕੋਈ ਕਸਰ ਬਾਕੀ ਨਾ ਛੱਡੀ। ਘਰ ਵੀ ਸਾਡੇ ਨਾਲ-ਜੁੜਵੇਂ ਹੀ ਸਨ। ਵਿਆਹ ਤੋਂ ਬਾਅਦ ਅਸਾਂ ਇਸ ਕਲੇ-ਕਲੇਸ਼ ਤੋਂ ਡਰਦਿਆਂ ਆਪਣੀ ਰਿਹਾਇਸ਼ ਬਦਲ ਕੇ ਪਿੰਡੋਂ ਖੇਤਾਂ 'ਚ ਲੈ ਜਾਣ ਬਾਰੇ ਫ਼ੈਸਲਾ ਕਰ ਲਿਆ। ਪਿੰਡ ਵਾਲੇ ਕੋਠਿਆਂ ਨੂੰ ਢਾਹ ਕੇ ਔਖੇ-ਸੌਖੇ ਹੋ ਕੇ ਇੱਥੇ ਬੰਬੀ ਵਾਲੇ ਕੋਠੇ ਨਾਲ ਦੋ ਕਮਰੇ ਹੋਰ ਛੱਤ ਕੇ ਬਾਹਰ ਆ ਬੈਠੇ। ਹੁਣ ਚਾਚੇ ਨੇ ਪੀ ਕੇ ਖੇਤੀਂ ਗੇੜਾ ਮਾਰਨਾ ਸ਼ੁਰੂ ਕਰ ਦਿੱਤਾ। ਸਾਡੇ ਖੇਤਾਂ ਨਾਲ ਜੁੜਵੇਂ ਦੋ ਕਿੱਲੇ ਉਸੇ ਜਿੰਦਰ ਸਿੰਹੁ ਤੋਂ ਉਹਨੇ ਵੀ ਖ਼ਰੀਦੇ ਸਨ। ਉਂਜ ਤਾਂ ਉਹਦੇ ਨੇੜੇ ਪਿੰਡ 'ਚ ਸ਼ਰੀਕੇ ਚੋਂ ਹੋਰ ਵੀ ਰਹਿੰਦੇ ਸਨ ਪਰ ਉਹ ਨਸ਼ਾ ਪੀ ਕੇ ਪਤਾ ਨਹੀਂ ਸਾਡੇ ਤੇ ਹੀ ਕਿਉਂ ਖੇੜਦਾ ਸੀ ?

ਫਿਰ ਇੱਕ ਦਿਨ ਹੋਰ ਭਾਣਾ ਵਾਪਰ ਗਿਆ। ਗਰਮੀਆਂ ਦੀ ਇੱਕ ਸ਼ਾਮ ਨੂੰ ਬਾਪੂ ਤੇ ਵੱਡਾ ਭਾਊ ਵੀ ਸਾਰੇ ਦਿਨ ਦਾ ਥਕੇਵਾਂ ਲਾਹੁਣ ਲਈ ਜੱਗ-ਗਲਾਸੀ ਰੱਖੀ ਬੈਠੇ ਸਨ। ਉਹਨਾਂ ਦੇ ਪੈੱਗ ਲਾਉਂਦਿਆਂ 2 ਸੂਰਜ ਅਸਤ ਹੋ ਗਿਆ ਤੇ ਹਨੇਰਾ ਰਾਤ 'ਚ ਬਦਲ ਗਿਆ। ਰੋਟੀ ਖਾ ਕੇ ਸੌਣ ਦੀ ਤਿਆਰੀ ਕਰ ਰਹੇ ਸਾਂ ਕਿ ਚਾਚੇ ਦੇ ਹਾਕਰੇ ਕੰਨੀਂ ਪਏ। ਬਾਹਰ ਵੇਖਿਆ ਤਾ ਉਹ ਆਪਣੀ ਮੋਟਰ ਤੇ ਰੱਜਿਆ ਬੜ੍ਹਕਾਂ ਮਾਰ ਰਿਹਾ ਸੀ। ਚਾਚੇ ਨਾਲ

ਸਾਡੀ ਵੱਟ ਸਾਂਝੀ ਸੀ। ਏਧਰ ਬਾਪੂ ਤੇ ਭਾਊ ਦੇ ਵੀ ਚੱਕਰ ਵਧੇ ਹੋਏ ਸਨ। ਉਹ ਵੀ ਦੋਵੇਂ ਵੱਟ ਦੇ ਉਰਲੇ ਪਾਸੇ ਖੜ ਕੇ ਹਾਕਰਾਂ ਮਾਰਨ ਲੱਗੇ। ਗੱਲ ਤੂੰ ਤੂੰ-ਮੈਂ ਮੈਂ ਤੋਂ ਵਧਕੇ ਡਾਂਗ-ਸੋਟੇ ਤੇ ਪਹੁੰਚ ਗਈ। ਚਾਚੇ ਦੇ ਹੱਥ 'ਚ ਬਿਜਲੀ ਦੀ ਲਾਈਨ ਤੋਂ ਬਿਜਲੀ ਚੋਰੀ ਕਰਨ ਲਈ ਤਾਰਾਂ ਲਾਉਣ ਵਾਲਾ ਲੰਮਾ ਵੰਝ ਸੀ। ਮੈਂ ਦੋਹਾਂ ਧਿਰਾਂ ਨੂੰ ਹਟਾਉਣ ਲਈ ਵਿੱਚ ਜਾ ਖਲੋਤਾ ਤੇ ਘਰੋ-ਘਰੀ ਜਾਣ ਲਈ ਜ਼ੋਰ ਲਾਉਣ ਲੱਗਾ। ਮੈਨੂੰ ਨਹੀਂ ਪਤਾ ਲੱਗਾ ਕਿ ਕਿਹੜੇ ਵੇਲੇ ਚਾਚੇ ਨੇ ਲੰਮੇ ਵਾਂਸ ਦੀ ਹੁੱਝ ਮੇਰੇ ਕੱਢ ਮਾਰੀ ਜੋ ਮੇਰੀ ਸੱਜੀ ਅੱਖ ਦੇ ਹੇਠਾਂ ਵੱਜੀ। ਮੇਰੀ ਅੱਖ ਤਾਂ ਬਚ ਗਈ ਪਰ ਇੱਕ ਵਾਰ ਮੈਨੂੰ ਘੇਰਨੀ ਆ ਗਈ। ਡਿੱਗਣੋਂ ਬਚਣ ਲਈ ਮੈਂ ਦੋ ਮਿੰਟ ਭੋਂ ਤੇ ਬਹਿ ਗਿਆ। ਜਦੋਂ ਕੁਝ ਸੁਰਤ ਆਈ ਤਾਂ ਮੇਰਾ ਗੁੱਸਾ ਵੀ ਸਤਵੇਂ ਅਸਮਾਨ ਤੇ ਪਹੁੰਚ ਗਿਆ। ਮੈਂ ਵੱਡੇ ਭਾਊ ਤੋਂ ਖੁੰਢੀ ਜਿਹੀ ਕਿਰਪਾਨ ਖੋਹੀ ਤੇ ਚਾਚੇ ਵੱਲ ਵਧਿਆ। ਉਹ ਅੱਗੇ ਲੱਗ ਕੇ ਦੌੜ ਗਿਆ। ਮੈਂ ਪਿੱਛੋਂ ਜਾ ਕੇ ਨਾਲ ਜਾ ਮਿਲਿਆ ਤੇ ਕਿਰਪਾਨ ਦਾ ਵਾਰ ਕੀਤਾ। ਉਹਦੇ ਤਰੀਜ਼ਾਂ ਵਾਲੇ ਚਿੱਟੇ ਕੁੜਤੇ ਦੀਆਂ ਵੱਖੀ ਵਾਲੇ ਪਾਸਿਉਂ ਫਾਂਕਾਂ ਲਮਕਣ ਲੱਗ ਪਈਆਂ। ਕਿਰਪਾਨ ਏਨੀ ਤਿੱਖੀ ਨਹੀਂ ਸੀ ਜਿਸ ਕਰਕੇ ਉਹਦੇ ਪੱਟ ਤੇ ਮਮੂਲੀ ਝਰੀਟ ਆਈ, ਜੇ ਤਿੱਖੀ ਹੁੰਦੀ ਤਾਂ ਡੂੰਘਾ ਫੱਟ ਲਗਦਾ ਤੇ ਤਿੰਨ ਸੌ ਛੱਬੀ ਦਾ ਕੇਸ ਬਣਦਾ।

ਅਗਲੇ ਦਿਨ ਤੜ੍ਹਕੇ ਚਾਚਾ ਝਬਾਲ ਠਾਣੇ ਪਹੁੰਚ ਗਿਆ। ਪੱਟ ਤੇ ਲੱਗੀਆਂ ਝਰੀਟਾਂ ਦਾ ਖ਼ੂਨ ਮਾੜਾ ਮੋਟਾ ਉਹਦੇ ਕੁੜਤੇ ਤੇ ਦਾਗ਼ ਪਾ ਗਿਆ ਸੀ। ਅਸੀਂ ਵਿੱਸਰ-ਭੋਲੇ ਘਰ ਬੈਠੇ ਸਾਂ ਕਿ ਦਸ ਵਜਦੇ ਨੂੰ ਪੁਲਿਸ ਦੀ ਟੋਲੀ ਆ ਗਈ। ਪੁਲਿਸ ਨੇ ਮੌਕਾ ਵੇਖਿਆ, ਮੈਂ ਰਾਤ ਵਾਲੀ ਸਾਰੀ ਕਹਾਣੀ ਕਹਿ ਸੁਣਾਈ ਤੇ ਅਪਣੀ ਅੱਖ ਤੇ ਲੱਗੀ ਸੱਟ ਬਾਰੇ ਦੱਸਿਆ ਤੇ ਆਪਣੇ ਵੱਲੋਂ ਦਰਖ਼ਾਸਤ ਲਿਖ ਕੇ ਦੇਣ ਦੀ ਬੇਨਤੀ ਕੀਤੀ। ਚਾਚਾ ਆਪਣੇ ਘਰ ਤੋਂ ਦੋ ਕਿਲੋਮੀਟਰ ਦੂਰ ਸਾਨੂੰ ਸਾਡੇ ਘਰ ਆ ਕੇ ਪਿਆ ਸੀ ਇਸ ਲਈ ਕੇਸ ਉਹਦੇ ਵਿਰੁੱਧ ਜਾਂਦਾ ਸੀ। ਪਰ ਮੁੱਠੀ ਗਰਮ ਹੋ ਜਾਣ ਕਾਰਨ ਪੁਲਿਸ ਸਾਨੂੰ ਦੋਹਾਂ ਧਿਰਾਂ ਨੂੰ ਫੜ੍ਹ ਕੇ ਸੱਤ-ਕਵੰਜਾ 'ਚ ਠਾਣੇ ਲੈ ਗਈ। ਹੁਣ ਮੈਂ, ਬਾਪੂ, ਭਾਊ ਤੇ ਦੂਜੇ ਪਾਸਿਉਂ ਚਾਚਾ ਤੇ ਉਹਦਾ ਵੱਡਾ ਮੁੰਡਾ ਮੇਜਰ ਹਵਾਲਾਤ 'ਚ ਬੰਦ ਸਾਂ। ਸ਼ਾਮ ਨੂੰ ਪੁਲਿਸ ਨੇ ਵੱਡੇ ਸਾਹਬ ਦੀਆਂ ਮੱਝਾਂ ਨੁਹਾਉਣ ਲਈ ਭਾਊ ਤੇ ਮੇਜਰ ਨੂੰ ਹਲਟੀ ਗੇੜਨ ਲਾ ਛੱਡਿਆ। ਬਾਪੂ ਹੋਰਾਂ ਦੋਹਾਂ ਭਰਾਵਾਂ ਤੇ ਮੈਨੂੰ, ਉਹਨਾਂ ਨੇ ਕੁਝ ਨਾ ਕਿਹਾ। ਸਾਡੇ ਪਿੰਡ ਦਾ ਇੱਕ ਹੋਰ ਹਵਾਲਾਤੀ ਕੇਹਰੂ ਦਸ-ਨੰਬਰੀਆ ਵੀ ਉੱਥੇ ਹਾਜ਼ਰ ਸੀ। ਉਹਨੂੰ ਵੀ ਹੌਲਦਾਰ ਨੇ ਛੇੜਿਆ, " ਕਿਹਰ ਸਿੰਹਾਂ ਆ ਸਾਹਬ ਦੀਆਂ ਮੱਝਾਂ ਨੁਹਾਈਏ। "

ਕਿਹਰੂ ਕਿਹੜਾ ਪੱਧਰਾ ਸੀ, ਅੱਗੋਂ ਬੋਲਿਆ, " ਸਾਹਬ ਬਹਾਦਰ! ਮੱਝਾਂ ਈ ਨੁਹਾਉਣੀਆਂ ਤੇ ਪਿੰਡ ਵਾਲੀਆਂ ਮਰਗੀਆਂ ? ਫਿਰ ਉਹ ਨ੍ਹੀਂ ਨਵਾਹੀਆਂ ਜਾਂਦੀਆਂ,

ਇੱਥੇ ਕੀ ਲੈਣ ਆਉਣਾ ਸੀ ?" ਹੌਲਦਾਰ ਸਮੇਤ ਸਾਰੇ ਖਿੜ-ਖਿੜਾ ਕੇ ਹੱਸ ਪਏ।

ਪਤਾ ਨਹੀਂ ਉਦੋਂ ਨਾਨਕਿਆਂ ਨੂੰ ਕੀਹਨੇ ਜਾ ਕੇ ਦੱਸਿਆ, ਖ਼ਵਰੇ ਮਾਂ ਨੇ ਹੀ ਸੁਨੇਹਾ ਭੇਜਿਆ ਹੋਵੇ, ਅਗਲੇ ਦਿਨ ਮਾਮਾ ਜੀ ਭਾਨ ਸਿੰਘ ਜੋ ਛੁੱਟੀ ਆਏ ਹੋਏ ਸਨ, ਚਾਰ ਕੁ ਮੁਹਤਬਰਾਂ ਨੂੰ ਨਾਲ ਲੈ ਕੇ ਠਾਣੇਦਾਰ ਨੂੰ ਮਿਲੇ ਤੇ ਸਾਡਾ ਰਾਜ਼ੀਨਾਂਵਾਂ ਕਰਵਾ ਕੇ ਪਿੰਡ ਲੈ ਗਏ। ਪਿੰਡ ਪਹੁੰਚ ਕੇ ਉਹਨਾਂ ਨੇ ਸਾਡੀ ਚੰਗੀ ਸੇਵਾ ਕੀਤੀ, ਖਾਸ ਤੌਰ ਤੇ ਮੇਰੀ ਤੇ ਮੈਨੂੰ ਮੁਖ਼ਾਤਬ ਹੋ ਕੇ ਕਹਿਣ ਲੱਗੇ,

"ਤੂੰ ਆਪਣੀ ਜ਼ਿੰਦਗੀ ਬਰਬਾਦ ਕਰ ਲੈਣੀ ਸੀ, ਸੱਟ ਅੱਖ ਤੇ ਵੱਜ ਜਾਂਦੀ ਤਾਂ ਸਾਰੀ ਉਮਰ ਦੀ ਬੱਜ ਲੱਗ ਜਾਣੀ ਸੀ, ਵਿਹਲਾ ਅਵਾਰਾਗਰਦੀ ਕਰਦਾ ਫਿਰਦਾਂ ਅਨਪੜ੍ਹਾਂ ਦੇ ਟੋਲੇ 'ਚ, ਬੰਦਾ ਬਣ ਕੇ ਮੇਰੇ ਨਾਲ ਤੁਰ, ਤੈਨੂੰ ਕਾਲਜ ਦਾਖ਼ਲ ਕਰਾਵਾਂ ਤੇ ਪੜ੍ਹਾਈ ਕਰ ਬੀ.ਏ. ਤੱਕ ਪੂਰੀ।" ਮਾਮਾ ਜੀ ਮੈਨੂੰ ਨਾਲ ਲੈ ਕੇ ਨੱਥੋ ਕੇ ਮੁੜ ਆਏ।

# ਖਡੂਰ ਸਾਹਿਬ ਦੀ ਪਵਿੱਤਰ ਧਰਤੀ ਦੀ ਛੋਹ

ਕਾਲਜ ਦੇ ਦਾਖ਼ਲੇ ਅਜੇ ਚੱਲ ਰਹੇ ਸਨ। ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਬ ਨੱਥੋ ਕਿਆਂ ਤੋਂ ਸਿਰਫ ਤਿੰਨ ਮੀਲ ਦੀ ਵਿੱਥ ਤੇ ਸੀ। ਪ੍ਰੋ. ਚੰਨਣ ਸਿੰਘ ਜੀ ਉਸ ਵੇਲੇ ਕਾਲਜ ਦੇ ਐਕਟਿੰਗ ਪ੍ਰਿੰਸੀਪਲ ਸਨ। ਉਹਨਾਂ ਦਾ ਪਿੰਡ ਗਗੜੇਵਾਲ, ਮੇਰੇ ਮਾਸੜ ਮਨਿੰਦਰ ਸਿੰਘ ਹੋਰਾਂ ਦੇ ਪਿੰਡ ਜਲਾਲਾਬਾਦ ਤੋਂ ਨੇੜੇ ਹੀ ਸੀ ਤੇ ਉਹ ਪ੍ਰਿੰਸੀਪਲ ਸਾਹਿਬ ਨੂੰ ਜਾਣਦੇ ਵੀ ਸਨ। ਇਸ ਕਾਰਨ ਮਾਮਾ ਜੀ, ਮਾਸੜ ਜੀ ਨੂੰ ਨਾਲ ਲੈ ਕੇ ਪ੍ਰਿੰਸੀਪਲ ਸਾਹਿਬ ਨੂੰ ਮਿਲੇ ਤੇ ਮੇਰੇ ਦਾਖ਼ਲੇ ਬਾਰੇ ਲੋੜੀਂਦੀ ਸਹਾਇਤਾ ਦੀ ਮੰਗ ਕੀਤੀ। ਪ੍ਰੋਫੈਸਰ ਸਾਹਬ ਬੜੇ ਦਿਆਲੂ ਆਦਮੀ ਸਨ। ਉਹਨਾਂ ਨੇ ਕੋਰਸ ਦੀਆਂ ਕਿਤਾਬਾਂ ਮੈਨੂੰ ਕਾਲਜ-ਲਾਇਬ੍ਰੇਰੀ ਤੋਂ ਦਿਵਾ ਦਿੱਤੀਆਂ ਤੇ ਹੋਰ ਵੀ ਜੋ ਰਿਆਇਤ ਦੇ ਸਕਦੇ ਸਨ, ਦੇ ਕੇ ਮੇਰਾ ਨਾਂ ਦਾਖ਼ਲ ਕਰ ਲਿਆ। ਜ਼ਰੂਰੀ ਫੀਸਾਂ ਮਾਮਾ ਜੀ ਨੇ ਆਪਣੇ ਕੋਲੋਂ ਜ਼ਮ੍ਹਾਂ ਕਰਵਾਈਆਂ ਤੇ ਮਾਸੜ ਜੀ ਨੇ ਵੀ ਮੇਰੀ ਯਥਾਯੋਗ ਸਹਾਇਤਾ ਕੀਤੀ। ਇਸ ਤਰ੍ਹਾਂ ਮੇਰੀ ਖ਼ਰਚੇ ਦੁੱਖੋਂ ਛੱਡੀ ਪੜ੍ਹਾਈ ਵਾਲੀ ਗੱਡੀ ਮੁੜ ਲੀਹ ਤੇ ਆ ਗਈ।

ਖਡੂਰ ਸਾਹਿਬ ਕਾਲਜ ਵਿੱਚ ਪੜ੍ਹਦਿਆਂ ਮੈਂ ਪੜ੍ਹਾਈ ਤੋਂ ਇਲਾਵਾ ਜ਼ਿੰਦਗੀ 'ਚ ਕੰਮ ਆਉਣ-ਯੋਗ ਹੋਰ ਬਹੁਤ ਕੁਝ ਸਿੱਖਿਆ। ਪ੍ਰੋਫੈਸਰ ਅਮੀਰ ਤੇ ਅਸਰਦਾਰ ਲੋਕਾਂ ਦੇ ਬੱਚਿਆਂ ਨੂੰ ਅਣ-ਲੋੜੀਂਦੀ ਰਿਆਇਤ ਦੇਂਦੇ ਸਨ ਪਰ ਹੱਕਦਾਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਨਜ਼ਰ-ਅੰਦਾਜ਼ ਕਰਦੇ ਸਨ। ਮੇਰੇ ਨਾਲ ਖਡੂਰ ਸਾਹਿਬ ਦੇ ਇੱਕ ਡਾਕਟਰ ਦੀਆਂ ਦੋ ਲੜਕੀਆਂ ਪੜ੍ਹਦੀਆਂ ਸਨ, ਮੇਰਾ ਪੜ੍ਹਾਈ 'ਚ ਉਹਨਾਂ ਨਾਲ ਸਖਤ ਮੁਕਾਬਲਾ ਸੀ। ਹਰ ਵਾਰ ਹਾਊਸ-ਟੈੱਸਟਾਂ 'ਚ ਉਹਨਾਂ ਦੇ ਨੰਬਰ ਮੈਥੋਂ ਵੱਧ ਹੁੰਦੇ ਪਰ ਹਰ ਸਾਲਾਨਾ ਇਮਤਿਹਾਨ ਵਿੱਚ ਮੇਰੇ ਨੰਬਰ ਉਹਨਾਂ ਤੋਂ ਵਧ ਜਾਂਦੇ ਰਹੇ। ਜਦੋਂ ਟਿਊਟੋਰੀਅਲ ਪੀਰੀਅਡ ਲਗਦਾ, ਬੋਲਣ ਦੀ ਖੁੱਲ੍ਹ ਹੁੰਦੀ ਤਾਂ ਮੈਂ ਇਸ ਵਿਤਕਰੇ ਖ਼ਿਲਾਫ਼ ਰੱਜ ਕੇ ਭੜਾਸ ਕੱਢਦਾ ਤਾਂ ਇਨਚਾਰਜ ਪ੍ਰੋਫੈੱਸਰ ਸਾਹਿਬ ਹੱਸ ਕੇ ਗੱਲ ਟਾਲ਼ ਦੇਂਦੇ ਸੀ। ਘਰ ਦਾ ਕੰਮ-ਕਾਰ ਕਰਦਿਆਂ ਮੈਂ ਅਕਸਰ ਕਾਲਜ ਤੋਂ ਲੇਟ ਹੋ ਜਾਂਦਾ ਸਾਂ ਤੇ ਕਈ ਵਾਰ ਮੇਰਾ ਪਹਿਲਾ ਪੀਰੀਅਡ ਲੰਘ ਜਾਂਦਾ ਸੀ। ਗ਼ੈਰ-ਹਾਜ਼ਰੀਆਂ ਵਧ ਜਾਣ ਕਾਰਨ ਇੱਕ ਵਾਰ ਮੈਨੂੰ ਜੁਰਮਾਨਾ ਪੈ ਗਿਆ। ਸਾਲਾਨਾ ਇਮਤਿਹਾਨ ਤੋਂ ਪਹਿਲਾਂ ਫੀਸ ਨਾਲ ਜੁਰਮਾਨਾ ਦੇਣਾ

ਪੈਣਾ ਸੀ। ਪ੍ਰੋ. ਬਲਦੇਵ ਸਿੰਘ ਜੋ ਇਤਿਹਾਸ ਪੜ੍ਹਾਉਂਦੇ ਸਨ, ਸਾਡੇ ਇਨਚਾਰਜ ਸਨ, ਮੈਂ ਉਹਨਾਂ ਨੂੰ ਜੁਰਮਾਨਾ ਮੁਆਫ਼ ਕਰਨ ਲਈ ਬੇਨਤੀ ਕੀਤੀ ਪਰ ਉਹਨਾਂ ਨੇ ਬਿਨਾਂ ਸੋਚੇ-ਸਮਝੇ ਮੇਰੀ ਬੇਨਤੀ ਠੁਕਰਾ ਦਿੱਤੀ। ਮੈਨੂੰ ਬੜਾ ਦੁੱਖ ਹੋਇਆ, ਮੈਂ ਮਾਮਾ ਜੀ ਤੋਂ ਡਰਦਾ ਉਹਨਾਂ ਨੂੰ ਦੱਸਣਾ ਨਹੀਂ ਸਾਂ ਚਾਹੁੰਦਾ, ਕਿਉਂਕਿ ਫੌਜੀ ਹੋਣ ਕਰਕੇ ਉਹਨਾਂ ਦਾ ਸੁਭਾਅ ਜ਼ਰਾ ਸਖ਼ਤ ਸੀ। ਜਦੋਂ ਮਾਮਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸੱਚ-ਮੁੱਚ ਮੈਨੂੰ ਬਹੁਤ ਗੁੱਸੇ ਹੋਏ। ਉਹਨਾਂ ਦੇ ਦਿਲ 'ਚ ਕੋਈ ਮੰਦ-ਭਾਵਨਾ ਨਹੀਂ ਸੀ ਸਗੋਂ ਸਾਨੂੰ ਅਨੁਸਾਸ਼ਨ ਵਿੱਚ ਰੱਖਣ ਦੀ ਨੇਕ ਇੱਛਾ ਸੀ। ਇਸ ਲਈ ਉਹਨਾਂ ਨੇ ਮੇਰਾ ਜੁਰਮਾਨਾ ਅਦਾ ਕਰ ਦਿੱਤਾ ਤੇ ਕਾਲਜ ਰੈਗੂਲਰ ਹਾਜ਼ਰੀ ਦੇਣ ਦੀ ਤਾਕੀਦ ਕੀਤੀ।

ਇਨਸਾਨ ਦੀ ਫ਼ਿਤਰਤ ਹੈ ਕਿ ਜੇ ਉਹਦੇ ਨਾਲ ਕੋਈ ਸੌ ਵਾਰ ਭਲ਼ਾ ਕਰਕੇ ਇੱਕ ਵਾਰ ਬੁਰਾ ਕਰ ਬੈਠੇ ਤਾਂ ਉਹਦਾ ਸੌ ਵਾਰ ਦਾ ਭਲ਼ਾ ਖੂਹ 'ਚ ਪਾ ਕੇ ਭੁੱਲ ਜਾਂਦਾ ਹੈ ਤੇ ਇੱਕ ਵਾਰ ਕੀਤਾ ਬੁਰਾ ਯਾਦ ਰੱਖਦਾ ਹੈ। ਪਤਾ ਨਹੀਂ ਕਿਉਂ ਮੈਨੂੰ ਮਾਮਾ ਜੀ ਦੇ ਸਾਰੇ ਉਪਕਾਰ ਭੁੱਲ ਗਏ ਤੇ ਜੁਰਮਾਨੇ ਤੋਂ ਮਿਲੀਆਂ ਝਿੜਕਾਂ ਮਨ 'ਚ ਰੜਕਣ ਲੱਗੀਆਂ। ਉਸ ਘਟਨਾ ਤੋਂ ਬਾਅਦ ਮੈਨੂੰ ਉੱਥੇ ਕੁਝ ਬੇਗਾਨਗੀ ਦਾ ਅਹਿਸਾਸ ਹੋਇਆ ਤੇ ਮੈਂ ਨਿਰਾਸਤਾ ਦੀ ਡੂੰਘੀ ਖੱਡ 'ਚ ਜਾ ਡਿੱਗਾ। ਮੈਂ ਕਾਲਜ ਜਾਂਦਾ, ਪੀਰੀਅਡ ਲਾਉਂਦਾ ਪਰ ਖਾਲੀ ਪੀਰੀਅਡ ਵਿੱਚ ਕਾਲਜ ਦੀ ਗਰਾਊਂਡ ਵਿੱਚ ਤੋਰੀਏ ਦੇ ਕੁੰਨੂ ਨਾਲ ਢੋਅ ਲਾ ਕੇ ਸੋਚਦਾ ਰਹਿੰਦਾ ਕਿ ਇਸ ਦੁਨੀਆਂ ਵਿੱਚ ਮੇਰੇ ਵਰਗੇ ਹਜ਼ਾਰਾਂ ਗਰੀਬ ਬੱਚਿਆਂ ਨੂੰ ਜਾਂ ਤਾਂ ਸਕੂਲ-ਕਾਲਜ ਦਾ ਮੂੰਹ ਵੇਖਣਾ ਨਸੀਬ ਨਹੀਂ ਹੁੰਦਾ ਤੇ ਜੇ ਕੋਈ ਢੰਗੋ-ਬੇੜਾ ਲੱਗ ਵੀ ਜਾਵੇ ਤਾਂ ਵੀ ਮੇਰੇ ਵਾਂਗ ਥੁੜਾਂ ਦੇ ਮਾਰੇ ਪਤਾ ਨਹੀਂ ਕੰਧੀਂ ਕਿਉਂ ਵੱਜਦੇ ਰਹਿੰਦਦੇ ਆ। ਹਾਈ ਸਕੂਲ ਤੱਕ ਤਾਂ ਮੈਂ ਇਹੀ ਸਮਝਦਾ ਰਿਹਾ ਸਾਂ ਕਿ ਆਲ਼ੇ-ਦੁਆਲ਼ੇ 'ਚ ਕੇਵਲ ਮੈਂ ਹੀ ਦੁਖੀ ਤੇ ਥੁੜਾਂ-ਮਾਰਿਆ ਹਾਂ ਤੇ ਗਰੀਬੀ ਦਾ ਦੁੱਖ ਕੇਵਲ ਮੈਂ ਹੀ ਸਹਿ ਰਿਹਾ ਹਾਂ। ਪਰ ਕਾਲਜ ਆ ਕੇ ਮੈਨੂੰ ਸਮਝ ਆਈ ਕਿ ਹੋਰ ਵੀ ਮੇਰੇ ਵਰਗੇ ਬਹੁਤ ਸਾਰੇ ਥੁੜਾਂ-ਮਾਰੇ ਦੁੱਖ ਭੋਗਣ ਵਾਲੇ ਲੋਕ ਹਨ। ਬਾਬਾ ਫ਼ਰੀਦ ਜੀ ਦੇ ਕਹਿਣ ਮੁਤਾਬਕ ਉੱਚੇ ਚੜ੍ਹ ਕੇ ਵੇਖਣ ਦੀ ਲੋੜ ਸੀ, ਦੁੱਖਾਂ ਦੀ ਅੱਗ ਤਾਂ ਘਰ 2 ਇਹੋ ਜਿਹੀ ਹੀ ਮੱਚਦੀ ਸੀ।

ਇੱਕ ਦਿਨ ਜਲਾਲਾਬਾਦ ਪਿੰਡ ਦਾ ਇੱਕ ਮੁੰਡਾ, ਦਲਬੀਰ, ਜੋ ਕਈ ਦਿਨ ਮੈਨੂੰ ਇਕੱਲਿਆਂ ਬੈਠਾ ਵੇਂਹਦਾ ਰਿਹਾ ਸੀ, ਝਕਦਾ 2 ਦੱਬੇ-ਪੈਰੀਂ ਮੇਰੇ ਕੋਲ ਆ ਬੈਠਾ ਤੇ ਮੈਨੂੰ ਇਸ ਤਰ੍ਹਾਂ ਇਕੱਲੇ ਬਹਿਣ ਦਾ ਕਾਰਨ ਪੁੱਛਿਆ। ਮੈਂ ਉਹਨੂੰ ਬਿਨਾਂ ਝਿਜਕ ਆਪਣੇ ਬਾਰੇ ਸਭ ਕੁਝ ਦੱਸ ਦਿੱਤਾ। ਉਹ ਕਹਿਣ ਲੱਗਾ, "ਜਸਵਿੰਦਰ ਸਿੰਘ ਤੇਰੀ ਜੀਵਨ-ਕਹਾਣੀ ਮੇਰੇ ਨਾਲੋਂ ਘੱਟ ਦੁਖਦਾਈ ਹੈ; ਮੇਰੇ ਵੱਲ ਤੱਕ ਜਰਾ, ਮੈਂ ਲੋਕਾਂ ਦਾ ਪਾਣੀ ਭਰਨ ਵਾਲੀ ਬਰਾਦਰੀ ਨਾਲ ਸਬੰਧਤ ਹਾਂ। ਮੇਰਾ ਬਾਪ ਇੱਕ ਮਮੂਲੀ ਦੁਕਾਨਦਾਰ ਹੈ, ਪਿੰਡ ਦੀ ਇੱਕ

ਪੱਤੀ 'ਚ ਸਾਡੀ ਛੋਟੀ ਜਿਹੀ ਦੁਕਾਨ ਆ, ਮੇਰਾ ਬਾਪ ਨਾਲ ਫੇਰੀ ਦਾ ਕੰਮ ਕਰਦਾ ਜਦੋਂ ਉਹ ਬਾਹਰ ਜਾਵੇ ਤਾਂ ਮੇਰੀ ਮਤ੍ਰੇਈ ਮਾਂ ਦੁਕਾਨ ਤੇ ਬਹਿੰਦੀ ਆ", "ਮਤ੍ਰੇਈ?" ਮੈਂ ਵਿੱਚੋਂ ਹੀ ਬੋਲ ਪਿਆ, ਉਹਦੀ ਗੱਲ ਅਜੇ ਪੂਰੀ ਨਹੀਂ ਸੀ ਹੋਈ।

ਕਹਿੰਦਾ, "ਹਾਂ, ਮਤ੍ਰੇਈ, ਮੈਨੂੰ ਤੇ ਮੇਰੇ ਛੋਟੇ ਭਰਾ ਨੂੰ ਰੋਂਦਿਆਂ ਛੱਡ ਕੇ ਸਾਡੀ ਮਾਂ ਰੱਬ ਨੂੰ ਪਿਆਰੀ ਹੋ ਗਈ ਸੀ ਤੇ ਸਾਡੇ ਭਾਪੇ ਨੇ ਸਾਡੀ ਮਾਸੀ ਨਾਲ ਮੁੜ ਵਿਆਹ ਕਰ ਲਿਆ ਸੀ। ਚਾਰ ਹੋਰ ਸਾਡੇ ਭਰਾ ਵਾਰੀ 2 ਪ੍ਰਗਟ ਹੋ ਗਏ। ਮੈਥੋਂ ਛੋਟਾ ਤਾਂ ਪੜ੍ਹਾਈ ਛੱਡ ਕੇ ਮਿਹਨਤ-ਮੁਸ਼ਕਤ ਦੇ ਰਾਹ ਪੈ ਗਿਆ ਪਰ ਛੋਟੇ ਸਾਰੇ ਅਜੇ ਸਕੂਲ ਪੜ੍ਹਦੇ ਆ। ਦਸਵੀਂ ਪਾਸ ਕਰਨ ਤੋਂ ਬਾਅਦ ਮੈਂ ਕਦੇ ਭਾਪੇ ਕੋਲੋਂ ਪੈਸੇ ਨਹੀਂ ਮੰਗੇ, ਆਪਣੀ ਪੜ੍ਹਾਈ ਤੇ ਲੀੜੇ-ਕੱਪੜੇ ਦੇ ਸਾਰੇ ਖ਼ਰਚੇ ਜਿੰਨਾ ਆਪ ਕਮਾ ਲਈਦਾ।"

"ਪਰ ਕਿਵੇਂ?" ਉਹਦੀ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਿਆ ਸਾਂ।

"ਗੁਰਬਾਣੀ ਪੜ੍ਹ ਕੇ ; ਤੈਨੂੰ ਬਾਣੀ ਪੜ੍ਹਨੀ ਆਉਂਦੀ ਆ?" ਉਹਨੇ ਉੱਤਰ ਦੇ ਕੇ ਸਵਾਲ ਵੀ ਪੁੱਛ ਲਿਆ। ਮੈਂ ਹਾਂ 'ਚ ਸਿਰ ਹਿਲਾਇਆ।

"ਇਸ ਇਲਾਕੇ ਦੇ ਲੋਕ ਸਿੱਖ ਧਰਮ ਦੇ ਸ਼ਰਧਾਲੂ ਹੋਣ ਕਰਕੇ ਸਾਰਾ ਸਾਲ ਅਖੰਡਪਾਠ ਚੱਲਦੇ ਰਹਿੰਦੇ ਆ। ਪਾਠੀ-ਸਿੰਘਾਂ ਨੂੰ ਮਾਇਆ ਦੇ ਨਾਲ ਵਧੀਆ ਖਾਣਾ ਤੇ ਇਜ਼ਤ-ਮਾਣ ਵੀ ਵਾਧੂ ਮਿਲਦਾ ਤੇ ਨਾਲ ਪੜ੍ਹਾਈ ਵੀ ਚੱਲਦੀ ਰਹਿੰਦੀ ਆ," ਉਹਨੇ ਦੱਸਿਆ ਤੇ ਆਉਂਦੇ ਐਤਵਾਰ ਨੂੰ ਮੈਨੂੰ ਬਾਬਾ ਸ੍ਰੀ ਰਾਮ ਦੇ ਗੁਰਦੁਆਰੇ ਪਿੰਡ ਜਲਾਲਾਬਾਦ ਆਉਣ ਲਈ ਕਹਿ ਦਿੱਤਾ। ਗੁਰਬਾਣੀ ਪੜ੍ਹਨ ਦੀ ਚੇਟਕ ਤਾਂ ਮੈਨੂੰ ਨਾਨਕੇ ਰਹਿ ਕੇ ਪਹਿਲਾਂ ਹੀ ਲੱਗੀ ਹੋਈ ਸੀ ਤੇ ਕਦੇ 2 ਸਵੇਰੇ-ਸ਼ਾਮ ਮੈਂ ਪਿੰਡ ਦੇ ਸਾਂਝੇ ਗੁਰਦੁਆਰੇ ਜਾ ਕੇ, ਸ੍ਰੀ ਗੁਰੂ ਗ੍ਰੰਥ ਸਾਹਬ ਦੀ ਤਾਬਿਆ ਬਹਿ ਕੇ, ਪਾਠ ਕਰਨ ਦਾ ਅਭਿਆਸ ਵੀ ਕਰਿਆ ਕਰਦਾ ਸਾਂ। ਇਸ ਲਈ ਮੈਨੂੰ ਇਹ ਕੋਈ ਔਖਾ ਕੰਮ ਨਹੀਂ ਸੀ ਜਾਪਦਾ। ਮਿਥੇ ਸਮੇਂ ਤੇ ਮੈਂ ਗੁਰਦੁਆਰੇ ਪਹੁੰਚ ਗਿਆ। ਦਲਬੀਰ ਨੇ ਮੇਰੀ ਜਾਣ-ਪਛਾਣ ਬਾਬਾ ਸ੍ਰੀ ਰਾਮ ਨਾਲ ਕਰਾਈ ਤੇ ਮੈਨੂੰ ਗੁਰਬਾਣੀ ਪਾਠ ਸਿਖਾਉਣ ਲਈ ਬਾਬਾ ਜੀ ਨੂੰ ਬੇਨਤੀ ਕੀਤੀ। ਬਾਬਾ ਜੀ ਨੇ ਮੈਨੂੰ ਸੈਂਚੀ ਦੇ ਕੇ ਪਾਠ ਕਰਨ ਲਈ ਕਿਹਾ। ਬੜੀ ਮਧੁਰ ਤੇ ਸੁਰੀਲੀ ਅਵਾਜ਼ ਵਿੱਚ ਮੈਂ ਪਾਠ ਕੀਤਾ, ਸੁਣ ਕੇ ਉਹ ਬੜੇ ਖ਼ੁਸ਼ ਹੋਏ ਤੇ ਉਹਨਾਂ ਨੇ ਮੈਨੂੰ ਆਪਣਾ ਸ਼ਗਿਰਦ ਬਣਾ ਲਿਆ। ਉਸੇ ਦਿਨ ਤੋਂ ਉਹਨਾਂ ਨੇ ਮੈਨੂੰ ਦਲਬੀਰ ਦੇ ਨਾਲ ਅਖੰਡਪਾਠ ਦੀ ਡਿਊਟੀ ਦੇਣੀ ਸ਼ੁਰੂ ਕਰ ਦਿੱਤੀ। ਤੇ ਉਸੇ ਦਿਨ ਤੋਂ ਮੈਂ ਤੇ ਦਲਬੀਰ ਪੱਕੇ ਦੋਸਤ ਬਣ ਗਏ।

ਹਰ ਮਹੀਨੇ ਦੋ ਜਾਂ ਤਿੰਨ ਅਖੰਡਪਾਠਾਂ ਤੇ ਮੈਨੂੰ ਡਿਊਟੀ ਲਾਉਣ ਦਾ ਮੌਕਾ ਮਿਲ ਜਾਂਦਾ ਸੀ। ਹੁਣ ਮੇਰੇ ਕੋਲ ਜੇਬ-ਖ਼ਰਚੇ ਲਈ ਵਾਧੂ ਪੈਸੇ ਹੁੰਦੇ ਸਨ ਪਰ ਬਦਕਿਸਮਤੀ ਇਹ ਸੀ ਕਿ ਮੇਰੇ ਇਸ ਕਮਾਊ ਧੰਦੇ ਨੂੰ ਇਥੇ ਮੇਰੇ ਰਿਸ਼ਤੇਦਾਰ ਹਿਕਾਰਤ ਦੀ ਨਜ਼ਰ ਨਾਲ ਵੇਖਦੇ

ਸਨ ਤੇ ਗਾਹੇ-ਬਿਗਾਹੇ ਉਹ ਮੈਨੂੰ ਇਹ ਕੰਮ ਛੱਡ ਕੇ ਪੜ੍ਹਾਈ ਵੱਲ ਧਿਆਨ ਦੇਣ ਲਈ ਕਹਿੰਦੇ ਰਹਿੰਦੇ ਸਨ ਕਿਉਂਕਿ ਉਹ ਕਿਸੇ ਤੋਂ ਇਹ ਨਹੀਂ ਸਨ ਸੁਣਨਾ ਚਹੁੰਦੇ ਕਿ ਫਲਾਣੇ ਦਾ ਭਣੇਵਾਂ ਲੋਕਾਂ ਦੇ ਘਰੀਂ ਪਾਠ ਕਰਦਾ ਫਿਰਦਾ। ਪਰ ਮੈਂ ਬੀ.ਏ. ਦੇ ਫ਼ਾਈਨਲ ਇਮਤਿਹਾਨ ਤੱਕ ਪਾਠ ਤੇ ਪੜ੍ਹਾਈ ਦੋਹਾਂ ਕੰਮਾਂ 'ਚ ਰੁੱਝਿਆ ਰਿਹਾ ਤੇ ਰਿਸ਼ਤੇਦਾਰਾਂ ਦੀ ਸਲਾਹ ਇੱਕ ਕੰਨੋਂ ਸੁਣ ਕੇ ਦੂਜੇ ਕੰਨ ਕੱਢੀ ਗਿਆ। ਬੀ.ਏ. ਦਾ ਇਮਤਿਹਾਨ ਦੇ ਕੇ ਮੈਂ ਤੇ ਦਲਬੀਰ ਅਜਿਹੇ ਨਿੱਖੜੇ ਕਿ ਅੱਜ ਤੱਕ ਮੇਲ ਨਹੀਂ ਹੋਇਆ। ਪਹਿਲਾਂ ਕੁਝ ਚਿਰ ਤਾਂ ਸਾਡਾ ਆਪਸ ਵਿੱਚ ਚਿੱਠੀ-ਪੱਤਰ ਚੱਲਦਾ ਰਿਹਾ ਸੀ। ਉਹਨੇ ਲਿਖਿਆ ਸੀ ਕਿ ਨਤੀਜਾ ਆਉਣ ਬਾਅਦ ਕਿਸੇ ਵਾਕਫ਼ ਦੀ ਮਦਦ ਨਾਲ ਉਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਕਲਰਕ ਭਰਤੀ ਹੋ ਕੇ ਜ਼ੋਰਹਾਟ (ਅਸਾਮ ਦੇ ਕਿਸੇ ਸ਼ਹਿਰ) 'ਚ ਟ੍ਰੇਨਿੰਗ ਕਰਨ ਚਲਾ ਗਿਆ ਸੀ। ਮਗਰੋਂ ਭਾਵੇਂ ਉਹਨੇ ਪੰਜਾਬ 'ਚ ਬਦਲੀ ਕਰਵਾ ਲਈ ਸੀ, ਪਰ ਸਾਡੀ ਰੁਝੇਵਿਆਂ-ਭਰੀ ਜ਼ਿੰਦਗੀ ਨੇ, ਇੱਕੋ ਜਿਹੇ ਦੁੱਖਾਂ ਨਾਲ ਸੰਘਰਸ਼ ਕਰਦੇ ਰਹੇ ਦੋ ਮਿੱਤਰਾਂ ਨੂੰ ਮੁੜ ਕਦੇ ਮਿਲਣ ਨਾ ਦਿੱਤਾ। ਇਸ ਸਾਲ ਦੇ ਸ਼ੁਰੂ 'ਚ ਜਦੋਂ ਮੈਂ ਮਿਲਣ ਦੀ ਇੱਛਾ ਨਾਲ ਉਹਦਾ ਅਤਾ-ਪਤਾ ਢੂੰਡਣਾ ਸ਼ੁਰੂ ਕੀਤਾ ਤਾਂ ਮੈਨੂੰ ਪਤਾ ਲੱਗਾ ਕਿ ਉਹ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਜ਼ਿੰਦਗੀ ਦੇ ਕਿਸੇ ਮੋੜ ਤੇ ਕਈ ਵਾਰ ਅਜਿਹੇ ਫ਼ਰਿਸ਼ਤੇ ਵੀ ਮਿਲ ਜਾਂਦੇ ਹਨ।

# ਨਾਨਕੇ-ਘਰ ਰਹਿੰਦਿਆਂ

'ਨਾਨਕਿਆਂ ਘਰ ਦੋਹਤਾ ਕੁੱਤਾ' ਵਾਲੀ ਕਹਾਵਤ ਪਿੱਛੇ ਪਤਾ ਨਹੀਂ ਕਿਹੜੀ ਸਚਾਈ ਲੁਕੀ ਹੋਵੇ ਤੇ ਕਿਉਂ ਕਿਸੇ ਨੇ ਇਸ ਦੀ ਵਰਤੋਂ ਕੀਤੀ ਹੋਵੇ ਪਰ ਮੈਂ ਆਪਣੇ ਨਾਨਕੇ ਪੂਰੇ ਦੋ ਸਾਲ ਲਗਾਤਾਰ ਬੀ.ਏ. ਪਾਸ ਕਰਨ ਤੱਕ ਰਿਹਾ, ਮੈਨੂੰ ਕਦੇ ਵੀ ਅਜਿਹਾ ਕੁਝ ਮਹਿਸੂਸ ਨਹੀਂ ਸੀ ਹੋਇਆ। ਹਮੇਸ਼ਾਂ ਇਹੀ ਮਹਿਸੂਸ ਹੁੰਦਾ ਰਿਹਾ ਕਿ ਨਾਨਕਿਆਂ ਵਰਗਾ ਸਵਰਗ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਹੈ। ਮਾਮਾ ਜੀ ਭਾਨ ਸਿੰਘ ਫੌਜ ਵਿੱਚ ਆਪਣੀ ਨੌਕਰੀ ਤੇ ਸਨ, ਪਿੱਛੋਂ ਮਾਮੀ ਜੀ ਹੀ ਘਰ ਦੇ ਮੁਖੀ ਸਨ। ਉਹ ਮੇਰੀ ਪਾਲਕ ਮਾਂ ਵੀ ਸੀ ਇਸ ਕਰਕੇ ਕੁਦਰਤੀ ਤੌਰ ਤੇ ਮੇਰਾ ਉਹਨਾਂ ਨਾਲ ਮੋਹ ਸੀ। ਉਹਨਾਂ ਦੀਆਂ ਚਾਰ ਧੀਆਂ ਤੇ ਦੋ ਪੁੱਤਰ ਸਨ। ਸਾਰਿਆਂ ਨੂੰ ਮੈ ਆਪਣੇ ਭੈਣ-ਭਰਾ ਹੀ ਸਮਝਦਾ ਸਾਂ, ਸਕਿਆਂ ਨਾਲੋਂ ਵੱਧ ਤੇ ਉਹ ਸਾਰੇ ਵੀ ਮੈਨੂੰ ਅੰਤਾਂ ਦਾ ਪਿਆਰ ਕਰਦੇ ਸਨ। ਦੋ ਭੈਣਾਂ ਉਦੋਂ ਕਾਲਜ ਪੜ੍ਹਦੀਆਂ ਸਨ ਤੇ ਦੋ ਹਾਈ ਸਕੂਲ 'ਚ। ਭਰਾ ਦੋਵੇਂ ਛੋਟੇ ਸਨ ਤੇ ਉਹ ਵੀ ਸਕੂਲ ਪੜ੍ਹਦੇ ਸਨ। ਸਤਵਾਂ ਮੈਂ ਆ ਰਲਿਆ ਸਾਂ, ਏਨੇ ਵੱਡੇ ਪਰਿਵਾਰ ਵਿੱਚ ਬੜਾ ਤੇਹ-ਮੁਹੱਬਤ ਸੀ। ਹਾਸੇ-ਮਜ਼ਾਕ ਤੋਂ ਬਿਨਾਂ ਕਦੇ ਕੋਈ ਲੜਾਈ ਝਗੜਾ ਨਹੀਂ ਸੀ ਹੁੰਦਾ। ਇੱਥੇ ਰਹਿੰਦਿਆਂ ਮੇਰੇ ਨਾਲ ਕਿਸੇ ਗੱਲੋਂ ਕਦੇ ਕੋਈ ਭੇਦ-ਭਾਵ ਨਹੀਂ ਸੀ ਹੋਇਆ। ਸਾਰੇ ਭੈਣ-ਭਰਾ ਮੈਨੂੰ ਆਪਣਾ ਵੱਡਾ ਜਾਂ ਛੋਟਾ ਭਰਾ ਹੀ ਸਮਝਦੇ ਸਨ, ਓਪਰੇ-ਪਣ ਵਾਲੀ ਭਾਵਨਾ ਕਦੇ ਮਹਿਸੂਸ ਨਹੀਂ ਸੀ ਹੋਈ। ਜਿਆਦਾਤਰ ਤਾਂ ਮੈਂ ਵੱਡੇ ਮਾਮਾ ਜੀ ਵੱਲ ਹੀ ਰਹਿੰਦਾ ਸਾਂ ਪਰ ਜਦੋਂ ਕਦੇ ਛੋਟੇ ਵੱਲ ਜਾਂਦਾ ਸਾਂ ਤਾਂ ਉਧਰ ਵੀ ਪੂਰਾ ਪਿਆਰ ਤੇ ਮਾਣ-ਤਾਣ ਮਿਲਦਾ ਸੀ।

ਛੋਟੇ ਮਾਮਾ ਜੀ ਗੁਰਨਾਮ ਸਿੰਘ ਤਾਂ ਪਹਿਲਾਂ ਤੋਂ ਹੀ ਖੇਤੀ ਕਰਦੇ ਸਨ, ਪੜ੍ਹਾਈ ਵੱਲੋਂ ਉਹ ਕੋਰੇ ਸਨ ਪਰ ਕਿਸਾਨੀ ਵਿੱਚ ਪੂਰੇ ਉਸਤਾਦ। ਉਹਨਾਂ ਨੇ ਕਈ ਸਾਲ ਸਾਂਝੇ ਘਰ ਵਿੱਚ ਖੇਤੀ ਦੇ ਕੰਮ ਦੀ ਜ਼ਿੰਮੇਵਾਰੀ ਸੰਭਾਲੀ ਰੱਖੀ। ਉਹਨਾਂ ਦੇ ਬੱਚੇ ਦਸਵੀਂ ਬਾਰ੍ਹਵੀਂ ਤੱਕ ਹੀ ਪੜ੍ਹੇ ਸਨ। ਸਭ ਤੋਂ ਵੱਡੀ ਭੈਣ ਗੁਰਜੀਤ ਦਸਵੀਂ ਤੋਂ ਬਾਅਦ ਇੱਕ ਚੰਗੇ ਪਰਿਵਾਰ ਵਿੱਚ ਵਿਆਹੀ ਗਈ। ਉਸ ਤੋਂ ਛੋਟਾ ਪਲਵਿੰਦਰ (ਪੱਪੂ) ਮਾਮਾ ਜੀ ਨਾਲ ਖੇਤੀ ਦੇ ਕੰਮ ਵਿੱਚ ਰੁੱਝ ਗਿਆ। ਤੀਜੇ ਥਾਂ ਤੇ ਬਲਜਿੰਦਰ ਸਿੰਘ (ਬੱਲਾ) ਪੰਜਾਬ ਪੁਲਿਸ ਵਿੱਚ ਭਰਤੀ

ਹੋ ਗਿਆ ਤੇ ਮਗਰੋਂ ਸਹਾਇਕ ਸਬ ਇਨਸਪੈਕਟਰ ਦੀ ਪੋਸਟ ਤੋਂ ਰਿਟਾਇਰ ਹੋਇਆ। ਸਭ ਤੋਂ ਛੋਟਾ ਭਰਾ ਗੁਰਵਿੰਦਰ ਭਾਰਤੀ ਫੌਜ ਵਿੱਚ ਭਰਤੀ ਹੋਇਆ ਤੇ ਸੂਬੇਦਾਰ ਦੇ ਰੰਕ ਤੋਂ ਸੇਵਾ ਮੁਕਤ ਹੋਇਆ। ਛੋਟੀ ਭੈਣ ਮਨਜੀਤ ਪੜ੍ਹਾਈ ਕਰਨ ਉਪ੍ਰੰਤ ਕੈਨੇਡਾ ਵਿੱਚ ਪੱਕੇ ਤੌਰ ਤੇ ਰਹਿੰਦੇ ਜਸਵੰਤ ਸਿੰਘ ਨਾਲ ਸ਼ਾਦੀ ਕਰਕੇ ਉੱਥੇ ਜਾ ਵੱਸੀ। ਇਹ ਸਾਰੇ ਭੈਣ-ਭਰਾ ਵੀ ਮੇਰੇ ਨਾਲ ਓਨਾ ਹੀ ਤੇਹ-ਮੁਹਬਤ ਕਰਦੇ ਸਨ ਜਿੰਨਾ ਵੱਡੇ ਮਾਮਾ ਜੀ ਦੇ ਬੱਚੇ। ਇਸ ਤਰ੍ਹਾਂ ਜੇ ਕਦੇ ਮੇਰਾ ਮਨ ਵੱਡੇ ਮਾਮੇ ਵੱਲ ਉਕਤਾ ਜਾਂਦਾ ਤਾਂ ਮੈਂ ਛੋਟੇ ਵੱਲ ਜਾ ਵੜਦਾ, ਮੈਨੂੰ ਕਿਧਰੇ ਕੋਈ ਰੋਕ-ਟੋਕ ਨਹੀਂ ਸੀ। ਛੋਟੇ ਮਾਮੀ ਜੀ ਦਾ ਸ਼ੁਭਾਅ ਬੜਾ ਵਧੀਆ ਸੀ ਤੇ ਉਹ ਵੀ ਮੈਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਸਨ ਤੇ ਖਾਣ-ਪੀਣ ਵੇਲੇ ਕੋਈ ਵਿਤਕਰਾ ਨਹੀਂ ਸਨ ਕਰਦੇ। ਬਦਕਿਸਮਤੀ ਨਾਲ ਪਰਿਵਾਰ ਨੂੰ ਉਹਨਾਂ ਦੀ ਰਹਿਨੁਮਾਈ ਦਾ ਬਹੁਤਾ ਸਮਾਂ ਨਾ ਮਿਲਿਆ ਤੇ ਉਹ ਭਿਆਨਕ ਬੀਮਾਰੀ ਨਾਲ ਜੂਝਦੇ ਹੋਏ ਸਦੀਵੀ ਵਿਛੋੜਾ ਦੇ ਗਏ। ਕਈ ਸਾਲ ਮਾਮਾ ਜੀ ਨੇ ਪਤਨੀ ਬਿਨਾਂ ਇਕਲਾਪਾ ਭੋਗਿਆ ਤੇ ਆਖ਼ਰ ਸਾਰੇ ਬੱਚਿਆਂ ਨੂੰ ਪੈਰਾਂ ਸਿਰ ਕਰਕੇ ਉਹ ਵੀ ਗੁਰ ਚਰਨਾਂ ਵਿੱਚ ਜਾ ਬਿਰਾਜੇ।

ਜਦੋਂ ਦੋਵ੍ਹਾਂ ਭਰਾਵਾਂ ਨੇ ਵਾਹੀ ਅੱਡੋ-ਅੱਡ ਕੀਤੀ ਤਾਂ ਵੱਡੇ ਮਾਮਾ ਜੀ ਨੇ ਖੇਤੀ ਦੇ ਕੰਮ ਲਈ ਪਿੰਡ 'ਚੋਂ ਹੀ ਫੌਜਾ ਸਿੰਘ ਨਾਂ ਦਾ ਇੱਕ ਈਮਾਨਦਾਰ ਕਾਮਾ ਰੱਖ ਲਿਆ। ਫੌਜਾ ਸਿੰਘ ਬੜਾ ਸਾਊ ਬੰਦਾ ਸੀ ਤੇ ਮਿਹਨਤੀ ਵੀ ਪੂਰਾ ਸੀ। ਉਹਨੂੰ ਕੰਮ ਦੱਸਣ ਦੀ ਕਦੇ ਲੋੜ ਨਹੀਂ ਸੀ ਪੈਂਦੀ, ਨਾ ਹੀ ਕਦੇ ਉਹ ਕੰਮ 'ਚ ਬਦਨੀਤ ਕਰਦਾ ਸੀ। ਉਹ ਸਵੇਰੇ ਤੜ੍ਹਕੇ ਉੱਠਦਾ ਸੀ, ਤਾਰਿਆਂ ਦੀ ਛਾਂਵੇਂ, ਚਾਰ ਵਜੇ ਤੋਂ ਵੀ ਪਹਿਲਾਂ। ਪਹਿਲਾਂ ਬਲਦਾਂ ਨੂੰ ਪੱਠੇ ਪਾਉਂਦਾ ਸੀ ਤੇ ਬਾਅਦ 'ਚ ਲਵੇਰੀਆਂ ਨੂੰ। ਜਦ ਬਲਦ ਢਿੱਡ ਭਰ ਲ਼ੈਂਦੇ ਤਾਂ ਉਹ ਹਲ਼ ਜੋਤ ਕੇ ਖੇਤ 'ਚ ਲੈ ਜਾਂਦਾ ਸੀ। ਜਦੋਂ ਮੈਂ ਉਹਦੀ ਚਾਹ ਲੈ ਕੇ ਖੇਤ ਜਾਂਦਾ ਤਾਂ ਦਾਤਰੀ ਨਾਲ ਲੈ ਜਾਂਦਾ ਸਾਂ। ਉਹਦੇ ਖੇਤ ਵਾਹੁਣ ਤੱਕ ਮੈਂ ਮਾਲ-ਡੰਗਰ ਲਈ ਪੱਠੇ ਵੱਢ ਲੈਂਦਾ ਸਾਂ। ਵਾਪਸ ਆ ਕੇ ਮੈਂ ਲਵੇਰੀਆਂ ਨੂੰ ਪਾਣੀ ਡਾਹੁੰਦਾ, ਨਲਕਾ ਗੇੜ 2 ਥੱਕ ਜਾਂਦਾ, ਮੱਝਾਂ ਪਾਣੀ ਪੀਣੋਂ ਨਾ ਹਟਦੀਆਂ ਤਾਂ ਮੈਂ ਉਹਨਾਂ ਦੇ ਮੂੰਹ ਤੇ ਸੰਗਲ ਖਿੱਚ ਮਾਰਦਾ। ਮੱਝਾਂ ਨੂੰ ਹਵੇਲੀ ਬੰਨ੍ਹ ਕੇ ਤਿਆਰ ਹੋ ਕੇ ਸਾਈਕਲ ਫੜ੍ਹ ਕਾਲਜ ਪਹੁੰਚ ਜਾਂਦਾ। ਮਾਮਾ ਫੌਜਾ ਸਿੰਹੁ ਪਿੱਛੋਂ ਖੇਤ ਵਾਹ ਕੇ ਹਲ਼ ਛੱਡਦਾ ਤੇ ਵੱਢੇ ਹੋਏ ਪੱਠੇ ਪੰਡਾਂ ਪਾ ਕੇ ਟੋਕੇ ਪਿੱਛੇ ਲਿਆ ਸੁੱਟਦਾ ਤੇ ਡੰਗਰਾਂ ਵਾਲੇ ਟੋਕੇ (ਵੇਢੀ) ਤੇ ਕੁੱਤਰ ਕੇ ਢੇਰ ਲਾ ਦੇਂਦਾ ਸੀ। ਦੁਪਹਿਰ ਢਲ਼ਦੀ ਤਾਂ ਪਸ਼ੂਆਂ ਨੂੰ ਖੁਰਲੀਆਂ ਤੇ ਬੰਨ੍ਹ ਕੇ ਪੱਠੇ ਪਾ ਦੇਂਦਾ।

ਏਨੇ ਚਿਰ ਨੂੰ ਮੈਂ ਕਾਲਜ ਤੋਂ ਵਾਪਸ ਆ ਜਾਂਦਾ ਸਾਂ। ਪ੍ਰਸ਼ਾਦਾ-ਪਾਣੀ ਛਕ ਕੇ ਤੇ ਘੜੀ-ਪਲ ਅਰਾਮ ਕਰਕੇ ਮੁੜ ਫੌਜਾ ਸਿੰਘ ਨਾਲ ਖੇਤ ਨੂੰ ਤੁਰ ਪੈਂਦਾ। ਕੋਈ ਵੱਟ-

ਕਿਆਰਾ ਕਰਨਾ, ਖਾਲ਼ ਖਾਲਣਾ ਜਾਂ ਖਾਦ–ਬੀਜ ਖਿਲਾਰਨਾ, ਖੇਤੀ ਦੇ ਅਜਿਹੇ ਕਈ ਧੰਦੇ ਕਰਨ ਵਾਲੇ ਹੁੰਦੇ ਸਨ। ਸ਼ਾਮ ਪਈ ਨੂੰ ਵਾਪਸ ਮੁੜਦੇ, ਨਾਹ–ਧੋ ਕੇ, ਰੋਟੀ–ਪਾਣੀ ਛਕ ਕੇ ਪੜ੍ਹਾਈ ਕਰਨ ਬਹਿ ਜਾਂਦਾ ਸਾਂ ਪਰ ਥੱਕਿਆ ਹੋਣ ਕਰਕੇ ਛੇਤੀ ਹੀ ਨੀਂਦ ਆ ਘੇਰਦੀ ਸੀ। ਰਹਿੰਦਾ ਪੜ੍ਹਾਈ ਦਾ ਕੰਮ ਸਵੇਰੇ ਤੜ੍ਹਕੇ ਉੱਠ ਕੇ ਕਰਨਾ ਪੈਂਦਾ। ਇਹ ਮੇਰਾ ਰੋਜ਼ ਦਾ ਕਾਰਜ–ਕ੍ਰਮ ਸੀ। ਕਿਸੇ ਨੇਮ–ਬੱਧ ਢੰਗ ਨਾਲ ਜ਼ਿੰਦਗੀ ਜੀਊਣ ਦਾ ਸਲੀਕਾ ਤੇ ਆਪਣੇ–ਆਪ ਨੂੰ ਸਖ਼ਤ ਮਿਹਨਤ ਕਰਨ ਦੀ ਆਦਤ, ਵੱਡਿਆਂ–ਛੋਟਿਆਂ ਨੂੰ ਅਦਬ ਨਾਲ ਬੋਲਣਾ, ਤੜ੍ਹਕੇ ਉੱਠਣਾ ਤੇ ਸਵੇਰੇ–ਸ਼ਾਮ ਗੁਰਬਾਣੀ ਦਾ ਪਾਠ ਕਰਨਾ ਆਦਿ ਸਭ ਮੈਂ ਨਾਨਕੇ ਰਹਿ ਕੇ ਸਤਿਕਾਰ–ਯੋਗ ਪਾਲਣਹਾਰ ਮਾਂ ਦੀ ਸੰਗਤ ਰਾਹੀਂ ਹੀ ਸਿੱਖਿਆ ਸੀ। ਮਾਮੇ ਫੌਜਾ ਸਿੰਘ ਤੋਂ ਖੇਤੀ ਦੀਆਂ ਕਈ ਜੁਗਤਾਂ ਸਿੱਖੀਆਂ ਜੋ ਅੱਗੇ ਜਾ ਕੇ ਮੇਰੇ ਕੰਮ ਆਈਆਂ। ਘਰ 'ਚ ਖਾਣ–ਪੀਣ ਦੀ ਹਮੇਸ਼ਾਂ ਖੁੱਲ੍ਹ ਰਹੀ ਸੀ, ਜੋ ਮਰਜੀ ਖਾਵਾਂ, ਦੁੱਧ–ਘਿਉ, ਮੱਖਣ ਆਦਿ, ਕਦੇ ਕਿਸੇ ਨੇ ਕਿਸੇ ਗੱਲੋਂ ਹਟਕਿਆ–ਵਰਜਿਆ ਨਹੀਂ ਸੀ। ਲੋੜ–ਮੁਤਾਬਕ ਪਹਿਨਣ ਲਈ ਲੀੜਾ–ਕੱਪੜਾ ਵੀ ਮਿਲਦਾ ਸੀ। ਬੰਦਸ਼ ਕੇਵਲ ਇੱਕ ਹੀ ਸੀ ਕਿ ਅਵਾਰਾਗਰਦੀ ਨਹੀਂ ਕਰਨੀ।

ਸਰਲੀ ਵਾਲਿਆਂ ਬਾਰੇ (ਮੇਰੇ ਨਾਨਕਿਆਂ ਦਾ ਅਸਲੀ ਪਿੰਡ ਸਰਲੀ ਸੀ ਪਰ ਬਾਰ ਚੋਂ ਵਾਪਸ ਆ ਕੇ ਉਹਨਾਂ ਨੂੰ ਜ਼ਮੀਨ ਪਿੰਡ ਨੱਥੋ ਕੇ ਅਲਾਟ ਹੋ ਗਈ ਸੀ) ਇੱਕ ਗੱਲ ਮਸ਼ਹੂਰ ਸੀ ਕਿ ਉਹ ਕੰਮ ਕਰਦੇ ਵਕਤ ਲਾਗੋਂ ਦੀ ਲੰਘਦੇ ਪ੍ਰਾਹੁਣੇ ਨੂੰ ਵੀ ਕੰਮ ਦੱਸ ਦੇਂਦੇ ਸਨ, ਇਸ ਕਰਕੇ ਇਹਨਾਂ ਦੇ ਲਾਗੇ ਵਿਹਲੇ ਖੜਨਾ ਵੀ ਖ਼ਤਰੇ ਵਾਲਾ ਕੰਮ ਸਮਝਿਆ ਜਾਂਦਾ ਸੀ। ਇਹੀ ਕਾਰਨ ਸੀ ਕਿ ਬਾਰ ਚੋਂ ਉੱਜੜ ਕੇ ਪੰਜਾਬ ਆ ਕੇ ਮੇਰੇ ਨਾਨਕਿਆਂ ਨੇ ਕੁਝ ਸਾਲਾਂ 'ਚ ਹੀ ਆਪਣੇ ਪੈਰ ਬੰਨ੍ਹ ਲਏ ਸਨ ਤੇ ਕੱਚਿਆਂ ਕੋਠਿਆਂ ਨੂੰ ਪੱਕਿਆਂ ਵਿੱਚ ਬਦਲ ਦਿੱਤਾ ਸੀ। ਆਪਣੇ ਖੇਤਾਂ 'ਚ ਬਿਜਲੀ ਨਾਲ ਚੱਲਣ ਵਾਲਾ ਟਿਊਬਵੈੱਲ ਲਵਾ ਕੇ ਹਾੜੀ–ਸਉਣੀ ਭਰਪੂਰ ਫ਼ਸਲਾਂ ਪੈਦਾ ਕਰਕੇ ਜੀਵਨ–ਪੱਧਰ ਤੇ ਸਮਾਜਿਕ ਰੁਤਬਾ ਉੱਚਾ ਕਰ ਲਿਆ ਸੀ। ਵੱਡੇ ਮਾਮਾ ਜੀ ਭਾਨ ਸਿੰਘ ਦਸਵੀਂ ਪਾਸ ਸਨ, ਹਿੰਮਤ ਕਰਕੇ ਉਹ ਭਾਰਤੀ ਫੌਜ ਵਿੱਚ ਭਰਤੀ ਹੋ ਗਏ ਤਾਂ ਵਾਹੀ–ਖੇਤੀ ਦਾ ਮੋਰਚਾ ਛੋਟੇ ਮਾਮਾ ਜੀ ਗੁਰਨਾਮ ਸਿੰਘ ਨੇ ਸੰਭਾਲ ਲਿਆ ਸੀ। ਉਹਨੇ ਆਪਣੇ ਨਾਲ ਸਹਾਇਕ ਇੱਕ ਕਾਮਾ ਰੱਖ ਕੇ ਵਾਹੀ ਨੂੰ ਲਾਭਦਾਇਕ ਧੰਦੇ ਵਿੱਚ ਬਦਲ ਦਿੱਤਾ ਸੀ।

ਮਾਮਾ ਭਾਨ ਸਿੰਘ ਬਚਪਨ ਤੋਂ ਹੀ ਬੜੇ ਮਿਹਨਤੀ ਸਨ, ਉਹਨਾਂ ਨੇ ਆਰਮੀ ਟ੍ਰੇਨਿੰਗ ਤੇ ਸਮੇਂ 2 ਚਲਦੇ ਕੋਰਸਾਂ ਵਿੱਚ ਸਖ਼ਤ ਅਭਿਆਸ ਕੀਤਾ ਸੀ। ਉਹ ਆਰਮੀ ਦੀਆਂ ਖੇਡਾਂ 'ਚ ਬੈੱਸਟ ਅਥਲੀਟ ਬਣ ਕੇ ਭਾਗ ਲੈਂਦੇ ਰਹੇ ਸਨ। ਉਹ ਵੱਖ 2 ਦੌੜਾਂ ਚ ਭਾਗ ਲੈ ਕੇ ਪੁਜੀਸ਼ਨਾਂ ਹਾਸਲ ਕਰਦੇ ਤੇ ਇਨਾਮ ਜਿੱਤਦੇ ਰਹੇ। ਖਿਡਾਰੀ ਵਜੋਂ ਇਨਾਮ ਪ੍ਰਾਪਤ

ਕਰਦਿਆਂ ਦੀਆਂ ਉਹਨਾਂ ਦੀਆਂ ਕਈ ਫੋਟੋਆਂ ਮੈਂ ਵੇਖੀਆਂ ਹਨ। ਆਰਮੀ-ਟੈਂਕਾਂ ਬਾਰੇ ਉਹਨਾਂ ਨੂੰ ਡੂੰਘਾ ਟੈਕਨੀਕਲ ਗਿਆਨ ਹਾਸਲ ਸੀ। ਉਹਨਾਂ ਦਾ ਆਰਮੀ-ਅਫ਼ਸਰਾਂ ਨਾਲ ਗੱਲ ਕਰਨ ਦਾ ਸਲੀਕਾ ਬੜਾ ਬੇ-ਝਿਜਕ ਤੇ ਪ੍ਰਭਾਵਸ਼ਾਲੀ ਸੀ। ਉਹਨਾਂ ਨੇ ਆਪਣੀ ਨੌਂਕਰੀ ਦੌਰਾਨ 1962, 1965 ਅਤੇ 1971 ਦੀਆਂ ਤਿੰਨਾਂ ਜੰਗਾਂ ਵਿੱਚ ਲਾ-ਮਿਸਾਲ ਬਹਾਦਰੀ ਦਾ ਸਬੂਤ ਦਿੱਤਾ ਸੀ। 1965 ਦੀ ਜੰਗ 'ਚ ਤਾਂ ਉਹ ਆਪਣਾ ਟੈਂਕ ਲੈ ਕੇ ਬਾਰਡਰ ਪਾਰ ਪਾਕਿਸਤਾਨੀ ਇਲਾਕੇ ਵਿੱਚ ਈਚੋਗਿੱਲ ਨਹਿਰ ਤੋਂ ਵੀ ਕਿਤੇ ਅੱਗੇ ਨਿੱਕਲ ਗਏ ਸਨ। ਇਹ ਗੱਲਾਂ ਉਹਨਾਂ ਨੇ ਸਾਨੂੰ ਬਾਅਦ 'ਚ ਪ੍ਰੇਰਨਾ ਹਿਤ ਦੱਸੀਆਂ ਸਨ। ਇਸੇ ਕਾਰਨ ਉਹ ਫੌਜ ਚੋਂ ਬਤੌਰ ਕੈਪਟਨ ਸੇਵਾ-ਮੁਕਤ ਹੋ ਕੇ ਘਰ ਮੁੜੇ ਸਨ।

ਵੱਡੇ ਮਾਮਾ ਜੀ ਵਿੱਚ ਹੋਰ ਵੀ ਬੜੇ ਗੁਣ ਸਨ। ਉਹ ਸਾਰੇ ਰਿਸ਼ਤੇਦਾਰਾਂ ਨਾਲ ਬੜੀ ਸਾਂਝ ਤੇ ਪਿਆਰ ਰੱਖਦੇ ਸਨ। ਹਰ ਸਾਲ ਜਦੋਂ ਛੁੱਟੀ ਆਉਂਦੇ ਤੇ ਸਾਰਿਆਂ ਨੂੰ ਮਿਲ ਕੇ ਜਾਂਦੇ। ਚਹੁੰ ਭੈਣਾਂ ਨੂੰ ਹਰ ਸਾਲ ਰੱਖੜੀ ਤੇ ਪੈਸੇ ਭੇਜਦੇ ਸਨ ਤੇ ਦਿਨ-ਦਿਹਾਰ ਤੇ ਨਵੇਂ ਕੱਪੜੇ ਬਣਾ ਕੇ ਦੇਂਦੇ ਸਨ। ਮੈਨੂੰ ਉਹਨਾਂ ਨੇ ਛੋਟੇ ਹੁੰਦਿਆਂ ਇੱਕ ਵਾਰ ਬਾਟਾ ਦੇ ਸੈਂਡਲ ਲੈ ਕੇ ਦਿੱਤੇ ਜੋ ਮੈਂ ਕਈ ਸਾਲ ਪਾਉਂਦਾ ਰਿਹਾ। ਪੈਰ ਵੱਡੇ ਹੋ ਗਏ ਸਨ ਪਰ ਸੈਂਡਲ ਨਹੀਂ ਟੁੱਟੇ ਸਨ। ਕਿਸੇ ਵੀ ਭੈਣ ਨੂੰ ਜੇ ਕਦੇ ਮਾਇਆ ਦੀ ਲੋੜ ਪੈਂਦੀ ਤਾਂ ਉਹ ਕਦੇ ਲਗਦੀ ਵਾਹ ਨਾਂਹ ਨਹੀਂ ਸਨ ਕਰਦੇ। ਮੇਰੀ ਮਾਸੀ ਦੇ ਪੁੱਤ ਭਰਾ ਜੋ ਮੈਥੋਂ ਵੱਡੇ ਸਨ, ਭਾ ਜੀ ਅਜੀਤ ਸਿੰਘ ਤੇ ਭਾ ਜੀ ਸੂਬਾ ਸਿੰਘ ਦੋਵੇਂ ਵੀ ਨਿੱਕੇ ਹੁੰਦਿਆਂ ਨਾਨਕੇ ਘਰ, ਪਿੰਡ ਨੱਥੋ ਕੇ ਰਿਹਾ ਕਰਦੇ ਸਨ। ਉਹਨਾਂ ਨੇ ਵੀ ਨਾਨਕਿਆਂ ਦਾ ਰੱਜਵਾਂ ਪਿਆਰ ਮਾਣਿਆ ਸੀ। ਰਿਟਾਇਰ ਹੋਣ ਤੋਂ ਬਾਅਦ ਵੀ ਮਾਮਾ ਜੀ ਦਾ ਇਹ ਦਸਤੂਰ ਜਾਰੀ ਰਿਹਾ ਤੇ ਉਹਨਾਂ ਨੇ ਕਦੇ ਵੀ ਕਿਸੇ ਰਿਸ਼ਤੇਦਾਰ ਤੋਂ ਪਾਸਾ ਨਾ ਵੱਟਿਆ। ਜਦੋਂ ਮੈਂ ਜੇ.ਬੀ.ਟੀ. ਸਕੂਲ 'ਚ ਦਾਖ਼ਲ ਹੋਣਾ ਸੀ ਤੇ ਮੈਨੂੰ ਦਾਖ਼ਲੇ ਲਈ ਕੁਝ ਰਕਮ ਦੀ ਲੋੜ ਸੀ ਤਾਂ ਉਹ ਆਪ ਤੇ ਘਰ ਨਹੀਂ ਸਨ, ਮੈਂ ਵੀ ਸਮੇਂ ਸਿਰ ਉਹਨਾਂ ਨਾਲ ਤਾਲਮੇਲ ਨਹੀਂ ਕਰ ਸਕਿਆ ਸਾਂ। ਮਾਮੀ ਜੀ ਮਜ਼ਬੂਰੀ-ਵੱਸ ਮੇਰੀ ਕੋਈ ਮਦਦ ਨਹੀਂ ਸਨ ਕਰ ਸਕੇ ਕਿਉਂਕਿ ਉਹਨਾਂ ਦੇ ਆਪਣੇ ਬੱਚੇ ਯੂਨੀਵਰਸਿਟੀ, ਕਾਲਜਾਂ ਤੇ ਸਕੂਲਾਂ 'ਚ ਪੜ੍ਹਦੇ ਸਨ ਤੇ ਪੈਸਿਆਂ ਦੀ ਉਹਨਾਂ ਕੋਲ ਗੁੰਜਾਇਸ਼ ਨਹੀਂ ਸੀ। ਇਸ ਲਈ ਉਹਨਾਂ ਨੇ ਮੈਨੂੰ ਕਿਸੇ ਹੋਰ ਤੋਂ ਉਧਾਰ ਫੜ ਕੇ ਵੇਲਾ ਸਾਰਨ ਤੇ ਬਾਅਦ 'ਚ ਮੇਰੀ ਮਦਦ ਕਰਨ ਦਾ ਵਾਅਦਾ ਕੀਤਾ। ਬਾਅਦ 'ਚ ਜਦੋਂ ਮਾਮਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਬੜਾ ਮਹਿਸੂਸ ਕੀਤਾ ਤੇ ਸਮੇਂ ਸਿਰ ਨਾ ਦੱਸਣ ਕਾਰਨ ਮੈਨੂੰ ਗੁੱਸੇ ਵੀ ਹੋਏ। ਹੁਣ ਮੈਂ ਸੋਚਦਾ ਹਾਂ ਕਿ ਜਿੰਨਾ ਪਿਆਰ ਤੇ ਸਨੇਹ ਸਾਡੇ ਨਾਨਕਿਆਂ ਨੇ ਸਾਨੂੰ ਦਿੱਤਾ ਹੈ, ਸ਼ਾਇਦ ਹੀ ਕਿਸੇ ਦੇ ਹਿੱਸੇ ਆਇਆ ਹੋਵੇ ਤੇ ਆਪਣੇ ਜੀਵਨ ਦੀ ਜਿਸ ਮੰਜ਼ਿਲ ਤੇ ਵੀ ਮੈਂ ਪਹੁੰਚ ਪਾਇਆ ਹਾਂ ਇਸ ਵਿੱਚ ਮੇਰੀ ਮਾਂ ਨਾਲੋਂ ਮੇਰੇ ਨਾਨਕਿਆਂ ਦਾ [illegible]

# ਮਾਸੀ ਮਾਂ-ਬਰੋਬਰ ਜਾਣੋ

ਮੇਰੀ ਮਾਂ ਚਾਰ ਭੈਣਾਂ ਤੇ ਦੋ ਭਰਾਵਾਂ ਵਿੱਚੋਂ ਸਾਰਿਆਂ ਤੋਂ ਵੱਡੀ ਸੀ। ਦੇਸ਼-ਵੰਡ ਤੋਂ 10-11 ਸਾਲ ਪਹਿਲਾਂ ਜਦੋਂ ਉਹਦਾ ਵਿਆਹ ਹੋਇਆ ਸੀ, ਸਾਰਾ ਪਰਿਵਾਰ ਚੱਕ ਨੰ: 71, ਪਿੰਡ ਨਾਗੋਕੇ-ਸਰਲੀਆਂ, ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਰਹਿੰਦਾ ਸੀ। ਬਾਰ 'ਚ ਮੇਰੇ ਨਾਨੇ ਨੂੰ ਇੱਕ ਮੁਰੱਬਾ ਜ਼ਮੀਨ ਅਲਾਟ ਹੋਈ ਸੀ ਤੇ ਬੜੀ ਸੋਹਣੀ ਵਾਹੀ-ਖੇਤੀ ਕਰੀ ਜਾ ਰਹੇ ਸਨ। ਪੰਜਾਬੀਆਂ ਨੇ ਨਵੀਂ ਨਵੀਂ ਬਾਰ ਅਬਾਦ ਕੀਤੀ ਸੀ, ਨਵੀਆਂ ਨਹਿਰਾਂ ਬਣੀਆਂ ਸਨ, ਭੋਂ ਉਪਜਾਊ ਸੀ ਤੇ ਹਰੀਆਂ-ਭਰੀਆਂ ਫ਼ਸਲਾਂ ਲਹਿਲਹਾਉਂਦੀਆਂ ਸਨ। ਮਾਮੇ ਮੇਰੇ ਅਜੇ ਛੋਟੇ ਸਨ। ਵੱਡਾ ਪੜ੍ਹਾਈ ਦੇ ਨਾਲ ਸਕੂਲੋਂ ਆ ਕੇ ਤੇ ਛੋਟਾ ਸਾਰਾ ਦਿਨ ਆਪਣੇ ਬਾਪ ਨਾਲ ਖੇਤੀ ਦਾ ਕੰਮ ਕਰਾਉਂਦੇ ਸੀ। ਸਖ਼ਤ ਮਿਹਨਤ ਦੇ ਬਲ-ਬੋਤੇ ਉਹਨਾਂ ਸੁਹਣੇ ਘਰ ਬਣਾ ਲਏ ਸਨ। ਜ਼ਿੰਦਗੀ ਦੀ ਗੱਡੀ ਵਾਹਵਾ ਸੋਹਣੀ ਰਿੜ੍ਹੀ ਜਾ ਰਹੀ ਸੀ ਕਿ ਸੰਤਾਲੀ ਵਾਪਰ ਗਿਆ। ਏਧਰ ਆਪਣੇ ਮੁਲਕ 'ਚ ਆ ਕੇ ਅੱਧ-ਪਚੱਧ ਜ਼ਮੀਨ ਪੱਲੇ ਪਈ ਤੇ ਮੁੜ ਤੋਂ ਪੈਰ ਜਮਾਉਣ ਲਈ ਫਿਰ ਹੱਡ-ਭੰਨਵੀਂ ਮਿਹਨਤ ਕਰਨੀ ਪਈ। ਵੱਡੇ ਮਾਮਾ ਜੀ ਦਸਵੀਂ ਪਾਸ ਕਰਕੇ ਫੌਜ ਵਿੱਚ ਭਰਤੀ ਹੋ ਗਏ ਤੇ ਛੋਟੇ ਨੇ ਸਾਂਝੇ ਘਰ ਦੀ ਸਾਂਝੀ ਵਾਹੀ ਦੀ ਵਾਹਲ ਚੁੱਕ ਲਈ ਜਿਹੜੀ ਉਹਨੇ ਵੱਡੇ ਦੇ ਪੈਨਸ਼ਨ ਆਉਣ ਤੱਕ ਨਿਭਾਈ।

ਬੀਬੀ ਤੋਂ ਛੋਟੀ, ਉਹਦੀ ਭੈਣ, ਮਾਸੀ ਪ੍ਰੀਤੋ ਸਾਡੇ ਨਿੱਕੇ ਹੁੰਦਿਆਂ ਹੀ ਗੁਜ਼ਰ ਗਈ ਸੀ। ਉਹਦਾ ਵਿਆਹ ਵੀ ਪਾਕਿਸਤਾਨ ਬਣਨ ਤੋਂ ਪਹਿਲਾਂ, ਮਾਸੜ ਮਹਿੰਦਰ ਸਿੰਘ ਸਖੀਰੀਏ ਨਾਲ ਬਾਰ 'ਚ (ਪਾਕਿਸਤਾਨ ਵਿੱਚ) ਹੀ ਹੋ ਗਿਆ ਸੀ। ਉਹਨਾਂ ਨੂੰ ਵੀ ਪਾਕਿਸਤਾਨ ਬਣ ਜਾਣ ਪਿੱਛੋਂ ਵਾਹੀ ਵਾਲੀ ਜ਼ਮੀਨ ਰਮਦਾਸ ਦੇ ਨੇੜੇ ਪਿੰਡ ਪੰਡੋਰੀ ਵਿਖੇ ਅਲਾਟ ਹੋਈ ਸੀ ਤੇ ਕੁਝ ਨੇੜਲੇ ਪਿੰਡ ਅਵਾਣ ਦੀ ਹੱਦ ਵਿੱਚ। ਮਾਸੜ ਤੇ ਉਹਦਾ ਸਾਰਾ ਪਰਿਵਾਰ ਬੜਾ ਮਿਹਨਤੀ ਸੀ। ਉਹਦੇ ਤਿੰਨ ਲੜਕੇ ਤੇ ਦੋ ਲੜਕੀਆਂ ਸਨ। ਵੱਡਾ ਭਾ ਜੀ ਅਜੀਤ ਸਿੰਘ ਵੀ ਮੇਰੇ ਤੋਂ ਪਹਿਲਾਂ ਨਾਨਕੇ ਪਿੰਡ ਨੱਥੋ ਕੇ ਹੀ ਪੜ੍ਹਦਾ ਰਿਹਾ ਸੀ। ਬਾਅਦ 'ਚ ਉਹ ਪਿੰਡ ਵਾਪਸ ਚਲਾ ਗਿਆ। ਦਸਵੀਂ ਕਰਨ ਪਿੱਛੋਂ ਉਹਨੇ ਛੋਟੇ ਭਰਾ ਗੁਰਦੀਪ ਨਾਲ ਖੇਤੀ ਦੇ ਕੰਮ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਮਾਸੜ ਜੀ ਨੂੰ ਪਿੰਡ ਦੇ ਸਾਂਝੇ ਕੰਮਾਂ ਤੇ ਪਰ੍ਹੇ-ਪੰਚਾਇਤ ਲਈ ਵਿਹਲਾ ਕਰ ਦਿੱਤਾ। ਭੈਣਾਂ ਵਿਆਹ

ਦਿੱਤੀਆਂ ਸਨ ਤੇ ਛੋਟਾ ਲਖਬੀਰ ਦਸਵੀਂ ਤੋਂ ਬਾਅਦ ਫੌਜ 'ਚ ਭਰਤੀ ਹੋ ਗਿਆ ਸੀ। ਉਹ ਹੁਣ ਕੈਪਟਨ ਦੇ ਅਹੁਦੇ ਤੋਂ ਰਿਟਾਇਰ ਹੋਇਆ ਹੈ। ਉਹਨਾਂ ਦਾ ਪਿੰਡ ਸਾਡੇ ਪਿੰਡ ਤੋਂ ਕਾਫੀ ਦੂਰ ਹੋਣ ਕਰਕੇ ਚਿਰ ਬਾਅਦ ਹੀ ਉੱਥੇ ਜਾ ਹੁੰਦਾ ਸੀ, ਜਦੋਂ ਵੀ ਜਾਂਦਾ ਸਾਂ, ਮਾਸੀ ਜੀ ਦੀ ਗੈਰਹਾਜ਼ਰੀ ਖਟਕਦੀ ਸੀ, ਪਰ ਬਾਕੀ ਪਰਿਵਾਰ ਤੋਂ ਬੜਾ ਪਿਆਰ ਮਿਲਦਾ ਸੀ। ਹੁਣ ਤੱਕ ਵੀ ਉਸੇ ਤਰ੍ਹਾਂ ਸਾਂਝ-ਪਿਆਰ ਬਣਿਆ ਹੋਇਆ ਹੈ।

ਮੇਰੇ ਦੂਜੇ ਮਾਸੀ ਜੀ ਜਿਸ ਨੂੰ ਸਾਰੇ 'ਜੀਤੋ' ਕਹਿ ਕੇ ਸੱਦਦੇ ਸਨ, ਬੜੇ ਧਾਰਮਿਕ ਰੁਚੀਆਂ ਤੇ ਸਾਧੂ-ਸੁਭਾਅ ਦੇ ਮਾਲਕ ਸਨ। ਉਹਨਾਂ ਦਾ ਪਿੰਡ ਵਡਾਲਾ ਭਿੱਟੇਵਿੱਢ ਸੀ। ਜਰਾ ਨੇੜੇ ਹੋਣ ਕਾਰਨ ਮੇਰਾ ਉੱਥੇ ਜਾਣਾ-ਆਉਣਾ ਬਣਿਆ ਰਹਿੰਦਾ ਸੀ। ਉਹਨਾਂ ਦੀ ਸੰਗਤ ਕਰਨ ਨਾਲ ਮਨ ਨੂੰ ਸਕੂਨ ਮਿਲਦਾ ਸੀ। ਉਹ ਤਕਰੀਬਨ ਹਰ ਵੇਲੇ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਤੇ ਹਰ ਐਤਵਾਰ ਖੁਰਮਣੀਆਂ ਵਾਲੇ ਸੰਤਾਂ ਦੇ ਡੇਰੇ ਕਥਾ-ਕੀਰਤਨ ਸੁਣਨ ਜਾਂਦੇ ਸਨ। ਜਦੋਂ ਕਦੇ ਮੈਂ ਉੱਥੇ ਜਾਂਦਾ, ਮੈਂ ਉਹਨਾਂ ਨੂੰ ਸਾਈਕਲ ਪਿੱਛੇ ਬਿਠਾ ਕੇ ਲੈ ਜਾਂਦਾ ਸਾਂ। ਮਾਸੜ ਗੁਰਬਚਨ ਸਿੰਘ ਬੜੀ ਸਖ਼ਤ-ਜਾਨ ਤੇ ਮਿਹਨਤੀ ਸਨ। ਜ਼ਮੀਨ ਗੁਜ਼ਾਰੇ ਜੋਗੀ ਹੈ ਸੀ ਪਰ ਉਸ ਵੇਲੇ ਜ਼ਿੰਦਗੀ ਬੜੀ ਮੁਸ਼ੱਕਤ-ਭਰੀ ਹੁੰਦੀ ਸੀ। ਸਾਰੇ ਟੱਬਰ ਦੀ ਮਿਹਨਤ ਨਾਲ ਮਸ੍ਹਾਂ ਰੋਟੀ-ਪਾਣੀ ਚੱਲਦਾ ਸੀ। ਉਹਨਾਂ ਦਾ ਵੱਡਾ ਬੇਟਾ ਭਾ ਜੀ ਸੂਬਾ ਸਿੰਘ ਵੀ ਕੁਝ ਚਿਰ ਨਾਨਕੇ ਪਿੰਡ ਨੱਥੋ ਕੇ ਪੜ੍ਹਿਆ ਸੀ। ਸਹੀ ਸਮੇਂ ਤੇ ਸਹੀ ਅਗਵਾਈ, ਸਹੀ ਸੰਗਤ ਤੇ ਸਹੀ ਸੋਚ ਨਾ ਹੋਣ ਕਾਰਨ ਉਹ ਦਸਵੀਂ ਪਾਸ ਕਰਨ ਪਿੱਛੋਂ ਕਿਸੇ ਚੰਗੇ ਮੁਰਾਤਬੇ ਤੇ ਨਾ ਪਹੁੰਚ ਸਕਿਆ। ਧਾਰਮਿਕ ਰੁਚੀਆਂ ਹੋਣ ਕਾਰਨ ਮਾਸੀ ਜੀ ਨੇ ਛੋਟੇ ਮੁੰਡੇ ਗੁਰਪਿੰਦਰ ਨੂੰ ਕਾਰ-ਸੇਵਾ ਵਾਲੇ ਸੰਤਾਂ ਦੇ ਡੇਰੇ ਸੇਵਾ ਕਰਨ ਤੇ 'ਗੱਡੀ ਚਲਾਉਣਾ' ਸਿੱਖਣ ਲਈ ਭੇਜ ਦਿੱਤਾ। ਉਹ ਸੰਤਾ ਕੋਲ ਐਸਾ ਗਿਆ ਕਿ ਮੁੜ ਘਰ ਵੱਲ ਮੂੰਹ ਨਹੀਂ ਕੀਤਾ। ਉਕਤ ਸੰਤਾਂ ਦੇ ਅਕਾਲ-ਚਲਾਣੇ ਤੋਂ ਬਾਅਦ ਉਹਨੂੰ ਡੇਰੇ ਦਾ ਮੁਖੀ ਐਲਾਨ ਦਿੱਤਾ ਗਿਆ ਜੋ ਇਸ ਵੇਲੇ ਬਾਬਾ ਗੁਰਪਿੰਦਰ ਸਿੰਘ ਵਡਾਲਾ ਦੇ ਨਾਂ ਨਾਲ ਗੁਰੂ-ਸਰ-ਸਤਲਾਣੀ ਸਾਹਿਬ ਸੰਪਰਦਾਇ ਦੀ ਸੇਵਾ ਨਿਭਾ ਰਹੇ ਹਨ।

ਉਹਨਾਂ ਤੋਂ ਛੋਟਾ ਆਪਣੇ ਖੇਤੀ ਦੇ ਕੰਮ ਵਿੱਚ ਰੁਝਾ ਹੋਇਆ ਹੈ। ਸਭ ਤੋਂ ਛੋਟਾ ਸੋਨਾ ਬੜਾ ਠੰਢੇ ਸੁਭਾਅ ਦਾ, ਮਿੱਠਬੋਲੜਾ ਤੇ ਮਿਲਣਸਾਰ ਮੁੰਡਾ ਸੀ, ਦਸਵੀਂ ਕਰਕੇ ਬਿਜਲੀ-ਬੋਰਡ ਵਿੱਚ ਡੇਲੀ-ਵੇਜਿਜ ਤੇ ਕੰਮ ਕਰਦਾ ਸੀ ਕਿ ਪੰਜਾਬ ਵਿੱਚ ਅਤਿਵਾਦ ਦੇ ਦੌਰ ਵਿੱਚ ਸਰਕਾਰੀ ਜ਼ਬਰ ਦਾ ਸ਼ਿਕਾਰ ਹੋ ਗਿਆ। ਪੁੱਤਰ ਦੇ ਵਿਜੋਗ ਵਿੱਚ, ਮੇਰੀ ਮਾਂ-ਵਰਗੀ ਮਾਸੀ, ਉਹਦੇ ਬਾਲ-ਬੱਚੇ ਨੂੰ ਪਾਲਦੀ, ਆਖ਼ਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਅਕਾਲ-ਚਲਾਣਾ ਕਰ ਗਈ। ਉਹਨਾਂ ਦਾ ਸਾਰਾ ਪਰਿਵਾਰ ਬੜਾ ਤੇਹ-ਮੁਹਬਤ ਕਰਨ ਵਾਲਾ ਸੀ, ਇਸ ਕਾਰਨ ਉਹਨਾਂ ਕੋਲ ਮੇਰਾ ਚੱਕਰ ਲਗਦਾ ਹੀ ਰਹਿੰਦਾ ਸੀ। ਮੈਥੋਂ ਛੋਟਾ

ਸੁਖਦੇਵ ਇਹਨਾਂ ਕੋਲ ਆ ਕੇ ਰਿਹਾ ਸੀ ਤੇ ਇਥੋਂ ਹੀ ਫੌਜ ਵਿੱਚ ਭਰਤੀ ਹੋਇਆ ਸੀ।

ਮੇਰੀ ਤੀਜੀ ਮਾਸੀ ਜੋ ਸਭ ਤੋਂ ਛੋਟੀ ਸੀ, ਉਹਦਾ ਪੂਰਾ ਨਾਂ ਸੁਰਿੰਦਰ ਕੌਰ ਹੈ ਪਰ ਸਾਰੇ ਉਹਨੂੰ 'ਸ਼ਿੰਦੋ' ਕਹਿ ਕੇ ਹੀ ਬੁਲਾਉਂਦੇ ਸਨ। ਉਹ ਅਜੇ 10-11 ਸਾਲ ਦੀ ਹੀ ਸੀ ਕਿ ਦੇਸ਼ ਆਜ਼ਾਦ ਹੋ ਗਿਆ ਤੇ ਇੱਕ ਦੇ ਦੋ ਦੇਸ਼ ਬਣ ਗਏ। ਘਰਾਂ ਤੋਂ ਉੱਜੜੇ ਲੋਕ ਜਦੋਂ ਆਪਣੇ 2 ਦੇਸ਼ ਨੂੰ ਪਰਤੇ ਤਾਂ ਵਹਿਸ਼ਤ ਦਾ ਜੋ ਨੰਗਾ ਨਾਚ ਹੋਇਆ, ਪੜ੍ਹ-ਸੁਣ ਕੇ ਲੂੰ-ਕੰਡੇ ਖੜੇ ਹੋ ਜਾਂਦੇ ਹਨ। ਮਾਸੀ ਜੀ ਬੜੀ ਮੁਸ਼ਕਿਲ ਨਾਲ ਸਮਾਨ ਵਾਲੇ ਗੱਡੇ ਤੇ ਬਹਿ ਕੇ ਪਰਿਵਾਰ ਨਾਲ ਲਾਇਲਪੁਰ ਤੋਂ ਪੰਜਾਬ ਪਹੁੰਚੇ ਸਨ। ਇਹ ਮੈਨੂੰ ਮੇਰੀ ਮਾਂ ਨੇ ਦੱਸਿਆ ਸੀ। ਉਹਨਾਂ ਦਾ ਵਿਆਹ, ਸ੍ਰ. ਮਨਿੰਦਰ ਸਿੰਘ ਜੋ ਕਿ ਜੇ.ਬੀ.ਟੀ ਟੀਚਰ ਲੱਗੇ ਹੋਏ ਸਨ, ਨਾਲ ਹੋਇਆ ਸੀ। ਮਾਸੜ ਜੀ ਦਾ ਪੁਰਾਣਾ ਪਿੰਡ ਕੈਰੋਂ ਸੀ ਪਰ ਬਾਰ ਚੋਂ ਵਾਪਸ ਆ ਕੇ ਉਹਨਾਂ ਨੂੰ ਜ਼ਮੀਨ ਪਿੰਡ ਜਲਾਲਾਂਬਾਦ ਤਹਿਸੀਲ ਖਡੂਰ ਸਾਹਿਬ ਵਿੱਚ ਅਲਾਟ ਹੋਈ ਸੀ। ਨੱਥੋ ਕੇ ਤੋਂ ਜਲਾਲਾਂਬਾਦ ਨੇੜੇ ਹੋਣ ਕਰਕੇ ਤੇ ਮਾਸੀ ਦੇ ਮਾਂ ਵਰਗੇ ਪਿਆਰ ਕਾਰਨ ਮੈਂ ਉਹਨਾਂ ਦੇ ਪਿੰਡ ਜਾਂਦਾ ਹੀ ਰਹਿੰਦਾ ਸਾਂ। ਮਾਸੜ ਜੀ ਨੌਕਰੀ ਕਰਦੇ ਸਨ ਤੇ ਵਾਹੀ-ਖੇਤੀ ਉਦੋਂ ਸਾਂਝੀ ਸੀ, ਉਸ ਤੋਂ ਵੀ ਆਮਦਨ ਹੋ ਜਾਂਦੀ ਸੀ। ਘਰ ਦਾ ਗੁਜ਼ਾਰਾ ਬੜਾ ਵਧੀਆ ਚੱਲਦਾ ਸੀ।

ਮਾਸੀ ਜੀ ਦੇ ਲੜਕੇ ਸੁਜਿੰਦਰ ਤੇ ਰਾਜਬੀਰ, ਲੜਕੀਆਂ ਭੁਪਿੰਦਰ ਤੇ ਤੇਜਿੰਦਰ, ਸਾਰੇ ਮੈਥੋਂ ਛੋਟੇ ਸਨ ਪਰ ਮੇਰਾ ਬੜਾ ਸਤਿਕਾਰ ਕਰਦੇ ਸਨ। ਜਦੋਂ ਮੈਂ ਉਹਨਾਂ ਕੋਲ ਜਾਂਦਾ, ਸੀਨੀਅਰ ਵਿਦਿਆਰਥੀ ਹੋਣ ਕਰਕੇ ਜਿਸ ਨੂੰ ਵੀ ਪੜ੍ਹਾਈ ਵਿੱਚ ਲੋੜ ਹੁੰਦੀ, ਮੈਂ ਉਹਦੀ ਮਦਦ ਕਰਦਾ ਸਾਂ। ਉਹ ਬੜੇ ਮਿਹਨਤੀ ਸਨ, ਇਸ ਕਰਕੇ ਦੋਵੇਂ ਗ੍ਰੈਜੂਏਸ਼ਨ ਕਰਕੇ ਮੈਥ-ਮਾਸਟਰ ਦੇ ਤੌਰ ਤੇ ਸਰਕਾਰੀ ਨੌਂਕਰੀ 'ਚ ਆਏ। ਭੁਪਿੰਦਰ ਦੀ ਪੜ੍ਹਾਈ ਪੂਰੀ ਹੋਣ ਤੇ, ਵਿਆਹ ਹੋਣ ਪਿੱਛੋਂ ਉਹ ਇੰਗਲੈਂਡ ਚਲੇ ਗਈ ਤੇ ਰੇਡੀਓ ਅਨਾਊਂਸਰ ਦੀ ਜੌਬ ਦੇ ਨਾਲ ਨਾਲ, ਹੁਣ ਪੰਜਾਬੀ ਸਾਹਿਤਕਾਰੀ ਵੀ ਕਰ ਰਹੀ ਹੈ। ਤੇਜਿੰਦਰ ਭਾਵੇਂ ਸਰਕਾਰੀ ਨੌਂਕਰੀ ਨਹੀਂ ਕਰਦੀ ਪਰ ਉਹਦੇ ਦੋਵੇਂ ਬੇਟੇ ਪੜ੍ਹਾਈ ਲਈ ਵਿਦੇਸ਼ ਚਲੇ ਗਏ ਹਨ। ਮਾਸੀ ਜੀ ਦਾ ਪਰਿਵਾਰ ਹਰ ਪੱਖੋਂ ਖ਼ੁਸ਼ਹਾਲ ਸੀ ਪਰ ਅਕਾਲ-ਪੁਰਖ ਨੂੰ ਜਿਵੇਂ ਇਹ ਮਨਜ਼ੂਰ ਨਹੀਂ ਸੀ, ਵੀਰ ਸੁਜਿੰਦਰ ਸਿੰਘ ਦੀ ਇੱਕ ਦਰਦਨਾਕ ਸੜਕ-ਹਾਦਸੇ ਵਿੱਚ ਹੋਈ ਮੌਤ ਨੇ ਸਭ-ਕੁਛ ਤਹਿਸ਼-ਨਹਿਸ਼ ਕਰ ਦਿੱਤਾ ਤੇ ਮੇਰੀ ਮਾਸੀ ਦੀ ਜ਼ਿੰਦਗੀ ਦੇ ਛਾਬੇ ਵਿੱਚ ਹੌਕਿਆਂ ਦੀ ਪੰਡ ਆ ਡਿੱਗੀ। ਮਾਂ ਵਰਗੀ ਮਾਸੀ ਨੂੰ ਜਦੋਂ ਗਮਗ਼ੀਨ ਹਾਲਤ ਵਿੱਚ ਵੇਖਦਾ ਹਾਂ ਤਾਂ ਮਨ ਭਰ ਆਉਂਦਾ ਹੈ ਪਰ ਸਿਵਾਏ ਹੌਂਸਲਾ ਦੇਣ ਦੇ ਹੋਰ ਕੁਝ ਕਰ ਵੀ ਨਹੀਂ ਸਕਦਾ। ਇਹ ਮੇਰੀਆਂ ਸਭ ਤੋਂ ਨੇੜੇ ਦੀਆਂ ਰਿਸ਼ਤੇਦਾਰੀਆਂ ਨੇ, ਜਿੱਥੇ ਜਾ ਕੇ ਮਨ ਨੂੰ ਖ਼ੁਸ਼ੀ ਤੇ ਆਤਮਾ ਨੂੰ ਚੈਨ ਮਿਲਦਾ ਸੀ। ਸ਼ਾਲਾ ! ਇਹਨਾਂ ਦੇ ਵਿਹੜੇ ਸਦਾ ਖ਼ੁਸ਼ੀਆਂ ਨਾਲ ਮਹਿਕਦੇ ਰਹਿਣ।

# ਮੇਰਾ ਅਧਿਆਪਕ ਬਣਨ ਦਾ ਸੁਪਨਾ

ਮੁੱਢ ਤੋਂ ਹੀ ਮੇਰੇ ਮਨ ਵਿੱਚ ਪੜ੍ਹਾਈ ਕਰਕੇ ਚੰਗਾ ਅਧਿਆਪਕ ਬਣਨ ਦਾ ਸੁਪਨਾ ਸਮੋਇਆ ਹੋਇਆ ਸੀ ਜਾਂ ਇਹ ਸਮਝ ਲਉ ਕਿ ਇਹ ਮੇਰੇ ਮਨ ਦੀ ਰੀਝ ਸੀ। ਜਦੋਂ ਮੈਂ ਖਡੂਰ ਸਾਹਬ ਬੀ. ਏ. ਕਰਦਾ ਸਾਂ ਤਾਂ ਮੈਨੂੰ ਨਾਨਕੇ ਪਰਿਵਾਰ ਦੇ, ਆਪਣੇ ਤੋਂ ਛੋਟੇ ਭੈਣ-ਭਰਾਵਾਂ ਨੂੰ ਹਿਸਾਬ ਦੇ ਸਵਾਲ ਸਮਝਾਉਂਦਿਆਂ ਬੜੀ ਖ਼ੁਸ਼ੀ ਮਿਲਦੀ ਸੀ। ਜਿਵੇਂ ਕਿ ਪਿਛਲੇ ਅਧਿਆਇ ਵਿੱਚ ਵਰਨਣ ਕੀਤਾ ਗਿਆ ਹੈ, ਮੇਰੇ ਜਲਾਲਾਂਬਾਦ ਵਾਲੇ ਮਾਸੀ ਜੀ ਵੀ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਅਤੇ ਅਗਵਾਈ ਕਰਨ ਲਈ ਮੈਨੂੰ ਉਚੇਚਾ ਸੁਨੇਹਾਂ ਭੇਜ ਕੇ ਸੱਦ ਲੈਂਦੇ ਸਨ। ਉਹਨਾਂ ਦੇ ਬੱਚੇ ਮੈਥੋਂ ਛੋਟੇ ਸਨ। ਇਹਨਾਂ ਵਿੱਚੋਂ ਭੈਣ ਭਿੰਦਰ 'ਜਲਾਲਾਂਬਾਦੀ' ਪੰਜਾਬੀ ਸਾਹਿਤਕਾਰ ਹੈ, ਪੰਜਾਬੀ ਸਾਹਿਤ ਲਈ ਕਹਾਣੀਆਂ ਤੇ ਕਵਿਤਾਵਾਂ ਲਿਖਦੀ ਹੈ ਤੇ ਲੰਮੇ ਸਮੇਂ ਤੋਂ ਇੰਗਲੈਂਡ ਰਹਿ ਰਹੀ ਹੈ। ਛੋਟੇ ਵੀਰ ਸੁਜਿੰਦਰ ਸਿੰਘ ਨੂੰ ਸਿੱਖਿਆ ਵਿਭਾਗ ਵਿੱਚ ਬਤੌਰ ਮੈਥ-ਮਾਸਟਰ ਸੇਵਾ ਕਰਦਿਆਂ ਮੌਤ ਦੇ ਜ਼ਾਲਮ ਪੰਜਿਆਂ ਨੇ ਸਾਥੋਂ ਸਦਾ ਲਈ ਖੋਹ ਲਿਆ ਸੀ। ਉਸ ਦਾ ਬੇਟਾ ਹੁਣ ਲਾਇਬ੍ਰੇਰੀ ਸਹਾਇਕ ਵਜੋਂ ਸਰਕਾਰੀ ਨੌਂਕਰੀ ਕਰਦਾ ਹੈ। ਛੋਟਾ ਰਾਜਬੀਰ ਢਿੱਲੋਂ ਇਸ ਸਮੇਂ ਬਤੌਰ ਲੈਕਚਰਾਰ ਸੇਵਾ ਕਰ ਰਿਹਾ ਹੈ। ਸਭ ਤੋਂ ਛੋਟੀ ਭੈਣ ਤਜਿੰਦਰ ਉਚੇਰੀ ਪੜ੍ਹਾਈ ਨਾ ਕਰ ਸਕਣ ਕਰਕੇ ਘਰੇਲੂ ਜ਼ਿੰਮੇਵਾਰੀਆਂ ਵਿੱਚ ਹੀ ਮਸ਼ਰੂਫ਼ ਰਹੀ ਪਰ ਉਹ ਆਪਣੇ ਬੱਚਿਆਂ ਨੂੰ ਉਚੇਰੀ ਪੜ੍ਹਾਈ ਲਈ ਵਿਦੇਸ਼ ਭੇਜਣ 'ਚ ਕਾਮਯਾਬ ਹੋ ਗਈ ਹੈ। ਇਹਨਾਂ ਸਭ ਲਈ, ਵੱਡੇ ਭਰਾ ਵਜੋਂ, ਆਪਣੇ ਆਪ ਨੂੰ ਮੈਂ ਇੱਕ ਮਿੰਨੀ ਅਧਿਆਪਕ ਸਮਝਦਾ ਹੁੰਦਾ ਸਾਂ।

1976 ਵਿੱਚ ਬੀ. ਏ. ਦਾ ਇਮਤਿਹਾਨ ਦੇ ਕੇ ਮੈਂ ਵਾਪਸ ਪਿੰਡ ਆ ਗਿਆ। ਨਤੀਜਾ ਆਇਆ ਤਾਂ ਮੈਂ 54.4 % ਨੰਬਰ ਲੈ ਕੇ ਸੈਕੰਡ ਡਵੀਜ਼ਨ 'ਚ ਪਾਸ ਹੋ ਗਿਆ। ਮੇਰੀ ਆਸ ਨਾਲੋਂ ਨੰਬਰ ਭਾਵੇਂ ਘੱਟ ਸਨ ਪਰ ਇਹ ਨਿਰੋਲ ਮੇਰੀ ਆਪਣੀ ਮਿਹਨਤ ਦਾ ਮੁੱਲ ਸੀ ਜਿੰਨੀ ਕੁ ਮੈਂ ਕਰ ਸਕਿਆ ਸਾਂ। ਜਦੋਂ ਬੀ. ਐੱਡ. ਕਾਲਜਾਂ ਦੇ ਦਾਖ਼ਲੇ ਲਈ ਇਸ਼ਤਿਹਾਰ ਆਏ ਤਾਂ ਮੈਂ ਦੋ ਤਿੰਨ ਕਾਲਜਾਂ ਵਿੱਚ ਦਾਖ਼ਲੇ ਲਈ ਬਿਨੈਪੱਤਰ ਦਿੱਤੇ, ਇੰਟਰਵਿਊ ਤੇ ਵੀ ਗਿਆ ਪਰ ਘੱਟੋ-ਘੱਟ ਮੈਰਿਟ 55% ਤੇ ਰਹਿ ਜਾਣ ਕਾਰਨ ਮੈਨੂੰ ਕਿਸੇ ਕਾਲਜ ਵਿੱਚ ਵੀ ਦਾਖ਼ਲਾ ਨਾ ਮਿਲਿਆ। ਮੈਨੂੰ ਸਾਲ ਮਾਰੇ ਜਾਣ ਦਾ ਫ਼ਿਕਰ ਪੈ ਗਿਆ। ਦੂਜੇ ਪਾਸੇ

ਘਰ ਦੀ ਮਾਇਕ ਹਾਲਤ ਵੀ ਇਹਨੀਂ ਦਿਨੀ ਬੜੀ ਡਾਵਾਂਡੋਲ ਸੀ ਤੇ ਬਾਪੂ ਕੋਲ ਮੇਰੇ ਕਾਲਜ-ਦਾਖ਼ਲੇ ਲਈ ਲੋੜੀਂਦੀ ਕੋਈ ਵਾਧੂ ਰਕਮ ਨਹੀਂ ਸੀ। ਮੈਂ ਇਸ ਪਾਸਿਉਂ ਬੇ-ਖ਼ਬਰ ਹੀ ਸਾਂ ਜਾਂ ਸ਼ਾਇਦ ਭੁਲੇਖੇ ਵਿੱਚ ਸਾਂ। ਹੁਣ ਬਾਪੂ ਮੇਰੀ ਪੜ੍ਹਾਈ ਤੇ ਖਿਝਦਾ ਤਾਂ ਨਹੀਂ ਸੀ ਪਰ ਉਹਦੇ ਹੱਥ-ਪੱਲੇ ਕੁਝ ਨਹੀਂ ਸੀ। ਮਾਪੇ ਕਦੇ ਕੁ-ਮਾਪੇ ਨਹੀਂ ਬਣਦੇ, ਪੁੱਤ ਭਾਵੇਂ ਕ-ਪੁੱਤ ਬਣ ਜਾਣ। ਇਸ ਗੱਲ ਦਾ ਪਤਾ ਬੰਦੇ ਨੂੰ ਬਾਅਦ ਵਿੱਚ ਲਗਦਾ ਹੈ।

ਉਹਨੀਂ ਦਿਨੀਂ ਪਿੰਡਾਂ 'ਚ ਕੋਈ ਵਿਰਲਾ ਹੀ ਅਖ਼ਬਾਰ ਪੜ੍ਹਦਾ ਹੁੰਦਾ ਸੀ। ਪਰ ਖੇਤਾਂ 'ਚ ਸਾਡਾ ਇੱਕ ਗਵਾਂਢੀ ਪਰਿਵਾਰ ਪੜ੍ਹਿਆ-ਲਿਖਿਆ ਹੋਣ ਕਰਕੇ ਰੋਜ਼ਾਨਾ ਅਜੀਤ ਅਖ਼ਬਾਰ ਮੰਗਵਾ ਕੇ ਪੜ੍ਹਦਾ ਹੁੰਦਾ ਸੀ। ਇਕ ਦਿਨ ਉਹਨਾਂ ਗਵਾਂਢੀਆਂ ਚੋਂ ਭਾ ਜੀ ਜਗਤਾਰ ਸਿੰਘ (ਸੂਬੇਦਾਰ) ਨੇ ਮੈਨੂੰ ਅਵਾਜ਼ ਮਾਰ ਕੇ ਕਿਹਾ, "ਪਾੜ੍ਹਿਆ! ਜੇ.ਬੀ.ਟੀ. ਟੀਚਰ-ਟ੍ਰੇਨਿੰਗ ਦਾ ਇਸ਼ਤਿਹਾਰ ਆਇਆ ਅੱਜ, ਵੇਰਕੇ ਸਕੂਲ ਦਾ, ਕਰ ਲਾ ਚੁੱਪ ਕਰਕੇ, ਕਿਤੇ ਮਾਸਟਰ ਲਗ ਜਾਏਂਗਾ ਤੇ ਮੈਨੂੰ ਯਾਦ ਕਰੇਂਗਾ," ਕਹਿ ਕੇ ਉਹਨੇ ਅਖ਼ਬਾਰ ਚੋਂ ਇਸ਼ਤਿਹਾਰ ਪਾੜ ਕੇ ਮੈਨੂੰ ਫੜਾ ਦਿੱਤਾ। ਮੈਂ ਆਪਣੇ ਮਿੱਤਰ ਦਰਸ਼ਨ ਤੇ ਗੁਰਬਚਨ ਨੂੰ ਵੀ ਦੱਸਿਆ ਤੇ ਅਗਲੇ ਦਿਨ ਅਸੀਂ ਤਿੰਨੇ ਵੇਰਕੇ ਜਾ ਕੇ ਦਾਖ਼ਲੇ ਲਈ ਬਿਨੈ-ਪੱਤਰ ਦੇ ਆਏ। ਦਾਖ਼ਲਾ ਦਸਵੀਂ ਦੇ ਨੰਬਰਾਂ ਦੀ ਮੈਰਿਟ ਤੇ ਹੋਣਾ ਸੀ। ਸਾਡੇ ਤਿੰਨਾ ਦੇ ਨੰਬਰ ਚੰਗੇ ਸਨ ਇਸ ਕਾਰਨ ਤਿੰਨਾ ਦੀ ਸਲੈਕਸ਼ਨ ਹੋ ਗਈ। ਸਾਡੇ ਪਿੰਡ ਦੇ ਇਕ ਸੀਨੀਅਰ ਸਿੱਖਿਆਰਥੀ ਹਰਿੰਦਰ ਸਿੰਘ, ਜੋ ਉੱਥੇ ਸਾਡੇ ਤੋਂ ਪਹਿਲਾਂ ਜੇ.ਬੀ.ਟੀ. ਕਰ ਰਿਹਾ ਸੀ, ਨੇ ਵੀ ਦਾਖ਼ਲੇ ਸਮੇਂ ਸਾਡੀ ਯਥਾ-ਸ਼ਕਤ ਸਹਾਇਤਾ ਕੀਤੀ ਸੀ।

ਦਾਖ਼ਲਾ ਤਾਂ ਮਿਲ ਗਿਆ ਸੀ ਪਰ ਸੰਸਥਾ ਦੀ ਦਾਖ਼ਲਾ-ਫ਼ੀਸ ਦੀ ਇੱਕ-ਮੁਸ਼ਤ ਰਾਸ਼ੀ ਲੱਗਭੱਗ ਢਾਈ ਸੌ ਰੁਪਏ ਬਣਦੀ ਸੀ ਨਾਲ ਪੰਜਾਹ ਰੁਪਏ ਕਿਤਾਬਾਂ ਦੇ ਸਨ, ਜਿਹੜੇ ਪੰਦਰਾਂ ਦਿਨਾਂ ਦੇ ਅੰਦਰ ਜ਼ਮ੍ਹਾਂ ਕਰਾਉਣੇ ਲਾਜ਼ਮੀ ਸਨ, ਨਹੀਂ ਤਾਂ ਸੀਟ ਰੱਦ ਕਰਕੇ ਵੇਟਿੰਗ ਲਿਸਟ ਵਿੱਚ ਅਗਲੇ ਉਮੀਦਵਾਰ ਨੂੰ ਮਿਲ ਜਾਣੀ ਸੀ। ਘਰੋਂ ਪਤਾ ਕੀਤਾ ਤਾਂ ਬਾਪੂ ਕਹਿਣ ਲੱਗਾ, "ਪੁੱਤਰਾ! ਕਿਸੇ ਤੋਂ ਫੜ੍ਹ-ਦੜ੍ਹ ਕੇ ਸਾਰ ਲਾ, ਝੋਨਿਉਂ ਮੋੜ ਦਿਆਂਗੇ, ਹੁਣ ਤਾਂ ਆੜ੍ਹਤੀਏ ਨੇ ਖਾਦ-ਦਵਾਈ ਜੋਗੇ ਮਸ੍ਹਾਂ ਦੇਣੇ ਆ।" ਸੁਣ ਕੇ ਮੈਨੂੰ ਭਵਿੱਖ ਡਾਵਾਂਡੋਲ ਹੁੰਦਾ ਨਜ਼ਰ ਆਇਆ। ਇਹ ਮੇਰੀ ਜ਼ਿੰਦਗੀ ਦਾ ਅਹਿਮ ਮੋੜ ਸੀ, ਜੇ ਇੱਥੋਂ ਤਿਲਕ ਜਾਂਦਾ ਤਾਂ ਸ਼ਾਇਦ ਮੇਰੇ ਅਗਾਂਹ ਕਿਤੇ ਪੈਰ ਹੀ ਨਾ ਲਗਦੇ। ਆਸ ਦੀ ਇੱਕੋ-ਇੱਕ ਕਿਰਨ ਨਾਨਕੇ ਹੀ ਦਿੱਸਦੀ ਸੀ। ਮੈਂ ਉਧਰ ਭੱਜਾ ਗਿਆ, ਮਾਮਾ ਜੀ ਤਾਂ ਛੁੱਟੀ ਕੱਟ ਕੇ ਚਲੇ ਗਏ ਸਨ ਪਰ ਮਾਮੀ ਜੀ ਦੇ ਰਾਹ 'ਚ ਪਰਿਵਾਰਕ ਜ਼ਿੰਮੇਵਾਰੀਆਂ ਆ ਖਲੋਤੀਆਂ ਤੇ ਉਹ ਚਾਹੁੰਦੇ ਹੋਏ ਵੀ ਮੇਰੀ ਤੁਰੰਤ ਕੋਈ ਮਦਦ ਨਾ ਕਰ ਸਕੇ। ਕਰਦੇ ਵੀ ਕਿਵੇਂ ? ਵੱਡੀ ਭੈਣ ਜੀ ਕੁਲਦੀਪ ਨੇ ਐਮ.ਏ. ਕਰਨ ਲਈ ਗੁਰੂ ਨਾਨਕ ਦੇਵ

ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਦਾਖ਼ਲਾ ਲੈ ਲਿਆ ਸੀ ਤੇ ਰੋਜ਼ ਬੱਸਾਂ ਤੇ ਧੱਕੇ ਖਾਣ ਦੀ ਥਾਂ ਹੋਸਟਲ ਵੀ ਲੈ ਲਿਆ ਸੀ। ਛੋਟੀ ਬਲਜੀਤ ਖਡੂਰ ਸਾਹਿਬ ਬੀ.ਏ. ਕਰ ਰਹੀ ਸੀ। ਦੋਵੇਂ ਭਰਾ ਤੇ ਸਭ ਤੋਂ ਛੋਟੀ ਦਲਜੀਤ ਤਿੰਨੇ ਸਕੂਲ ਪੜ੍ਹਦੇ ਸਨ। ਇੱਕ ਭੈਣ ਸਿਮਰ ਦਸਵੀਂ ਕਰਕੇ ਪੜ੍ਹਨੋਂ ਹਟ ਗਈ ਸੀ। ਪੰਜ ਬੱਚਿਆਂ ਦੀ ਪੜ੍ਹਾਈ, ਨਾਲ ਹੋਰ ਕਿਤਾਬਾਂ-ਕਾਪੀਆਂ ਤੇ ਕੱਪੜੇ-ਲੀੜੇ ਦੇ ਖ਼ਰਚ ਹੁੰਦਿਆਂ ਮੇਰੇ ਲਈ ਗੁੰਜਾਇਸ਼ ਭਲਾ ਕਿਵੇਂ ਨਿੱਕਲਦੀ, ਸਮਝ 'ਚ ਆਉਣ ਵਾਲੀ ਗੱਲ ਸੀ। ਮਾਮਾ ਜੀ ਕਿਉਂਕਿ ਪਹਿਲਾਂ ਮਿਲੀ ਸਾਰੀ ਤਨਖ਼ਾਹ ਘਰ ਖ਼ਰਚ ਕਰ ਗਏ ਸਨ ਇਸ ਕਾਰਨ ਮਾਮੀ ਜੀ ਨੇ ਦੁਬਾਰਾ ਉਹਨਾਂ ਤੋਂ ਮੇਰੇ ਵਾਸਤੇ ਹੋਰ ਰਕਮ ਮੰਗਣਾ ਵਾਜਬ ਨਾ ਸਮਝਿਆ ਤੇ ਮੈਨੂੰ ਬਾਅਦ 'ਚ ਮਦਦ ਕਰਨ ਦਾ ਭਰੋਸਾ ਦਿੱਤਾ। ਪਰ ਮੇਰੇ ਲਈ ਤਾਂ ਜੱਟ ਦੇ ਵੱਤਰ ਸਾਂਭਣ ਵਾਲੀ ਗੱਲ ਸੀ, ਜੇ ਇਕ ਵਾਰ ਮੌਕਾ ਹੱਥੋਂ ਨਿਕਲ ਜਾਂਦਾ ਤਾਂ ਮੁੜ ਕੋਈ ਆਸ ਨਹੀਂ ਸੀ। ਇਸ ਕਾਰਨ ਮੈਨੂੰ ਬੜਾ ਗਹਿਰਾ ਧੱਕਾ ਲੱਗਾ। ਮੈਂ ਕੁਝ ਹੋਰ ਰਿਸ਼ਤੇਦਾਰਾਂ ਨੂੰ ਵੀ ਪਹੁੰਚ ਕੀਤੀ ਪਰ ਹਰ ਥਾਂ ਤੋਂ ਨਿਰਾਸ਼ਤਾ ਹੀ ਪੱਲੇ ਪਈ।

ਨਿਰਾਸ਼ ਹੋ ਕੇ ਮੈਂ ਆਪਣੇ ਦੋਸਤ ਡਾਕਟਰ ਚਰਨ ਸਿੰਘ ਭੱਟੀ ਕੋਲ ਉਹਦੇ ਪਿੰਡ ਨਾਗੋ ਕੇ ਚਲਾ ਗਿਆ। ਡਾਕਟਰ ਭੱਟੀ ਮੇਰਾ ਖਡੂਰ ਸਾਹਬ ਕਾਲਜ ਪੜ੍ਹਦਿਆਂ ਹੀ ਦੋਸਤ ਬਣਿਆ ਸੀ। ਉਦੋਂ ਨਾਨਕੇ ਰਹਿੰਦਿਆਂ ਮੈਨੂੰ ਮਲੇਰੀਆ ਹੋ ਗਿਆ ਸੀ, ਕੰਬ ਕੰਬ ਕੇ ਬੁਖ਼ਾਰ ਚੜ੍ਹਦਾ ਸੀ, ਦੋ 2 ਰਜਾਈਆਂ ਮੇਰੇ ਉੱਤੇ ਪਾਉਂਦੇ, ਭੈਣਾਂ ਉੱਤੋਂ ਮੈਨੂੰ ਦੱਬ ਕੇ ਰੱਖਦੀਆਂ ਪਰ ਦੰਦੋੜਿੱਕੇ ਵੱਜੀ ਜਾਂਦੇ। ਢੋਟੇ ਵਾਲੇ ਡਾਕਟਰ ਤੋਂ ਦਵਾਈ ਲਈ, ਟੀਕੇ ਵੀ ਲਵਾਏ ਪਰ ਪੰਦਰਾਂ-ਵੀਹ ਦਿਨ ਬੁਖ਼ਾਰ ਨੇ ਮੱਤ ਮਾਰੀ ਰੱਖੀ। ਆਖ਼ਰ ਕਿਸੇ ਨੇ ਡਾ. ਭੱਟੀ ਦੀ ਦੱਸ ਪਾਈ, ਡਿਗਦਾ-ਢਹਿੰਦਾ ਮੈਂ ਉਹਦੇ ਕੋਲ ਆਇਆ ਸਾਂ। ਉਹ ਹੋਮੀਓਪੈਥੀ ਦਾ ਪ੍ਰੈਕਟੀਸ਼ਨਰ ਸੀ। ਉਹਨੇ ਮੈਨੂੰ ਮਿੱਠੀਆਂ ਗੋਲੀਆਂ ਦੇ ਕੇ ਹਫ਼ਤੇ ਤੱਕ ਪੂਰਾ ਠੀਕ ਕਰ ਦਿੱਤਾ, ਨਾਲ ਹੀ ਗੋਲੀਆਂ ਵਰਗੇ ਮਿੱਠੇ ਸੁਭਾਅ ਕਾਰਨ ਮੇਰੇ ਕੋਲੋਂ ਨਾਨਕੇ ਰਹਿਣ ਦਾ ਕਾਰਨ ਪਤਾ ਕਰਕੇ ਮੇਰਾ ਹਮਦਰਦ ਬਣ ਗਿਆ ਸੀ। ਉਸ ਦਿਨ ਤੋਂ ਹੀ ਉਹ ਮੇਰੇ ਦਿਲ ਦਾ ਰਾਜ਼ਦਾਨ ਵੀ ਬਣ ਗਿਆ ਸੀ। ਉਹਦੇ ਨਾਲ ਮੈਂ ਦਿਲ ਦੀ ਹਰ ਗੱਲ ਕਰ ਲੈਂਦਾ ਸਾਂ ਤੇ ਕਾਲਜ ਨੂੰ ਆਉਂਦਾ-ਜਾਂਦਾ ਦਸ-ਵੀਹ ਮਿੰਟ ਰਸਤੇ 'ਚ ਪੈਂਦੀ ਉਹਦੀ ਦੁਕਾਨ ਤੇ ਰੁਕ ਵੀ ਜਾਂਦਾ ਸਾਂ। ਇਸੇ ਕਾਰਨ ਮੈਂ ਦਾਖ਼ਲੇ ਦੀ ਸਮੱਸਿਆ ਉਹਦੇ ਨਾਲ ਜਾ ਸਾਂਝੀ ਕੀਤੀ। ਉਹ ਆਪ ਤਾਂ ਮੇਰੀ ਕੋਈ ਮਦਦ ਨਾ ਕਰ ਸਕਿਆ ਪਰ ਉਹਨੇ ਮੈਨੂੰ ਸਾਰੀ ਝਿਜਕ ਲਾਹ ਕੇ ਇਹ ਸਮੱਸਿਆ ਪ੍ਰੋ. ਚੰਨਣ ਸਿੰਘ ਨਾਲ ਸਾਂਝੀ ਕਰਨ ਦਾ ਹੌਂਸਲਾ ਦਿੱਤਾ। ਜਦ ਮੈਂ ਪ੍ਰੋ. ਸਾਹਿਬ ਨਾਲ ਗੱਲ ਕੀਤੀ ਤਾਂ ਇੱਕ ਵਾਰ ਤਾਂ ਸੁਣ ਕੇ ਉਹ ਸੋਚੀਂ ਪੈ ਗਏ ਪਰ ਮੇਰੇ ਚਿਹਰੇ ਤੇ ਛਾਈ ਉਦਾਸੀ ਵੇਖ ਕੇ ਕਹਿਣ ਲੱਗੇ, "ਬਰਖ਼ੁਰਦਾਰ! ਮੈਂ ਹਰ ਸਾਲ

ਆਪਣੀ ਨੇਕ ਕਮਾਈ ਚੋਂ ਇੱਕ ਬੱਚੇ ਦੀ ਮਦਦ ਕਰਦਾ ਹਾਂ ਤੇ ਇਹ ਮੈਂ ਕਰ ਚੁੱਕਾ ਹਾਂ, ਪਰ ਤੂੰ ਨਿਰਾਸ਼ ਨਾ ਹੋ, ਤੇਰਾ ਕੈਰੀਅਰ ਖ਼ਰਾਬ ਨਹੀਂ ਹੋਣ ਦੇਣਾ, ਤੂੰ ਸੋਮਵਾਰ ਆ ਕੇ ਪੈਸੇ ਲੈ ਜਾਈਂ।" ਉਹਨਾਂ ਤੋਂ ਹਾਂ ਹੋ ਜਾਣ ਪਿੱਛੋਂ ਜਿਵੇਂ ਮੇਰੇ ਮਨ ਤੋਂ ਸੈਂਕੜੇ ਮਣ ਭਾਰ ਉੱਤਰ ਗਿਆ ਹੋਵੇ।

ਸੋਮਵਾਰ ਜਾ ਕੇ ਮੈਂ ਪ੍ਰੋਫੈਸਰ ਸਾਹਿਬ ਤੋਂ ਪੈਸੇ ਲੈ ਆਇਆ ਤੇ ਸਿੱਧਾ ਵੇਰਕੇ ਪਹੁੰਚ ਕੇ ਦਾਖ਼ਲਾ ਫ਼ੀਸ ਜਮ੍ਹਾਂ ਕਰਵਾਈ, ਪੰਜਾਹ ਰੁਪਏ ਜੋ ਕਿਤਾਬਾਂ ਲਈ ਸਨ, ਦਰਸ਼ਨ ਨੂੰ ਦੇ ਦਿੱਤੇ ਕਿਉਂਕਿ ਉਹਦੇ ਵੀ ਘਟ ਗਏ ਸਨ। ਬਾਅਦ 'ਚ ਉਹਨੇ ਵਾਪਸ ਮੋੜੇ ਤਾਂ ਮੈਂ ਕੋਰਸ ਦੀਆਂ ਕਿਤਾਬਾਂ ਲੈ ਲਈਆਂ। ਮੈਂ ਪ੍ਰੋਫ਼ੈਸਰ ਸਾਹਬ ਦਾ ਲੱਖ 2 ਸ਼ੁਕਰ ਕੀਤਾ ਤੇ ਉਹਨਾਂ ਦੇ ਅਹਿਸਾਨ ਹੇਠ ਦੱਬਿਆ ਗਿਆ। ਉਹਨਾਂ ਦਾ ਸ਼ੁਕਰੀਆ ਅਦਾ ਕਰਨ ਲਈ ਮੈਂ ਉਹਨਾਂ ਨੂੰ ਅਤਿ ਦੇ ਧੰਨਵਾਦੀ ਲਹਿਜੇ ਵਿੱਚ ਕਈ ਚਿੱਠੀਆਂ ਲਿਖੀਆਂ ਪਰ ਉਹਨਾਂ ਮੇਰੀ ਕਿਸੇ ਚਿੱਠੀ ਦਾ ਜਵਾਬ ਨਾ ਦਿੱਤਾ। ਮਗਰੋਂ ਮਿਲਣ ਤੇ ਉਹਨਾਂ ਨੇ ਮੈਨੂੰ ਦੱਸਿਆ ਕਿ ਉਹ ਕਦੇ ਕਿਸੇ ਨੂੰ ਚਿੱਠੀ ਨਹੀਂ ਲਿਖਦੇ। ਟ੍ਰੇਨਿੰਗ ਕਲਾਸਾਂ ਸ਼ੁਰੂ ਹੋ ਗਈਆਂ ਤੇ ਤਿੰਨ ਕੁ ਮਹੀਨੇ ਬਾਅਦ ਮੰਡੀ ਸੁੱਟੇ ਝੋਨੇ ਦੀ ਪੇਮੈਂਟ ਮਿਲ ਗਈ। ਬਾਪੂ ਨੇ ਮੈਨੂੰ ਪ੍ਰੋਫ਼ੈਸਰ ਸਾਹਬ ਦੇ ਪੈਸੇ ਮੋੜ ਦੇਣ ਲਈ ਆਖਿਆ। ਮੈਂ ਬਾਪੂ ਦੇ ਵਤੀਰੇ ਵਿੱਚ ਆਈ ਤਬਦੀਲੀ ਵੇਖ ਕੇ ਹੈਰਾਨ ਸਾਂ ਕਿ ਉਹ ਮੇਰੀ ਪੜ੍ਹਾਈ ਕਰਨ ਦੀ ਜ਼ਿਦ ਅੱਗੇ ਹਾਰ ਗਿਆ ਸੀ ਪਰ ਇਹ ਭੁੱਲ ਗਿਆ ਸਾਂ ਕਿ ਮਾਪੇ ਕਦੇ ਕੁ-ਮਾਪੇ ਨਹੀਂ ਬਣਦੇ ਹੁੰਦੇ, ਹਮੇਸ਼ਾਂ ਮਜ਼ਬੂਰੀਆਂ ਹੀ ਉਹਨਾਂ ਨੂੰ ਬੱਚਿਆਂ ਦੀਆਂ ਇਛਾਵਾਂ ਪੂਰੀਆਂ ਕਰਨ ਤੋਂ ਰੋਕਦੀਆਂ ਹਨ।

ਇੱਕ ਦਿਨ ਮੈਂ ਪੈਸੇ ਮੋੜਨ ਲਈ ਪ੍ਰੋਫ਼ੈਸਰ ਸਾਹਬ ਨੂੰ ਮਿਲਣ ਕਾਲਜ ਗਿਆ ਪਰ ਉਹ ਕਾਲਜ ਨਾ ਮਿਲੇ, ਮੈਂ ਪੁੱਛ-ਪੁਛਾ ਕੇ ਉਹਨਾਂ ਦੇ ਪਿੰਡ ਗਗੜੇਵਾਲ ਪਹੁੰਚ ਗਿਆ। ਉਹ ਘਰ ਹੀ ਸਨ। ਜਦੋਂ ਮੈਂ ਜੇਬ ਚੋਂ ਕੱਢ ਕੇ ਪੈਸੇ ਉਹਨਾਂ ਨੂੰ ਫੜਾਏ ਤਾਂ ਉਹਨਾਂ ਪੈਸੇ ਵਾਪਸ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਪਤਾ ਨਹੀਂ ਮਨ 'ਚ ਕੀ ਖ਼ਿਆਲ ਆਇਆ ਕਿ ਮੇਰੀਆਂ ਅੱਖਾਂ ਭਰ ਆਈਆਂ ਤੇ ਮੈਂ ਉਹਨਾਂ ਨੂੰ ਸਿਰਫ਼ ਏਨਾ ਹੀ ਕਹਿ ਸਕਿਆ, "ਸਰ! ਜੇ ਤੁਸੀਂ ਇਹ ਵਾਪਸ ਨਾ ਲਏ ਤਾਂ ਮੇਰੀ ਆਤਮਾ ਤੇ ਮਣਾਂ-ਮੂੰਹੀ ਭਾਰ ਪਿਆ ਰਹਿਣਾ। " ਬਦੋ-ਬਦੀ ਸੌ ਸੌ ਦੇ ਤਿੰਨ ਨੋਟ ਮੈਂ ਉਹਨਾਂ ਦੇ ਹੱਥ 'ਚ ਥਮਾ ਦਿੱਤੇ। ਪਰ ਪ੍ਰੋ. ਸਿੱਧੂ ਨੂੰ ਤਾਂ ਕੁਦਰਤ ਨੇ ਕਿਸੇ ਵੱਖਰੀ ਹੀ ਮਿੱਟੀ ਨਾਲ ਹੀ ਬਣਾਇਆ ਸੀ। ਉਹ ਸੇਵਾ ਤੇ ਸਿਮਰਨ ਦੇ ਪੁੰਜ ਸਨ। ਝੱਟ-ਪੱਟ ਪੈਂਤੜਾ ਬਦਲਦਿਆਂ ਬੋਲੇ, "ਸ਼ਿੰਦਿਆ! ਦਰ-ਅਸਲ ਮੈਂ ਵਿਦਿਆਰਥੀਆਂ ਨੂੰ ਦਿੱਤੀ ਮਦਦ ਕਦੇ ਵਾਪਸ ਨਹੀਂ ਲੈਂਦਾ, ਜੇ ਤੂੰ ਬਹੁਤਾ ਮਹਿਸੂਸ ਕਰਦਾਂ ਤਾਂ ਮੈਂ ਇੱਕ ਸੌ ਰੱਖ ਲੈਂਦਾ ਹਾਂ, ਬਾਕੀ ਦੋ ਸੌ ਨਾਲ ਤੂੰ ਕਿਤੇ ਘੁੰਮ-ਫਿਰ ਆਵੀਂ, ਟਰੇਨਿੰਗ ਦੌਰਾਨ ਟੂਰ ਤੇ ਵੀ ਜਾਣਾ ਪੈਂਦਾ। ਪਰ ਮੇਰੀ ਇੱਕ ਗੱਲ ਯਾਦ ਰੱਖੀਂ ਕਿ ਤੈਨੂੰ

ਜ਼ਿੰਦਗੀ 'ਚ ਬਹੁਤ ਲੋੜਵੰਦ ਮਿਲਣਗੇ, ਗੁੰਜਾਇਸ਼ ਕੱਢ ਕੇ ਤੂੰ ਉਹਨਾਂ ਦੀ ਮਦਦ ਕਰਦਾ ਰਹੀਂ, ਤੇਰੀ ਆਤਮਾ ਤੋਂ ਸਾਰਾ ਭਾਰ ਉੱਤਰ ਜਾਏਗਾ।" ਮਨ ਵਿੱਚ ਇਹ ਸੋਚਦਾ ਕਿ ਬਾਬੇ ਨਾਨਕ ਦੇ ਕਹਿਣ ਮੁਤਾਬਕ, ਮਨੁੱਖੀ ਜਾਮੇ ਵਿੱਚ ਵਿਚਰਦੇ ਅਜਿਹੇ ਧਰਮੀਆਂ ਦੇ ਸਿੰਗਾਂ ਤੇ ਹੀ ਇਹ ਧਰਤੀ ਖੜੀ ਹੈ, ਹੋਰ ਕਿਧਰੇ ਕੋਈ ਧੌਲ ਨਹੀਂ ਹੈ', ਮੈਂ ਘਰ ਨੂੰ ਵਾਪਸ ਮੁੜ ਪਿਆ। ਬਾਅਦ 'ਚ ਪ੍ਰੋਫੈਸਰ ਸਾਹਿਬ ਦੀ ਇਸ ਸਵਾਰਥ-ਰਹਿਤ ਦੂਰ-ਦ੍ਰਿਸ਼ਟੀ ਵਾਲੀ ਸੋਚ ਕਾਰਨ ਹੀ ਮੈਂ ਜੇ.ਬੀ.ਟੀ. ਦੇ ਪਹਿਲੇ ਸਾਲ ਦੌਰਾਨ ਸ੍ਰੀ ਹਜ਼ੂਰ ਸਾਹਿਬ ਨੰਦੇੜ, ਅਜੰਤਾ-ਅਲੋਰਾ ਦੀਆਂ ਗੁਫ਼ਾਵਾਂ (ਮਹਾਂਰਾਸ਼ਟਰ), ਗੁ: ਨਾਨਕ ਝੀਰਾ ਬਿਦਰ (ਕਰਨਾਟਕ) ਅਤੇ ਦੂਸਰੇ ਸਾਲ ਸ੍ਰੀ ਅਨੰਦਪੁਰ ਸਾਹਿਬ ਤੇ ਨੇੜਲੇ ਹੋਰ ਕਈ ਇਤਿਹਾਸਕ ਸਥਾਨ ਵੇਖਣ ਲਈ ਸੰਸਥਾ ਵੱਲੋਂ ਟੂਰ ਤੇ ਜਾਣ ਦਾ ਹੌਂਸਲਾ ਕਰ ਸਕਿਆ ਸਾਂ।

# ਟੀਚਰ-ਟ੍ਰੇਨਿੰਗ ਦੇ ਦੋ ਸਾਲ

ਵੇਰਕਾ ਸਾਡੇ ਪਿੰਡ ਤੋਂ ਲੱਗ–ਭੱਗ 45 ਕਿ. ਮੀ. ਦੂਰ ਸੀ। ਭਾਵੇਂ ਟ੍ਰੇਨਿੰਗ–ਸਕੂਲ ਵਿੱਚ ਹੋਸਟਲ ਦੀ ਸੁਵਿਧਾ ਮੌਜੂਦ ਸੀ ਪਰ ਸਾਡੇ ਤਿੰਨਾਂ (ਨਾਲ ਦਰਸ਼ਨ ਤੇ ਗੁਰਬਚਨ ਵੀ) ਦੀ ਮਾੜੀ ਘਰੇਲੂ ਦਸ਼ਾ ਇਸ ਦੀ ਆਗਿਆ ਨਹੀਂ ਸੀ ਦੇਂਦੀ। ਇਸ ਲਈ ਅਸੀਂ ਰੋਜ਼ ਪਿੰਡੋਂ ਹੀ ਵੇਰਕੇ ਜਾਂਦੇ ਸਾਂ। ਬੱਸ–ਕਿਰਾਏ ਦੇ ਬੋਝ ਤੋਂ ਬਚਣ ਲਈ ਅਸਾਂ ਰੋਡਵੇਜ਼ ਦਫ਼ਤਰ ਤੋਂ ਰਿਆਇਤੀ ਬੱਸ–ਪਾਸ ਬਣਵਾ ਲਏ ਸਨ। ਸਮੇਂ ਸਿਰ ਪਹੁੰਚਣ ਲਈ ਸਾਨੂੰ ਤੜ੍ਹਕੇ ਉੱਠ ਕੇ, ਤਿਆਰ ਹੋ ਕੇ, 5 ਵਜੇ ਚੰਡੀਗੜ੍ਹ ਵਾਲੀ ਬੱਸ ਫੜ੍ਹਨੀ ਪੈਂਦੀ ਸੀ। ਸ਼ਾਮ ਨੂੰ ਵਾਪਸ ਘਰ ਮੁੜਦਿਆਂ ਫਿਰ ਸਾਨੂੰ ਸੂਰਜ ਰਾਹ ਵਿੱਚ ਹੀ ਛਿਪ ਜਾਂਦਾ ਸੀ, ਇਸ ਤਰ੍ਹਾਂ ਸੂਰਜ ਦੇਵਤੇ ਨੂੰ ਪਿੰਡ ਅਸੀਂ ਕੇਵਲ ਐਤਵਾਰ ਹੀ ਵੇਖ ਸਕਦੇ ਸਾਂ। ਦੁਪਹਿਰ ਦੀ ਰੋਟੀ ਅਸੀਂ ਘਰੋਂ ਨਾਲ ਲੈ ਕੇ ਜਾਂਦੇ ਸਾਂ ਤੇ ਅੱਧੀ ਛੁੱਟੀ ਵੇਲੇ ਸਕੂਲ ਦੇ ਬਾਹਰ ਇੱਕ ਦੁਕਾਨ ਤੋਂ ਛੋਲੇ ਲੈ ਕੇ ਖਾ ਲੈਂਦੇ ਸਾਂ। ਮੈਨੂੰ ਯਾਦ ਹੈ ਕਿ ਮਾਂ ਰੋਜ਼ ਰੋਟੀ ਖਾਣ ਲਈ ਮੈਨੂੰ ਇੱਕ ਧੇਲੀ (ਪੰਜਾਹ ਪੈਸੇ) ਦੇ ਕੇ ਤੋਰਦੀ ਸੀ ਜਿਸ ਵਿੱਚੋਂ 40 ਪੈਸਿਆਂ ਦੇ ਛੋਲੇ ਲੈ ਕੇ ਦਸ ਪੈਸੇ ਵਧ ਜਾਂਦੇ ਸਨ, ਇਹ ਦਸ ਪੈਸੇ ਮੇਰੇ ਬੋਝੇ ਦੀ ਰੌਣਕ ਹੁੰਦੀ ਸੀ।

ਸਕੂਲ ਵਿੱਚ ਦੋ ਬੈਚਾਂ ਦੇ ਲੱਗ–ਭੱਗ ਡੇਢ ਸੌ ਸਿਖਿਆਰਥੀ ਟ੍ਰੇਨਿੰਗ ਲੈ ਰਹੇ ਸਨ। ਕੋਰਸ ਦੋ ਸਾਲ ਦਾ ਸੀ ਪਰ ਪਹਿਲੇ ਸਾਲ 'ਚ ਹੀ ਅਸੀਂ ਆਪਣੇ ਅਧਿਆਪਕਾਂ ਦੀਆਂ ਨਜ਼ਰਾਂ ਵਿੱਚ ਚੰਗੀ ਥਾਂ ਬਣਾ ਲਈ ਸੀ। ਸਾਡੇ ਪਿੰਡ ਦਾ ਇੱਕ ਹੋਰ ਅਧਿਆਪਕ ਹਰਿੰਦਰ ਸਿੰਘ ਥੇਹ ਵਾਲਾ ਵੀ ਸਾਡੇ ਤੋਂ ਪਹਿਲੇ ਬੈਚ ਵਿੱਚ ਉੱਥੇ ਜੇ. ਬੀ. ਟੀ. ਕਰ ਰਿਹਾ ਸੀ। ਉਹਨੇ ਵੀ ਦਾਖ਼ਲੇ ਸਮੇਂ ਸਾਡੀ ਬੜੀ ਮਦਦ ਕੀਤੀ ਸੀ ਤੇ ਸਾਰੇ ਟੀਚਰਾਂ ਨਾਲ ਸਾਡੀ ਜਾਣ–ਪਛਾਣ ਕਰਵਾ ਦਿੱਤੀ ਸੀ ਜਿਸ ਦਾ ਸਾਨੂੰ ਬੜਾ ਲਾਭ ਹੋਇਆ ਸੀ। ਸਾਲਾਨਾ ਇਮਤਿਹਾਨ ਤੋਂ ਪਹਿਲਾਂ ਸਕੂਲ ਵੱਲੋਂ ਅਸੈੱਸਮੈਂਟ ਭੇਜੀ ਜਾਂਦੀ ਸੀ, ਜਿਹੜੇ ਵੀ ਸਿਖਿਆਰਥੀ ਆਪਣੀ ਫੋਕੀ ਟਹੁਰ 'ਚ ਰਹਿੰਦਿਆਂ ਅਧਿਆਪਕਾਂ ਨੂੰ ਬਣਦਾ ਮਾਣ–ਸਤਿਕਾਰ ਨਹੀਂ ਦੇਂਦੇ ਸਨ, ਕੁਦਰਤੀ ਤੌਰ ਤੇ ਅਸੈੱਸਮੈਂਟ 'ਚ ਕਸਰ ਖਾਂਦੇ ਸਨ। ਹਰਿੰਦਰ ਵੱਲੋਂ ਬਣਾਏ ਵਕਾਰ ਕਰਕੇ ਜਾਂ ਸਾਡੇ ਵੱਲੋਂ ਆਪਣੇ ਅਧਿਆਪਕਾਂ ਦਾ ਬਣਦਾ ਮਾਣ–ਸਤਿਕਾਰ ਕਰਨ ਵਾਲੇ ਸ਼ੁਭਾਅ ਕਰਕੇ ਕੁਝ ਅਧਿਆਪਕਾਂ ਨਾਲ ਸਾਡੇ ਗਹਿਰੇ ਸਬੰਧ ਬਣ

ਗਏ ਸਨ।

ਸ੍. ਸੁਦਰਸ਼ਨ ਸਿੰਘ ਭੱਲਾ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਸਨ ਜੋ ਅੰਮ੍ਰਿਤਸਰ 'ਚ ਸੁਲਤਾਨਵਿੰਡ ਏਰੀਏ 'ਚ ਰਹਿੰਦੇ ਸਨ। ਉਹ ਗੁਰੂ-ਘਰ ਦੇ ਬੜੇ ਸ਼ਰਧਾਲੂ ਸਨ ਤੇ ਸਵੇਰੇ-ਸ਼ਾਮ ਹਰਿਮੰਦਰ ਸਾਹਿਬ ਜਾਂਦੇ ਸਨ। ਉਹਨਾਂ ਦਾ ਸੁਭਾਅ ਬੜਾ ਹੱਸਮੁਖ ਤੇ ਖੁੱਲ੍ਹਦਿਲਾ ਸੀ। ਉਹ ਬਹੁਤ ਘੱਟ ਗੁੱਸੇ ਵਿੱਚ ਵੇਖੇ ਜਾਂਦੇ ਸਨ। ਉਹਨਾਂ ਦਾ ਸਿੱਖਿਆਰਥੀਆਂ ਨੂੰ ਪੜ੍ਹਾਉਣ ਦਾ ਢੰਗ ਬੜਾ ਦਿਲਚਸਪ ਤੇ ਬੋਲੀ ਨਿਮਰਤਾ ਵਾਲੀ ਸੀ। ਉਹ ਸਾਨੂੰ ਸਾਇੰਸ ਪੜ੍ਹਾਉਂਦੇ ਸਨ। ਆਪਣਾ ਟੌਪਿਕ ਡਿਸਕੱਸ ਕਰਦਿਆਂ ਜਦੋਂ ਬਲੈਕ-ਬੋਰਡ ਤੇ ਫ਼ਿੱਗਰ ਬਣਾ ਕੇ ਸਮਝਾਉਂਦੇ ਸਨ ਤਾਂ ਦੂਜੀ ਵਾਰ ਪੜ੍ਹਨ ਦੀ ਲੋੜ ਨਹੀਂ ਸੀ ਪੈਂਦੀ। ਸ੍. ਬਲਬੀਰ ਸਿੰਘ ਫ਼ਤਹਿਪੁਰ ਰਾਜਪੂਤਾਂ ਆਰਟ-ਕ੍ਰਾਫਟ ਟੀਚਰ ਸਨ। ਉਹ ਪੜ੍ਹਾਉਂਦੇ ਵੀ ਸਨ ਤੇ ਹਸਾਉਂਦੇ ਵੀ ਸਨ। ਸ੍ਰੀ ਜ਼ੁਗਲ ਕਿਸ਼ੋਰ ਵੱਲੇ ਵਾਲੇ ਸਾਨੂੰ ਸਮਾਜਿਕ ਪੜ੍ਹਾਉਂਦਿਆਂ ਜ਼ਿੰਦਗੀ 'ਚ ਕੰਮ ਆਉਣ ਵਾਲੀਆਂ ਗੱਲਾਂ ਦੱਸਦੇ ਰਹਿੰਦੇ ਸਨ। ਉਹ ਸਿੱਖਿਆਰਥੀਆਂ ਨਾਲ ਪਿਆਰ ਤੇ ਹਮਦਰਦੀ ਭਰਿਆ ਵਤੀਰਾ ਧਾਰਨ ਕਰਦੇ ਸਨ। ਅਸੀਂ ਕਦੇ ਕਦਾਈਂ ਉਨਾਂ ਦੇ ਘਰ ਜਾਂਦੇ ਤਾਂ ਉਹਨਾਂ ਦੀ ਪਤਨੀ ਆਪਣੇ ਬੱਚਿਆਂ ਵਾਂਗ ਸਾਨੂੰ ਪਰਾਉਂਠੇ ਪਕਾ ਕੇ ਖਵਾਉਂਦੇ ਸਨ। ਡੀ ਪੀ ਸਾਹਬ ਵੀ ਬੜੇ ਮਜ਼ਾਹੀਆ ਕਿਸਮ ਦੇ ਵਿਅਕਤੀ ਸਨ।

ਇਸ ਸੰਸਥਾ ਵਿੱਚ ਸਾਨੂੰ ਪੜ੍ਹਾਉਣ ਦੀ ਟਰੇਨਿੰਗ ਦੇ ਨਾਲ 2 ਹਰ ਰੋਜ਼ ਸਵੇਰ ਦੀ ਪ੍ਰਾਰਥਨਾ ਸਮੇਂ ਸਟੇਜ ਤੋਂ ਆਪਣੇ ਵਿਚਾਰ ਪ੍ਰਗਟ ਕਰਕੇ ਚੰਗੇ ਵਕਤਾ ਬਣਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਇਸ ਸੰਸਥਾ ਵਿੱਚ ਹੀ ਸਟੇਜ ਤੇ ਖੜ੍ਹ ਕੇ ਸੌ-ਦੋ-ਸੌ ਦੇ ਇਕੱਠ 'ਚ ਬੋਲਣ ਦਾ ਵੱਲ ਸਿੱਖਿਆ ਜੋ ਅੱਗੇ ਜਾ ਕੇ ਮੇਰੇ ਬੜੇ ਕੰਮ ਆਇਆ। ਹੋਰ ਵੀ ਕਈ ਅਧਿਆਪਕ ਇੱਥੋਂ ਚੰਗੇ ਵਕਤਾ ਬਣ ਕੇ ਗਏ। ਸੰਸਥਾ ਦੇ ਕੁਝ ਸਿਖਿਆਰਥੀ ਜਿਹਨਾਂ ਦੇ ਘਰ ਦੂਰ ਸਨ ਜਾਂ ਘਰੋਂ ਮਾਇਕ ਤੌਰ ਤੇ ਚੰਗੇ ਸਨ, ਹੋਸਟਲ ਵਿੱਚ ਰਹਿੰਦੇ ਸਨ। ਹੋਸਟਲ ਦੀ ਜ਼ਿੰਦਗੀ ਦਾ ਆਪਣਾ ਵੱਖਰਾ ਹੀ ਰੰਗ ਹੁੰਦਾ ਹੈ। ਕਦੇ ਕਦਾਈਂ ਮੈਂ ਵੀ ਉਹਨਾਂ ਸਾਥੀਆਂ ਦੇ ਕਹਿਣ ਤੇ ਉਹਨਾਂ ਨਾਲ ਹੋਸਟਲ ਰਹਿ ਪੈਂਦਾ ਸਾਂ ਤੇ ਹੋਸਟਲ ਦੀ ਅਜ਼ਾਦ ਜ਼ਿੰਦਗੀ ਦਾ ਅਨੰਦ ਮਾਣ ਲੈਂਦਾ ਸਾਂ। ਪਹਿਲੇ ਸਾਲ ਦੇ ਅੱਧ ਤੱਕ ਪਹੁੰਚਦਿਆਂ ਸਾਡੀ ਯਾਰੀ-ਦੋਸਤੀ ਦਾ ਘੇਰਾ ਕਾਫ਼ੀ ਵਧ ਗਿਆ ਸੀ। ਹਰਭਜਨ ਸਿੰਘ ਸੰਧੂ ਮੁੱਛਲਾਂ ਵਾਲਾ ਤੇ ਵਜ਼ੀਰ ਚੰਦ ਗੱਗੋਮਾਹਲ ਇੱਥੇ ਹੀ ਮੇਰੇ ਗੂੜ੍ਹੇ ਮਿੱਤਰ ਬਣੇ ਹਨ।

ਸੁਰਜੀਤ ਝਾਮਕੇ ਦਾ ਪਿੰਡ ਮੇਰੇ ਪਿੰਡ ਦੇ ਨੇੜੇ ਹੀ ਸੀ। ਉਹ ਸਾਡੇ ਤੋਂ ਪਿਛਲੇ ਸੈਸ਼ਨ 'ਚ ਸੀ। ਉਹਦੀ ਘਰੇਲੂ ਹਾਲਤ ਵੀ ਉਦੋਂ ਇੰਨ ਬਿੰਨ ਮੇਰੇ ਵਰਗੀ ਹੀ ਸੀ। ਉਹਦੇ ਦੂਜੇ

ਸਾਲ 'ਚ ਪਹੁੰਚਣ ਤੱਕ ਮੈਨੂੰ ਨੌਂਕਰੀ ਮਿਲ ਗਈ ਸੀ ਜਿਸ ਕਰਕੇ ਮੈਂ ਮਾੜੀ-ਮੋਟੀ ਉਹਦੀ ਮਦਦ ਕਰ ਸਕਿਆ। ਉਹ ਜੇ.ਬੀ.ਟੀ. ਟੀਚਰ ਤੋਂ ਤਰੱਕੀ ਲੈ ਕੇ ਸੈਂਟਰ ਹੈੱਡ ਟੀਚਰ ਬਣ ਕੇ ਰਿਟਾਇਰ ਹੋਇਆ। ਕਾਰਜ ਸਿੰਘ ਤਾਂ ਸਾਡੇ ਪਿੰਡ ਦਾ ਹੀ ਸੀ, ਉਹਨੇ ਆਪਣੇ ਹਿੱਸੇ ਦੀ ਪੈਲ਼ੀ ਗਹਿਣੇ ਪਾ ਕੇ ਫ਼ਰੀਡਮ-ਫ਼ਾਈਟਰ ਕੈਟੇਗਰੀ ਅਧੀਨ ਜੇ.ਬੀ.ਟੀ. 'ਚ ਦਾਖ਼ਲੇ ਲਈ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ ਪਰ ਕੇਸ ਹਾਰ ਗਿਆ ਸੀ। ਅਗਲੇ ਸਾਲ ਉਹਨੂੰ ਦਾਖ਼ਲਾ ਮਿਲ ਗਿਆ ਤੇ ਉਹਨੇ ਜੇ.ਬੀ.ਟੀ. ਕਰਕੇ ਨੌਂਕਰੀ ਲੈਣ ਦਾ ਕਿਲ੍ਹਾ ਫ਼ਤਿਹ ਕਰ ਲਿਆ। ਰਿਟਾਇਰਮੈਂਟ ਉਪ੍ਰੰਤ ਉਹ ਕੁਝ ਦਿਨ ਹਸਪਤਾਲ ਦਾਖ਼ਲ ਰਹਿ ਕੇ ਦਮ ਤੋੜ ਗਿਆ।

ਹੋਸਟਲ ਵਿੱਚ ਆਮ ਤੌਰ ਤੇ ਵਿਹਲੇ ਸਮੇਂ ਰਾਜਨੀਤਿਕ ਵਿਚਾਰ-ਚਰਚਾ ਚੱਲਦੀ ਰਹਿੰਦੀ ਸੀ। ਵਜ਼ੀਰ ਚੰਦ ਦਾ ਸਾਰਾ ਟੱਬਰ ਕਾਮਰੇਡ ਸੀ ਤੇ ਪਿੰਡ ਵਿੱਚ ਕਮਿਊਨਿਸਟ ਪਾਰਟੀ ਦਾ ਯੂਨਿਟ ਕੰਮ ਕਰਦਾ ਸੀ। ਇਸ ਕਰਕੇ ਉਹਦੇ ਮਨ ਤੇ ਇਸ ਵਿਚਾਰਧਾਰਾ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਹਰਭਜਨ ਦੀ ਹਮਦਰਦੀ ਵੀ ਹਮੇਸ਼ਾਂ ਲੁੱਟੇ ਜਾਣ ਵਾਲੇ ਗਰੀਬ ਲੋਕਾਂ ਨਾਲ ਹੁੰਦੀ ਸੀ। ਉਹ ਲੁਟੇਰਿਆਂ ਖ਼ਿਲਾਫ਼ ਸੰਘਰਸ਼ ਕਰਨ ਲਈ ਹਰ ਦਮ ਤਿਆਰ ਰਹਿੰਦਾ ਸੀ। ਮੈਂ ਹੁਣ ਤੱਕ ਕੇਵਲ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿੱਚ ਹੀ ਸਮਾਜਵਾਦ ਤੇ ਕਮਿਊਨਿਸਟਾਂ ਬਾਰੇ ਪੜ੍ਹਿਆ ਸੀ। ਇਹ ਤਾਂ ਸਮਝ ਬਣ ਗਈ ਸੀ ਕਿ ਸਮੁੱਚੇ ਦੇਸ਼ ਵਿੱਚ ਮੇਰੇ ਵਰਗੇ ਹਜ਼ਾਰਾਂ ਗਰੀਬ, ਦੁਖੀ ਤੇ ਥੁੜਾਂ-ਮਾਰੇ ਲੋਕ ਹਨ ਪਰ ਹੁਣ ਤੱਕ ਮੈਨੂੰ ਇਹਨਾਂ ਦੁਖੀਆਂ ਤੇ ਥੁੜਾਂ-ਮਾਰਿਆਂ ਦੀ ਬੰਦ-ਖ਼ੁਲਾਸੀ ਦਾ ਕੋਈ ਰਾਹ ਨਜ਼ਰ ਨਹੀਂ ਸੀ ਆਇਆ। ਇਹ ਰਾਹ ਕੁਝ ਤਾਂ ਵਜ਼ੀਰ ਚੰਦ ਨਾਲ ਹੋਈ ਮੁੱਢਲੀ ਵਿਚਾਰ-ਚਰਚਾ ਰਾਹੀਂ ਦਿਸਿਆ ਤੇ ਕੁਝ ਮਜ਼ਦੂਰਾਂ ਦੇ ਆਗੂ ਕਾਮਰੇਡ ਕੁਲਦੀਪ ਨੇ ਇਕ ਰਾਤ ਨੂੰ ਹੋਸਟਲ 'ਚ ਮੀਟਿੰਗ ਕਰਕੇ ਦਿਖਾਇਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਮੈਂ, ਹਰਭਜਨ ਸੰਧੂ ਤੇ ਵਜ਼ੀਰ ਚੰਦ ਭਾਰਤ ਦੇ ਪੂੰਜੀਵਾਦੀ ਹਾਕਮਾਂ ਤੋਂ ਮਜ਼ਦੂਰ ਜਮਾਤ ਦੀ ਬੰਦ-ਖ਼ੁਲਾਸੀ ਅਤੇ ਭਾਰਤ ਵਿੱਚ ਸਮਾਜਵਾਦ ਦੀ ਸਥਾਪਤੀ ਦੇ ਲੰਬੇ ਸੰਘਰਸ਼ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਉਣ ਲਈ ਯਤਨਸ਼ੀਲ ਰਹੇ ਹਾਂ।

# ਰੋਜ਼ਗਾਰ ਦੀ ਭਾਲ ਤੇ ਖਾਲਸਾ ਸਕੂਲ ਦੀ ਨੌਂਕਰੀ

ਔਖੇ-ਸੌਖੇ ਮੇਰੀ ਜੇ.ਬੀ.ਟੀ. ਵਾਲੀ ਬੇੜੀ ਮੰਝਧਾਰ ਚੋਂ ਪਾਰ ਲੰਘ ਗਈ ਤੇ ਦੂਜੇ ਸਾਲ ਦਾ ਇਮਤਿਹਾਨ ਦੇ ਕੇ ਮੈਂ ਵਿਹਲਾ ਹੋ ਗਿਆ। ਹੁਣ ਘਰ ਖੇਤੀ ਦਾ ਕੰਮ ਕਰਨ ਨੂੰ ਜੀਅ ਨਹੀਂ ਕਰਦਾ ਸੀ ਤੇ ਹੋਰ ਕੋਈ ਕੰਮ ਮਿਲਦਾ ਨਹੀਂ ਸੀ। ਇੱਕ ਦਿਨ ਪੰਡਤ ਜੁਗਲ ਕਿਸ਼ੋਰ ਨੂੰ ਜਾ ਕੇ ਮਿਲਿਆ ਤਾਂ ਕਿ ਕਿਸੇ ਫੈਕਟਰੀ 'ਚ ਕੰਮ ਲੱਭ ਸਕੇ। ਉਹਨਾਂ ਦੱਸਿਆ ਸੀ ਕਿ ਉਹਨਾਂ ਦਾ ਵੱਡਾ ਬੇਟਾ ਟੈਕਨੀਕਲ ਡਿਪਲੋਮਾ ਕਰਕੇ ਓ.ਸੀ.ਐਮ. ਮਿੱਲ ਵਿੱਚ ਬਤੌਰ ਸੁਪਰਡੰਟ ਨੌਂਕਰੀ ਕਰਦਾ ਹੈ। ਉਹਨਾਂ ਮੈਨੂੰ ਉਹਦਾ ਥਹੁ-ਪਤਾ ਦੱਸ ਕੇ ਤੇ ਸਿਫ਼ਾਰਸ਼ੀ-ਰੁੱਕਾ ਦੇ ਕੇ ਅੰਮ੍ਰਿਤਸਰ ਨੂੰ ਤੋਰ ਦਿੱਤਾ। ਮਿੱਲ ਅੰਦਰ ਜਾ ਕੇ ਮੈਂ ਉਹਨੂੰ ਰੁੱਕਾ ਜਾ ਫੜਾਇਆ ਤੇ ਕੰਮ ਤੇ ਲਵਾਉਣ ਦੀ ਬੇਨਤੀ ਕੀਤੀ। ਉਹ ਆਪਣੇ ਪਿਤਾ ਜੀ ਦਾ ਰੁੱਕਾ, ਮੇਰੀ ਪੜ੍ਹਾਈ ਤੇ ਪੋਚਵੀਂ ਪੱਗ ਵੇਖ ਕੇ ਸੋਚੀਂ ਪੈ ਗਿਆ। ਕਹਿਣ ਲੱਗਾ, "ਵੀਰ ਜੀ! ਡੇਲੀ-ਵੇਜ ਤੇ (ਦਿਹਾੜੀ ਤੇ) ਤਾਂ ਤਹਾਨੂੰ ਮੈਂ ਲਵਾਉਣਾ ਨਹੀਂ, ਬਾਰਾਂ ਰੁਪਏ ਸਾਰੀ ਦਿਹਾੜੀ ਆ ਤੇ ਜਦੋਂ ਮਰਜੀ ਜਵਾਬ ਦੇ ਦੇਂਦੇ ਆ। ਮਹੀਨਾ ਇੱਕ-ਡੇਢ ਰੁਕ ਜਾਓ, ਸੁਪਰਵਾਈਜ਼ਰ ਦੀ ਪੋਸਟ ਖਾਲੀ ਹੋ ਜਾਣ ਦਿਉ, ਮੈਂ ਤਹਾਨੂੰ ਸੁਪਰਵਾਈਜ਼ਰ ਲਵਾ ਦਊਂ। ਸਾਢੇ ਪੰਜ ਸੌ ਤਨਖ਼ਾਹ ਤੇ ਓਵਰ-ਟਾਈਮ ਵੱਖਰਾ ਮਿਲ ਜਾਂਦਾ।" ਬੁਲੰਦ ਹੌਂਸਲੇ ਨਾਲ ਮੈਂ ਸੁਪਰਵਾਈਜ਼ਰ ਦੀ ਨੌਂਕਰੀ ਦਾ ਸੁਪਨਾ ਹਿੱਕ 'ਚ ਛੁਪਾ ਕੇ ਘਰ ਨੂੰ ਵਾਪਸ ਮੁੜ ਆਇਆ। ਭਾਵੇਂ ਮੈਂ ਡੇਲੀ ਵੇਜ ਤੇ ਵੀ ਕੰਮ ਕਰਨ ਨੂੰ ਤਿਆਰ ਸਾਂ, ਪਰ ਮੈਂ ਉਹਦੇ ਨਾਲ ਜ਼ਿਦ ਨਾ ਕੀਤੀ। ਨੌਂਕਰੀ ਉਡੀਕਦਿਆਂ ਦੋ-ਢਾਈ ਮਹੀਨੇ ਲੰਘ ਗਏ ਪਰ ਓ.ਸੀ.ਐਮ. ਮਿੱਲ ਵੱਲੋਂ ਮੈਨੂੰ ਕੋਈ ਸੁਨੇਹਾਂ ਨਾ ਮਿਲਿਆ। ਏਨੇ ਚਿਰ ਨੂੰ ਜੇ.ਬੀ.ਟੀ. ਦਾ ਰਿਜ਼ਲਟ ਆ ਗਿਆ ਤੇ ਮੈਂ ਸਮੇਤ ਆਪਣੇ ਮਿੱਤਰਾਂ ਦੇ ਫ਼ਸਟ ਡਵੀਜ਼ਨ ਲੈ ਕੇ ਟ੍ਰੇਨਿੰਗ ਪਾਸ ਕਰ ਲਈ। ਸੰਸਥਾ ਵੱਲੋਂ ਸਾਨੂੰ ਪ੍ਰੋਵੀਜ਼ਨਲ ਸਰਟੀਫਿਕੇਟ ਜਾਰੀ ਕਰ ਦਿੱਤੇ ਗਏ।

ਸਰਟੀਫਿਕੇਟ ਲੈ ਕੇ ਮੈਂ ਉਚੇਚਾ ਪ੍ਰਿੰ: ਭੱਲਾ ਸਾਹਬ ਨੂੰ ਮਿਲਿਆ ਤੇ ਉਹਨਾਂ ਨੂੰ ਘਰ ਦੀ ਗਰੀਬੀ ਦਾ ਵਾਸਤਾ ਪਾ ਕੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਟੀਚਰ ਦੀ ਜੌਬ ਦਿਵਾਉਣ ਦੀ ਬੇਨਤੀ ਕੀਤੀ। ਉਹਨਾਂ ਨੇ ਮੈਨੂੰ ਹੌਂਸਲਾ ਦਿੱਤਾ ਤੇ ਨੌਂਕਰੀ ਦਿਵਾਉਣ ਦਾ ਵਾਅਦਾ ਵੀ ਕੀਤਾ। ਦੋ ਸਾਲ ਪਹਿਲਾਂ ਪੰਜਾਬ ਸਰਕਾਰ ਸਕੂਲ-ਸਿੱਖਿਆ ਦਾ

ਵਾਹਵਾ ਪਸਾਰ ਕਰ ਰਹੀ ਸੀ ਤੇ ਸਿੱਟੇ ਵਜੋਂ ਟੀਚਰਾਂ ਨੂੰ ਜੇ.ਬੀ.ਟੀ. ਕਰਦੇ ਸਾਰ ਨਤੀਜਾ ਆਉਣ ਤੋਂ ਪਹਿਲਾਂ ਹੀ ਸਰਕਾਰੀ ਨੌਂਕਰੀ ਮਿਲ ਜਾਂਦੀ ਸੀ ਪਰ ਸਾਡਾ ਬੈਚ ਨਿਕਲਣ ਤੇ ਜਿਵੇਂ ਸਰਕਾਰ ਨੂੰ ਸੱਪ ਸੁੰਘ ਗਿਆ ਸੀ ਕਿ ਹੋਰ ਟੀਚਰਾਂ ਦੀ ਲੋੜ ਨਹੀਂ ਸੀ ਰਹੀ, ਕੁਝ ਸਮਾਂ ਖੜੋਤ ਆ ਗਈ ਸੀ। ਕੁਝ ਸਿਫਾਰਸ਼ ਤੇ ਰਿਸ਼ਵਤਖ਼ੋਰੀ ਦਾ ਰੁਝਾਨ ਵੀ ਪਣਪ ਰਿਹਾ ਸੀ। ਅਨਪੜ੍ਹ ਲੋਕ ਵੀ ਕਿਆਸ ਕਰਨ ਲੱਗ ਪਏ ਸਨ ਕਿ ਸਰਕਾਰੀ ਨੌਂਕਰੀ ਲੈਣਾ ਹੁਣ ਖ਼ਾਲਾ ਜੀ ਦਾ ਵਾੜਾ ਨਹੀਂ ਰਿਹਾ।

ਸਾਡਾ ਇੱਕ ਗਵਾਂਢੀ ਸੀ ਸੂਰਤਾ ਸਿੰਘ ਲੰਮਾ, ਚਿੱਟਾ ਅਨਪੜ੍ਹ, ਇੱਕ ਦਿਨ ਮੈਨੂੰ ਕਹਿਣ ਲੱਗਾ, "ਪਾੜ੍ਹਿਆ! ਕੋਈ ਸਿਫਾਰਸ਼-ਸਿਫੂਰਸ਼ ਜਾਂ ਵਾਧੂ ਮਾਇਆ ਹੈ ਤੇਰੇ ਕੋਲ ਕਿ ਨਹੀਂ?"

ਮੈਂ ਕਿਹਾ, "ਨਹੀਂ ਚਾਚਾ, ਸਿਫਾਰਸ਼ ਤਾਂ ਕੋਈ ਨਹੀਂ ਆਪਣੇ ਕੋਲ ਤੇ ਨਾ ਕੋਈ ਪੈਸਾ ਈ ਆ ਵਾਧੂ ਬਾਪੂ ਕੋਲ।"

"ਫਿਰ ਨੌਂਕਰੀ ਦੀ ਝਾਕ ਲਾਹ ਦੇ ਤੇ ਡੰਗਰਾਂ ਨੂੰ ਪੱਠੇ ਪਾ ਚੁੱਪ ਕਰਕੇ", ਉਹਨੇ ਗੱਲ ਨਿਬੇੜੀ।

ਮੈਨੂੰ ਉਹਦੀ ਗੱਲ ਬੜੀ ਚੁਭੀ ਭਾਂਵੇਂ ਇਹ ਸੱਚੀ ਸੀ ਪਰ ਮੈਂ ਅਜੇ ਆਸ ਦਾ ਪੱਲਾ ਨਹੀਂ ਸੀ ਛੱਡਿਆ, ਬੋਲ ਉੱਠਿਆ, "ਚਿੰਤਾ ਨਾ ਕਰ ਚਾਚਾ, ਬਿਨਾਂ ਪੈਸਿਆਂ ਤੇ ਬਿਨਾਂ ਸਿਫਾਰਸ਼ ਦੇ ਨੌਂਕਰੀ ਲੈਣੀ ਆ, ਮੈਂ ਪੜ੍ਹਾਈ ਕੀਤੀ ਆ ਕੋਈ ਝੱਖ ਨਹੀਂ ਮਾਰੀ।"

"ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ", ਕਹਿ ਕੇ ਉਹ ਪਾਸਾ ਵੱਟ ਕੇ ਤੁਰ ਗਿਆ।

ਮੈਂ ਕਿਹਾ, "ਚਾਚਾ! ਸੁਣਦਾ ਜਾਹ ਫੇਰ, ਵੱਢੀ ਦੇਣ ਜੋਗੇ ਤਾਂ ਮੇਰੇ ਕੋਲ ਪੈਸੇ ਹੈ ਨਹੀਂ ਤੇ ਸਿਫ਼ਾਰਸ਼ ਵੀ ਗਰੀਬ ਬੰਦੇ ਦੀ ਕੋਈ ਨਹੀਂ ਕਰਦਾ ਹੁੰਦਾ ਪਰ ਸਰਕਾਰ ਤੋਂ ਆਪਣੀ ਯੋਗਤਾ ਨਾਲ ਨੌਂਕਰੀ ਲੈਣੀ ਮੇਰਾ ਹੱਕ ਆ, ਜੋ ਦੇਰ-ਸਵੇਰ ਮੈਨੂੰ ਮਿਲਣਾ ਈ ਮਿਲਣਾ।" ਕਹਿਣ ਨੂੰ ਤਾਂ ਮੈਂ ਕਹਿ ਗਿਆ ਸਾਂ ਪਰ ਇਸ ਗੱਲ ਦੀ ਕੋਈ ਗਰੰਟੀ ਨਹੀਂ ਸੀ, ਇਹ ਵੀ ਮੈਨੂੰ ਪਤਾ ਸੀ।

ਲੋਕ ਕਹਿੰਦੇ ਹਨ ਕਿ ਜਦੋਂ ਰੱਬ ਦੇਂਦਾ ਹੈ ਤਾਂ ਛੱਪਰ ਪਾੜ ਕੇ ਦੇਂਦਾ ਹੈ ਭਾਵੇਂ ਬੂਹੇ ਬੰਦ ਈ ਕਿਉਂ ਨਾ ਹੋਣ, ਕੁਝ ਇਸ ਤਰ੍ਹਾਂ ਹੀ ਵਾਪਰਿਆ। ਢਾਈ ਮਹੀਨੇ ਬਾਅਦ ਜਦੋਂ ਮੈਂ ਦੂਜੇ ਸਾਲ ਦਾ ਅਸਲ ਸਰਟੀਫਿਕੇਟ ਲੈਣ ਵੇਰਕੇ ਗਿਆ ਤਾਂ ਭੱਲਾ ਸਾਹਬ ਨੂੰ ਮਿਲਿਆ। ਉਹਨਾਂ ਨੇ ਮੈਨੂੰ ਖ਼ੁਸ਼ਖ਼ਬਰੀ ਸੁਣਾਈ ਕਿ ਅੰਮ੍ਰਿਤਸਰ ਸ਼ਹਿਰ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਜੇ.ਬੀ.ਟੀ. ਟੀਚਰ ਦੀਆਂ ਦੋ ਪੋਸਟਾਂ ਖਾਲੀ ਹੋਣ ਦੀ ਸੂਚਨਾ ਮਿਲੀ ਹੈ ਤੇ ਅਗਲੇ ਹਫ਼ਤੇ ਮੈਨੂੰ ਅੰਮ੍ਰਿਤਸਰ ਆਉਣ ਬਾਰੇ ਪੱਕੀ ਕਰ ਦਿੱਤੀ। ਮੇਰੀ ਖ਼ੁਸ਼ੀ ਦਾ ਕੋਈ

ਠਿਕਾਣਾ ਨਹੀਂ ਸੀ ਰਿਹਾ। ਮਿਥੇ ਸਮੇਂ ਤੇ ਮੈਂ ਉਹਨਾਂ ਨੂੰ ਜਾ ਮਿਲਿਆ। ਸਬੰਧਤ ਸਕੂਲ ਦੇ ਪ੍ਰਿੰਸੀਪਲ ਨੂੰ ਮਿਲਣ ਲਈ ਉਹ ਮੇਰੇ ਨਾਲ ਗਏ ਤੇ ਮੇਰੀ ਪੂਰੀ ਜ਼ਿੰਮੇਵਾਰੀ ਚੁੱਕ ਕੇ ਸਿਫ਼ਾਰਸ਼ ਕੀਤੀ। ਇਸ ਸਕੂਲ ਦਾ ਨਾਂ ਸ੍ਰੀ ਗੁਰੂ ਰਾਮ ਦਾਸ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਸੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀ ਤੇ ਪੰਜਾਬ ਸਰਕਾਰ ਤੋਂ ਮਾਨਤਾ-ਪ੍ਰਾਪਤ ਵੀ ਸੀ। ਖਾਲੀ ਪੋਸਟਾਂ ਗ੍ਰਾਂਟ-ਇਨ-ਏਡ ਵਾਲੀਆਂ ਸਨ। ਸ੍ਰ. ਬਲਬੀਰ ਸਿੰਘ ਬਤੌਰ ਪ੍ਰਿੰਸੀਪਲ ਉਸ ਸਕੂਲ ਵਿੱਚ ਲੁਧਿਆਣੇ ਤੋਂ ਬਦਲੀ ਕਰਵਾ ਕੇ ਨਵੇਂ 2 ਆਏ ਸਨ। ਉਹ ਜਾਤ ਦੇ ਜੱਟ ਸਨ ਤੇ ਵਿਹਾਰ ਦੇ ਘੈਂਟ, ਪੇਂਡੂ-ਖਾੜਕੂ ਜੱਟ। ਪਿੰਡ ਉਹਨਾਂ ਦਾ ਬਾਰਡਰ ਤੇ ਮੁੱਦ-ਭੀਲੋਵਾਲ ਸੀ ਤੇ ਰਿਹਾਇਸ਼ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਕੋਠੀ-ਨੁਮਾ ਕਵਾਟਰ ਵਿੱਚ। ਇਸ ਸਕੂਲ ਵਿੱਚ ਬਾਕੀ ਸਾਰੇ ਅਧਿਆਪਕ ਸ਼ਹਿਰੀ ਸਨ, ਇੱਕ ਦੋ ਪੇਂਡੂ ਵੀ ਸ਼ਹਿਰੀਆਂ ਵਰਗੇ ਬਣ ਗਏ ਸਨ। ਉਹ ਸਾਰਾ ਦਿਨ ਵਿਹਲੇ ਰਹਿ ਕੇ ਤਨਖ਼ਾਹਾਂ ਲੈਣ ਦੇ ਆਦੀ ਬਣ ਗਏ ਸਨ। ਸਿੱਟੇ ਵਜੋਂ ਸਕੂਲ ਦੇ ਨਤੀਜੇ ਪਿਛਲੇ ਸਾਲਾਂ ਤੋਂ ਲਗਾਤਾਰ ਨੈਗੇਟਿਵ ਆ ਰਹੇ ਸਨ ਤੇ ਪ੍ਰਿੰਸੀਪਲ ਨੂੰ ਚੰਗੇ ਨਤੀਜੇ ਦੇਣ ਦੀ ਸ਼ਰਤ ਤੇ ਹੀ ਬਦਲਿਆ ਗਿਆ ਸੀ।

ਸ੍ਰ. ਬਲਬੀਰ ਸਿੰਘ ਨੇ ਸਾਫ਼ 2 ਸ਼ਬਦਾਂ 'ਚ ਭੱਲਾ ਸਾਹਿਬ ਨੂੰ ਕਿਹਾ ਕਿ ਨਵੇਂ ਮੁੰਡੇ ਮੈਂ ਇੱਕੋ ਸ਼ਰਤ ਤੇ ਰੱਖਣੇ ਹਨ ਕਿ ਅਠਵੀਂ ਦਸਵੀਂ ਦਾ ਨਤੀਜਾ ਸੌ ਫ਼ੀਸਦੀ ਦੇਣ ਤੇ ਸਕੂਲ ਚਲਾਉਣ ਵਿੱਚ ਮੈਨੂੰ ਪੂਰਾ ਸਹਿਯੋਗ ਦੇਣ। ਭੱਲਾ ਸਾਹਬ ਨੇ ਮੇਰੀ ਜ਼ਾਮਨੀ ਦੇ ਦਿੱਤੀ। ਸਾਦਾ ਕਾਗਜ਼ ਤੇ ਬਿਨੈਪੱਤਰ ਲਿਖ ਕੇ ਦੋਵੇਂ ਪਿੰਸੀਪਲ ਮੇਰੇ ਨਾਲ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਗਏ। ਗਿਆਨੀ ਅਜਮੇਰ ਸਿੰਘ ਜੀ ਉਦੋਂ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ-ਸਕੱਤਰ ਸਨ, ਉਹਨਾਂ ਦੀ ਬੇਟੀ ਭੱਲਾ ਸਾਹਬ ਦੀ ਕੁਲੀਗ ਰਹੀ ਹੋਣ ਕਾਰਨ ਭੱਲਾ ਸਾਹਬ ਉਹਨਾਂ ਨੂੰ ਚੰਗੀ ਤਰਾਂ ਜਾਣਦੇ ਸਨ। ਐਜੂਕੇਸ਼ਨ ਕਮੇਟੀ ਕੋਲ ਜਾਣ ਤੋਂ ਪਹਿਲਾਂ ਭੱਲਾ ਸਾਹਬ ਨੇ ਦਰਖ਼ਾਸਤ ਤੇ ਉਹਨਾਂ ਦੀ ਲਿਖਤੀ ਸਿਫ਼ਾਰਸ਼ ਕਰਵਾ ਲਈ। ਜਦੋਂ ਐਜੂਕੇਸ਼ਨ ਕਮੇਟੀ ਦੇ ਸਕੱਤਰ ਨੂੰ ਮਿਲੇ ਤਾਂ ਦਰਖ਼ਾਸਤ ਵੇਖ ਕੇ ਕਹਿਣ ਲੱਗਾ, "ਗਿਆਨੀ ਜੀ ਨੇ ਸਟਰੌਂਗਲੀ ਰਿਕੁਮੈਂਡਿਡ ਲਿਖਿਆ ਤਾਂ ਅਸੀਂ ਕੌਣ ਆਂ ਮੋੜਨ ਵਾਲੇ, ਕਾਕੇ ਨੂੰ ਕੱਲ੍ਹ ਤੋਂ ਸੱਦ ਕੇ ਕਲਾਸਾਂ ਪੜ੍ਹਾਉਣ ਲਈ ਦਿਉ।"

ਪ੍ਰਿੰ: ਬਲਬੀਰ ਸਿੰਘ ਨੇ ਮੈਨੂੰ ਅਗਲੇ ਦਿਨ ਜਾਇਨ ਕਰਨ ਤੇ ਆਪਣੇ ਨਾਲ ਇੱਕ ਹੋਰ ਸਾਇੰਸ ਪੜ੍ਹਾਉਣ ਵਾਲਾ ਟੀਚਰ ਲੈ ਕੇ ਆਉਣ ਲਈ ਕਿਹਾ ਪਰ ਮੈਂ ਉਹਨਾਂ ਤੋਂ ਇੱਕ ਹਫਤੇ ਦੀ ਛੁੱਟੀ ਲੈ ਲਈ ਤਾਂ ਜੋ ਲੋੜੀਂਦੀ ਤਿਆਰੀ ਕਰ ਲਵਾਂ ਕਿਉਂਕਿ ਜਾਇਨ ਕਰਕੇ ਸਾਨੂੰ ਸਕੂਲ ਵਿੱਚ ਹੀ ਪੱਕਾ ਡੇਰਾ ਲਾਉਣਾ ਪੈਣਾ ਸੀ। ਇਸ ਮੰਤਵ ਲਈ ਪ੍ਰਿੰਸੀਪਲ ਵੱਲੋਂ ਸਾਨੂੰ ਸਕੂਲ ਵਿੱਚ ਹੀ ਇੱਕ ਪਾਸੇ ਇੱਕ ਕਮਰਾ ਦੇਣ ਦਾ ਵਾਅਦਾ ਵੀ

ਕੀਤਾ ਗਿਆ ਸੀ। ਪਿੰਡ ਵਾਪਸ ਆ ਕੇ ਮੈਂ ਦਰਸ਼ਨ ਅਤੇ ਗੁਰਬਚਨ ਦੋਹਾਂ ਨੂੰ ਜਾਣ ਵਾਸਤੇ ਤਿਆਰ ਕੀਤਾ ਕਿਉਂਕਿ ਦੋਹਾਂ ਚੋਂ ਇੱਕ ਨੂੰ ਦੱਸਣਾ ਦੂਜੇ ਨਾਲ ਵਿਸਵਾਸ਼ਘਾਤ ਸਮਝਿਆ ਜਾਣਾ ਸੀ। ਮਗਰੋਂ ਪਿੰਸੀਪਲ ਨੇ ਗੁਰਬਚਨ ਨੂੰ ਸਾਇੰਸ ਨਾਲ ਐਫ. ਏ. ਪਾਸ ਹੋਣ ਕਾਰਨ ਪਹਿਲ ਦੇ ਕੇ ਰੱਖਵਾ ਲਿਆ ਤੇ ਦਰਸ਼ਨ ਨੂੰ ਪੋਸਟ ਖਾਲੀ ਹੋਣ ਤੇ ਦੁਬਾਰਾ ਸੱਦਣ ਦਾ ਵਾਅਦਾ ਕਰ ਲਿਆ।

15 ਸਤੰਬਰ 1978 ਨੂੰ ਮੈਂ ਖਾਲਸਾ ਸਕੂਲ ਵਿੱਚ ਜੇ.ਬੀ.ਟੀ. ਟੀਚਰ ਦੀ ਪੋਸਟ ਤੇ ਹਾਜ਼ਰ ਹੋ ਗਿਆ, ਗੁਰਬਚਨ ਵੀ ਮੇਰੇ ਨਾਲ ਸੀ। ਸਾਡੇ ਕੋਲ ਸਿਰਫ ਚਾਰ ਮਹੀਨੇ ਦਾ ਵਕਤ ਸੀ ਤੇ ਬੱਚਿਆਂ ਦਾ ਸਿਲੇਬਸ ਸਾਰਾ ਅਣਛੋਹਿਆ ਪਿਆ ਸੀ। ਮੇਰੇ ਕੋਲ ਅਠਵੀਂ ਦੇ ਤਿੰਨਾਂ ਸੈਕਸ਼ਨਾਂ ਦੀ ਅੰਗਰੇਜੀ ਤੇ ਹਿਸਾਬ ਤੇ ਗੁਰਬਚਨ ਕੋਲ ਵੀ ਤਿੰਨ ਅਠਵੀਂਆਂ ਦੀ ਸਾਇੰਸ ਨਾਲ ਦੋ ਦਸਵੀਂਆਂ ਦੀ ਸਾਇੰਸ। ਦੋਵੇਂ ਔਖੇ ਵਿਸ਼ੇ, ਦੋਹਾਂ 'ਚ ਬੱਚਿਆਂ ਦੀ ਘੱਟ ਦਿਲਚਸਪੀ ਤੇ ਵਿਹਲੇ ਰਹਿਣ ਦੀ ਬੱਚਿਆਂ ਨੂੰ ਪਈ ਆਦਤ, ਉੱਤੋਂ ਚੰਗੇ ਰਿਜਲਟ ਦੇਣ ਦੀ ਸ਼ਰਤ, ਸਾਡੇ ਲਈ ਇੱਕ ਵੱਡਾ ਚੈਲੰਜ ਸੀ। ਪਰ ਅਸੀਂ ਇਹ ਚੈਲੰਜ ਪ੍ਰਵਾਨ ਕਰ ਲਿਆ ਸੀ ਇਸ ਲਈ ਅਸੀਂ ਪ੍ਰਿੰਸੀਪਲ ਦੀ ਸਹਿਮਤੀ ਨਾਲ ਸਕੂਲ ਦੀ ਇਮਾਰਤ ਵਿੱਚ ਹੀ ਇੱਕ ਪਾਸੇ ਇੱਕ ਕਮਰੇ 'ਚ ਪੱਕਾ ਡੇਰਾ ਲਾ ਲਿਆ। ਮੌਸਮ ਠੰਢਾ ਹੋਣ ਵੱਲ ਮੁੜ ਪਿਆ ਸੀ ਤੇ ਪੜ੍ਹਾਈ ਦੇ ਅਨੁਕੂਲ ਬਣਦਾ ਜਾ ਰਿਹਾ ਸੀ। ਅਸੀਂ ਸਕੂਲ ਲੱਗਣ ਤੋਂ ਪਹਿਲਾਂ ਕਲਾਸ-ਰੂਮ ਵਿੱਚ ਬੱਚਿਆਂ ਦਾ ਜ਼ੀਰੋ ਪੀਰੀਅਡ ਲਾਉਂਦੇ, ਫਿਰ ਪ੍ਰਾਰਥਨਾ ਤੋਂ ਬਾਅਦ ਟਾਈਮ-ਟੇਬਲ ਅਨੁਸਾਰ ਸਾਰੇ ਪੀਰੀਅਡ ਲਾਉਂਦੇ, ਛੁੱਟੀ ਤੋਂ ਬਾਦ ਦੁਬਾਰਾ ਜ਼ੀਰੋ ਪੀਰੀਅਡ ਤੇ ਕੁਝ ਬੱਚਿਆਂ ਨੂੰ ਰਾਤ ਨੂੰ ਛੇ ਤੋਂ ਅੱਠ ਫਿਰ ਸੱਦ ਲੈਂਦੇ। ਕੁਝ ਬੱਚਿਆਂ ਨੇ ਰਾਤ ਸਾਡੇ ਕੋਲ ਸੌਣ ਲਈ ਆਪਣੇ ਬਿਸਤਰੇ ਵੀ ਸਾਡੇ ਕਮਰੇ ਵਿੱਚ ਰੱਖ ਲਏ। ਸਾਡੀ ਜ਼ਿੰਮੇਵਾਰੀ ਹੋਰ ਵਧ ਗਈ। ਦਸ ਵਜੇ ਤੱਕ ਉਹਨਾਂ ਨੂੰ ਪੜ੍ਹਾਈ ਕਰਾਉਣੀ ਤੇ ਰਾਤ ਉੱਠ ਕੇ ਸਰਦੀ ਤੋਂ ਬਚਾਉਣ ਲਈ ਉਹਨਾਂ ਤੇ ਲੱਥੀਆਂ ਰਜਾਈਆਂ ਦੇਣੀਆਂ। ਪੜ੍ਹਾਉਣ ਦਾ ਚਾਅ ਵੀ ਸੀ ਤੇ ਉਮਰ ਦੇ ਹਿਸਾਬ ਨਾਲ ਸਟੈਮਿਨਾ ਵੀ ਏਨਾ ਸੀ ਕਿ ਕਦੇ ਥਕਾਵਟ ਮਹਿਸੂਸ ਨਹੀਂ ਸੀ ਹੁੰਦੀ। ਨਤੀਜੇ ਵਜੋਂ ਅਸੀਂ ਦਸੰਬਰ ਦੇ ਅਖੀਰ ਤੱਕ ਜਮਾਤਾਂ ਦਾ ਸਿਲੇਬਸ ਖ਼ਤਮ ਕਰਕੇ ਦੁਹਰਾਈ ਸ਼ੁਰੂ ਕਰ ਦਿੱਤੀ।

ਇਮਤਿਹਾਨ ਹੋਏ ਤਾਂ ਅਸੀਂ ਬੱਚਿਆਂ ਨੂੰ ਨਕਲ ਕਰਾਉਣ ਤੋਂ ਪ੍ਰਹੇਜ ਕੀਤਾ ਕਿਉਂਕਿ ਬੱਚਿਆਂ ਨੂੰ ਅਸੀਂ ਪਹਿਲਾਂ ਹੀ ਮਾਨਸਿਕ ਤੌਰ ਤੇ ਨਕਲ-ਰੂਪੀ ਜ਼ਹਿਰ ਤੋਂ ਬਚੇ ਰਹਿਣ ਲਈ ਤਿਆਰ ਕਰ ਲਿਆ ਸੀ। ਨਤੀਜੇ ਆਏ ਤਾਂ ਅਸੀਂ ਖ਼ੁਸ਼ ਸਾਂ ਤੇ ਵਿਹਲੜ ਸਟਾਫ਼ ਹੈਰਾਨ-ਪ੍ਰੇਸ਼ਾਨ ਕਿ ਬਿਨਾਂ ਨਕਲ ਦੇ ਇਹਨਾਂ ਦੀਆਂ ਜਮਾਤਾਂ ਦਾ ਰਿਜ਼ਲਟ 80 % ਤੋਂ ਉੱਪਰ ਕਿਵੇਂ ਆ ਗਿਆ। ਪਰ ਪ੍ਰਿੰਸੀਪਲ ਪੂਰਾ ਖ਼ੁਸ਼ ਤੇ ਸਾਡੇ ਕੰਮ ਤੋਂ ਪੂਰਾ ਸੰਤੁਸ਼ਟ

ਸੀ। ਅਗਲਾ ਸੈਸ਼ਨ ਸ਼ੁਰੂ ਹੋਇਆ ਤਾਂ ਅਸੀਂ ਅਪ੍ਰੈਲ ਤੋਂ ਹੀ ਪੂਰੀ ਤਨਦੇਹੀ ਨਾਲ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪਰ ਸਾਡੇ ਵਿਰੋਧੀਆਂ ਨੇ ਸਾਨੂੰ ਪ੍ਰੇਸ਼ਾਨ ਕਰਨ ਲਈ ਕਮੀਣੇ ਢੰਗ ਵਰਤਣੇ ਸ਼ੁਰੂ ਕਰ ਦਿੱਤੇ। ਉਹ ਕਿਸੇ ਨਾ ਕਿਸੇ ਕੋਲੋਂ ਪ੍ਰਬੰਧਕੀ ਕਮੇਟੀ ਨੂੰ ਸਾਡੀ ਲਿਖਤੀ ਸ਼ਿਕਾਇਤ ਕਰਵਾ ਦਿੰਦੇ। ਕਦੇ ਲਿਖ ਦੇਂਦੇ ਕਿ ਦੋ ਮਾਸਟਰ ਸਕੂਲ 'ਚ ਨਜਾਇਜ ਰਿਹਾਇਸ਼ ਕਰੀ ਬੈਠੇ ਹਨ, ਕਦੇ ਇਹ ਸਕੂਲ ਦੀ ਬਿਜਲੀ ਨਜਾਇਜ ਬਾਲਦੇ ਹਨ, ਕਦੇ ਲਿਖਦੇ ਕਿ ਇਹ ਸਕੂਲ ਵਿੱਚ ਕਬੂਤਰਾਂ ਦਾ ਸ਼ਿਕਾਰ ਕਰਕੇ ਮੀਟ ਖਾਂਦੇ ਹਨ ਤੇ ਪ੍ਰਿੰਸੀਪਲ ਨੂੰ ਵੀ ਖਵਾਉਂਦੇ ਹਨ। ਹਰ ਵਾਰ ਪ੍ਰਿੰਸੀਪਲ ਸਾਹਬ ਕਮੇਟੀ ਦੇ ਦਫ਼ਤਰ ਜਾ ਕੇ ਸ਼ਿਕਾਇਤ ਰਫ਼ਾ-ਦਫ਼ਾ ਕਰਵਾ ਆਉਂਦੇ ਤੇ ਉਹਨਾਂ ਦੀ ਕੋਈ ਪੇਸ਼ ਨਾ ਜਾਂਦੀ। ਕਹਾਵਤ ਹੈ ਕਿ ਕੁੱਤੇ ਭੌਂਕਦੇ ਰਹਿੰਦੇ ਹਨ ਪਰ ਕਾਫ਼ਲੇ ਲੰਘਦੇ ਜਾਂਦੇ ਹਨ, ਰੁਕਦੇ ਨਹੀਂ, ਅਸੀਂ ਵੀ ਆਪਣੀ ਚਾਲੇ ਆਪਣੇ ਕੰਮ 'ਚ ਮਗਨ ਰਹੇ ਤੇ ਕਿਸੇ ਨਾਢੂ ਖਾਂ ਦੀ ਪ੍ਰਵਾਹ ਨਾ ਕੀਤੀ। ਇਸ ਤਰ੍ਹਾਂ ਖਾਲਸਾ ਸਕੂਲ ਦੀ ਸਖ਼ਤ ਮਿਹਨਤ ਦੀ ਕੁਠਾਲੀ ਚੋਂ ਲੰਘ ਕੇ ਅਸੀਂ 'ਚੰਗੇ ਅਧਿਆਪਕ' ਦਾ ਦਰਜਾ ਹਾਸਲ ਕਰ ਲਿਆ ਸੀ।

ਖ਼ਾਲਸਾ ਸਕੂਲ ਵਿੱਚ ਰਹਿ ਕੇ ਮੈਂ ਇੱਕ ਹੋਰ ਪ੍ਰਾਪਤੀ ਕੀਤੀ। ਜਦੋਂ ਮੈਂ ਨੌਂਕਰੀ ਕਰਦਾ ਸਾਂ, ਉਸ ਸਮੇਂ ਮੇਰੇ ਦੋਵ੍ਹਾਂ ਦੋਸਤਾਂ; ਦਰਸ਼ਨ ਤੇ ਗੁਰਬਚਨ ਨੇ ਪ੍ਰਾਈਵੇਟ ਇਮਤਿਹਾਨ ਦੇ ਕੇ ਗਿਆਨੀ ਪਾਸ ਕਰ ਲਈ ਸੀ। ਉਸ ਸਮੇਂ ਗਿਆਨੀ / ਪ੍ਰਭਾਕਰ ਪਾਸ ਜੇ.ਬੀ.ਟੀ. ਟੀਚਰਾਂ ਨੂੰ ਭਾਸ਼ਾ-ਅਧਿਆਪਕ ਦੀ ਪੋਸਟ ਤੇ ਨਿਯੁਕਤੀ ਮਿਲ ਜਾਂਦੀ ਸੀ। ਭਾਸ਼ਾ ਟੀਚਰ ਦਾ ਗਰੇਡ ਜੇ.ਬੀ.ਟੀ. ਤੋਂ ਵੱਧ ਹੁੰਦਾ ਸੀ। ਮੈਨੂੰ ਕਿਸੇ ਤਰ੍ਹਾਂ ਜਾਣਕਾਰੀ ਮਿਲੀ ਕਿ ਦਰਸ਼ਨ ਤੇ ਗੁਰਬਚਨ ਕਹਿੰਦੇ ਹਨ ਕਿ ਅਸਾਂ ਭਾਸ਼ਾ ਟੀਚਰ ਬਣ ਕੇ ਵੱਧ ਤਨਖ਼ਾਹ ਲੈਣੀ ਹੈ ਪਰ ਜਸਵਿੰਦਰ ਨੂੰ ਉਹਦੀ ਬੀ.ਏ. ਦਾ ਕੋਈ ਲਾਭ ਨਹੀਂ ਹੋਣਾ ਤੇ ਉਹਨੇ ਜੇ.ਬੀ.ਟੀ. ਟੀਚਰ ਦੀ ਪੋਸਟ ਤੇ ਹੀ ਲੱਗਣਾ ਹੈ ਤੇ ਤਨਖ਼ਾਹ ਵੀ ਘੱਟ ਮਿਲਣੀ ਹੈ। ਸੁਣ ਕੇ ਗੱਲ ਮੇਰੇ ਦਿਲ ਨੂੰ ਲੱਗੀ ਤੇ ਮੈਂ ਵੀ ਗਿਆਨੀ ਦਾ ਪ੍ਰਾਈਵੇਟ ਦਾਖ਼ਲਾ ਭੇਜ ਦਿੱਤਾ। ਦੋ ਮਹੀਨੇ ਪੜ੍ਹਾਈ ਕਰਕੇ ਮੈਂ ਸੈਕੰਡ ਡਵੀਜ਼ਨ 'ਚ ਗਿਆਨੀ ਪਾਸ ਕਰ ਲਈ। ਇਸ ਸਕੂਲ ਵਿੱਚ ਨੌਂਕਰੀ ਕਰਦੇ ਸਮੇਂ ਹੀ ਮੇਰਾ ਸੰਪਰਕ ਕਾ. ਜਸਬੀਰ ਝਬਾਲ ਨਾਲ ਹੋਇਆ। ਉਹ ਜਨਵਾਦੀ ਨੌਜਵਾਨ ਸਭਾ, ਪੰਜਾਬ ਦਾ ਅੰਮ੍ਰਿਤਸਰ ਜ਼ਿਲ੍ਹੇ ਦਾ ਪ੍ਰਧਾਨ ਸੀ। ਉਹਦੀ ਪ੍ਰੇਰਨਾ ਨਾਲ ਮੈਂ ਗਾਹੇ-ਬਿਗਾਹੇ ਪਿੰਡ ਜਾ ਕੇ ਨੌਜਵਾਨ ਸਭਾ ਦੀ ਲਾਮਬੰਦੀ ਕਰਨ ਵਿੱਚ ਯਥਾ-ਯੋਗ ਹਿੱਸਾ ਪਾਇਆ, ਆਪਣੇ ਪਿੰਡ ਤੇ ਨੇੜੇ ਦੇ ਕੁਝ ਹੋਰ ਪਿੰਡਾਂ ਵਿੱਚ ਨੌਜਵਾਨ ਸਭਾ ਦੇ ਯੂਨਿਟ ਖੜੇ ਕਰਨ ਲਈ ਯਤਨ ਕੀਤੇ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੀ ਮੰਗ ਤੇ ਸਰਕਾਰ ਵਿਰੁੱਧ ਜਥੇਬੰਦ ਕਰਕੇ ਸਰਗਰਮ ਕੀਤਾ। ਆਪਣੇ ਇਲਾਕੇ ਵਿੱਚ ਰਾਤ ਨੂੰ ਡਰਾਮੇ ਸਟੇਜ ਕਰਵਾ ਕੇ ਲੋਕਾਂ ਨੂੰ ਸਰਕਾਰਾਂ ਵੱਲੋਂ ਮਿਹਨਤੀ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਤੇ ਅੰਧ-

ਵਿਸ਼ਵਾਸਾਂ ਵਿਰੁੱਧ ਅਤੇ ਦੇਸ਼ ਦੀ ਏਕਤਾ-ਅਖੰਡਤਾ ਪ੍ਰਤੀ ਜਾਗਰੂਪ ਕੀਤਾ।

ਇਸ ਸਕੂਲ 'ਚ ਰਹਿੰਦਿਆਂ ਮੇਰਾ ਸੰਪਰਕ ਹਰਭਜਨ ਸਿੰਘ ਸੰਧੂ ਨਾਲ ਲਗਾਤਾਰ ਬਣਿਆ ਰਿਹਾ। ਉਹ ਜੇ.ਬੀ.ਟੀ. ਕਰਨ ਤੋਂ ਪਹਿਲਾਂ ਹੀ ਸਰਕਾਰੀ ਸੀ: ਸੈ: ਸਕੂਲ (ਮੁੰਡੇ) ਤਰਨ-ਤਾਰਨ ਵਿੱਚ ਐੱਸ.ਐੱਲ.ਏ. ਦੀ ਪੋਸਟ ਤੇ ਕੰਮ ਕਰਦਾ ਸੀ ਤੇ ਉਹਨੇ ਬਿਨਾਂ ਤਨਖ਼ਾਹ ਛੁੱਟੀ ਲੈ ਕੇ ਜੇ.ਬੀ.ਟੀ. ਕੀਤੀ ਸੀ। ਟ੍ਰੇਨਿੰਗ ਕਰਕੇ ਉਹਨੇ ਮੁੜ ਨੌਂਕਰੀ ਜਾਇਨ ਕਰ ਲਈ ਸੀ ਪਰ ਹੁਣ ਉਹਨੇ ਆਪਣਾ-ਆਪ ਬੇ-ਸਹਾਰਾ ਅੰਗਹੀਣ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਸੀ। ਉਹਦੀ ਅਣਥੱਕ ਮਿਹਨਤ ਨਾਲ ਅੰਮ੍ਰਿਤਸਰ ਜ਼ਿਲ੍ਹੇ 'ਚ ਪਹਿਲੀ ਵਾਰ ਹੈਂਡੀਕੈਪਡ ਯੂਨੀਅਨ ਹੋਂਦ 'ਚ ਆਈ ਸੀ। ਉਹਦੀ ਲਗਾਤਾਰ ਪ੍ਰੇਰਨਾ ਨਾਲ ਮੈਡੀਕਲ ਬੋਰਡ ਰਾਹੀਂ ਮੇਰਾ ਹੈਂਡੀਕੈਪਡ ਬੱਟ ਫਿੱਟ ਫਾਰ ਦੀ ਪੋਸਟ ਆਫ ਟੀਚਰ' ਵਾਲਾ ਸਰਟੀਫਿਕੇਟ ਬਣ ਗਿਆ ਸੀ। ਹਰ ਐਤਵਾਰ ਅਸੀਂ ਕੰਪਨੀ ਬਾਗ ਅੰਮ੍ਰਿਤਸਰ ਵਿੱਚ ਅੰਗਹੀਣਾਂ ਦੀ ਮੀਟਿੰਗ ਕਰਦੇ। ਸੈਂਕੜਿਆਂ ਦੀ ਗਿਣਤੀ 'ਚ ਦੁਖੀ ਤੇ ਲੋੜਵੰਦ ਅੰਗਹੀਣ ਬੱਚੇ, ਨੌਜਵਾਨ, ਬਜ਼ੁਰਗ ਤੇ ਔਰਤਾਂ ਮੀਟਿੰਗ 'ਚ ਹਾਜ਼ਰ ਹੁੰਦੇ। ਸੈਂਕੜੇ ਲੋਕਾਂ ਦੇ ਬਿਨੈਪੱਤਰ ਫ਼ਾਰਮ ਭਰ ਕੇ ਉਹਨਾਂ ਨੂੰ ਬੱਸ-ਰੇਲ ਕਿਰਾਏ ਦੇ ਰਿਆਇਤੀ ਕਾਰਡ, ਪੈਨਸ਼ਨਾਂ, ਬਣਾਵਟੀ-ਅੰਗ ਜਾਂ ਕਲੱਚਜ, ਦੋਹਾਂ ਲੱਤਾਂ ਤੋਂ ਨਕਾਰਾ ਲੋਕਾਂ ਨੂੰ ਟਰਾਈ-ਸਾਈਕਲ, ਯੋਗ ਉਮੀਦਵਾਰਾਂ ਨੂੰ ਨੌਂਕਰੀ ਅਤੇ ਕੰਮ-ਕਾਰ ਲਈ ਬੈਂਕ-ਲੋਨ ਆਦਿ ਸਹੂਲਤਾਂ ਦਿਵਾਉਣ ਦਾ ਸਿਹਰਾ ਹਰਭਜਨ ਸੰਧੂ ਦੀ ਪ੍ਰਧਾਨਗੀ ਹੇਠ ਕੰਮ ਕਰਦੀ ਅੰਗਹੀਣ ਯੂਨੀਅਨ ਨੂੰ ਹੀ ਜਾਂਦਾ ਹੈ।

ਅੰਗਹੀਣ ਯੂਨੀਅਨ ਅੰਮ੍ਰਿਤਸਰ ਦਾ ਪਹਿਲਾਂ ਹਰਭਜਨ ਸਿੰਘ ਸੰਧੂ ਪ੍ਰਧਾਨ ਤੇ ਜਨਰਲ ਸਕੱਤਰ ਪ੍ਰਮਜੀਤ ਸਿੰਘ ਭੰਗੂ ਸੀ। ਭੰਗੂ ਦਾ ਪਿੰਡ ਮਾਕੋਵਾਲ ਮੇਰੇ ਸਹੁਰਿਆਂ ਦੇ ਪਿੰਡ ਗੋਰੇਨੰਗਲ ਦੇ ਨੇੜੇ ਹੈ। ਉਹਨੇ ਵੀ ਅੰਗਹੀਣ ਲੋਕਾਂ ਨੂੰ ਸਰਕਾਰੀ ਸੁਵਿਧਾਵਾਂ ਦਿਵਾਉਣ ਵਿੱਚ ਸੰਧੂ ਦਾ ਚੰਗਾ ਸਾਥ ਦਿੱਤਾ ਸੀ। ਅਗਲੀ ਚੋਣ ਵਿੱਚ ਹਰਭਜਨ ਸੰਧੂ ਨੂੰ ਜਥੇਬੰਦੀ ਦਾ ਪ੍ਰਧਾਨ, ਪ੍ਰਮਜੀਤ ਭੰਗੂ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਮੈਨੂੰ ਜਨਰਲ ਸਕੱਤਰ ਚੁਣਿਆ ਗਿਆ। ਸਾਲ ਦੋ ਸਾਲ ਬਾਅਦ ਪ੍ਰਮਜੀਤ ਭੰਗੂ ਨੂੰ ਵੁਕੇਸ਼ਨਲ ਟੀਚਰ ਦੀ ਸਰਕਾਰੀ ਨੌਂਕਰੀ ਮਿਲ ਗਈ ਤੇ ਉਹ ਕੋਟਕਪੂਰੇ ਸੈਟਲ ਹੋ ਗਿਆ। ਉੱਥੇ ਹੀ ਉਹਨੇ ਵਿਆਹ ਕਰਵਾਇਆ ਤੇ ਆਪਣਾ ਘਰ ਪਰਿਵਾਰ ਵੀ ਕੋਟਕਪੂਰੇ ਹੀ ਵਸਾਇਆ। ਉਹਦੇ ਬੱਚੇ ਪੜ੍ਹ ਲਿਖ ਕੇ ਵਿਦੇਸ਼ ਚਲੇ ਗਏ ਹਨ। ਅੱਜ ਕੱਲ੍ਹ ਉਹ ਸੇਵਾਮੁਕਤੀ ਤੋਂ ਬਾਅਦ ਪਰਿਵਾਰ ਸਮੇਤ ਬੱਚਿਆਂ ਕੋਲ ਕੈਨੇਡਾ ਰਹਿੰਦਾ ਹੈ ਅਤੇ ਟੀ ਵੀ ਚੈਨਲ ਚਲਾ ਕੇ ਪੰਜਾਬੀ ਪਿਆਰਿਆਂ ਨਾਲ਼ ਜੁੜਿਆ ਰਹਿੰਦਾ ਹੈ। ਗਾਹੇ-ਬਿਗਾਹੇ ਉਹ ਮੇਰੇ ਨਾਲ਼ ਫ਼ੋਨ ਤੇ ਰਾਬਤਾ ਰੱਖਦਾ ਹੈ।

ਆਪਣਾ ਵਿਹਲਾ ਸਮਾਂ ਲੋੜਵੰਦਾਂ ਦੀ ਯੂਨੀਅਨ ਨੂੰ ਦੇਣ ਕਾਰਨ ਖਾਲਸਾ ਸਕੂਲ ਰਹਿ ਕੇ ਮੈਂ ਅਗਲੀ ਪੜ੍ਹਾਈ ਕਰਨ ਵੱਲ ਕੋਈ ਧਿਆਨ ਨਾ ਦੇ ਸਕਿਆ। ਪਰ ਇਸ ਯੂਨੀਅਨ ਨੇ ਮੇਰੀ ਮਿਹਨਤ ਦਾ ਮੁੱਲ ਜਲਦੀ ਹੀ ਮੋੜ ਦਿੱਤਾ। ਫਿਜੀਕਲੀ ਹੈਂਡੀਕੈਪਡ ਦਾ ਸਰਟੀਫਿਕੇਟ ਬਣ ਜਾਣ ਪਿੱਛੋਂ ਹਰਭਜਨ ਸੰਧੂ ਨੇ ਮੇਰਾ ਪੰਜਾਬੀ ਟੀਚਰ ਵਜੋਂ ਪਹਿਲ ਦੇ ਅਧਾਰ ਤੇ ਸਰਕਾਰੀ ਨੌਂਕਰੀ ਲੈਣ ਲਈ ਕੇਸ ਤਿਆਰ ਕਰਵਾ ਕੇ ਗੌਰਮਿੰਟ ਟੀਚਰਜ਼ ਯੂਨੀਅਨ ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ ਅੰਮ੍ਰਿਤਸਰ ਦੇ ਦਫ਼ਤਰ ਦਿੱਤਾ ਹੋਇਆ ਸੀ। ਇਸ ਤੋਂ ਪਹਿਲਾਂ ਉਹ ਆਪ ਵੀ ਐੱਸ.ਐੱਲ.ਏ. ਤੋਂ ਸਿੱਧਾ ਜੇ.ਬੀ.ਟੀ. ਟੀਚਰ ਲੱਗ ਗਿਆ ਸੀ ਤੇ ਅੰਗਹੀਣ ਯੂਨੀਅਨ ਦੇ ਨਾਲ 2 ਗੌਂ: ਟੀ: ਯੂ: ਦੀਆਂ ਸਰਗਰਮੀਆਂ ਵਿੱਚ ਵੀ ਹਿੱਸਾ ਲੈਣ ਲੱਗ ਪਿਆ ਸੀ।

1981 ਦਾ ਸਾਲ ਸੰਸਾਰ ਭਰ ਵਿੱਚ ਅੰਗਹੀਣ-ਦਿਵਸ ਵਜੋਂ ਮਨਾਇਆ ਜਾ ਰਿਹਾ ਸੀ। ਸੰਸਾਰ ਭਰ ਵਿੱਚ ਸਰਕਾਰਾਂ ਅੰਗਹੀਣਾਂ ਦੇ ਉਥਾਨ ਲਈ ਵੱਖ 2 ਸਕੀਮਾਂ ਲਾਗੂ ਕਰ ਰਹੀਆਂ ਸਨ ਤਾਂ ਜੋ ਕੁਦਰਤੀ ਕਰੋਪੀ ਦਾ ਸ਼ਿਕਾਰ ਹੋਏ, ਸਮਾਜ ਵੱਲੋਂ ਵਿਸਾਰੇ, ਬੇਧਿਆਨੇ ਤੇ ਹਾਸ਼ੀਏ ਤੋਂ ਬਾਹਰ ਕੀਤੇ ਗਏ ਇਹਨਾਂ ਲੋੜਵੰਦ ਲੋਕਾਂ ਨੂੰ ਬਰਾਬਰ ਲਿਆ ਕੇ ਖੜਾ ਕੀਤਾ ਜਾ ਸਕੇ। ਭਾਰਤ ਸਰਕਾਰ ਨੇ ਵੀ ਇਹਨਾਂ ਦੀ ਭਲਾਈ ਲਈ ਕਨੂੰਨ ਬਣਾਇਆ। ਇਸ ਲਈ ਪੰਜਾਬ ਸਰਕਾਰ ਨੇ ਵੀ ਉਸੇ ਅਧਾਰ ਤੇ ਕੁਝ ਪੁਰਸ਼ਾਰਥ ਕਰਦਿਆਂ ਅੰਗਹੀਣਾਂ ਨੂੰ ਪਹਿਲ ਦੇ ਅਧਾਰ ਤੇ ਨੌਂਕਰੀ ਦੇਣ ਦਾ ਪੱਤਰ ਜਾਰੀ ਕਰ ਦਿੱਤਾ ਸੀ। ਜਿਸ ਦੀ ਰੋਸ਼ਨੀ ਵਿੱਚ ਗੌਰਮਿੰਟ ਟੀਚਰ ਯੂਨੀਅਨ ਮੇਰੇ ਸਰਕਾਰੀ ਨੌਂਕਰੀ ਦੇ ਕੇਸ ਨੂੰ ਵੀ ਪਹਿਲ ਦੇ ਅਧਾਰ ਤੇ ਹੱਲ ਕਰਨ ਲਈ ਡੀ ਈ ਓ ਤੇ ਜ਼ੋਰ ਪਾਉਂਦੀ ਰਹੀ ਪਰ ਜ਼ਿਲ੍ਹਾ ਸਿੱਖਿਆ ਅਫਸਰ ਨੇ 1981 ਦਾ ਸਾਲ ਲੰਘਾ ਦਿੱਤਾ। ਉਹਦੀ ਰਿਟਾਇਰਮੈਂਟ ਨੇੜੇ ਸੀ ਪਰ ਯੂਨੀਅਨ ਦੇ ਬਹੁਤਾ ਦਬਾਅ ਪਾਉਣ ਤੇ ਜਨਵਰੀ 1982 ਦੇ ਪਹਿਲੇ ਹਫ਼ਤੇ ਉਹਨੇ ਮੈਨੂੰ ਪੰਜਾਬੀ ਟੀਚਰ ਦੀ ਪੋਸਟ ਤੇ ਨਿਯੁਕਤੀ ਦੇ ਹੁਕਮ ਜਾਰੀ ਕਰ ਦਿੱਤੇ। ਇਹ ਕੇਵਲ ਗੌਂ: ਟੀ: ਯੂ: ਦੇ ਭਾਰੀ ਦਬਾਅ ਕਾਰਨ ਹੀ ਸੰਭਵ ਹੋ ਸਕਿਆ ਸੀ ਤੇ ਉਹ ਵੀ ਰਿਸ਼ਵਤ ਦੇ ਇਸ ਦੌਰ ਵਿੱਚ ਬਿਨਾਂ ਸਿਫ਼ਾਰਸ਼ ਤੇ ਬਿਨਾਂ ਵੱਢੀ-ਖ਼ੋਰੀ ਦਿੱਤੇ। ਅਮਲੀ ਤੌਰ ਤੇ ਦੁਖਿਆਰੇ ਲੋਕਾਂ ਦੇ ਜਥੇਬੰਦ ਏਕੇ ਦੀ ਜਿੱਤ ਵੇਖ ਕੇ ਮੇਰਾ ਭਰੋਸਾ ਲੁਟੇਰੇ ਰਾਜ-ਪ੍ਰਬੰਧ ਤੋਂ ਹੱਕਾਂ ਦੀ ਪ੍ਰਾਪਤੀ ਲਈ ਲੁੱਟੇ ਜਾਣ ਵਾਲਿਆਂ ਨੂੰ ਜਥੇਬੰਦ ਕਰਕੇ ਸੰਘਰਸ਼ ਕਰਨ ਵਿੱਚ ਹੋਰ ਪੱਕਾ ਹੋ ਗਿਆ।

ਸ੍ਰ. ਸਰਬਦਿਆਲ ਸਿੰਘ ਕੰਗ ਉਸ ਸਮੇ ਗੌਂ: ਟੀ: ਯੂ: ਦੇ ਜ਼ਿਲ੍ਹਾ-ਪ੍ਰਧਾਨ ਸਨ। ਉਹ ਸਰਕਾਰੀ ਅਧਿਆਪਕਾਂ ਦੇ ਹੱਕਾਂ ਲਈ ਸਰਕਾਰ ਵਿਰੁੱਧ ਤੇ ਲੋਕਲ ਸਮੱਸਿਆਵਾਂ ਦੇ ਹੱਲ ਲਈ ਅਧਿਕਾਰੀਆਂ ਵਿਰੁੱਧ ਸੰਘਰਸ਼ ਦੇ ਅਲੰਬਰਦਾਰ ਸਨ। ਉਹ ਹਰ ਵਾਰ ਰਾਣਾ ਗਰੁੱਪ ਵੱਲੋਂ ਗੌਂ: ਟੀ: ਯੂ: ਦੀ ਅੰਮ੍ਰਿਤਸਰ ਜ਼ਿਲ੍ਹੇ ਦੀ ਪ੍ਰਧਾਨਗੀ ਦੀ ਚੋਣ ਲੜਦੇ ਸਨ। ਬਹੁਤੀ

ਵਾਰ ਉਹਨਾਂ ਦੀ ਜਿੱਤ ਹੁੰਦੀ ਸੀ। ਸਾਰੇ ਜਿਲ੍ਹੇ ਦੇ ਸਕੂਲਾਂ ਬਾਰੇ ਉਹਨਾਂ ਨੂੰ ਜਾਣਕਾਰੀ ਸੀ। ਇੱਕ ਮੈਂ ਸਾਂ ਕਿ ਜੋ ਆਪਣੇ ਪਿੰਡ ਤੋਂ ਬਾਹਰ ਆਸ-ਪਾਸ ਦੇ ਹੋਰ ਪਿੰਡਾਂ ਦੇ ਸਥਾਨਕ ਗਿਆਨ ਤੋਂ ਕੋਰਾ ਸਾਂ। ਕੰਗ ਸਾਹਬ ਨੇ ਮੈਨੂੰ ਦੱਸਿਆ ਕਿ ਤੇਰੇ ਪਿੰਡ ਨੇੜੇ ਮਿਡਲ ਸਕੂਲ ਜੌੜਾ ਵਿੱਚ ਪੋਸਟ ਖਾਲੀ ਹੈ ਪਰ ਮੈਂ ਅਰਸਾਲ ਸਿੰਘ ਸੰਧੂ ਜੋ ਗੌਂ: ਟੀ: ਯੂ: ਦਾ ਸੀ: ਮੀਤ ਪ੍ਰਧਾਨ ਸੀ, ਦੀ ਗੱਲ ਤੇ ਪੱਕਾ ਰਿਹਾ ਕਿ ਤੇਰੇ ਆਰਡਰ ਲਾਖਣੇ ਦੇ ਕਰਾਉਣੇ ਹਨ। ਇਹ ਵੀ ਮੈਨੂੰ ਭੁਲੇਖਾ ਹੀ ਸੀ ਕਿ ਮੈਂ ਲਾਖਣਾ (ਰਾਜੋਕੇ) ਨੂੰ ਆਪਣੇ ਪਿੰਡ ਤੋਂ ਛੇ ਕਿਲੋਮੀਟਰ ਦੂਰ ਲੱਖਣਾ (ਤਪਾ) ਸਮਝਦਾ ਰਿਹਾ। ਇਸ ਗੱਲ ਦਾ ਨਿਖੇੜਾ ਵੀ ਆਰਡਰ ਮਿਲਣ ਤੋਂ ਬਾਅਦ ਜਾਇਨ ਕਰਨ ਲੱਗਿਆਂ ਹੀ ਹੋਇਆ। ਬੰਦਾ ਜੇ ਆਲੇ-ਦੁਆਲੇ ਦੀ ਜਾਣਕਾਰੀ ਬਿਨਾਂ ਖੂਹ ਦਾ ਡੱਡੂ ਬਣਿਆ ਰਹੇ ਤਾਂ ਇੰਜ ਹੀ ਹੁੰਦਾ ਹੈ। ਖ਼ੈਰ ਸਰਕਾਰੀ ਨੌਂਕਰੀ ਦੇ ਆਰਡਰ ਲੈਣ ਪਿੱਛੋਂ ਮੈਂ ਮਠਿਆਈ ਦਾ ਡੱਬਾ ਲੈ ਕੇ ਪ੍ਰਿੰਸੀਪਲ ਬਲਬੀਰ ਸਿੰਘ ਦੀ ਕੋਠੀ ਗਿਆ ਤੇ ਉਹਨਾਂ ਨੂੰ ਇਹ ਖ਼ੁਸ਼ਖ਼ਬਰੀ ਸੁਣਾਈ। ਸੁਣ ਕੇ ਉਹ ਖ਼ੁਸ਼ ਤਾਂ ਬੜੇ ਹੋਏ ਪਰ ਫ਼ਾਰਗ ਕਰਨ ਤੋਂ ਆਨਾਕਾਨੀ ਕਰਨ ਲੱਗੇ। ਮੈਂ ਉਹਨਾਂ ਨੂੰ ਆਪਣੇ ਭਵਿੱਖ ਦਾ ਵਾਸਤਾ ਪਾ ਕੇ ਬੇਨਤੀ ਕੀਤੀ ਤਾਂ ਅਗਲੇ ਦਿਨ ਫ਼ਾਰਗ ਕਰਨ ਲਈ ਸਹਿਮਤ ਹੋ ਗਏ।

# ਸਰਕਾਰੀ ਨੌਂਕਰੀ ਦਾ ਸਫ਼ਰ ਤੇ ਗ੍ਰਹਿਸਥੀ ਜੀਵਨ

8 ਜਨਵਰੀ 1982 ਨੂੰ ਮੈਂ ਸਰਕਾਰੀ ਮਿਡਲ ਸਕੂਲ ਲਾਖਣਾ ਕੰਪਲੈਕਸ ਸਰਕਾਰੀ ਹਾਈ ਸਕੂਲ ਰਾਜੋਕੇ ਵਿਖੇ ਡਿਊਟੀ ਜਾਇਨ ਕਰ ਲਈ। ਸ੍ਰ. ਬਲਵੰਤ ਸਿੰਘ ਬਘਿਆੜੀ ਸਕੂਲ ਦੇ ਮੁੱਖ-ਅਧਿਆਪਕ ਸੀ। ਉਹ ਖੇਤ-ਮਜ਼ਦੂਰ ਪਰਿਵਾਰ ਨਾਲ ਸਬੰਧਤ ਸੀ ਤੇ ਪਿੰਡ ਉਹਦਾ ਝਬਾਲ ਦੇ ਲਾਗੇ ਹੋਣ ਕਰਕੇ ਉਹ ਕਾਮਰੇਡ ਦਰਸ਼ਨ ਸਿੰਘ ਝਬਾਲ ਐਮ. ਐਲ.ਏ. ਦੇ ਅਸਰ ਹੇਠ ਹੋਣ ਕਾਰਨ ਗੌਰਮਿੰਟ ਟੀਚਰ ਯੂਨੀਅਨ 'ਚ ਵੀ ਸਰਗਰਮ ਸੀ। ਮੇਰੇ ਉਸ ਸਕੂਲ ਵਿੱਚ ਜਾਇਨ ਕਰਨ ਪਿੱਛੋਂ ਇੱਕ ਸਕੂਲ ਵਿੱਚ ਟੀਚਰ ਯੂਨੀਅਨ ਦੇ ਦੋ ਕਾਰਜ-ਕਰਤਾ ਹੋ ਗਏ। ਧਰਨਿਆਂ-ਮੁਜ਼ਾਹਰਿਆਂ ਤੇ ਅਸੀਂ ਦੋਵੇਂ ਚਲੇ ਜਾਂਦੇ ਸਾਂ ਪਰ ਲੋਕਲ ਪੱਧਰ ਤੇ ਯੂਨੀਅਨ ਦੇ ਕੰਮ ਲਈ ਜਾਂ ਟੀਚਰਾਂ ਦਾ ਕੋਈ ਮਸਲਾ ਹੱਲ ਕਰਾਉਣ ਲਈ, ਮੈਨੂੰ ਹੀ ਜਥੇਬੰਦੀ ਦੇ ਉੱਚ-ਆਗੂਆਂ ਨਾਲ ਤਾਲਮੇਲ ਕਰਨਾ ਪੈਂਦਾ ਸੀ। ਬਾਰਡਰ ਦਾ ਸਕੂਲ ਹੋਣ ਕਰਕੇ ਇਹ ਸਕੂਲ ਸਹੂਲਤਾਂ ਤੋਂ ਸੱਖਣਾ ਸੀ, ਇੱਥੋਂ ਤੱਕ ਕਿ ਲੇਡੀ-ਸਟਾਫ਼ ਤੇ ਲੜਕੀਆਂ ਲਈ ਕੋਈ ਬਾਥ-ਰੂਮ ਵੀ ਨਹੀਂ ਸੀ। ਲੋੜ ਪੈਣ ਤੇ ਲੜਕੀਆਂ ਬਾਹਰ ਖੇਤਾਂ ਵੱਲ ਤੇ ਲੇਡੀ-ਸਟਾਫ਼ ਸਕੂਲ ਦੀ ਅੱਧ-ਢੱਠੀ ਕੰਧ ਟੱਪ ਕੇ ਗਵਾਂਢੀਆਂ ਦੇ ਘਰ ਬਾਥਰੂਮ ਕਰਨ ਜਾਂਦੀਆਂ ਸਨ। ਪਿੰਡ ਦੀ ਪੰਚਾਇਤ ਵੀ ਕੋਈ ਯੋਗਦਾਨ ਨਹੀਂ ਸੀ ਦੇਂਦੀ। ਅਸੀਂ ਸਟਾਫ਼ ਨੇ ਆਪਣੇ ਕੋਲੋਂ ਉਗਰਾਹੀ ਕਰਕੇ ਸਕੂਲ ਵਿੱਚ ਬਾਥਰੂਮ ਬਣਵਾਇਆ ਤਾਂ ਜੋ ਲੜਕੀਆਂ ਦੇ ਬਾਹਰ ਖੇਤਾਂ 'ਚ ਜਾਣ ਕਰਕੇ ਕੋਈ ਅਣਹੋਣੀ ਨਾ ਵਾਪਰੇ। ਵਰਨਣਯੋਗ ਹੈ ਕਿ ਇਸ ਸਕੂਲ ਵਿੱਚ ਡਰਾਇੰਗ ਟੀਚਰ ਵਜੋਂ ਕੰਮ ਕਰਦੀ ਇੱਕ ਅਧਿਆਪਕਾ ਨੇ ਵੀ ਇਸ ਸਬੰਧ ਵਿੱਚ ਸਾਨੂੰ ਕੋਈ ਯੋਗਦਾਨ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ ਸੀ।

ਮੇਰੇ ਪਿੰਡ ਤੋਂ 28 ਕਿ. ਮੀ. ਦੂਰ ਭਿੱਖੀਵਿੰਡ ਤੇ ਭਿੱਖੀਵਿੰਡ ਤੋਂ 15 ਕਿ. ਮੀ. ਦੂਰ ਅਮਰਕੋਟ ਸੀ। ਅਮਰਕੋਟ ਤੋਂ ਲਾਖਣਾ ਲੱਗ-ਭੱਗ 7 ਕਿ. ਮੀ. ਹੱਟਵਾਂ ਹਿੰਦ-ਪਾਕ ਬਾਰਡਰ ਵੱਲ ਪੈਂਦਾ ਸੀ। ਅਮਰਕੋਟ ਤੋਂ ਸਾਈਕਲ, ਰਿਕਸ਼ਾ ਜਾਂ ਟਾਂਗਾ ਹੀ ਆਉਣ-ਜਾਣ ਦਾ ਸਾਧਨ ਸੀ। ਬੱਸਾਂ ਤੇ ਆਪੋ-ਆਪਣੇ ਘਰਾਂ ਤੋਂ ਰੋਜ਼ ਸਕੂਲ ਸਮੇਂ ਸਿਰ ਪਹੁੰਚਣਾ ਬੜਾ ਮੁਸ਼ਕਿਲ ਸੀ। ਇਸ ਕਾਰਨ ਮੈਂ ਤੇ ਬਲਵੰਤ ਨੇ ਸਰਦੀਆਂ ਹੋਣ ਕਾਰਨ ਸਕੂਲ 'ਚ

ਹੀ ਡੇਰੇ ਲਾ ਲਏ। ਬਾਰਡਰ ਦਾ ਸਕੂਲ ਹੋਣ ਕਰਕੇ ਬਿਲਡਿੰਗ ਦਾ ਹਾਲ ਵੀ ਮਾੜਾ ਸੀ। ਦਫ਼ਤਰ ਤੋਂ ਬਿਨਾਂ ਹੋਰ ਕਿਸੇ ਕਮਰੇ ਦਾ ਦਰਵਾਜ਼ਾ-ਖਿੜਕੀ ਸਲਾਮਤ ਨਹੀਂ ਸੀ। ਅਨਪੜ੍ਹਤਾ ਹੋਣ ਕਰਕੇ ਸਾਂਝੀ ਥਾਂ ਦੀਆਂ ਲੋਕ ਇੱਟਾਂ ਵੀ ਉਧੇੜ ਕੇ ਘਰ ਲੈ ਜਾਂਦੇ ਸਨ। ਬਾਕੀ ਸਟਾਫ਼ ਨੇੜੇ ਦੇ ਪਿੰਡਾਂ ਤੋਂ ਆਪਣੇ 2 ਸਾਧਨ ਤੇ ਆਉਂਦੇ ਸਨ। ਬੱਚੇ ਪੜ੍ਹਾਈ 'ਚ ਬੜੇ ਕਮਜ਼ੋਰ ਸਨ। ਅਸੀਂ ਉਹਨਾਂ ਨੂੰ ਅੱਗੇ ਖਿੱਚਣ ਦਾ ਬਥੇਰਾ ਯਤਨ ਕਰਦੇ ਪਰ ਮਾਪੇ ਬਰਾਬਰ ਸਾਥ ਨਹੀਂ ਸਨ ਦੇਂਦੇ। ਜੇ ਬੱਚਿਆਂ ਨੂੰ ਅਸੀਂ ਕਦੇ ਝਿੜਕਦੇ ਜਾਂ ਮਾੜੀ-ਮੋਟੀ ਸਜ਼ਾ ਦੇਂਦੇ ਤਾਂ ਉਹ ਗੁੱਸੇ 'ਚ ਭਰੇ-ਪੀਤੇ ਸਕੂਲ ਆ ਧਮਕਦੇ ਤੇ ਅਧਿਆਪਕਾਂ ਨਾਲ ਦੁਰ-ਵਿਹਾਰ ਕਰਦੇ ਸਨ। ਸਿੱਟੇ ਵਜੋਂ ਬੱਚਿਆਂ ਦੀ ਪੜ੍ਹਾਈ ਤੇ ਮਾੜਾ ਅਸਰ ਪੈਂਦਾ ਸੀ। ਇੰਜ ਮਾਪਿਆਂ ਦਾ ਅਸਹਿਯੋਗ ਵਤੀਰਾ ਉਹਨਾਂ ਦੇ ਅੱਧ-ਪੜ੍ਹ ਜਾਂ ਅਨਪੜ੍ਹ ਰਹਿਣ ਦਾ ਇੱਕ ਕਾਰਨ ਸੀ।

ਜਦੋਂ ਮੈਂ ਅੰਗਹੀਣ ਯੂਨੀਅਨ ਦਾ ਸੈਕਟਰੀ ਸਾਂ ਤਾਂ ਇੱਕ ਦਿਨ ਵਜ਼ੀਰ ਚੰਦ ਦਾ ਵੱਡਾ ਭਰਾ ਸਦੀਕ (ਜੋ ਉਸ ਸਮੇਂ ਖੇਤ-ਮਜ਼ਦੂਰ ਯੂਨੀਅਨ ਦਾ ਆਗੂ ਸੀ) ਆਪਣੇ ਨਾਲ ਇੱਕ ਬਜ਼ੁਰਗ ਨੂੰ ਨਾਲ ਲੈ ਕੇ ਕੰਪਨੀ ਬਾਗ ਵਾਲੀ ਸਾਡੀ ਮੀਟਿੰਗ 'ਚ ਆ ਗਿਆ। ਮੈਂ ਉਸ ਸਮੇਂ ਸਾਹਮਣੇ ਬੈਠੇ ਅੰਗਹੀਣ ਲੋਕਾਂ ਨਾਲ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਬੋਲ ਰਿਹਾ ਸਾਂ। ਮੈਨੂੰ ਪਾਸੇ ਸੱਦ ਕੇ ਉਹਨੇ ਮੈਨੂੰ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਇਹ ਕਾਮਰੇਡ ਮੋਤਾ ਸਿੰਘ ਗੋਰੇ ਨੰਗਲ ਹਨ, ਸਾਡੀ ਪਾਰਟੀ ਦੇ ਤਹਿਸੀਲ ਕਮੇਟੀ ਮੈਂਬਰ ਤੇ ਕਿਸਾਨ ਸਭਾ ਦੇ ਜ਼ਿਲ੍ਹੇ ਦੇ ਆਗੂ ਅਤੇ ਉਹਨਾਂ ਨੂੰ ਮੇਰੇ ਬਾਰੇ ਦੱਸਿਆ। ਸਦੀਕ ਨੇ ਕਾ: ਮੋਤਾ ਸਿੰਘ ਦੀ ਲੜਕੀ ਨਾਲ ਮੇਰੇ ਰਿਸ਼ਤੇ ਦੀ ਗੱਲ ਤੋਰਨ ਬਾਰੇ ਮੇਰੀ ਸਹਿਮਤੀ ਲਈ ਤਾਂ ਮੈਂ ਇੱਕ ਸ਼ਰਤ ਤੇ ਹਾਂ ਕਰ ਦਿੱਤੀ ਕਿ ਸ਼ਾਦੀ ਬਿੱਲਕੁਲ ਸਾਦਾ ਬਿਨਾਂ ਦਾਜ-ਦਹੇਜ ਦੇ ਹੋਣੀ ਚਾਹੀਦੀ ਹੈ। ਕਾ: ਮੋਤਾ ਸਿੰਘ ਨੇ ਹੋਰ ਪੁੱਛ-ਪੜਤਾਲ ਕਰਦੇ ਹੋਏ ਕਿਹਾ, " ਕਾਕਾ! ਜ਼ਮੀਨ ਤੁਹਾਡੀ ਕਿੰਨੀ ਕੁ ਆ?"

ਮੈਂ ਕਿਹਾ, " ਜ਼ਮੀਨ ਤਾਂ ਜੀ ਮੇਰੀ ਹੈ ਨਹੀਂ।"

"ਇਹ ਕਿਦਾਂ ਹੋ ਸਕਦਾ, ਜ਼ਮੀਨ ਤਾਂ ਜੱਟਾਂ ਦੀ ਹੁੰਦੀ ਆ, ਥੋੜ੍ਹੀ ਹੋਵੇ ਭਾਵੇਂ ਬਹੁਤੀ", ਉਹ ਕਾਹਲੀ ਨਾਲ ਬੋਲੇ।

ਮੈਂ ਦੱਸਿਆ ਕਿ ਜ਼ਮੀਨ ਮੇਰੇ ਬਾਪ ਦੀ ਮਾਲਕੀ ਆ, ਚਾਰ ਕਿੱਲੇ, ਪਰ ਉਹਦਾ ਸੁਭਾਅ ਬੜਾ ਕੱਬਾ, ਪਤਾ ਨਹੀਂ ਉਹ ਮੈਨੂੰ ਦੇਵੇ ਕਿ ਨਾ। ਸੁਣ ਕੇ ਉਹ ਹੱਸ ਪਏ ਤੇ ਅਗਲੀ ਕਾਰਵਾਈ ਲਈ ਤਰੀਕ ਨਿਸਚਿਤ ਕਰ ਲਈ। ਫਿਰ ਵੇਖਾ-ਵਿਖਾਈ ਹੋਈ ਤੇ ਇੱਕ ਦਿਨ ਪਾਰਟੀ ਦੇ ਜ਼ਿਲ੍ਹਾ ਦਫ਼ਤਰ ਵਿੱਚ ਬੁਲਾ ਕੇ ਕਾਮਰੇਡ ਰਜੇਸ਼ਵਰ ਸਿੰਘ ਚਮਿਆਰੀ ਜੋ ਉਸ ਸਮੇਂ ਪਾਰਟੀ ਦੇ ਜ਼ਿਲ੍ਹਾ-ਸਕੱਤਰ ਸਨ, ਦੀ ਹਾਜ਼ਰੀ ਵਿੱਚ ਲੱਡੂਆਂ

ਦਾ ਡੱਬਾ ਲਿਆ ਕੇ ਸ਼ਗਨ ਕਰ ਲਿਆ। ਉਸ ਸਮੇਂ ਮਾਂ-ਬਾਪ ਵੀ ਮੇਰੇ ਨਾਲ ਨਹੀਂ ਸਨ ਉਹਨਾਂ ਨੂੰ ਵੀ ਮੈਂ ਬਾਅਦ 'ਚ ਦੱਸਿਆ। ਅਪਰੈਲ 1983 'ਚ ਵਿਆਹ ਹੋ ਗਿਆ ਪਰ ਮੇਰੀ ਕੋਈ ਸ਼ਰਤ ਪੂਰੀ ਨਾ ਹੋਈ, ਨਾ ਬਰਾਤ ਦੇ ਗਿਆਰਾਂ ਬੰਦਿਆਂ ਵਾਲੀ ਤੇ ਨਾ ਦਾਜ-ਦਹੇਜ ਬਿੱਲਕੁੱਲ ਬੰਦ ਵਾਲੀ। ਹਰ ਵਾਰ ਕਾਮਰੇਡ ਮੋਤਾ ਸਿੰਘ ਹੋਰੀਂ, ਜੋ ਕਿ ਸੁਭਾਅ ਦੇ ਬੜੇ ਸਖ਼ਤ ਸਨ 'ਤੂੰ ਸਾਡੇ ਨਾਲੋਂ ਬਹੁਤਾ ਸਿਆਣਾ ਨਹੀਂ' ਕਹਿ ਕੇ ਮੈਨੂੰ ਚੁੱਪ ਕਰਾ ਦੇਂਦੇ। ਇੱਕ ਗੱਲ ਮੇਰੇ ਪੱਖ ਵਿੱਚ ਸੀ ਕਿ ਮੇਰੀ ਪਤਨੀ ਬਲਜੀਤ ਕੌਰ ਜੋ ਪੜ੍ਹੀ ਭਾਵੇਂ ਦਸਵੀਂ ਤੱਕ ਹੀ ਸੀ ਪਰ ਘਰੇਲੂ ਕੰਮ-ਕਾਰ 'ਚ ਮਾਹਰ ਸੀ ਤੇ ਬੋਲ-ਚਾਲ ਤੇ ਸਲੀਕੇ ਪੱਖੋਂ ਬਹੁਤਾ ਪੜ੍ਹੀਆਂ ਨਾਲੋਂ ਕਿਤੇ ਸਿਆਣੀ ਸੀ। ਉਹ ਘਰ 'ਚ ਹਰ ਕਿਸੇ ਨੂੰ ਬਣਦਾ ਮਾਣ-ਸਤਿਕਾਰ ਦੇਂਦੀ ਤੇ ਸਾਰੀਆਂ ਘਰੇਲੂ ਜ਼ਿੰਮੇਵਾਰੀਆਂ ਧੀਰਜ ਤੇ ਠਰ੍ਹੰਮੇ ਨਾਲ ਪੂਰੀਆਂ ਕਰਦੀ ਰਹੀ। ਥੋੜ੍ਹੇ ਸਮੇਂ ਵਿੱਚ ਹੀ ਉਹਨੇ ਪਰਿਵਾਰ 'ਚ ਚੰਗੀ ਅਡਜਸਟਮੈਂਟ ਕਰ ਲਈ।

ਗਰਮੀਆਂ ਤਾਂ ਔਖੀਆਂ-ਸੌਖੀਆਂ ਲੰਘ ਗਈਆਂ ਪਰ ਡਿਊਟੀ ਸਥਾਨ ਘਰੋਂ ਦੂਰ ਹੋਣ ਕਾਰਨ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੈਂ ਖੇਮਕਰਨ ਕਸਬੇ ਵਿੱਚ ਇੱਕ ਕਮਰਾ ਕਿਰਾਏ ਤੇ ਲੈ ਲਿਆ। ਖੇਮਕਰਨ ਕਮਰਾ ਲੱਭਣ ਤੇ ਹੋਰ ਕਈ ਪ੍ਰਕਾਰ ਦੀ ਮਦਦ ਲਈ ਗੌਂ: ਟੀ: ਯੂ: ਬਲਾਕ ਵਲਟੋਹਾ ਦੇ ਜਨਰਲ ਸਕੱਤਰ ਨਰਿੰਦਰਪਾਲ ਸਿੰਘ ਤੂਤ ਤੇ ਹਰਭਜਨ ਸੰਧੂ ਦੋਵੇਂ ਮੇਰੇ ਅੰਗ-ਸੰਗ ਰਹੇ। ਦੋਹਾਂ ਨੇ ਮੇਰੀ ਬੜੀ ਮਦਦ ਕੀਤੀ। ਫਰਵਰੀ 1984 ਵਿੱਚ ਮੈਨੂੰ ਆਪਣੀ ਪਤਨੀ ਦੇ ਪਹਿਲੇ ਜਣੇਪੇ ਕਾਰਨ ਪਿੰਡ ਵਾਪਸ ਆਉਣਾ ਪਿਆ। 23 ਫਰਵਰੀ 1984 ਦੀ ਸੁਭਾਗੀ ਸਵੇਰ ਮੇਰੇ ਲਈ ਪੁੱਤਰ ਦੀ ਦਾਤ ਤੇ ਵਧਾਈਆਂ ਦੇ ਸੁਨੇਹੇ ਲੈ ਕੇ ਆਈ। ਇਹ ਦਿਨ ਪੰਜਾਬ ਦੇ ਅਮਨ-ਕਨੂੰਨ ਲਈ ਉੱਥਲ-ਪੁੱਥਲ ਵਾਲੇ ਦਿਨ ਸਨ ਇਸ ਲਈ ਮੈਂ ਆਪਣੇ ਬੇਟੇ ਦਾ ਨਾਂ ਅਮਨਪ੍ਰੀਤ (ਅਮਨ-ਸ਼ਾਂਤੀ ਨੂੰ ਪਿਆਰ ਕਰਨ ਵਾਲਾ) ਰੱਖਿਆ ਭਾਵੇਂ ਪੰਜਾਬ ਵਿੱਚ ਅਮਨ ਦੀ ਵਾਪਸੀ ਕਾਫੀ ਦੇਰ ਬਾਅਦ ਹੀ ਹੋਈ। ਬੇਟੇ ਦੇ ਸਵਾ ਮਹੀਨੇ ਦਾ ਹੋਣ ਤੱਕ ਸਾਨੂੰ ਪਿੰਡ ਰੁਕਣਾ ਪਿਆ।

ਖੇਮਕਰਨ ਇੱਥੋਂ ਬਹੁਤ ਦੂਰ ਪੈਂਦਾ ਸੀ ਤੇ ਬਾਹਰੋਂ ਜਾ ਕੇ ਉੱਥੇ ਬੈਠੇ ਬੰਦੇ ਨੂੰ ਇੰਜ ਲੱਗਦਾ ਸੀ ਕਿ ਜਿਵੇਂ ਉਹ ਪਾਕਿਸਤਾਨ 'ਚ ਬੈਠਾ ਹੋਵੇ। ਇਸ ਲਈ ਮੈਂ ਖੇਮਕਰਨ ਦੀ ਥਾਂ ਭਿੱਖੀਵਿੰਡ ਅੱਡੇ ਤੇ ਕਮਰਾ ਲੈਣ ਦਾ ਫ਼ੈਸਲਾ ਕੀਤਾ ਕਿਉਂਕਿ ਭਿੱਖੀਵਿੰਡ ਤੋਂ ਸਕੂਲ ਡਿਊਟੀ ਤੇ ਸਮੇਂ ਸਿਰ ਜਾਇਆ ਜਾ ਸਕਦਾ ਸੀ। ਅਪਰੈਲ 1984 'ਚ ਮੈਂ ਆਪਣੀ ਪਤਨੀ ਤੇ ਬੱਚੇ ਨਾਲ ਸੱਤਪਾਲ ਸ਼ਰਮਾ ਨਾਂ ਦੇ ਬ੍ਰਾਹਮਣ (ਪਰਿਵਾਰ) ਦੇ ਘਰ ਕਮਰਾ ਲੈ ਲਿਆ। ਉਹਦੇ ਘਰ 'ਚ ਪੰਜ ਛੇ ਕਮਰੇ ਸਨ ਤੇ ਅੱਗੇ ਬਰਾਂਡਾ ਸੀ। ਉਹਦੇ ਤਿੰਨ ਲੜਕੇ ਸਨ ਜੀਹਨਾਂ 'ਚੋਂ ਇੱਕ ਵਿਆਹਿਆ ਹੋਇਆ ਸੀ। ਦੋ ਤਿੰਨ ਹੋਰ ਵੀ ਕਿਰਾਏਦਾਰ ਉੱਥੇ ਰਹਿੰਦੇ ਸਨ। ਇਹਨਾਂ ਦਿਨਾਂ 'ਚ ਪੰਜਾਬ 'ਚ ਅਤਿਵਾਦ ਤੇ ਦਹਿਸ਼ਤ ਦਾ ਬੜਾ ਜ਼ੋਰ ਸੀ।

ਰਾਜਸੀ ਵਿਰੋਧੀਆਂ ਨੂੰ ਚੁਣ 2 ਕੇ ਮਾਰਿਆ ਜਾ ਰਿਹਾ ਸੀ ਤੇ ਹਿੰਦੂਆਂ ਦੇ ਵੀ ਕਤਲ ਕੀਤੇ ਜਾ ਰਹੇ ਸਨ। ਲੁੱਟਾਂ-ਖੋਹਾਂ ਤੇ ਅਗਵਾ-ਫਿਰੌਤੀਆਂ ਹੋ ਰਹੀਆਂ ਸਨ। ਸੂਬੇ 'ਚ ਭਾਵੇਂ ਸੀ.ਆਰ.ਪੀ. ਬੈਠੀ ਹੋਈ ਸੀ ਪਰ ਦਿਨੇ ਸੀ.ਆਰ.ਪੀ. ਦਾ ਤੇ ਰਾਤ ਨੂੰ ਅਤਿਵਾਦੀਆਂ ਦਾ ਰਾਜ ਹੁੰਦਾ ਸੀ। ਦਹਿਸ਼ਤ ਏਨੀ ਸੀ ਕਿ ਸ਼ਾਮ ਨੂੰ ਪੰਜ ਵਜੇ ਤੋਂ ਬਾਅਦ ਕੋਈ ਘਰੋਂ ਬਾਹਰ ਨਹੀਂ ਸੀ ਨਿਕਲਦਾ। ਘਰੋਂ ਕੰਮ-ਕਾਰ ਲਈ ਬੰਦਾ ਬਾਹਰ ਜਾਂਦਾ ਤਾਂ ਵਾਪਸ ਆਉਣ ਤੱਕ ਬਾਕੀ ਪਰਿਵਾਰ ਦੀ ਜਾਨ ਸੂਲੀ ਤੇ ਟੰਗੀ ਰਹਿੰਦੀ ਸੀ। ਸਿੱਖੀ ਬਾਣੇ ਵਿੱਚ ਸੈਂਕੜੇ ਨੌਜਵਾਨ ਮੁੰਡੇ ਅਸਾਲਟਾਂ ਚੁੱਕੀ ਮੋਟਰ-ਸਾਈਕਲਾਂ ਤੇ ਸਵਾਰ ਆਪਣੇ ਔਰੰਗਜ਼ੇਬੀ ਹੁਕਮਾਂ ਦੀ ਜਬਰੀ ਤਾਮੀਲ ਕਰਵਾ ਕੇ ਸਿੱਖੀ ਦੀ ਕੁ-ਸੇਵਾ ਕਰਦੇ ਫਿਰਦੇ ਸਨ। ਕਿਸੇ ਦੀ ਕੀ ਮਜਾਲ ਸੀ ਜੁ ਉਹਨਾਂ ਅਗੇ ਕੁਸਕ ਜਾਂਦਾ। ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਗੁਰੂ ਦਾ ਖ਼ਾਲਸਾ ਕਿਤੇ ਨਜ਼ਰ ਨਹੀਂ ਸੀ ਆਉਂਦਾ।

ਮਈ ਦੇ ਆਖ਼ਰੀ ਹਫ਼ਤੇ ਅਸੀਂ ਆਪਣੇ ਪਿੰਡ ਮਾਂ-ਬਾਪ ਤੇ ਬਾਕੀ ਪਰਿਵਾਰ ਨੂੰ ਮਿਲਣ ਗਏ। ਜੂਨ ਦੀ ਪਹਿਲੀ ਤਰੀਕ ਨੂੰ ਅਸੀਂ ਵਾਪਸ ਮੁੜ ਆਏ। ਬਲਜੀਤ ਨੂੰ ਟਾਈਫ਼ਾਈਡ ਬੁਖ਼ਾਰ ਸੀ ਇਸ ਕਾਰਨ ਅਮਨ ਦੀ ਸੰਭਾਲ ਲਈ ਅਸੀਂ ਮਾਸਟਰ ਦਰਸ਼ਨ ਦੀ ਛੋਟੀ ਭੈਣ ਰਾਣੀ ਨੂੰ ਵੀ ਨਾਲ ਲੈ ਆਏ ਸਾਂ। ਉਹਨੇ ਸਕੀਆਂ ਨਣਾਨਾਂ ਤੋਂ ਵੱਧ ਕੇ ਬਲਜੀਤ ਦੀ ਸਿਹਤਯਾਬੀ ਲਈ ਸੇਵਾ ਕੀਤੀ ਤੇ ਅਮਨ ਨੂੰ ਸਾਰਾ 2 ਦਿਨ ਖਿਡਾਉਂਦੀ ਰਹੀ। ਮੇਰੀ ਜੇਬ 'ਚ ਪੈਸੇ ਥੋੜ੍ਹੇ ਸਨ ਪਰ ਤਨਖ਼ਾਹ ਜਲਦੀ ਮਿਲ ਜਾਣ ਦੀ ਆਸ ਸੀ, ਇਸ ਲਈ ਘਰੋਂ ਵੀ ਪੈਸੇ ਲੈ ਕੇ ਨਾ ਆਇਆ। ਦੋ ਦਿਨ ਹੋਰ ਸੁੱਖ-ਸਾਂਦ ਨਾਲ ਲੰਘ ਗਏ। ਪਰ ਚਾਰ ਤਰੀਕ ਨੂੰ ਜਦੋਂ ਸਵੇਰੇ ਤੜ੍ਹਕੇ ਘਰੋਂ ਬਾਹਰ ਜੰਗਲ-ਪਾਣੀ ਜਾਣ ਲਈ ਨਿਕਲੇ ਤਾਂ ਸੀ.ਆਰ.ਪੀ. ਦੀ ਥਾਂ ਭਾਰਤੀ ਫ਼ੌਜ ਦੀ ਸਾਰੇ ਪਾਸੇ ਨਾਕੇਬੰਦੀ ਹੋਈ ਵੇਖੀ। ਪੈਰ ਪੈਰ ਤੇ ਸੈਨਿਕ ਖੜੇ ਸਨ ਤੇ ਉਹਨਾਂ ਨੇ ਸਾਨੂੰ ਬਾਹਰ ਜਾਣ ਤੋਂ ਰੋਕ ਕੇ ਵਾਪਸ ਘਰ ਭੇਜ ਦਿੱਤਾ। ਵਾਪਸ ਆ ਕੇ ਖ਼ਬਰਾਂ ਸੁਣੀਆਂ ਤਾਂ ਪਤਾ ਲੱਗਾ ਕਿ ਸਾਰੇ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਾਰੇ ਪੰਜਾਬ 'ਚ ਕਰਫ਼ਿਊ ਲਾਗੂ ਕਰ ਕੇ ਫ਼ੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਘੇਰਾ ਪਾ ਕੇ ਅਤਿਵਾਦੀਆਂ ਤੋਂ ਅਜ਼ਾਦ ਕਰਾਉਣ ਲਈ ਐਕਸ਼ਨ ਕੀਤਾ ਜਾ ਰਿਹਾ ਸੀ। ਕਰਫ਼ਿਊ ਖੁੱਲਣ ਤੱਕ ਸਭ ਨੂੰ ਘਰਾਂ ਅੰਦਰ ਹੀ ਤੜੇ ਰਹਿਣਾ ਪੈਣਾ ਸੀ। ਇਸ ਬਿਪਤਾ ਦਾ ਪਹਿਲਾਂ ਕਿਸੇ ਨੂੰ ਚਿਤ-ਚੇਤਾ ਵੀ ਨਹੀਂ ਸੀ ਇਸ ਕਾਰਨ ਘਰੇਲੂ ਲੋੜਾਂ ਦੀਆਂ ਸਾਰੀਆਂ ਚੀਜ਼ਾਂ ਕਿਸੇ ਕੋਲ ਵੀ ਨਹੀਂ ਸਨ। ਫਿਰ ਵੀ ਸੰਕਟ ਦੇ ਇਸ ਦੌਰ ਵਿੱਚ ਸਾਰੇ ਪਰਿਵਾਰਾਂ ਨੇ ਮਿਲ-ਜੁਲ ਕੇ ਏਕਤਾ ਦਾ ਸਬੂਤ ਦਿੱਤਾ ਤੇ ਵੰਡ ਵਰਤ ਕੇ ਟਾਇਮ ਪਾਸ ਕੀਤਾ।

ਉਸ ਘਰ ਵਿੱਚ ਰਹਿਣ ਵਾਲੇ ਸਾਰੇ ਪਰਿਵਾਰਾਂ 'ਚ ਮੇਰੀ ਸਮੱਸਿਆ ਅਨੋਖੀ ਸੀ। ਮੇਰੇ

ਬੇਟੇ ਨੂੰ ਜਨਮ ਤੋਂ ਹੀ ਮਾਂ ਦਾ ਦੁੱਧ ਸੂਟ ਨਹੀਂ ਸੀ ਕੀਤਾ ਤੇ ਉਹ ਬਣਾਉਟੀ (ਡੱਬੇ ਵਾਲਾ) ਦੁੱਧ ਹੀ ਪੀ ਸਕਦਾ ਸੀ। ਅਚਾਨਕ ਦੁੱਧ ਦਾ ਡੱਬਾ ਵੀ ਖ਼ਤਮ ਹੋ ਗਿਆ ਸੀ ਤੇ ਖ਼ਰੀਦਣ ਜੋਗੇ ਪੈਸੇ ਮੇਰੀ ਜੇਬ 'ਚ ਨਹੀਂ ਸਨ। ਮਾਲਕ-ਮਕਾਨ ਜੋ ਹਿੰਦੂ ਸੀ, ਨੇ ਮੈਨੂੰ ਕੁਝ ਨਕਦੀ ਦੇਣ ਦੀ ਪੇਸ਼ਕਸ਼ ਕੀਤੀ ਤਾਂ ਜੋ ਕਰਫ਼ਿਊ ਖੁੱਲ੍ਹਣ ਤੇ ਮੈਂ ਬੱਚੇ ਲਈ ਦੁੱਧ ਦਾ ਡੱਬਾ ਖ਼ਰੀਦ ਲਿਆਵਾਂ। ਚੌਥੇ ਦਿਨ ਕਰਫ਼ਿਊ 'ਚ ਦੋ ਘੰਟੇ ਦੀ ਢਿੱਲ ਦਿੱਤੀ ਗਈ ਤਾਂ ਮੈਂ ਮਾਲਕ ਮਕਾਨ ਤੋਂ ਪੈਸੇ ਲੈ ਕੇ ਭਿੱਖੀਵਿੰਡ ਦੇ ਮੇਨ ਚੌਂਕ 'ਚ ਦੁੱਧ ਦਾ ਡੱਬਾ ਤੇ ਹੋਰ ਲੋੜੀਂਦੀਆਂ ਚੀਜਾਂ ਲੈਣ ਗਿਆ। ਚੌਂਕ ਵਿੱਚ ਮੈਨੂੰ ਗੌਂ: ਟੀ: ਯੂ: ਅੰਮ੍ਰਿਤਸਰ ਦਾ ਆਗੂ ਦਲਜੀਤ ਸਿੰਘ ਦਿਆਲਪੁਰਾ ਮਿਲਿਆ। ਉਹਦਾ ਪਿੰਡ ਭਿੱਖੀਵਿੰਡ ਤੋਂ 6 ਕਿ. ਮੀ. ਦੂਰ ਸੀ ਪਰ ਉਹ ਇਸ ਬਿਪਤਾ ਦੀ ਘੜੀ ਲੋੜਵੰਦ ਟੀਚਰਾਂ ਦੀ ਮਦਦ ਕਰਨ ਲਈ ਹੀ ਇੱਥੇ ਆਇਆ ਸੀ। ਉਹਨੇ ਮੈਨੂੰ ਅਗਲੇ ਦਿਨਾਂ ਲਈ 100 ਰੁਪਏ ਸਹਾਇਤਾ ਵਜੋਂ ਦਿੱਤੇ ਕਿਉਂਕਿ ਉਹਨੂੰ ਪਤਾ ਸੀ ਕਿ ਮਾੜੇ ਹਲਾਤਾਂ ਕਾਰਨ ਤਨਖ਼ਾਹ ਦਸ ਦਿਨ ਲੇਟ ਹੋ ਸਕਦੀ ਸੀ। ਉਹਦੀ ਇਸ ਸੁਹਿਰਦ ਸੋਚ ਨੂੰ ਵੇਖ ਕੇ ਮੇਰਾ ਜਥੇਬੰਦੀ ਵਿੱਚ ਭਰੋਸਾ ਹੋਰ ਪੱਕਾ ਹੋ ਗਿਆ।

ਇਹਨਾਂ ਦਿਨਾਂ 'ਚ ਹੀ ਭਾਰਤੀ ਫੋਜ ਵੱਲੋਂ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਦੁਆਲੇ ਘੇਰਾ ਪਾ ਕੇ ਨੀਲਾ ਤਾਰਾ ਐਕਸ਼ਨ ਕੀਤਾ ਗਿਆ। ਸਿੱਖਾਂ ਦੇ ਮੁਕੱਦਸ ਸਥਾਨ ਦੀ ਬੇ-ਹੁਰਮਤੀ ਕਰਕੇ ਅਕਾਲ ਤਖ਼ਤ ਨੂੰ ਢਾਹ ਢੇਰੀ ਕਰ ਦਿੱਤਾ। ਬੇ-ਹਿਸਾਬ ਜਾਨੀ ਤੇ ਮਾਲੀ ਨੁਕਸਾਨ ਹੋਇਆ। ਦਰਬਾਰ ਸਾਹਿਬ ਅੰਦਰ ਲੁਕੇ ਬੈਠੇ ਕੁਝ ਕਥਿੱਤ ਸਮਾਜ-ਵਿਰੋਧੀ ਅਨਸਰਾਂ ਦੇ ਨਾਲ ਬਹੁਤ ਸਾਰੇ ਬੇ-ਕਸੂਰ ਲੋਕਾਂ ਦਾ ਵੀ ਘਾਣ ਹੋ ਗਿਆ। ਕਹਿੰਦੇ ਹਨ ਕਿ ਕੁਝ ਹਥਿਆਰਬੰਦ ਅਨਸਰ ਬਚ ਨਿਕਲਣ 'ਚ ਕਾਮਯਾਬ ਵੀ ਹੋ ਗਏ। ਪਰ ਸਰਕਾਰ ਵੱਲੋਂ ਤਾਕਤ ਦੇ ਜ਼ੋਰ ਤੇ ਵੱਖਵਾਦੀ ਸਿੱਖਾਂ ਦੀ ਖਾਲਿਸਤਾਨ ਦੀ ਲਹਿਰ ਨੂੰ ਦਬਾ ਦਿੱਤਾ ਗਿਆ। ਕੁਝ ਸਮਾਂ ਤਾਂ ਮਾੜਾ-ਮੋਟਾ ਅਮਨ-ਅਮਾਨ ਰਿਹਾ ਪਰ ਇਹ ਅਮਨ ਸਦੀਵੀ ਨਹੀਂ ਸੀ। 31 ਅਕਤੂਬਰ 1984 ਨੂੰ ਪ੍ਰਧਾਨ-ਮੰਤਰੀ ਸ੍ਰੀ ਮਤੀ ਇੰਦਰਾਂ ਗਾਂਧੀ ਨੂੰ, ਉਸ ਦੇ ਅੰਗ-ਰਖਿਅਕਾਂ, ਜੀਹਨਾਂ ਵਿੱਚ ਦੋ ਸਿੱਖ ਵੀ ਸ਼ਾਮਲ ਸਨ, ਨੇ ਕਤਲ ਕਰ ਦਿੱਤਾ। ਅਗਲੇ ਦਿਨ ਦਿੱਲੀ 'ਚ ਗਿਣੇ-ਮਿਥੇ ਢੰਗ ਨਾਲ ਦੰਗੇ ਹੋਏ ਤੇ ਹਜ਼ਾਰਾਂ ਸਿੱਖਾਂ ਨੂੰ ਗਲਾਂ 'ਚ ਟਾਇਰ ਪਾ ਕੇ ਸਾੜਿਆ ਤੇ ਮਾਰਿਆ ਗਿਆ। ਉਹਨਾਂ ਦੇ ਘਰ ਲੁੱਟ ਕੇ ਸਾੜ ਦਿੱਤੇ ਅਤੇ ਸਿੱਖ ਔਰਤਾਂ ਨੂੰ ਬੇਪਤ ਕੀਤਾ ਗਿਆ। ਇਸ ਸਭ-ਕੁਝ ਦਾ ਅਸਰ ਪੰਜਾਬ ਤੇ ਮੁੜ ਪੈਣਾ ਹੀ ਸੀ। ਸਿੱਟੇ ਵਜੋਂ ਮੰਦਭਾਗੀਆਂ ਘਟਨਾਵਾਂ ਵਾਪਰਨ ਦਾ ਅਮਲ ਮੁੜ ਚਾਲੂ ਹੋ ਗਿਆ।

ਅਗਸਤ 1985 'ਚ ਮੈਨੂੰ ਜਾਣਕਾਰੀ ਮਿਲੀ ਕਿ ਸਰਕਾਰੀ ਮਿਡਲ ਸਕੂਲ ਸੁੱਗਾ ਵਿੱਚ ਗਿਆਨੀ ਕਿਰਪਾਲ ਸਿੰਘ ਦੀ ਸੇਵਾ-ਮੁਕਤੀ ਹੋਣ ਪਿੱਛੋਂ ਪੰਜਾਬੀ ਦੀ ਪੋਸਟ ਖਾਲੀ

ਹੋ ਜਾਣੀ ਹੈ। ਇਹ ਸਕੂਲ ਮੇਰੇ ਪਿੰਡ ਤੋਂ 10 ਕਿ. ਮੀ. ਦੂਰ ਸੀ ਤੇ ਏਨਾ ਕੁ ਪੈਂਡਾ ਮੈਂ ਸਾਈਕਲ ਤੇ ਅਸਾਨੀ ਨਾਲ ਕਰ ਸਕਦਾ ਸਾਂ। ਮੈਂ ਆਪਣੀ ਜਥੇਬੰਦੀ ਗੌਂ: ਟੀ: ਯੂ: ਦੇ ਆਗੂ ਅਰਸਾਲ ਸਿੰਘ ਸੰਧੂ ਨੂੰ ਮਿਡ-ਟਰਮ ਬਦਲੀ ਕਰਾਉਣ ਲਈ ਬਿਨੈ-ਪੱਤਰ ਦੇ ਦਿੱਤਾ, ਉਹਨੇ ਡੀ. ਈ. ਓ. ਦਫ਼ਤਰ ਤੋਂ ਬਦਲੀ ਦੀ ਪ੍ਰੋਪੋਜ਼ਲ ਬਣਵਾ ਕੇ ਡੀ. ਪੀ. ਆਈ. ਦਫ਼ਤਰ ਨੂੰ ਭਿਜਵਾ ਦਿੱਤੀ ਤੇ ਸੂਬਾਈ ਪ੍ਰਧਾਨ ਨੂੰ ਕਹਿ ਕੇ ਪ੍ਰੋਪੋਜ਼ਲ ਮਨਜ਼ੂਰ ਕਰਵਾ ਲਈ। ਦਸੰਬਰ 6, 1985 ਨੂੰ ਬਦਲੀ ਦੇ ਹੁਕਮ ਜਾਰੀ ਹੋ ਗਏ ਤੇ ਅਗਲੇ ਦਿਨ ਮੈਂ ਸਰਕਾਰੀ ਮਿਡਲ ਸਕੂਲ ਸੁੱਗਾ ਵਿਖੇ ਡਿਊਟੀ ਜਾਇਨ ਕਰ ਲਈ। ਭਿੱਖੀਵਿੰਡ ਤੋਂ ਆਪਣਾ ਸਮਾਨ ਚੁੱਕ ਕੇ ਮੈਂ ਵਾਪਸ ਪਿੰਡ ਆਪਣੇ ਪਰਿਵਾਰ ਵਿੱਚ ਆ ਗਿਆ। ਪਿੰਡ ਰਹਿ ਕੇ ਨੌਂਕਰੀ ਦੇ ਨਾਲ ਹੋਰ ਕਈ ਸਹਾਇਕ ਧੰਦੇ ਚਾਲੂ ਕਰਨ ਦੇ ਮੇਰੇ ਇਰਾਦੇ ਸਨ। ਮੈਂ ਕੁਝ ਮੱਝਾਂ-ਗਾਵਾਂ ਰੱਖ ਕੇ ਦੁੱਧ ਵਾਲੀ ਡੇਅਰੀ ਖੋਲ੍ਹਣ, ਦੁੱਧ ਤੋਂ ਹੋਰ ਪਰੋਡਕਟ ਤਿਆਰ ਕਰਕੇ ਵਿਕਰੀ ਕਰਨ, ਸਬਜੀਆਂ ਤੇ ਫੁੱਲਾਂ ਦੀ ਖੇਤੀ ਕਰਨ, ਮੁਰਗ਼ੀਖਾਨਾ ਖੋਲ੍ਹਣ ਅਤੇ ਆਟਾ-ਚੱਕੀ ਲਾਉਣ ਦੇ ਸੁਪਨੇ ਲੈ ਰਿਹਾ ਸਾਂ ਤਾਂ ਜੋ ਆਪਣੇ ਵੱਡੇ ਭਰਾ ਦੇ ਬੱਚਿਆਂ ਜੋ ਪੜ੍ਹਾਈ ਵੱਲ ਧਿਆਨ ਨਹੀਂ ਸਨ ਦੇਂਦੇ, ਲਈ ਰੋਜ਼ਗਾਰ ਦਾ ਪ੍ਰਬੰਧ ਹੋ ਜਾਵੇ ਪਰ ਕੁਝ ਪਰਿਵਾਰ ਦੇ ਅਸਹਿਯੋਗ ਵਤੀਰੇ ਤੇ ਕੁਝ ਵਿਗੜ ਰਹੇ ਹਾਲਾਤਾਂ ਕਾਰਨ ਮੇਰੀ ਉਹ ਪਲਾਨ ਮੁੰਗੇਰੀ ਲਾਲ ਦੇ ਸੁਪਨੇ ਹੋ ਨਿੱਬੜੀ। ਹੁਣ ਤੱਕ ਸਭ ਤੋਂ ਛੋਟਾ ਭਰਾ ਬਲਦੇਵ ਵੀ ਭਾਰਤੀ ਫੌਜ ਦਾ ਸਿਪਾਹੀ ਬਣ ਚੁੱਕਾ ਸੀ ਤੇ ਇਸ ਤਰਾਂ ਘਰ 'ਚ ਤਿੰਨ ਤਨਖ਼ਾਹ-ਦਾਰ ਮੁਲਾਜ਼ਮ ਹੋਣ ਕਾਰਨ ਮਾਂ-ਬਾਪ ਨੂੰ ਗਰੀਬੀ-ਦਾਵੇ ਵਾਲੇ ਦਿਨ ਭੁੱਲ ਗਏ ਸਨ। ਮਾਂ ਦੁਆਰਾ ਕੀਤੀ ਭਗਤੀ ਸੰਪੂਰਨ ਹੋ ਗਈ ਸੀ।

# ਕਾਮਰੇਡ ਮੋਤਾ ਸਿੰਘ ਤੇ ਕਮਿਊਨਿਸਟ ਪਾਰਟੀ

ਕਾਮਰੇਡ ਮੋਤਾ ਸਿੰਘ ਗੋਰੇਨੰਗਲ (ਮੇਰੇ ਸਹੁਰਾ ਸਾਹਿਬ) ਕਮਿਊਨਿਸਟ ਪਾਰਟੀ ਦੇ ਉੱਘੇ ਆਗੂ ਸਨ। ਉਹ ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹੇ ਦੇ ਆਗੂ ਅਤੇ ਪਾਰਟੀ ਦੀ ਤਹਿਸੀਲ ਕਮੇਟੀ ਦੇ ਮੈਂਬਰ ਸਨ। ਕਿਸਾਨਾਂ ਵਿੱਚ ਉਹ ਏਨੇ ਹਰਮਨ-ਪਿਆਰੇ ਸਨ ਕਿ ਕਿਸਾਨ ਸਭਾ ਜਾਂ ਪਾਰਟੀ ਨੂੰ ਜਦ ਕਦੇ ਵੀ ਫੰਡਾਂ ਦੀ ਲੋੜ ਪੈਂਦੀ ਤਾਂ ਉਹਨਾਂ ਦੇ ਕਹਿਣ ਤੇ ਹਜ਼ਾਰਾਂ ਰੁਪਏ ਫੰਡ ਇਕੱਠਾ ਹੋ ਜਾਂਦਾ ਸੀ ਤੇ ਜਦ ਕਿਤੇ ਲੋਕਾਂ ਦੀਆਂ ਹੱਕੀ ਮੰਗਾਂ ਲਈ ਕਾਮਰੇਡਾਂ ਦਾ ਕੋਈ ਧਰਨਾ, ਮੁਜ਼ਾਹਰਾ ਜਾਂ ਜਲਸਾ ਹੁੰਦਾ ਤਾਂ ਉਹ ਸੈਂਕੜੇ ਕਾਰਕੁੰਨਾਂ ਨਾਲ ਲਾਲ ਝੰਡੇ ਫੜੀ ਹੁੰਮ-ਹੁਮਾ ਕੇ ਸ਼ਾਮਲ ਹੁੰਦੇ। ਉਹਨਾਂ ਨੇ ਆਪਣੀ ਜਵਾਨੀ ਤੋਂ ਲੈ ਕੇ ਬੁਢਾਪੇ ਤੱਕ ਸਾਰਾ ਜੀਵਨ ਪਾਰਟੀ ਦੇ ਲੇਖੇ ਲਾ ਦਿੱਤਾ ਸੀ ਪਰ ਅੰਤਲੇ ਸਮੇਂ ਉਹਨਾਂ ਦੀ ਪਾਰਟੀ ਨੇ ਉਹਨਾਂ ਨਾਲ ਵਫ਼ਾ ਨਾ ਨਿਭਾਈ ਤੇ ਬਿਪਤਾ ਵੇਲੇ ਸਾਥ ਛੱਡ ਗਈ। ਉਹ 1937-38 ਦੇ ਨੇੜੇ ਪਾਰਟੀ ਦੇ ਸੰਪਰਕ ਵਿੱਚ ਆਏ ਸਨ ਜਦੋਂ ਦੇਸ਼ ਵਿੱਚ ਆਜ਼ਾਦੀ ਦੀ ਲੜਾਈ ਚੱਲ ਰਹੀ ਸੀ। ਇਸ ਕਾਰਨ ਆਜ਼ਾਦੀ-ਸੰਗਰਾਮ ਵਿੱਚ ਪਾਰਟੀ ਦੇ ਸੱਦੇ ਤੇ ਉਹ ਕਈ ਵਾਰ ਜੇਲ੍ਹ ਵੀ ਗਏ ਸਨ। ਇਸ ਸਬੰਧ ਵਿੱਚ ਉਹਨਾਂ ਨੂੰ ਇੱਕ ਤਾਮਰ-ਪੱਤਰ ਮਿਲਿਆ ਹੋਇਆ ਸੀ। ਪਹਿਲਾਂ ਤਾਂ ਪਾਰਟੀ ਨੇ ਦੇਸ਼ ਆਜ਼ਾਦ ਹੋ ਜਾਣ ਪਿੱਛੋਂ ਭਾਰਤ ਸਰਕਾਰ ਤੋਂ ਆਪਣੀਆਂ ਕੁਰਬਾਨੀਆਂ ਦਾ ਮੁੱਲ ਵੱਟਣ ਤੋਂ ਨਾਂਹ ਕਰਦੇ ਹੋਏ, ਕੋਈ ਵੀ ਆਰਥਿਕ ਲਾਭ ਲੈਣ ਤੋਂ ਸਾਫ਼ ਨਾਂਹ ਕਰ ਦਿੱਤੀ ਸੀ ਪਰ ਬਾਅਦ ਵਿੱਚ ਪਾਰਟੀ ਵੱਲੋਂ ਉਨਾਂ ਦੀ ਮੈਂਬਰੀ ਖ਼ਾਰਜ ਕਰ ਦੇਣ ਪਿੱਛੋਂ ਉਹਨਾਂ ਨੇ ਸਰਕਾਰ ਪਾਸੋਂ ਸੁਤੰਤਰਤਾ-ਸੈਨਾਨੀ ਵਜੋਂ ਮਿਲਦੀ ਮਾਸਿਕ ਪੈਨਸ਼ਨ ਮਨਜ਼ੂਰ ਕਰਵਾ ਲਈ ਸੀ।

ਉਹ ਜ਼ਿਕਰ ਕਰਿਆ ਕਰਦੇ ਸਨ ਕਿ ਦਸਵੀਂ ਤੋਂ ਬਾਅਦ ਉਹ ਗਿਆਨੀ ਪਾਸ ਕਰਨ ਲਈ ਆਪਣੇ ਇੱਕ ਨਜ਼ਦੀਕੀ ਰਿਸ਼ਤੇਦਾਰ ਦੀ ਮਦਦ ਨਾਲ ਕੁਝ ਸਮਾਂ ਤਰਨਤਾਰਨ ਸ਼ਹਿਰ ਵਿੱਚ ਰਹੇ ਸਨ। ਇੱਕ ਕਿਰਾਏ ਦੇ ਮਕਾਨ ਵਿੱਚ ਉਹਨਾਂ ਦਾ ਮੇਲ ਕਾਮਰੇਡ ਅੱਛਰ ਸਿੰਘ ਛੀਨਾ ਨਾਲ ਹੋਇਆ ਸੀ ਜੋ ਕਿ ਉਸ ਸਮੇਂ ਅੰਡਰ-ਗਰਾਊਂਡ ਸਨ। ਉਹਨਾਂ ਰਾਹੀਂ ਕਾਮਰੇਡ ਦਲੀਪ ਸਿੰਘ ਟਪਿਆਲਾ ਤੇ ਫੌਜਾ ਸਿੰਘ ਭੁੱਲਰ ਵਰਗੇ ਕਈ ਹੋਰ ਦੇਸ਼-ਭਗਤਾਂ ਨਾਲ ਵਾਹ ਪਿਆ ਤੇ ਫਿਰ ਘਰ-ਬਾਹਰ ਛੱਡ ਕੇ ਉਹ ਇਹਨਾਂ

ਦੇਸ਼-ਭਗਤਾਂ ਦੇ ਨਕਸ਼ੇ-ਕਦਮਾਂ ਤੇ ਚੱਲਦੇ ਪਾਰਟੀ ਦੇ ਹੋਲ-ਟਾਈਮਰ ਬਣ ਗਏ। ਜਿਉਂ ਤੁਰੇ ਫਿਰ ਪਿੱਛਾ ਭੌਂ ਕੇ ਪਿਛਾਂਹ ਨਹੀਂ ਵੇਖਿਆ। ਜਦੋਂ ਮੇਰਾ ਵਿਆਹ ਹੋਇਆ ਉਦੋਂ ਵੀ ਉਹ ਪਾਰਟੀ ਸਰਗਰਮੀਆਂ ਵਿੱਚ ਬੜੀ ਜ਼ਿੰਦਾਦਿਲੀ ਨਾਲ ਭਾਗ ਲੈਂਦੇ ਸਨ। ਕਿਉਂਕਿ ਉਹ ਕਮਿਊਨਿਸਟ ਪਾਰਟੀ ਨਾਲ ਕਈ ਦਹਾਕਿਆਂ ਤੋਂ ਜੁੜੇ ਹੋਏ ਸਨ ਇਸ ਕਾਰਨ ਪਾਰਟੀ ਦੇ ਸੋਵੀਅਤ ਰੂਸ ਦੀ ਪਾਰਟੀ ਨਾਲ ਭਰਾਤਰੀ ਸਬੰਧ ਹੋਣ ਕਾਰਨ, ਸੋਵੀਅਤ ਰੂਸ ਵੱਲੋਂ ਕਮਿਊਨਿਜ਼ਮ ਤੇ ਸਮਾਜਵਾਦ ਬਾਰੇ ਛਾਪਿਆ ਜਾਂਦਾ ਬਹੁਤ ਸਾਰਾ ਸਾਹਿਤ ਹਰ ਮਹੀਨੇ ਡਾਕ ਰਾਹੀਂ ਕਾਮਰੇਡ ਹੋਰਾਂ ਕੋਲ ਪਹੁੰਚਦਾ ਸੀ। ਮੈਂ ਜਦੋਂ ਵੀ ਉਹਨਾਂ ਨੂੰ ਮਿਲਣ ਜਾਂਦਾ ਮੈਨੂੰ ਬਹੁਤ ਸਾਰੀਆਂ ਪੁਸਤਕਾਂ ਪੜ੍ਹਨ ਨੂੰ ਮਿਲ ਜਾਂਦੀਆਂ। ਇਹ ਪੁਸਤਕਾਂ ਪੜ੍ਹ ਕੇ ਮੈਨੂੰ ਸਮਾਜਵਾਦੀ ਪ੍ਰਬੰਧ ਦੀਆਂ ਬਰਕਤਾਂ, ਗੁੱਟ-ਨਿਰਪੱਖ ਲਹਿਰ, ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਵਧ ਰਹੀਆਂ ਲੋਕ-ਲਹਿਰਾਂ, ਸਮਾਜਵਾਦੀ ਦੇਸ਼ਾਂ ਵਿੱਚ ਸਮਾਜਵਾਦ ਦੀ ਸਥਾਪਤੀ, ਕਿਊਬਾ ਇਨਕਲਾਬ, ਚੀਨੀ ਇਨਕਲਾਬ, ਸਰਮਾਏਦਾਰੀ ਦੇਸ਼ਾਂ ਵਿੱਚ ਸਮਾਜਵਾਦੀ-ਇਨਕਲਾਬ ਲਈ ਚੱਲ ਰਹੀਆਂ ਲਹਿਰਾਂ ਅਤੇ ਸਮਾਜਵਾਦੀ ਦੇਸ਼ਾਂ ਪ੍ਰਤੀ ਸਾਮਰਾਜੀ ਦੇਸ਼ਾਂ ਦੇ ਰਵੱਈਏ ਬਾਰੇ ਕਾਫ਼ੀ ਗਿਆਨ ਪ੍ਰਾਪਤ ਹੋਇਆ। ਇਹੀ ਕਾਰਨ ਸੀ ਕਿ ਮੇਰੀ ਹਮਦਰਦੀ ਪੱਕੇ ਤੌਰ ਤੇ, ਮਜ਼ਦੂਰਾਂ-ਕਿਸਾਨਾਂ ਦੀ ਬੰਦ-ਖ਼ਲਾਸੀ ਲਈ ਸੰਘਰਸ਼ ਕਰਨ ਵਾਲਿਆਂ ਨਾਲ ਜੁੜ ਗਈ।

ਆਜ਼ਾਦੀ-ਪ੍ਰਾਪਤੀ ਤੋਂ ਬਾਅਦ ਦੇਸ਼ ਦੀ ਰਾਜਸੀ ਵਾਗ-ਡੋਰ ਕਾਂਗਰਸ ਪਾਰਟੀ ਦੇ ਹੱਥਾਂ ਵਿੱਚ ਆ ਗਈ ਜੋ ਕਿ ਭਾਰਤ ਦੀ ਵੱਡੀ ਸਰਮਾਏਦਾਰੀ ਦੀ ਨੁਮਾਇੰਦਗੀ ਕਰ ਰਹੀ ਸੀ, ਜੋ ਜਗੀਰਦਾਰਾਂ ਦੀ ਜੋਟੀਦਾਰ ਸੀ ਤੇ ਜਿਸ ਦੀ ਬਾਹਰਲੇ ਸਰਮਾਏ ਤੇ ਸਾਮਰਾਜ ਨਾਲ ਭਿਆਲੀ ਕਿਸੇ ਤੋਂ ਲੁਕੀ-ਛੁਪੀ ਨਹੀਂ ਸੀ। ਫਿਰ ਭਾਰਤੀ ਹਾਕਮਾਂ ਨੇ ਜਿਸ ਢੰਗ ਨਾਲ ਦੇਸ਼ ਦਾ ਸਾਸ਼ਨ ਚਲਾਇਆ ਤੇ ਵਿਸ਼ਾਲ ਦੇਸ਼ ਦਾ ਅਸਾਵਾਂ ਵਿਕਾਸ ਕੀਤਾ, ਉਸ ਨਾਲ ਬਹੁਤੇ ਰਾਜਾਂ ਦੇ ਲੋਕਾਂ ਦੇ ਮਨਾਂ ਵਿੱਚ ਕੇਂਦਰ ਖ਼ਿਲਾਫ਼ ਸਖ਼ਤ ਗੁੱਸੇ ਦੀ ਲਹਿਰ ਪੈਦਾ ਹੋ ਗਈ ਤੇ ਸਿੱਟੇ ਵਜੋਂ ਵੱਖ 2 ਰਾਜਾਂ ਵਿੱਚ ਕਈ ਵੱਖਵਾਦੀ ਲਹਿਰਾਂ ਆਰੰਭ ਹੋ ਗਈਆਂ। ਪੰਜਾਬ ਵਿੱਚ ਵੀ ਵੱਧ ਅਧਿਕਾਰਾਂ ਦੀ ਮੰਗ ਤੋਂ ਸ਼ੁਰੂ ਹੋਈ ਲੜਾਈ, ਕੇਂਦਰ ਸਰਕਾਰ ਦੀ ਲੋਕਾਂ ਦੀਆਂ ਜਾਇਜ ਮੰਗਾਂ ਨੂੰ ਠੁਕਰਾ ਕੇ ਮਸਲੇ ਨੂੰ ਲਮਕਾਈ ਰੱਖਣ ਦੀ ਗਲਤ ਪਹੁੰਚ ਕਾਰਨ, ਜਮਹੂਰੀ ਲੋਕਾਂ ਦੇ ਹੱਥਾਂ ਚੋਂ ਖਿਸਕ ਕੇ ਕੱਟੜਵਾਦੀ ਤਾਕਤਾਂ ਦੇ ਹੱਥਾਂ 'ਚ ਚਲੇ ਗਈ। ਸਿੱਟੇ ਵਜੋਂ ਸੂਬੇ ਵਿੱਚ ਦਹਿਸ਼ਤ-ਪਸੰਦਾਂ ਦੀਆਂ ਸਰਗਰਮੀਆਂ ਵਧਣ ਕਾਰਨ ਅਮਨ-ਕਾਨੂੰਨ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ।

ਅਤਿਵਾਦ ਤੇ ਕਾਬੂ ਪਾਉਣ ਦੇ ਨਾਂ ਹੇਠ ਸੁਰੱਖਿਆ ਬਲਾਂ ਦੀਆਂ ਵਧੀਕੀਆਂ ਨੇ ਦਾੜ੍ਹੀ-ਕੇਸਾਂ ਵਾਲੇ ਕਈ ਸਿੱਖ ਮੁੰਡਿਆਂ ਨੂੰ ਘਰ ਛੱਡਣ ਲਈ ਮਜਬੂਰ ਕਰ ਦਿੱਤਾ। ਦੇਸ਼

ਦੀ ਆਜ਼ਾਦੀ ਲਈ ਲੜਨ ਵਾਲੇ ਕਾਮਰੇਡ ਮੋਤਾ ਸਿੰਘ ਦਾ ਪਰਿਵਾਰ ਵੀ ਇਸ ਮਾਰ ਤੋਂ ਬਚ ਨਾ ਸਕਿਆ। ਪੁਲਿਸ ਵੱਲੋਂ ਤੰਗ-ਪਰੇਸ਼ਾਨ ਕਰਨ ਤੇ ਦੋਹਵੇਂ ਮੁੰਡੇ ਘਰ ਛੱਡ ਗਏ। ਉਹਨਾਂ ਦਾ ਕਸੂਰ ਕੇਵਲ ਸਾਬਤ-ਸੂਰਤ ਰਹਿਣ ਦਾ ਸੀ ਪਰ ਜਦੋਂ ਵੀ ਇਲਾਕੇ 'ਚ ਕੋਈ ਮਾੜੀ ਘਟਨਾ ਵਾਪਰਦੀ, ਪੁਲਿਸ ਉਹਨਾਂ ਨੂੰ ਪੁੱਛ-ਗਿੱਛ ਲਈ ਥਾਣੇ ਲੈ ਜਾਂਦੀ ਤੇ ਨਿਜਾਇਜ ਕੁੱਟ-ਮਾਰ ਵੀ ਕਰਦੀ। ਆਖ਼ਰ ਤੰਗ ਆ ਕੇ ਉਹ ਘਰੋਂ ਬੇ-ਘਰ ਹੋ ਗਏ। ਮੁੰਡਿਆਂ ਨੂੰ ਪੇਸ਼ ਕਰਾਉਣ ਦੇ ਚੱਕਰ 'ਚ ਪੁਲਿਸ ਵੱਲੋਂ ਕਾਮਰੇਡ ਹੋਰਾਂ ਦੀ ਵੀ ਬੜੀ ਖਿੱਚ-ਧੂਹ ਕੀਤੀ ਗਈ, ਇਥੋਂ ਤੱਕ ਕਿ ਉਹਨਾਂ ਤੇ ਘੋਰ ਸਰੀਰਕ ਤਸ਼ਦਦ ਕੀਤਾ ਗਿਆ। ਅੰਗਰੇਜ਼ਾਂ ਦੀਆਂ ਜੇਲ੍ਹਾਂ ਜੀਹਦੇ ਇਰਾਦੇ ਨੂੰ ਹਿਲਾ ਨਹੀਂ ਸਨ ਸਕੀਆਂ, ਆਪਣੇ ਦੇਸ਼ ਦੇ ਰਾਖਿਆਂ ਨੇ ਬੁੱਢੀ ਉਮਰੇ ਉਸ ਦੀਆਂ ਹੱਡੀਆਂ ਚਕਨਾਚੂਰ ਕਰਕੇ ਸਰੀਰ ਨਕਾਰਾ ਕਰ ਦਿੱਤਾ। ਇਸ ਦੁਖਦਾਈ ਹਾਲਤ ਵਿੱਚ ਪਾਰਟੀ ਨੂੰ ਕਾਮਰੇਡ ਦੀ ਬਾਂਹ ਫੜ੍ਹਨੀ ਚਾਹੀਦੀ ਸੀ ਪਰ ਪਾਰਟੀ ਨੇ ਕਾਮਰੇਡ ਮੋਤਾ ਸਿੰਘ ਨੂੰ, ਉਹਦੇ ਮੁੰਡਿਆਂ ਦੇ ਵੱਖਵਾਦੀਆਂ ਨਾਲ ਤਥਾ-ਕਥਿੱਤ ਸਬੰਧਾਂ ਦਾ ਦੋਸ਼ ਲਾ ਕੇ, ਪਾਰਟੀ ਚੋਂ ਖ਼ਾਰਜ ਕਰ ਦਿੱਤਾ।

ਪਾਰਟੀ ਵੱਲੋਂ ਧਾਰਨ ਕੀਤੇ ਇਸ ਰਵੱਈਏ ਕਾਰਨ ਉਹਨਾਂ ਦੇ ਮਨ ਨੂੰ ਬੜਾ ਗਹਿਰਾ ਸਦਮਾ ਪੁੱਜਾ। ਕੁਝ ਅੰਗਰੇਜ਼ ਸਰਕਾਰ ਦੀਆਂ ਜੇਲ੍ਹਾਂ ਵਿੱਚ ਝੱਲੇ ਤਸੀਹਿਆਂ ਕਰਕੇ, ਕੁਝ ਅਜ਼ਾਦ ਭਾਰਤ ਦੀ ਪੁਲਿਸ ਵੱਲੋਂ ਦਿੱਤੇ ਇਨਾਮ ਕਰਕੇ ਤੇ ਕੁਝ ਬੁਢਾਪੇ ਵਾਲੀ ਉਮਰ ਕਾਰਨ, ਉਹਨਾਂ ਦੀ ਸਿਹਤ ਕਮਜ਼ੋਰ ਹੁੰਦੀ ਗਈ। ਉਹ ਜਿੰਨਾ ਚਿਰ ਜੀਉਂਦੇ ਰਹੇ, ਜਦੋਂ ਵੀ ਮੈਂ ਉਹਨਾਂ ਨੂੰ ਮਿਲਦਾ ਰਿਹਾ, ਕਮਿਊਨਿਸਟ ਪਾਰਟੀ ਤੇ ਇਸ ਦੇ ਆਗੂਆਂ ਦੀਆਂ ਸਰਗਰਮੀਆਂ ਬਾਰੇ ਉਹ ਵਿਸਥਾਰ ਨਾਲ ਮੈਨੂੰ ਪੁੱਛਦੇ ਰਹੇ ਜੀਕਣ ਕੋਈ ਪ੍ਰੇਮੀ ਧੋਖਾ ਦੇ ਗਈ ਆਪਣੀ ਪ੍ਰੇਮਿਕਾ ਬਾਰੇ ਜਾਨਣ ਲਈ ਉਤਸੁਕ ਹੋਵੇ। ਉਹਨਾਂ ਦੀ ਵੱਡੀ ਅੰਤੜੀ ਦੇ ਉਪ੍ਰੇਸ਼ਨ ਬਾਅਦ ਰੋਜ਼ਮਰਾ ਦਾ ਜੀਵਨ ਬੜਾ ਕਠਿਨ ਹੋ ਗਿਆ ਸੀ। ਪ੍ਰੰਤੂ ਨੂੰਹ-ਪੁੱਤ ਦੀ ਸੇਵਾ ਦੇ ਬਲਬੋਤੇ ਉਹ ਉਹ ਦਸ ਸਾਲ ਹੋਰ ਕੱਢ ਗਏ। ਆਖਰ 29 ਅਕਤੂਬਰ 2013 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

# ਸਰਹੱਦੀ ਥਾਣੇ 'ਚ ਕੱਟੀ ਇੱਕ ਰਾਤ

ਤਰੀਕ ਤਾਂ ਮੈਨੂੰ ਯਾਦ ਨਹੀਂ ਪਰ ਏਨਾ ਕੁ ਯਾਦ ਹੈ ਕਿ ਸਤੰਬਰ ਦਾ ਅਖ਼ੀਰ ਜਾਂ ਅਕਤੂਬਰ ਦਾ ਆਰੰਭ ਹੀ ਸੀ, ਝੋਨੇ ਦੀ ਫ਼ਸਲ ਮੰਡੀਆਂ 'ਚ ਸੁੱਟੀ ਜਾ ਰਹੀ ਸੀ। ਮੈਂ ਪੈਰ ਤੇ ਸੱਟ ਲੱਗ ਜਾਣ ਕਾਰਨ ਸਕੂਲੋਂ ਛੁੱਟੀ ਲਈ ਹੋਈ ਸੀ ਤੇ ਘਰ ਮੰਜੇ ਤੇ ਪਿਆ ਅਰਾਮ ਕਰ ਰਿਹਾ ਸਾਂ। ਸ਼ਾਮ ਦੀ ਰੋਟੀ ਅਜੇ ਖਾਣੀ ਸੀ। ਪੁਲਿਸ ਵਰਦੀ ਵਿੱਚ ਇੱਕ ਛੋਟਾ ਠਾਣੇਦਾਰ ਤੇ ਦੋ ਸਿਪਾਹੀ ਆ ਹਾਜ਼ਰ ਹੋਏ। ਚਾਹ-ਪਾਣੀ ਪੀਤਾ ਤੇ ਉਹਨਾਂ ਦੱਸਿਆ ਕਿ ਤਹਾਨੂੰ ਥਾਣੇ ਰਮਦਾਸ ਜਾਣਾ ਪੈਣਾ, ਸ਼ਰਮਾ ਸਾਹਿਬ (ਐਸ.ਐਚ.ਓ.) ਨੇ ਬੁਲਾਇਆ। ਕਾਰਨ ਪੁੱਛਿਆ ਤਾਂ ਕਹਿੰਦੇ, "ਐਸ.ਐਸ.ਪੀ. ਸਾਹਿਬ ਦੇ ਹੁਕਮ ਆ ਜੀ, ਉਹ ਕਹਿੰਦੇ ਪਈ ਜਿਹੜੇ ਮੁੰਡੇ ਘਰੋਂ ਭਗੌੜੇ ਹੋਏ ਫਿਰਦੇ ਆ, ਉਹਨਾਂ ਦੇ ਰਿਸ਼ਤੇਦਾਰਾਂ ਨੂੰ ਸੱਦ ਕੇ ਪੇਸ਼ ਕਰਾਉਣ ਲਈ ਕਿਹਾ ਜਾਵੇ ਤੇ ਤੁਹਾਡੇ ਗੋਰੇਨੰਗਲ ਵਾਲੇ ਰਿਸ਼ਤੇਦਾਰ ਵੀ ਘਰੋਂ ਭੱਜ ਕੇ ਸਰਕਾਰ ਨਾਲ ਆਢਾ ਲਾਈ ਫਿਰਦੇ ਆ।"

ਮੈਂ ਕਿਹਾ, "ਚਲੋ ਚੱਲਾਂਗੇ ਸਰ।"

ਹਾਲਾਤ ਬੜੇ ਮਾੜੇ ਸਨ। ਪੁਲਿਸ ਤੇ ਅਤਿਵਾਦੀਆਂ ਦੋਹਾਂ ਧਿਰਾਂ ਦੀ ਬੜੀ ਦਹਿਸ਼ਤ ਸੀ। ਇਸ ਕਾਰਨ ਮੇਰੇ ਪਰਿਵਾਰ ਵਾਲੇ ਡਰਦੇ ਸਨ ਕਿ ਕੋਈ ਅਭੀ-ਨਭੀ ਨਾ ਹੋ ਜਾਵੇ। ਉਹਨਾਂ ਨੇ ਮੈਨੂੰ ਚਾਚੇ ਹਰਨਾਮ ਸਿੰਹੁ ਬਾਰਵਾਲ਼ੇ (ਸਾਡੇ ਗਵਾਂਢੀ) ਰਾਹੀਂ, ਪੁਲਿਸ ਨੂੰ ਰਿਸ਼ਵਤ ਦੇ ਕੇ ਗੱਲ ਮੁਕਾਉਣ ਦੀ ਸਲਾਹ ਦਿੱਤੀ ਜੋ ਮੈਂ ਰੱਦ ਕਰ ਦਿੱਤੀ। ਚਾਹ ਪੀ ਕੇ ਪੁਲਿਸ ਵਾਲੇ ਸਵੇਰੇ ਤਿਆਰ ਰਹਿਣ ਦਾ ਕਹਿ ਕੇ ਆਪੋ-ਆਪਣੇ ਪਰਿਵਾਰਾਂ ਨੂੰ ਮਿਲਣ ਲਈ ਘਰਾਂ ਨੂੰ ਚਲੇ ਗਏ।

ਅਗਲੇ ਦਿਨ ਤਿੰਨੇਂ ਦਸ ਵਜੇ ਤੋਂ ਬਾਅਦ ਆਏ। ਤਿਆਰ ਹੋ ਕੇ ਮੈਂ ਉਹਨਾਂ ਦੇ ਨਾਲ ਤੁਰ ਪਿਆ। ਰੋਡਵੇਜ਼ ਦੀ ਬੱਸ 'ਚ ਬਹਿ ਕੇ ਤਰਨਤਾਰਨ ਪਹੁੰਚੇ। ਮੁਲਾਜ਼ਮ ਫੈਡਰੇਸ਼ਨ ਦਾ ਆਗੂ ਧਰਮ ਸਿੰਘ ਮੈਨੂੰ ਬੱਸ 'ਚ ਹੀ ਮਿਲ ਪਿਆ। ਮੈਂ ਉਹਨੂੰ ਟੀਚਰ ਯੂਨੀਅਨ ਦੇ ਆਗੂਆਂ ਨੂੰ ਨਾਲ ਲੈ ਕੇ ਭਲਕੇ ਰਮਦਾਸ ਠਾਣੇ ਪਹੁੰਚਣ ਦੀ ਬੇਨਤੀ ਕੀਤੀ। ਅੰਮ੍ਰਿਤਸਰ ਪਹੁੰਚੇ ਤਾਂ ਠਾਣੇਦਾਰ ਕਹਿਣ ਲੱਗਾ, " ਮਾਸਟਰ ਜੀ ! ਤੁਹਾਡਾ ਇੱਕ ਸਾਂਢੂ ਅੰਮ੍ਰਿਤਸਰ ਰਹਿੰਦਾ, ਉਹਨੂੰ ਵੀ ਨਾਲ ਲੈ ਕੇ ਜਾਣਾ, ਭਲਕੇ ਫਿਰ ਆਉਣਾ ਪਊ।"

ਮੈਂ ਸਮਝ ਗਿਆ ਕਿ ਇਹ ਸਾਰੇ ਰਿਸ਼ਤੇਦਾਰਾਂ ਬਾਰੇ ਜਾਣਕਾਰੀ ਲੈ ਕੇ ਹੀ ਤੁਰੇ ਹੋਣਗੇ ਇਸ ਲਈ ਬਹਾਨਾ ਬਣਾਉਣ ਦਾ ਕੋਈ ਲਾਭ ਨਹੀਂ ਹੋਣਾ। ਸੁਲਤਾਨਵਿੰਡ ਗੇਟ ਤੋਂ ਉੱਤਰ ਕੇ ਅਸੀਂ ਭਾ ਜੀ ਬਲਬੀਰ ਸਿੰਘ ਨੂੰ ਜਾ ਮਿਲੇ। ਮੈਂ ਉਹਨੂੰ ਸਾਰੀ ਗੱਲ ਦੱਸੀ ਤੇ ਉਹ ਵੀ ਵਰਕਸ਼ਾਪ ਤੋਂ ਛੁੱਟੀ ਲੈ ਕੇ, ਨਾਲ ਜਾਣ ਲਈ ਤਿਆਰ ਹੋ ਗਿਆ। ਦੁਪਹਿਰ ਵੇਲੇ ਦੀ ਰੋਟੀ ਖਾ ਕੇ ਅਸੀਂ ਬੱਸ-ਅੱਡੇ ਤੇ ਪਹੁੰਚੇ ਤੇ ਰਮਦਾਸ ਵਾਲੀ ਬੱਸ ਫੜੀ। ਪੈਂਡਾ ਲੰਮਾ ਤੇ ਸੜਕ ਖ਼ਰਾਬ ਸੀ। ਸ਼ਾਮਾਂ ਪਈਆਂ ਨੂੰ ਅਸੀਂ ਰਮਦਾਸ ਠਾਣੇ ਜਾ ਹਾਜ਼ਰ ਹੋਏ। ਸ਼ਰਮਾ ਜੀ ਠਾਣੇ ਦੇ ਗੇਟ ਮੂਹਰੇ ਬੋਹੜ ਹੇਠਾਂ ਕੁਰਸੀ-ਮੇਜ਼ ਰੱਖੀ ਕੋਈ ਕੰਮ ਕਰ ਰਹੇ ਸਨ। ਏ.ਐਸ.ਆਈ. ਜਿਹੜਾ ਸਾਨੂੰ ਲੈ ਕੇ ਆਇਆ ਸੀ, ਸ਼ਰਮਾ ਜੀ ਨੂੰ ਮੁਖ਼ਾਤਬ ਹੋਇਆ,

"ਇਹ ਪ੍ਰਧਾਨ ਗੋਰੇਨੰਗਲ ਦੇ ਰਿਸ਼ਤੇਦਾਰ ਨੇ ਸ਼ਰਮਾ ਜੀ, ਕਰ ਲਉ ਇਹਨਾਂ ਨਾਲ ਗੱਲ," ਕਹਿ ਕੇ ਉਹ ਤਿੰਨੇਂ ਠਾਣੇ ਅੰਦਰ ਬਣੇ ਕਵਾਟਰਾਂ ਵੱਲ ਚਲੇ ਗਏ।

ਸ਼ਰਮਾ ਜੀ ਨੇ ਬੜੀ ਹਲੀਮੀ ਨਾਲ ਮੈਨੂੰ ਆਖਿਆ, "ਮਾਸਟਰ ਜੀ! ਆਲਮ ਸਾਹਿਬ (ਸ੍ਰੀ ਇਜ਼ਹਾਰ ਆਲਮ ਉਸ ਵੇਲੇ ਦੇ ਐਸ.ਐਸ.ਪੀ. ਅੰਮ੍ਰਿਤਸਰ) ਦੀ ਪਾਲਸੀ ਹੈ ਕਿ ਸਰਕਾਰ ਵਿਰੁੱਧ ਪ੍ਰਚਾਰ ਕਰ ਰਹੇ ਤੇ ਘਰਾਂ ਤੋਂ ਭਗੌੜੇ ਸਿੱਖ ਨੌਜਵਾਨਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਪ੍ਰੇਰਿਤ ਕਰਕੇ ਮੁੰਡਿਆਂ ਨੂੰ ਮੁੱਖ-ਧਾਰਾ 'ਚ ਲਿਆਂਦਾ ਜਾਵੇ, ਇਸ ਲਈ ਤਹਾਨੂੰ ਇਹ ਖੇਚਲ ਦਿੱਤੀ ਆ, ਤੁਸੀਂ ਵੀ ਆਪਣੇ ਗੋਰੇਨੰਗਲ ਵਾਲੇ ਰਿਸ਼ਤੇਦਾਰਾਂ ਨੂੰ ਸਮਝਾ-ਬੁਝਾ ਕੇ ਮੁਖਧਾਰਾ 'ਚ ਸ਼ਾਮਲ ਕਰਾਓ।"

"ਬੜੀ ਵਧੀਆ ਪਾਲਸੀ ਆ ਜੀ ਆਲਮ ਸਾਹਿਬ ਦੀ, ਪਰ ਤੁਹਾਡੀ ਪੁਲਿਸ ਤੇ ਮੁੰਡਿਆਂ ਨੂੰ ਭਰੋਸਾ ਕੋਈ ਨਹੀਂ ਰਿਹਾ। ਪੁਲਿਸ ਮੁੰਡਿਆਂ ਨੂੰ ਮਾਰਦੀ-ਕੁੱਟਦੀ ਏਨਾ ਪਈ ਉਹ ਡਰਦੇ-ਮਾਰੇ ਮੁਖਧਾਰਾ ਵਾਲੀ ਲਕੀਰ ਤਾਂ ਕੀ, ਆਪਣੇ ਪਿੰਡ ਦੀ ਲਾਲ ਲਕੀਰ ਦੇ ਨੇੜੇ-ਤੇੜੇ ਵੀ ਨਹੀਂ ਖਲੋਂਦੇ ਕਿ ਯਮ ਫੇਰ ਨਾ ਆ ਜਾਣ। ਬਾਕੀ ਉਹ ਮੇਰੇ ਰਿਸ਼ਤੇਦਾਰ ਜ਼ਰੂਰ ਨੇ ਪਰ ਕਈ ਮੁੱਦਿਆਂ ਤੇ ਮੇਰੇ ਉਹਨਾਂ ਨਾਲ ਵਿਚਾਰ ਨਹੀਂ ਮਿਲਦੇ। ਮੈਂ ਸਰਕਾਰੀ ਅਧਿਆਪਕਾਂ ਦੀ ਜਥੇਬੰਦੀ ਗੌਰਮਿੰਟ ਟੀਚਰ ਯੂਨੀਅਨ ਅੰਮ੍ਰਿਤਸਰ ਦੀ ਜ਼ਿਲ੍ਹਾ ਕਮੇਟੀ ਦਾ ਮੈਂਬਰ ਹਾਂ ਤੇ ਸਾਡੀ ਜਥੇਬੰਦੀ ਹਰ ਤਰ੍ਹਾਂ ਦੇ ਵੱਖਵਾਦੀ ਤੇ ਅਤਿਵਾਦੀ ਵਿਚਾਰਾਂ ਦਾ ਵਿਰੋਧ ਕਰਦੀ ਆ ਭਾਵੇਂ ਉਹ ਕਿਸੇ ਵੀ ਧਰਮ ਵੱਲੋਂ ਠੋਸੇ ਜਾਣ", ਮੈ ਬੇਖ਼ੌਫ਼ ਹੋ ਕੇ ਆਪਣਾ ਪੱਖ ਪੇਸ਼ ਕੀਤਾ ਕਿਉਂ ਕਿ ਮੈਨੂੰ ਪਤਾ ਸੀ ਕਿ ਸਵੇਰ ਤੱਕ ਯੂਨੀਅਨ ਆਗੂਆਂ ਨੇ ਆ ਜਾਣਾ।

ਮੇਰੀ ਗੱਲ ਸੁਣ ਕੇ ਸ਼ਰਮਾ ਜੀ ਕੁਝ ਠੰਢੇ ਹੋ ਗਏ ਤੇ ਮੁਣਸ਼ੀ ਨੂੰ ਹੁਕਮ ਕੀਤਾ ਕਿ ਮਾਸਟਰ ਹੋਰਾਂ ਨੂੰ ਸੌਣ ਲਈ ਮੰਜਾ-ਬਿਸਤਰਾ ਤੇ ਰਾਤ ਨੂੰ ਰੋਟੀ-ਪਾਣੀ ਦਾ ਪ੍ਰਬੰਧ ਕਰ ਦਿਉ। ਮੈਂ ਸਮਝਿਆ ਕਿ ਇਹ ਪੁਲਿਸ ਵਾਲਿਆਂ ਦਾ ਟਿੱਚਰ ਕਰਨ ਦਾ ਢੰਗ ਵੀ ਹੋ

ਸਕਦਾ, ਇਸ ਲਈ ਚੁੱਪ ਰਿਹਾ। ਭਾ ਜੀ ਅਜੀਤ ਸਿੰਹੁ (ਮੇਰੀ ਮਾਸੀ ਜੀ ਲੜਕਾ), ਮੰਡੀ 'ਚ ਝੋਨਾ ਸੁੱਟ ਕੇ ਵਾਪਸ ਪਿੰਡ ਨੂੰ ਜਾ ਰਿਹਾ ਸੀ, ਉਹਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ, ਸਾਨੂੰ ਮਿਲਣ ਆਇਆ ਤੇ ਚਾਹ ਪਿਆ ਗਿਆ। ਰੋਟੀ ਲਿਆਉਣ ਤੋਂ ਮੁਣਸ਼ੀ ਨੇ ਉਹਨੂੰ ਰੋਕ ਦਿੱਤਾ। ਏਨੇ ਨੂੰ ਰਾਤ ਪੈ ਗਈ। ਮੁਣਸ਼ੀ ਨੇ ਛੁੱਟੀ ਤੇ ਗਏ ਇੱਕ ਪੁਲਿਸ ਵਾਲੇ ਦਾ ਮੰਜਾ-ਬਿਸਤਰਾ ਸਾਨੂੰ ਬਖ਼ਸ਼ ਦਿੱਤਾ ਤਾਂ ਮੈਨੂੰ ਬੜੀ ਹੈਰਾਨੀ ਹੋਈ, ਮਨ 'ਚ ਪ੍ਰਸ਼ਨ ਉਗਮ ਆਇਆ ਕਿ ਸੱਚੀ-ਮੁੱਚੀਂ ਪੁਲਿਸ ਦਾ ਪ੍ਰਤੀਬਿੰਬ ਜੇ ਏਨਾ ਵਧੀਆ ਹੈ ਤਾਂ ਅਤਿਵਾਦ ਤੇ ਦਹਿਸ਼ਤ-ਗਰਦੀ ਕਿਉਂ ਵਧ ਰਹੀ ਹੈ ? ਸਪਸ਼ਟ ਹੈ ਕਿ ਹਰ ਥਾਂ ਮੰਦਿਆਂ ਨਾਲ ਚੰਗੇ ਵੀ ਮਿਲ ਜਾਂਦੇ ਹਨ ਭਾਵੇਂ ਆਟੇ 'ਚ ਲੂਣ ਬਰੋਬਰ ਈ ਹੋਣ। ਸੌਣ ਤੋਂ ਪਹਿਲਾਂ ਮੁਣਸ਼ੀ ਨੇ ਗੁਰਦੁਆਰਾ ਬਾਬਾ ਬੁਢਾ ਜੀ ਦੇ ਲੰਗਰ ਚੋਂ ਮੰਗਵਾ ਕੇ ਸਾਨੂੰ ਪ੍ਰਸ਼ਾਦਾ ਵੀ ਛਕਾ ਦਿੱਤਾ। ਠਾਣੇ ਵਿੱਚ ਨੀਂਦ ਕਿਥੋਂ ਆਉਣੀ ਸੀ, ਪਹਿਰ ਰਾਤ ਲੰਘੀ ਤਾਂ ਬਾਂ-ਬਾਂ ਹੋਣ ਲਗ ਪਈ। ਪੁਲਿਸ ਵਾਲੇ ਸਾਡੇ ਵਰਗੇ ਹਵਾਲਾਤ 'ਚ ਤਾੜੇ ਕਈ ਹੋਰਾਂ ਤੋਂ ਆਪਣੇ ਬਦਨਾਮ ਤਰੀਕਿਆਂ ਨਾਲ ਪੁੱਛ-ਗਿੱਛ ਕਰ ਰਹੇ ਸਨ। ਮੈਂ ਤੇ ਭਾ ਜੀ ਬਲਬੀਰ ਸਿੰਘ ਅੰਦਰੋਂ ਡਰੇ ਹੋਏ ਸਾਂ ਕਿ ਸਾਨੂੰ ਵੀ ਕਿਤੇ ਲੰਮਿਆਂ ਨਾ ਪਾ ਲੈਣ, ਪਰ ਬਚਾਅ ਈ ਰਿਹਾ।

ਸਵੇਰੇ ਨੌਂ ਦਸ ਵਜੇ ਜਾ ਕੇ ਗੌਰਮਿੰਟ ਟੀਚਰ ਯੂਨੀਅਨ ਦੇ ਜ਼ਿਲ੍ਹਾ-ਪੱਧਰੀ ਆਗੂ ਸਾ. ਸੁੱਚਾ ਸਿੰਘ, ਦਲਜੀਤ ਸਿੰਘ ਤੇ ਮੁਲਾਜ਼ਮ ਆਗੂ ਧਰਮ ਸਿੰਘ ਵਗੈਰਾ ਪੰਦਰਾਂ-ਵੀਹ ਸਾਥੀ ਸ਼ਰਮਾ ਜੀ ਦੇ ਆ ਦੁਆਲੇ ਹੋਏ। ਠਾਣੇਦਾਰ ਕਿਤੇ ਰਾਊਂਡ ਤੇ ਜਾਣ ਨੂੰ ਜੀਪ ਵਿੱਚ ਤਿਆਰ ਬੈਠਾ ਸੀ। ਉਹਨੇ ਸੁਨੇਹਾ ਭੇਜ ਕੇ ਸਾਨੂੰ ਬਾਹਰ ਸੱਦ ਲਿਆ ਤੇ ਕੱਲ੍ਹ ਸ਼ਾਮ ਵਾਲੀ ਇਬਾਰਤ ਦੁਹਰਾਉਂਦਿਆਂ ਕਹਿਣ ਲੱਗਾ, "ਮਾਸਟਰ ਜੀ ! ਜਦੋਂ ਕਿਤੇ ਤਹਾਨੂੰ ਮਿਲ ਪੈਣ ਮੁੰਡਿਆਂ ਨੂੰ ਪੇਸ਼ ਜ਼ਰੂਰ ਕਰਾ ਦਿਉ, ਅਸੀਂ ਸਿਰਫ਼ ਏਸੇ ਲਈ ਖੇਚਲ ਦਿੱਤੀ ਆ।"

"ਚੰਗਾ ਜੀ", ਕਹਿ ਕੇ ਉਹਨਾਂ ਤੋਂ ਜਾਨ ਛੁਡਾਈ ਤੇ ਯੂਨੀਅਨ ਦੇ ਆਗੂਆਂ ਦਾ ਧੰਨਵਾਦ ਕੀਤਾ। ਭਾ ਜੀ ਬਲਬੀਰ ਸਿੰਘ ਨੂੰ ਨਾਲ ਲੈ ਕੇ ਫ਼ਟਾਫਟ ਮੈਂ ਅੰਮ੍ਰਿਤਸਰ ਦੀ ਬੱਸ ਫੜ੍ਹ ਲਈ। ਘਰ ਪਹੁੰਚਿਆ ਤਾਂ ਟੱਬਰ ਦੀ ਜਾਨ 'ਚ ਜਾਨ ਆਈ ਜਿਹੜਾ ਡਰਿਆ-ਸਹਿਮਿਆ, ਮੂੰਹ ਚੁੱਕੀ ਮੇਰੀ ਉਡੀਕ ਕਰ ਰਿਹਾ ਸੀ।

# ਦਹਿਸ਼ਤ ਦੇ ਸਾਏ ਹੇਠ ਬਿਤਾਏ ਦਿਨ

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਸਾਰੇ ਪੰਜਾਬ 'ਚ ਸੂਰਜ ਛਿਪਣ ਤੋਂ ਪਹਿਲਾਂ ਹੀ ਲੋਕ ਆਪਣੇ ਘਰਾਂ ਦੇ ਅੰਦਰ ਤੜ ਜਾਂਦੇ ਸਨ ਤੇ ਦਰਵਾਜ਼ੇ ਬੰਦ ਕਰ ਲ਼ੈਂਦੇ ਸਨ। ਸੂਰਜ ਅਸਤ ਹੋਣ ਤੋਂ ਬਾਦ ਕਿਸੇ ਦੇ ਵਿਹੜੇ 'ਚ ਬੱਤੀ ਨਹੀਂ ਸੀ ਜਗ ਸਕਦੀ। ਹਨੇਰੀਆਂ ਤਾਕਤਾਂ ਨੇ ਜਿਵੇਂ ਲੋਕਾਂ ਦੇ ਚਾਨਣੇ ਬਹਿਣ ਤੇ ਪਾਬੰਦੀ ਲਾਈ ਹੋਈ ਸੀ। ਉੱਚੀ ਸਾਹ ਲੈਣਾ ਵੀ ਜਿਵੇਂ ਜਾਨ ਜੋਖ਼ਮ ਵਿੱਚ ਪਾਉਣ ਵਾਲੀ ਗੱਲ ਸੀ। ਸਰਹੱਦੀ ਜ਼ਿਲ੍ਹਿਆਂ ਦੇ ਪਿੰਡਾਂ 'ਚ ਤਾਂ ਹਾਲਤ ਹੋਰ ਵੀ ਮਾੜੀ ਸੀ ਤੇ ਬਾਹਰ ਖੇਤਾਂ 'ਚ ਡੇਰਿਆਂ ਤੇ ਬਹਿਕਾਂ ਤੇ ਰਹਿਣ ਵਾਲੇ ਲੋਕ ਜ਼ਿਲਤ-ਭਰੀ ਜ਼ਿੰਦਗੀ ਜੀਊਣ ਲਈ ਮਜ਼ਬੂਰ ਸਨ। ਉਹਨਾਂ ਨੂੰ ਨਾ ਦਿਨੇ ਚੈਨ ਹੁੰਦਾ ਨਾ ਰਾਤ ਨੂੰ ਨੀਂਦ। ਸੂਰਜ ਛਿਪਦਾ ਤਾਂ ਹੇੜਾਂ ਦੀਆਂ ਹੇੜਾਂ ਮੋਢਿਆਂ ਤੇ ਅਸਾਲਟਾਂ ਲਮਕਾਈ, ਝੋਲਿਆਂ 'ਚ ਅਸਲਾ ਤੁੰਨੀ ਜਬਰੀ ਘਰਾਂ 'ਚ ਆ ਧਮਕਦੇ ਸਨ। ਦੇਸੀ ਘਿਉ ਨਾਲ ਪਰਾਉਂਠੇ ਪਕਾ ਕੇ ਤੇ ਗਿਰੀਆਂ-ਛੁਹਾਰਿਆ ਨਾਲ ਦੁੱਧ ਉਬਾਲ ਕੇ ਲਿਆਉਣ ਦਾ ਹੁਕਮ ਚਾੜ੍ਹਦੇ ਸਨ। ਮਰਦਾ ਕੀ ਨਾ ਕਰਦਾ ਦੀ ਕਹਾਵਤ ਵਾਂਗ ਘਰਦੇ ਸਾਰੇ ਜੀਅ ਡਰਦੇ ਉਹਨਾਂ ਦੇ ਅੱਗੇ-ਪਿੱਛੇ ਤੁਰੇ ਫਿਰਦੇ ਤੇ ਸਵਾਣੀਆਂ ਦੰਦਾਂ ਹੇਠ ਜੀਭ ਦੇ ਕੇ ਸੇਵਾ 'ਚ ਰੁੱਝ ਜਾਂਦੀਆਂ। ਮੌਤ ਦੇ ਇਹਨਾਂ ਸੁਦਾਗਰਾਂ ਦੀ ਬਾਹਰੀ ਦਿੱਖ ਤਾਂ ਭਾਵੇਂ ਦਸਵੇਂ ਗੁਰੂ ਦੇ ਖ਼ਾਲਸੇ ਵਰਗੀ ਸੀ ਪਰ ਕਰਤੂਤਾਂ ਵਹਿਸ਼ੀ ਦਰਿੰਦਿਆਂ ਵਾਲੀਆਂ ਸਨ। ਇਹਨਾਂ ਕਾਲੀਆਂ ਭੇਡਾਂ ਨੇ ਮੇਰੇ ਗੁਰੂ ਦੇ ਖ਼ਾਲਸੇ ਦੀ ਤਸਵੀਰ ਧੁੰਦਲੀ ਕਰ ਛੱਡੀ ਸੀ।

ਕੋਈ ਕਹਿੰਦਾ ਸੀ ਕਿ ਇਹ ਸਿੰਘਾਂ ਦੇ ਭੇਸ ਵਿੱਚ ਸਰਕਾਰ ਦੇ ਝੋਲੀ-ਚੁੱਕ ਰਲ਼ ਗਏ ਹਨ ਤੇ ਸਿੱਖ ਸੰਘਰਸ਼ ਨੂੰ ਢਾਹ ਲਾ ਰਹੇ ਹਨ। ਪਰ ਆਮ ਲੋਕਾਂ ਨੂੰ ਸੱਚ-ਝੂਠ ਦਾ ਨਿਤਾਰਾ ਨਹੀਂ ਸੀ ਹੁੰਦਾ, ਨਾ ਹੀ ਕੋਈ ਅਸਲੀ ਗੁਰੂ ਦਾ ਸਿੱਖ ਉਹਨਾਂ ਨੂੰ ਨਿਖੇੜਦਾ ਸੀ। ਗੱਲ ਜੇ ਸਿਰਫ ਖਾਣ-ਪੀਣ ਤੱਕ ਸੀਮਤ ਹੁੰਦੀ ਤਾਂ ਗਿਲਾ ਨਾ ਹੁੰਦਾ, ਸੁਣਿਆ ਤਾਂ ਇਹ ਵੀ ਜਾਂਦਾ ਸੀ ਕਿ ਸਿੱਖੀ ਦੇ ਭੇਸ 'ਚ ਇਹ ਭੇੜੀਏ ਘਰ ਦੇ ਸਾਰੇ ਮਰਦਾਂ ਨੂੰ ਇੱਕ ਕਮਰੇ 'ਚ ਬੰਦ ਕਰਕੇ ਧੀਆਂ-ਭੈਣਾਂ ਨਾਲ ਗਲਤ ਹਰਕਤਾਂ ਕਰਦੇ ਸਨ। ਇਹਨਾਂ ਦੇ ਅਜਿਹੇ ਕਾਰੇ ਸਿੱਖ-ਇਤਿਹਾਸ ਨੂੰ ਕਲੰਕਿਤ ਕਰਨ ਵਾਲੇ ਸਨ।

ਬੱਸਾਂ ਚੋਂ ਹੇਠਾਂ ਲਾਹ ਕੇ ਹਿੰਦੂਆਂ ਤੇ ਮੋਨਿਆਂ ਨੂੰ ਕਤਾਰ 'ਚ ਖੜੇ ਕਰਕੇ ਗੋਲੀ ਮਾਰ ਦਿੱਤੀ ਜਾਂਦੀ ਸੀ। ਨਾਮ-ਨਿਹਾਦ ਖ਼ਾਲਸਤਾਨੀ ਫੋਰਸਾਂ ਵੱਲੋਂ ਆਪਣੇ ਲੈਟਰਪੈਡ ਤੇ ਜ਼ਿੰਮੇਵਾਰੀ ਲਈ ਜਾਂਦੀ ਸੀ। ਵਪਾਰੀਆਂ ਤੇ ਸ਼ਾਹੂਕਾਰਾਂ ਨੂੰ ਘਰੋਂ ਚੁੱਕ ਕੇ ਅਗਵਾ ਕਰ ਲਿਆ ਜਾਂਦਾ ਤੇ ਖ਼ਾਲਿਸਤਾਨੀ ਲਹਿਰ ਲਈ ਲੋੜੀਂਦੇ ਹਥਿਆਰ ਖ਼ਰੀਦਣ ਦੇ ਨਾਂ ਤੇ ਮਨ ਮਰਜੀ ਦੀ ਫਿਰੌਤੀ ਵਸੂਲ ਕੀਤੀ ਜਾਂਦੀ ਸੀ। ਜੇ ਕੋਈ ਆਨਾਕਾਨੀ ਕਰਦਾ ਸੀ ਤਾਂ ਉਹਨੂੰ ਗੱਡੀ ਚਾੜ੍ਹ ਦੇਂਦੇ ਸਨ। ਅਖ਼ਬਾਰਾਂ ਹਰ ਰੋਜ਼ ਲਹੂ ਦੇ ਹੰਝੂ ਕੇਰਦੀਆਂ ਸਨ। ਆਪਣਾ ਕੋਡ ਆਫ ਕੰਡਕਟ ਲਾਗੂ ਕਰਨ ਲਈ ਧਮਕੀ-ਪੱਤਰ ਜਾਰੀ ਕੀਤੇ ਜਾਂਦੇ ਸਨ। ਸਕੂਲ਼ਾਂ 'ਚ ਰਾਸ਼ਟਰੀ ਗੀਤ ਨਾ ਬੋਲਣ ਅਤੇ ਬੱਚਿਆਂ ਨੂੰ ਸਰਕਾਰੀ ਵਰਦੀ ਨਾ ਪਾਉਣ ਦਾ ਹੁਕਮ ਜਾਰੀ ਕੀਤਾ ਗਿਆ ਸੀ। ਇਹ ਹੁਕਮ ਨਾ ਮੰਨਣ ਕਾਰਨ ਇੱਕ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਦਰਸ਼ਨ ਸਿੰਘ ਗਿੱਲ ਨੂੰ ਕਤਲ ਕਰ ਦਿੱਤਾ ਗਿਆ ਸੀ। ਇਹਨਾਂ ਕਾਤਲਾਂ ਦੀ ਭਾਲ ਵਿੱਚ ਸੀ ਆਰ ਪੀ ਰੋਜ਼ ਕਿਸੇ ਨਾ ਕਿਸੇ ਪਿੰਡ ਨੂੰ ਘੇਰਾ ਪਾ ਲੈਂਦੀ। ਮਰਦਾਂ ਔਰਤਾਂ ਨੂੰ ਘਰੋਂ ਬਾਹਰ ਕੱਢ ਕੇ ਘਰਾਂ ਦੀ ਤਲਾਸ਼ੀ ਲੈਂਦੀ ਰਹਿੰਦੀ ਤੇ ਲੋਕਾਂ ਨੂੰ ਖ਼ੱਜਲ-ਖ਼ੁਆਰ ਕਰਦੀ। ਕਈ ਵਾਰ ਨਿਰਦੋਸ਼ ਮੁੰਡਿਆਂ ਨੂੰ ਸ਼ੱਕ 'ਚ ਫੜ ਕੇ ਲੈ ਜਾਂਦੀ। ਜਦੋਂ ਪੁਲੀਸ ਜਾਂ ਸੀ ਆਰ ਪੀ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਨਜਾਇਜ ਤੰਗ ਕਰਦੀ ਤਾਂ ਉਹ ਡਰਦੇ ਘਰੋਂ ਭੱਜ ਜਾਂਦੇ ਤੇ ਹਥਿਆਰਬੰਦ ਟੋਲਿਆਂ 'ਚ ਜਾ ਰਲਦੇ। ਲੋਕ ਜਿਵੇਂ ਚੱਕੀ ਦੇ ਦੋਂਹ ਪੁੜਾਂ 'ਚ ਪੀਸੇ ਜਾ ਰਹੇ ਅਤਿਅੰਤ ਦੁਖੀ ਸਨ। ਗਵਰਨਰੀ ਰਾਜ 'ਚ ਅਸਲ ਰਾਜ ਤਾਂ ਦਿਨ ਵੇਲੇ ਸੀ ਆਰ ਪੀ ਦਾ ਤੇ ਰਾਤ ਵੇਲੇ ਅਸਾਲਟਾਂ ਵਾਲਿਆਂ ਦਾ ਹੁੰਦਾ ਸੀ।

ਗੁਰੂ ਦੇ ਸਿੱਖ ਤਾਂ ਜਰਵਾਣਿਆਂ ਤੋਂ, ਜੋ ਹਿੰਦੁਸਤਾਨ ਤੇ ਹਮਲਾ ਕਰਕੇ ਵਾਪਸ ਜਾਂਦੇ ਇੱਥੋਂ ਦੀਆਂ ਬਹੂ-ਬੇਟੀਆਂ ਨੂੰ ਉਧਾਲ ਕੇ ਨਾਲ ਲੈ ਜਾਂਦੇ ਸਨ, ਉਹਨਾਂ ਨੂੰ ਛੁਡਾ ਕੇ ਘਰੋ ਘਰੀ ਪਹੁੰਚਾ ਦੇਂਦੇ ਸਨ। ਸੁੱਤੇ ਪਏ ਦੁਸ਼ਮਣ, ਔਰਤਾਂ ਤੇ ਬੱਚਿਆਂ ਤੇ ਵਾਰ ਜਾਂ ਲੁਕ ਕੇ ਵਾਰ ਨਹੀਂ ਕਰਦੇ ਸਨ। ਨਾ ਕੋਈ ਵੈਰੀ ਨਾਹਿ ਬੇਗਾਨਾ, ਸਗਲ ਸੰਗ ਹਮ ਕੋ ਬਨ ਆਈ ਤੇ ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ - ਸਿੱਖਾਂ ਦਾ ਮੁੱਖ ਨਾਹਰਾ ਸੀ। ਜ਼ਮੀਰ ਦੀ ਅਜ਼ਾਦੀ ਬਦਲੇ ਗੁਰੁ ਤੇਗ ਬਹਾਦਰ ਜੀ ਨੇ ਸੀਸ ਵਾਰ ਦਿੱਤਾ ਸੀ। ਪਰ ਉਹਨੀਂ ਦਿਨੀਂ ਕਿਸੇ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਸੋਚਣ ਦਾ ਕੋਈ ਹੱਕ ਨਹੀਂ ਸੀ। ਵੱਖਰੇ ਵਿਚਾਰਾਂ ਦਾ ਨਤੀਜਾ ਮੌਤ ਹੁੰਦਾ ਸੀ।

ਜਬਰ-ਜ਼ੁਲਮ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਖ਼ਾਲਸਾ ਸਾਜਿਆ ਸੀ ਤੇ ਦੁਸ਼ਮਣ ਦਾ ਮੁਕਾਬਲਾ ਮੈਦਾਨੇ-ਜੰਗ 'ਚ ਕੀਤਾ ਜਾਂਦਾ ਸੀ। ਕਿਧਰੇ ਕਿਸੇ ਗੁਰਦੁਆਰੇ ਜਾਂ ਤੀਰਥ-ਅਸਥਾਨ ਨੂੰ ਲੁਕਣ-ਗਾਹ ਨਹੀਂ ਸੀ ਬਣਾਇਆ, ਫੌਜੀ ਮੰਤਵ ਲਈ ਗੁਰੂ ਜੀ ਨੇ ਕਿਲ੍ਹਿਆਂ ਦਾ ਨਿਰਮਾਣ ਕੀਤਾ ਸੀ। ਘੜੇ ਚੋਂ ਪਰਚੀਆਂ ਕੱਢ ਕੇ ਵਿੱਸਰ-ਭੋਲੇ

ਲੋਕਾਂ ਤੇ ਕਦੇ ਤਲਵਾਰ ਨਹੀਂ ਉਠਾਈ ਸੀ। ਨਿਹੱਥੇ ਤੇ ਬੇ-ਕਸੂਰ ਹਿੰਦੂਆਂ-ਮੁਸਲਮਾਨਾਂ ਨੂੰ ਕਦੇ ਨਹੀਂ ਸੀ ਮਾਰਿਆ, ਭਾਵੇਂ ਔਰੰਗਜ਼ੇਬ ਦੀ ਹਕੂਮਤ ਨੇ ਸਿੱਖਾਂ ਤੇ ਬਹੁਤ ਜ਼ੁਲਮ ਕੀਤੇ ਸਨ, ਫਿਰ ਵੀ ਬਹੁਤ ਸਾਰੇ ਮੁਸਲਮਾਨ ਔਖੇ ਸਮੇਂ ਗੁਰੂ ਜੀ ਦੇ ਕੰਮ ਆਏ ਸਨ। ਕਿੱਥੇ ਚਲੇ ਗਈ ਸੀ ਉਹ ਸਿੱਖੀ ? ਤੇ ਸਿੱਖੀ ਦੇ ਭੇਸ ਵਿੱਚ ਇਹ ਦਰਿੰਦੇ ਕੌਣ ਸਨ ? ਮਣ-ਮਣ ਅੱਥਰੂ ਕੇਰਦੇ ਲੋਕ ਗੁੰਮ-ਸੁੰਮ ਇਹਨਾਂ ਸਵਾਲਾਂ ਦੇ ਉੱਤਰ ਭਾਲਦੇ ਸਨ । ਪਰ ਸਵਾਲ ਪੁੱਛਣ ਵਾਲੇ ਦੀ ਲਾਸ਼ ਅਗਲੇ ਦਿਨ ਕਿਸੇ ਨਾ ਕਿਸੇ ਚੌਂਕ-ਚੁਰਾਹੇ 'ਚ ਪਈ ਹੁੰਦੀ ਸੀ। ਇਸ ਕਾਰਨ ਚੁੱਪ ਹੀ ਸਾਰੇ ਸਵਾਲਾਂ ਦਾ ਜਵਾਬ ਬਣ ਗਈ ਸੀ।

ਮੈਂ ਉਦੋਂ ਪਿੰਡ ਰਹਿੰਦਾ ਸਾਂ ਤੇ ਦਸ ਕੁ ਕਿਲੋਮੀਟਰ ਦੂਰ ਇੱਕ ਪਿੰਡ ਦੇ ਸਰਕਾਰੀ ਮਿਡਲ ਸਕੂਲ 'ਚ ਪੰਜਾਬੀ ਪੜ੍ਹਾਉਂਦਾ ਸਾਂ। ਮੇਰਾ ਇੱਕ ਦੋਸਤ ਜੋ ਸਕੂਲ ਦਾ ਮੁੱਖ-ਅਧਿਆਪਕ ਵੀ ਸੀ, ਕੋਲ ਇੱਕ ਚਿੱਟੇ ਰੰਗ ਦਾ ਬਜਾਜ ਚੇਤਕ ਸਕੂਟਰ ਹੁੰਦਾ ਸੀ। ਉਹ ਸ਼ਹਿਰ ਤੋਂ ਆਉਂਦਾ ਰਸਤੇ ਚੋਂ ਮੈਨੂੰ ਵੀ ਨਾਲ ਬਿਠਾ ਲੈਂਦਾ ਸੀ। ਭਾਵੇਂ ਅਸੀਂ ਵਾਪਸੀ ਤੇ ਰਸਤਾ ਬਦਲ ਲੈਂਦੇ ਸਾਂ ਪਰ ਪਤਾ ਨਹੀਂ ਕਿਵੇਂ ਕੁਝ ਨਾਮ-ਨਿਹਾਦ ਸਿੰਘਾਂ ਨੂੰ ਇਸ ਨਵੇਂ ਸਕੂਟਰ ਬਾਰੇ ਭਿਣਕ ਪੈ ਗਈ ਸੀ। ਇੱਕ ਦਿਨ ਜਦੋਂ ਅਸੀਂ ਸਕੂਟਰ ਤੇ ਸਕੂਲ ਨੂੰ ਜਾ ਰਹੇ ਸਾਂ ਤਾਂ ਸਕੂਲ ਤੋਂ ਦੋ ਕੁ ਕਿਲੋਮੀਟਰ ਪਿੱਛੇ ਸੂਏ ਦੇ ਪੁਲ ਤੇ ਖੜੇ ਇੱਕ ਜੱਟ ਨੇ ਸਾਨੂੰ ਇਸ਼ਾਰਾ ਕਰਕੇ ਰੋਕ ਕੇ ਦੱਸਿਆ ਕਿ ਦੋ ਅਸਾਲਟਾਂ ਵਾਲੇ ਤੁਹਾਡਾ ਚਿੱਟੇ ਰੰਗ ਦਾ ਸਕੂਟਰ ਲੱਭਦੇ ਗਏ ਆ, ਆਪਣਾ ਬਚਾਅ ਕਰ ਲਉ, ਪਿੱਛੋਂ ਪਛਤਾਉਗੇ। ਅਗਲੇ ਦਿਨ ਤੋਂ ਅਸੀਂ ਸਾਈਕਲਾਂ ਤੇ ਸਕੂਲ਼ ਜਾਣਾ ਸ਼ੁਰੂ ਕਰ ਦਿੱਤਾ।

ਇੱਕ ਦਿਨ ਮੁੱਖ-ਅਧਿਆਪਕ ਨੇ ਤਨਖ਼ਾਹ ਕਢਾਉਣ ਖ਼ਜ਼ਾਨਾ ਦਫ਼ਤਰ ਜਾਣਾ ਸੀ। ਮੈਂ ਇਕੱਲੇ ਨੇ ਹੀ ਸਕੂਲ਼ ਜਾਣਾ ਸੀ। ਮੈਂ ਸਾਈਕਲ ਤੇ ਜਾ ਰਿਹਾ ਸਾਂ ਤੇ ਨਿੱਕੀ ਨਿੱਕੀ ਕਣੀ ਦਾ ਮੀਂਹ ਪੈ ਰਿਹਾ ਸੀ। ਜਦੋਂ ਮੈਂ ਸਕੂਲ ਦੇ ਸਾਹਮਣੇ ਗੁਰਦੁਆਰੇ ਕੋਲ ਪੁੱਜਾ ਤਾਂ ਅੰਦਰੋਂ ਕਿਸੇ ਨੇ 'ਵਾਜ ਮਾਰੀ, "ਮਾਸਟਰ ਜੀ ! ਜਰਾ ਗੁਰਦੁਆਰੇ ਅੰਦਰ ਆਇਓ, ਸਿੰਘ ਤਹਾਨੂੰ ਉਡੀਕਦੇ ਆ।"

ਸੁਣ ਕੇ ਇੱਕ ਵਾਰ ਤਾਂ ਮੇਰੇ ਹੱਥਾਂ ਦੇ ਤੋਤੇ ਉੱਡ ਗਏ ਪਰ ਹੌਂਸਲਾ ਕਰਕੇ ਮੈਂ ਗੁਰਦੁਆਰੇ ਵੱਲ ਹੋ ਤੁਰਿਆ। ਬਾਹਰ ਜੁੱਤੀ ਲਾਹ ਕੇ ਅੰਦਰ ਮੱਥਾ ਟੇਕ ਕੇ ਮੈਂ ਬੈਠ ਗਿਆ। ਮੂੰਹ-ਸਿਰ ਲਪੇਟੀ ਦੋ ਬੇ-ਪਛਾਣ ਚਿਹਰੇ ਨਜ਼ਰ ਆਏ ਤੇ ਤਿੰਨ-ਚਾਰ ਪਿੰਡ ਦੇ ਲਫੰਡਰ ਜਿਹੇ ਪਿੱਛੇ ਬੈਠੇ ਸਨ। ਕੁਰਸੀ ਤੇ ਬਹਿ ਕੇ ਤਨਖ਼ਾਹ ਲੈਂਦੇ ਮਾਸਟਰ ਉਹਨਾਂ ਨੂੰ ਬੜੇ ਚੁਭਦੇ ਸਨ। ਇਹਨਾਂ 'ਚ ਇੱਕ ਸਕੂਲ ਦੇ ਸਾਹਮਣੇ ਘਰ ਵਾਲਾ ਪੋਚਵੀਂ ਪੱਗ ਵਾਲਾ ਗੱਭਰੂ ਵੀ ਸੀ। ਉਹ ਬੀ ਏ ਪਾਸ ਸੀ ਪਰ ਥਾਣੇਦਾਰੀ ਲੱਭਦਾ 2 ਨੌਕਰੀ ਦੀ ਉਮਰ ਲੰਘਾ ਚੁੱਕਾ ਸੀ। ਹੁਣ ਉਹਨੂੰ ਆਪਣੀ ਬੇ-ਰੋਜ਼ਗਾਰੀ ਦਾ ਹੱਲ ਕਤਲੋਗਾਰਤ ਦੀ ਰਾਜਨੀਤੀ ਵਿੱਚ

ਹੀ ਨਜ਼ਰ ਆਉਂਦਾ ਸੀ।

"ਮਾਸਟਰ ਜੀ! ਤੁਹਾਡੇ ਸਕੂਲ ਪੜ੍ਹਾਈ ਨਹੀਂ ਹੁੰਦੀ, ਆਪਣੇ-ਆਪ ਨੂੰ ਸੁਧਾਰ ਲਉ ਨਹੀਂ ਤਾਂ ਸੋਧਾ ਲਾਵਾਂਗੇ", ਇੱਕ ਬੋਲਿਆ।

ਇਸ ਵੇਲੇ ਬੋਲਣਾ ਭਾਵੇਂ ਮੌਤ ਨੂੰ ਮਾਸੀ ਆਖਣ ਵਾਲੀ ਗੱਲ ਸੀ ਪਰ ਮੈਥੋਂ ਰਿਹਾ ਨਾ ਗਿਆ।

"ਵੀਰ ਜੀ! ਜੇ ਪੜ੍ਹਾਉਂਦੇ ਨਾ ਹੁੰਦੇ ਤਾਂ ਮੈਂ ਵਰ੍ਹਦੇ ਮੀਂਹ 'ਚ ਕੀ ਲੈਣ ਆਉਣਾ ਸੀ?"

"ਤੈਨੂੰ ਕਹਿ ਤਾ ਬੱਸ, ਅਸੀਂ ਹੋਰ ਕੁਛ ਨਹੀਂ ਸੁਣਨਾ, ਸਾਡਾ ਸੁਨੇਹਾਂ ਹੈਡ-ਮਾਸਟਰ ਨੂੰ ਦੇ ਦੀਂ। "

"ਚੰਗਾ ਜੀ" ਕਹਿ ਕੇ ਮੈਂ ਗੁਰਦੁਆਰੇ ਤੋਂ ਸਕੂਲ਼ ਆ ਗਿਆ।

ਅਗਲੇ ਦਿਨ ਅਸੀਂ ਪੰਚਾਇਤ ਨੂੰ ਸੱਦ ਕੇ ਸਾਰੀ ਗੱਲ ਦੱਸੀ। ਸਾਹਮਣੇ ਘਰ ਵਾਲੇ ਗੱਭਰੂ ਨੂੰ ਵੀ ਸੱਦਿਆ। ਉਹਨੂੰ ਚੇਤਾਵਨੀ ਦਿੱਤੀ ਕਿ ਅਸੀਂ ਆਪਣੀ ਜੇਬ 'ਚ ਇੱਕ ਸਲਿੱਪ ਪਾ ਲਈ ਹੈ ਜਿਸ ਤੇ ਲਿਖਿਆ ਹੋਇਆ ਹੈ ਕਿ ਡਿਊਟੀ ਤੇ ਆਉਂਦੇ-ਜਾਂਦੇ ਜੇ ਕੋਈ ਸਾਡਾ ਜਾਨੀ ਨੁਕਸਾਨ ਹੋਇਆ ਤਾਂ ਉਸ ਦਾ ਜ਼ਿੰਮੇਵਾਰ ਤੂੰ ਹੋਵੇਂਗਾ, ਤੇਰੇ ਸਮਾਜ-ਵਿਰੋਧੀ ਅਨਸਰਾਂ ਨਾਲ ਸਬੰਧ ਹਨ ਤੇ ਤੂੰ ਸਾਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੋਈ ਹੈ। ਸਾਡੀ ਗੱਲ ਸੁਣ ਕੇ ਉਹ ਕੰਬਣ ਲੱਗ ਪਿਆ। ਪੰਚਾਇਤ ਦੇ ਸਾਹਮਣੇ ਉਹਨੇ ਸਟਾਫ਼ ਤੋਂ ਮੁਆਫ਼ੀ ਮੰਗ ਲਈ।

ਕਈ ਤੁਅੱਸਬੀ ਛੂਹਰਾਂ ਨੇ ਸਕੂਲਾਂ ਵਿੱਚ ਹਿੰਦੀ ਪੜ੍ਹਨ ਤੇ ਰੋਕ ਲਾਉਣ ਦੇ ਫ਼ੁਰਮਾਨ ਜਾਰੀ ਕੀਤੇ। ਕਦੇ ਕਦੇ ਕਈ ਸਿਰਫਿਰੇ ਨਕਲ ਰੋਕਣ ਲਈ ਸਕੂਲਾਂ 'ਚ ਆ ਧਮਕਦੇ। ਪਿੰਡਾਂ 'ਚ ਡਿਊਟੀ ਕਰਨੀ ਬੜੀ ਔਖੀ ਹੋ ਗਈ ਸੀ। ਪਿੰਡਾਂ 'ਚ ਜ਼ਿੰਦਗੀ ਖਲੋ ਗਈ ਜਾਪਦੀ ਸੀ। ਲੋਕ ਸ਼ਹਿਰਾਂ ਨੂੰ ਹਿਜ਼ਰਤ ਕਰ ਰਹੇ ਸਨ। ਪੰਜਾਬ ਤਰੱਕੀ ਪੱਖ ਤੋਂ ਪੰਜਾਹ ਸਾਲ ਪਿੱਛੇ ਚਲਾ ਗਿਆ ਲਗਦਾ ਸੀ।

ਇਹਨਾਂ ਦਿਨਾਂ ਵਿੱਚ ਹੀ ਸਾਡੇ ਪਿੰਡ ਨੌਜਵਾਨ-ਸਭਾ ਵਾਲਿਆਂ ਨੇ ਰੋਜ਼ਗਾਰ ਦੀ ਮੰਗ ਤੇ ਅਤੇ ਅਤਿਵਾਦੀ-ਵੱਖਵਾਦੀ ਸ਼ਕਤੀਆਂ ਵਿਰੁੱਧ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹੱਕ 'ਚ ਬੜਾ ਵੱਡਾ ਜਲਸਾ ਕੀਤਾ। ਇਸ ਜਲਸੇ ਦੀ ਤਿਆਰੀ 'ਚ ਅਸੀਂ ਕੰਧਾਂ ਤੇ ਨਾਹਰੇ ਲਿਖੇ ਹੋਏ ਸਨ। ਮੇਰੀ ਲਿਖਾਈ ਸਾਫ਼-ਸੁਥਰੀ ਹੋਣ ਕਰਕੇ ਮੈਂ ਵੀ ਇਸ ਕੰਮ 'ਚ ਉਹਨਾਂ ਦੀ ਮਦਦ ਕੀਤੀ ਸੀ। ਕਿਸੇ ਨੇ ਦੱਸਿਆ ਕਿ ਪਿੰਡ 'ਚ ਕਿਸੇ ਕਥਿਤ ਖ਼ਾਲਸਤਾਨੀ ਫ਼ੋਰਸ ਦਾ ਮੁਖੀ ਜਲਸੇ ਵਾਲੇ ਦਿਨ ਕਿਸੇ ਬਰਾਤ ਨਾਲ ਆਇਆ ਹੋਇਆ ਸੀ। ਪਿੰਡ ਦੇ ਬੱਸ-ਅੱਡੇ ਤੇ ਉਹਨੇ ਸਾਈਕਲਾਂ ਦੀ ਦੁਕਾਨ ਤੇ ਸੁਨੇਹਾਂ ਦਿੱਤਾ ਕਿ ਕੰਧਾਂ

ਤੇ ਜੀਹਨੇ ਨਾਹਰੇ ਲਿਖੇ ਆ, ਉਹ ਦਸ ਦਿਨਾਂ 'ਚ ਬੁਝਾ ਦੇਵੇ ਨਹੀਂ ਤਾਂ ਸੋਧ ਦੇਵਾਂਗੇ। ਅਗਲੇ ਦਿਨ ਸਵੇਰੇ ਡਿਊਟੀ ਤੇ ਜਾਣ ਲੱਗਿਆਂ ਸਾਈਕਲਾਂ ਦੀ ਦੁਕਾਨ ਤੋਂ ਮੈਨੂੰ ਸੁਨੇਹਾਂ ਮਿਲ ਗਿਆ ਪਰ ਨਾਹਰੇ ਮਿਟਾਉਣ ਦੀ ਆਗਿਆ ਮੇਰੀ ਜ਼ਮੀਰ ਨੇ ਨਾ ਦਿੱਤੀ। ਮੈਂ ਇਹਨਾਂ ਲੋਕ-ਦੋਖੀਆਂ ਦੀਆ ਅੱਖਾਂ ਤੋਂ ਉਹਲੇ ਹੋਣ ਲਈ ਆਪਣੀ ਰਿਹਾਇਸ਼ ਬਦਲ ਕੇ ਸ਼ਹਿਰ ਚਲਾ ਗਿਆ। ਪਿੱਛੋਂ ਪਤਾ ਲੱਗਾ ਕਿ ਉਸ ਮੁਖੀ ਦੀ ਡਿਊਟੀ ਨੀਲਾ ਤਾਰਾ ਐਕਸ਼ਨ ਤੱਕ ਅਕਾਲ-ਤਖ਼ਤ ਤੇ ਹੀ ਲੱਗੀ ਸੀ ਜਿੱਥੇ ਉਹ ਨੀਲਾ-ਤਾਰਾ ਐਕਸ਼ਨ ਦੀ ਭੇਟ ਚੜ੍ਹ ਗਿਆ ਤੇ ਇਸ ਤਰਾਂ ਮੇਰੀ ਜਾਨ ਬਚ ਗਈ ।

ਇੱਕ ਦਿਨ ਬੜੀ ਅਣਹੋਣੀ ਵਾਪਰੀ। ਇਹ ਸ਼ਾਇਦ ਜੁਲਾਈ ਦੀ ਪਹਿਲੀ ਜਾਂ ਦੂਜੀ ਤਰੀਕ ਸੀ। ਬੈਂਕ ਤੋਂ ਤਨਖ਼ਾਹ ਲੈ ਕੇ ਮੈਂ ਘਰ ਲਈ ਚਾਹ-ਖੰਡ ਆਦਿ ਸੌਦਾ-ਸੂਤ ਲੈ ਕੇ ਕੱਪੜੇ ਦੇ ਵੱਡੇ ਥੈਲੇ 'ਚ ਪਾ ਲਿਆ। ਬਾਕੀ ਪੈਸੇ ਬਟੂਏ 'ਚ ਪਾ ਕੇ ਮੈਂ ਬੱਸ-ਅੱਡੇ ਵੱਲ ਹੋ ਤੁਰਿਆ। ਬੱਸਾਂ ਉਦੋਂ ਘੱਟ ਹੁੰਦੀਆਂ ਸਨ। ਸ਼ਾਮ ਦੇ ਪੰਜ ਛੇ ਵਿਚਕਾਰ ਸਮਾਂ ਸੀ। ਮੈਂ ਉਦੋਂ ਪਿੰਡ ਰਹਿੰਦਾ ਸਾਂ। ਆਖ਼ਰੀ ਬੱਸ ਚੱਲਣ ਵਾਲੀ ਸੀ ਤੇ ਵਿੱਚੋਂ ਸਵਾਰੀਆਂ ਨਾਲ ਤੂਸੀ ਪਈ ਸੀ ।ਤਿਲ ਸੁੱਟਿਆਂ ਭੁੰਜੇ ਨਹੀਂ ਸੀ ਡਿੱਗਦਾ। ਡਰਾਈਵਰ ਤੇ ਕੰਡਕਟਰ ਸਾਡੇ ਪਿੰਡ ਵੱਲ ਦੇ ਹੀ ਸਨ। ਕੁਝ ਸਵਾਰੀਆਂ ਬੱਸ ਦੀ ਛੱਤ ਤੇ ਵੀ ਬੈਠੀਆਂ ਸਨ। ਮੇਰਾ ਇੱਕ ਜਮਾਤੀ ਬਲਵਿੰਦਰ ਸਿੰਘ ਪੱਧਰੀ ਜੋ ਸਰਕਾਰੀ ਹਾਈ ਸਕੂਲ ਚੱਬੇ ਪੀ ਟੀ ਆਈ ਮਾਸਟਰ ਸੀ, ਬੱਸ ਦੇ ਪਿੱਛੇ ਖੜਾ ਕਿਸੇ ਵਾਕਫ਼ ਨੂੰ ਉਡੀਕ ਰਿਹਾ ਸੀ। ਉਹਦੀ ਭਤੀਜੀ ਦਾ ਵਿਆਹ ਨੇੜੇ ਸੀ ਤੇ ਕੁੜੀ ਨੂੰ ਦੇਣ ਲਈ ਉਹ ਇੱਕ ਜਿਸਤੀ ਟੀਨ ਦੀ ਪੇਟੀ ਖ਼ਰੀਦ ਕੇ ਲਿਆਇਆ ਸੀ। ਪੇਟੀ ਬੱਸ ਦੀ ਛੱਤ ਤੇ ਚੜ੍ਹਾਉਣ ਲਈ ਉਹਨੂੰ ਸਹਾਰੇ ਦੀ ਲੋੜ ਸੀ। ਉਹਨੇ ਥੋੜ੍ਹੀ ਵਧਵੀਂ ਦਾਹੜੀ ਰੱਖੀ ਹੋਈ ਸੀ, ਸ਼ਾਇਦ ਬਦਲੇ ਮਹੌਲ ਕਾਰਨ ਰੱਖੀ ਹੋਵੇ। ਸ਼ਕਲੋਂ ਉਹ ਵੱਡਾ ਅਤਿਵਾਦੀ ਜਾਪਦਾ ਸੀ। ਪੰਜਾਬੀ ਪੜ੍ਹਾਉਣ ਕਰਕੇ ਮੈਨੂੰ ਵੀ ਸਾਰੇ ਗਿਆਨੀ ਕਹਿੰਦੇ ਸਨ ਤੇ ਮੈਂ ਵੀ ਸੱਚ-ਮੁੱਚ ਗਿਆਨੀ ਹੋਣ ਦਾ ਭੁਲੇਖਾ ਪਾਉਣ ਲਈ ਦਾਹੜਾ ਖੁੱਲ੍ਹਾ ਛੱਡਿਆ ਹੋਇਆ ਸੀ।

ਜਦੋਂ ਮੈਂ ਬਲਵਿੰਦਰ ਨਾਲ ਪੇਟੀ ਬੱਸ ਤੇ ਚੜ੍ਹਾਉਣ 'ਚ ਮਦਦ ਕਰ ਰਿਹਾ ਸਾਂ ਤਾਂ ਮੇਰੇ ਪਿੰਡ ਦਾ ਮੋਹਣਾ ਟਾਊਟ ਤੇ ਉਹਦੇ ਮੁੰਡੇ ਹੱਥਾਂ 'ਚ ਰਫ਼ਲਾਂ ਫੜੀ ਜੀਪ 'ਚ ਬੈਠੇ ਕੋਲੋਂ ਦੀ ਲੰਘਦੇ ਮੈਨੂੰ ਦਿਸੇ। ਮੋਹਣਾ ਸਾਡੇ ਪਿੰਡ ਦਾ ਇੱਕ ਬਦਮਾਸ਼ ਸੀ। ਉਹ ਪਹਿਲਾਂ-ਪਹਿਲ ਚੋਰੀਆਂ ਕਰਦਾ ਹੁੰਦਾ ਸੀ। ਢਾਣੀਆਂ 'ਚ ਸ਼ਰਾਬ ਪੀਂਦਾ ਤੇ ਬਦਮਾਸ਼ੀ ਕਰਦਾ ਸੀ। ਕੋਈ ਡਰਦਾ ਉਹਦੇ ਅੱਗੇ ਕੁਸਕਦਾ ਨਹੀਂ ਸੀ। ਜਾਇਜ-ਨਜਾਇਜ ਹਥਿਆਰ ਉਹਦੇ ਕੋਲ ਸਨ। ਅਤਿਵਾਦ ਆਇਆ ਤਾਂ ਉਹਨੇ ਵੀ ਆਪਣੀ ਲਾਇਨ ਬਦਲ ਲਈ ਸੀ। ਉਹ ਪੁਲਿਸ ਤੇ ਸੀ ਆਰ ਪੀ ਦਾ ਟਾਊਟ ਬਣ ਗਿਆ ਸੀ। ਉਹਨੇ ਪੁਲਿਸ ਤੋਂ ਹੋਰ ਹਥਿਆਰ

ਲੈ ਲਏ ਸਨ । ਪੁਲਿਸ ਤੋਂ ਡਰਦੇ ਲੁਕੇ ਫਿਰਦੇ ਅਤਿਵਾਦੀਆਂ ਦੀ ਸੂਹ ਦੇ ਕੇ ਉਹ ਫੜਾ ਦੇਂਦਾ ਸੀ ਤੇ ਸਰਕਾਰ ਤੋਂ ਇਨਾਮ ਲੈਂਦਾ ਸੀ। ਮੈਂ ਉਹਨੂੰ ਵੇਖ ਕੇ ਕੋਈ ਖ਼ਤਰਾ ਮਹਿਸੂਸ ਨਾ ਕੀਤਾ। ਪਰ ਉਹਨੇ ਸਾਨੂੰ ਵੇਖ ਕੇ ਵੱਡੇ ਅਤਿਵਾਦੀ ਸਮਝ ਲਿਆ ਸੀ। ਪੇਟੀ ਉੱਪਰ ਚੜ੍ਹਾ ਕੇ ਮੈਂ ਤੇ ਬਲਵਿੰਦਰ ਦੋਵੇਂ ਬੱਸ ਦੀ ਛੱਤ ਤੇ ਪੇਟੀ ਨਾਲ ਢੋਅ ਲਾ ਕੇ ਬੈਠ ਗਏ। ਉਹਦੇ ਕੋਲ ਵੀ ਸੌਦੇ-ਪੱਤੇ ਵਾਲਾ ਥੈਲਾ ਸੀ ਤੇ ਮੇਰੇ ਕੋਲ ਵੀ। ਹੌਲੀ ਹੌਲੀ ਤੁਰਦੀ ਬੱਸ ਸ਼ਹਿਰੋਂ ਬਾਹਰ ਨਿੱਕਲੀ। ਤਾਂਹੀਉਂ ਖ਼ਬਰ ਹਥਿਆਰਾਂ ਨਾਲ ਲੈਸ ਪੁਲਿਸ ਦੀਆਂ ਗੱਡੀਆਂ ਨਾਲ ਸੀ ਆਰ ਪੀ ਹਾਰਨ ਵਜਾਉਂਦੇ ਅੱਗੇ ਲੰਘ ਗਏ। ਇੱਕ ਵਾਰ ਸਾਰੇ ਡਰ ਨਾਲ ਕੰਬ ਗਏ।

ਬੱਸ ਜਦੋਂ ਅਗਲੇ ਅੱਡੇ ਤੇ ਪਹੁੰਚੀ ਤਾਂ ਸੁਰੱਖਿਆ-ਦਸਤਿਆਂ ਨੇ ਬੱਸ ਨੂੰ ਘੇਰਾ ਪਾ ਲਿਆ। ਇੱਕ ਦਮ ਮੈਨੂੰ ਸੁੱਝ ਗਈ ਕਿ ਇਹ ਮੋਹਣੇ ਟਾਊਟ ਦੀ ਹੀ ਕਿਰਪਾ ਹੈ। ਪੰਦਰਾਂ-ਵੀਹ ਪੁਲਿਸ ਵਾਲੇ ਹੱਥਾਂ 'ਚ ਸਟੇਨਗੰਨਾਂ ਫੜੀ ਬੱਸ ਦੇ ਇੱਕ ਪਾਸੇ ਤੇ ਏਨੇ ਹੀ ਦੂਜੇ ਪਾਸੇ ਖੜ ਗਏ। ਬੱਸ ਖਾਲੀ ਕਰਵਾ ਕੇ ਤਲਾਸ਼ੀ ਲਈ ਗਈ। ਸੀ ਆਰ ਪੀ ਬੱਸ ਦੇ ਪਿੱਛੇ ਖੜ ਗਈ, ਜਵਾਨਾਂ ਨੇ ਮੈਨੂੰ ਤੇ ਬਲਵਿੰਦਰ ਨੂੰ ਹੇਠਾਂ ਉੱਤਰਨ ਲਈ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਸਾਡੇ ਤੇ ਹੀ ਸ਼ੱਕ ਸੀ। ਸਾਡੇ ਕੋਲ ਭਰੇ-ਭਰਾਏ ਥੈਲੇ ਜੁ ਸਨ। ਉਹ ਸਮਝਦੇ ਸਨ ਕਿ ਥੈਲਿਆਂ 'ਚ ਅਸੀਂ ਗੋਲਾ-ਬਰੂਦ ਪਾਇਆ ਹੋਊ। ਜਦੋਂ ਅਸੀਂ ਹੱਥਾਂ 'ਚ ਥੈਲੇ ਫੜੀ ਬੱਸ ਤੋਂ ਉੱਤਰ ਰਹੇ ਸਾਂ ਤਾਂ ਉਹਨਾਂ ਨੇ ਸਾਡੇ ਹੱਥਾਂ ਤੇ ਸਟੇਨ-ਗੰਨਾਂ ਮਾਰ ਮਾਰ ਕੇ ਥੈਲੇ ਹੇਠਾਂ ਸੁਟਾ ਦਿੱਤੇ। ਖੰਡ, ਚਾਹ ਤੇ ਘਿਉ ਆਦਿ ਸਭ ਸੜਕ ਤੇ ਖਿੱਲਰ ਗਏ। ਕਾਹਲੀ ਨਾਲ ਅਸੀਂ ਹੇਠਾਂ ਉੱਤਰ ਆਏ।

ਸੂਰਜ ਦੀ ਤਪਸ਼ ਨਾਲ ਸੜਕ ਤਪੀ ਹੋਈ ਸੀ। ਸੀ ਆਰ ਪੀ ਜਵਾਨਾਂ ਨੇ ਸਾਨੂੰ ਦੋਹਾਂ ਨੂੰ ਸੜਕ ਤੇ ਭੁੰਜੇ ਬਿਠਾ ਲਿਆ। ਦੋ ਤਿੰਨ ਜਵਾਨ ਰਾਈਫਲਾਂ ਮੇਰੇ ਮੋਢੇ ਤੇ ਰੱਖੀ ਖੜੇ ਸਨ ਤੇ ਏਨੇ ਹੀ ਬਲਵਿੰਦਰ ਦੇ। ਅਸੀਂ ਆਪਣੇ ਸਕੂਲ ਟੀਚਰ ਹੋਣ ਦੇ ਬਥੇਰੇ ਵਾਸਤੇ ਪਾਏ ਅਤੇ ਪਛਾਣ-ਪੱਤਰ ਦਿਖਾਉਣ ਦੇ ਯਤਨ ਕੀਤੇ ਪਰ ਉਹ ਸਾਨੂੰ ਹਿੱਲਣ ਨਹੀਂ ਸੀ ਦੇਂਦੇ। ਸਾਡੀ ਕਿਸੇ ਨੇ ਇੱਕ ਨਾ ਸੁਣੀ। ਸਾਨੂੰ ਇੰਜ ਲਗਦਾ ਸੀ ਕਿ ਕੱਲ੍ਹ ਨੂੰ ਅਖ਼ਬਾਰਾਂ 'ਚ ਦੋ ਵੱਡੇ ਅਤਿਵਾਦੀਆਂ ਦੇ ਮਾਰੇ ਜਾਣ ਦੀ ਖ਼ਬਰ ਮੁੱਖ ਸੁਰਖ਼ੀ ਹੋਵੇਗੀ। ਬੱਸ ਦੇ ਡਰਾਈਵਰ, ਕੰਡਕਟਰ ਤੇ ਬੱਸ 'ਚ ਸਵਾਰ ਹੋਰ ਕਈ ਵਾਕਫ਼ਕਾਰਾਂ ਨੇ ਵੀ ਸਾਡੇ ਟੀਚਰ ਹੋਣ ਦੀ ਪੁਸ਼ਟੀ ਕੀਤੀ ਪਰ ਥਿੰਦੇ ਘੜੇ ਤੇ ਪਾਣੀ ਪਾਉਣ ਵਾਂਗ ਉਹਨਾਂ ਤੇ ਕੋਈ ਅਸਰ ਨਾ ਹੋਇਆ। ਚੰਗੀ ਤਰਾਂ ਤਲਾਸ਼ੀ ਲੈਕੇ ਹੀ ਉਹਨਾਂ ਨੂੰ ਤਸੱਲੀ ਹੋਈ ਤੇ ਸਾਡਾ ਛੁਟਕਾਰਾ ਹੋਇਆ। ਬੱਸ ਚਲਾਉਣ ਦਾ ਇਸ਼ਾਰਾ ਹੋਇਆ ਤੇ ਅਸੀਂ ਮੌਤ ਦੇ ਮੂੰਹ ਚੋਂ ਬਚ ਕੇ ਘਰ ਪਹੁੰਚੇ।

ਅਗਲੇ ਦਿਨ ਅਸੀਂ ਟੀਚਰ ਯੂਨੀਅਨ ਦੇ ਆਗੂਆਂ ਨੂੰ ਨਾਲ ਲੈ ਕੇ ਜਿਲ੍ਹਾ ਪੁਲਿਸ ਮੁਖੀ ਨੂੰ ਮਿਲੇ ਤੇ ਪੁਲਿਸ ਫੋਰਸ ਵੱਲੋਂ ਸਾਡੇ ਨਾਲ ਕੀਤੇ ਦੁਰ-ਵਿਹਾਰ ਤੇ ਕਿਸੇ ਅਣਹੋਣੀ ਦੇ ਵਾਪਰ ਜਾਣ ਦੇ ਖਦਸ਼ੇ ਬਾਰੇ ਪ੍ਰੋਟੈਸਟ ਕੀਤਾ। ਉੱਚ-ਅਫਸਰ ਨੇ ਗਲਤ ਇਤਲਾਹ ਮਿਲਣ ਕਾਰਨ ਹੋਈ ਅਵਾਜ਼ਾਰੀ ਲਈ ਅਫਸੋਸ ਜ਼ਾਹਰ ਕੀਤਾ ਤੇ ਅੱਗੋਂ ਅਧਿਆਪਕਾਂ ਨੂੰ ਵਾਜਬ ਸਤਿਕਾਰ ਦੇਣ ਦਾ ਭਰੋਸਾ ਦਿੱਤਾ। ਉਸ ਦਿਨ ਤੋਂ ਬਾਦ ਮੈਂ ਰਾਤ-ਦਿਨ ਮੌਤ ਦੇ ਸਾਏ ਹੇਠ ਰਹਿਣ ਨਾਲੋਂ ਚੈਨ ਦੀ ਨੀਂਦ ਸੌਣ ਲਈ ਸ਼ਹਿਰ ਇੱਕ ਮਕਾਨ ਕਿਰਾਏ ਤੇ ਲੈ ਲਿਆ ਤੇ ਰਿਹਾਇਸ਼ ਬਦਲ ਕੇ ਸ਼ਹਿਰ ਲੈ ਗਿਆ। ਮੇਰਾ ਬਾਪੂ ਇਸ ਗੱਲੋਂ ਮੇਰੇ ਨਾਲ ਡਾਹਢਾ ਨਰਾਜ਼ ਸੀ ਪਰ ਮੇਰੇ ਕੋਲ ਹੋਰ ਕੋਈ ਬਦਲ ਨਹੀਂ ਸੀ। ਪਿੰਡਾਂ ਦੇ ਮਾੜੇ ਹਲਾਤਾਂ ਕਾਰਨ ਮੈਂ ਆਪਣੇ ਬੁੱਢੇ ਮਾਂ-ਬਾਪ ਦੀ ਲੋੜੀਂਦੀ ਸੇਵਾ ਨਾ ਕਰ ਸਕਿਆ ਜਿਸ ਦਾ ਹੁਣ ਤੱਕ ਮੈਨੂੰ ਅਫਸੋਸ ਹੈ।

ਇਹਨਾਂ ਕਾਲੇ ਦਿਨਾਂ 'ਚ ਲੱਗ-ਭੱਗ 25000 ਬੇਦੋਸ਼ੇ ਲੋਕਾਂ ਦੀਆਂ ਜਾਨਾਂ ਚਲੇ ਗਈਆਂ। ਹਜ਼ਾਰਾ ਮਾਂਵਾਂ ਨੇ ਆਪਣੇ ਦੁੱਧ-ਘਿਉ ਨਾਲ ਪਾਲ਼ੇ ਪੁੱਤ ਗਵਾ ਲਏ ਤੇ ਹਜ਼ਾਰਾਂ ਔਰਤਾਂ ਦੇ ਮੱਥੇ ਤੋਂ ਸੰਧੂਰ ਪੂੰਝਿਆ ਗਿਆ। ਸਿੱਖਾਂ ਦੇ ਮੁਕੱਦਸ ਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਹੋਇਆ। ਸ਼ਾਂਤੀ ਦੇ ਮੁਜੱਸਮੇਂ ਸ੍ਰੀ ਦਰਬਾਰ ਸਾਹਬ ਅੰਮ੍ਰਿਤਸਰ ਨੂੰ ਗੋਲੀਆਂ ਨਾਲ ਛਲਣੀ ਕਰ ਦਿੱਤਾ, ਪਾਵਨ ਸ੍ਰੀ ਅਕਾਲ-ਤਖ਼ਤ ਨੂੰ ਢਾਹ ਕੇ ਢੇਰੀ ਕਰ ਦਿੱਤਾ ਗਿਆ। ਕਈ ਹੋਰ ਗੁਰਦੁਅਰਿਆਂ ਵਿੱਚ ਦਾਖ਼ਲ ਹੋ ਕੇ ਵੀ ਫੌਜ ਜਾਂ ਪੁਲਿਸ ਨੇ ਕਾਰਵਾਈ ਕੀਤੀ। ਹਜ਼ਾਰਾਂ ਲੋਕਾਂ ਦੇ ਹਿਰਦੇ ਦੁਖੀ ਹੋ ਗਏ ਤੇ ਧਾਰਮਿਕ ਭਾਵਨਾਵਾਂ ਜ਼ਖ਼ਮੀ ਹੋਈਆਂ। ਹਜ਼ਾਰਾਂ ਬੇ-ਗੁਨਾਹ ਤੇ ਗੁਨਾਹਗਾਰ ਨੀਲਾ ਤਾਰਾ ਐਕਸ਼ਨ ਦੀ ਭੇਟ ਚੜ੍ਹ ਗਏ। ਮਗਰੋਂ ਹੋਰ ਮਾੜੀਆਂ ਘਟਨਾਵਾਂ ਵਾਪਰੀਆਂ। ਦੇਸ਼ ਦੀ ਪ੍ਰਧਾਨ-ਮੰਤਰੀ ਨੂੰ ਉਸ ਦੇ ਸਿੱਖ ਸੁਰੱਖਿਆ ਗਾਰਦਾਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਕੀਤੇ ਗਏ ਹਮਲੇ ਦਾ ਬਦਲਾ ਲੈਣ ਲਈ ਮੌਤ ਦੇ ਘਾਟ ਉਤਾਰ ਦਿੱਤਾ। ਇਸ ਤੋਂ ਉਪ੍ਰੰਤ ਦੇਸ਼ ਦੀ ਰਾਜਧਾਨੀ ਦਿੱਲੀ ਤੇ ਕਈ ਹੋਰ ਸ਼ਹਿਰਾਂ 'ਚ ਲਾਮ-ਬੰਦ ਲਸ਼ਕਰ ਦੀਆਂ ਹੇੜਾਂ ਨੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ। ਕਾਤਲਾਂ ਨੂੰ ਜਿਵੇਂ ਹਾਕਮਾਂ ਦੀ ਸ਼ਹਿ ਸੀ, ਉਹਨਾਂ ਵਿਰੁੱਧ ਕੋਈ ਠੋਸ ਕਾਰਵਾਈ ਨਾ ਹੋਈ, ਕਿਸੇ ਦੇ ਖ਼ਿਲਾਫ਼ ਨਾ ਠੋਸ ਪਰਚਾ ਦਰਜ ਹੋਇਆ ਤੇ ਨਾ ਕਿਸੇ ਨੂੰ ਸਜ਼ਾ ਹੋਈ। ਅੱਜ ਤੱਕ 84 ਦੇ ਦੰਗਿਆਂ ਦੇ ਸ਼ਿਕਾਰ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਸਭ ਸਿਆਸੀ ਲੋਕ ਉਹਨਾਂ ਨੂੰ ਇਨਸਾਫ਼ ਦਿਵਾਉਣ ਦੇ ਨਾਂ ਤੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ। ਵਿਕਾਸ ਦੇ ਪੱਖੋਂ ਪੰਜਾਬ 50 ਸਾਲ ਪਿੱਛੇ ਚਲਾ ਗਿਆ। ਰੱਬ ਕਰੇ ਐਸਾ ਵਕਤ ਧਰਤੀ ਤੇ ਮੁੜ ਕਦੇ ਨਾ ਆਵੇ।

# ਸੁੱਗੇ ਸਕੂਲ ਦੀ ਸੇਵਾ

ਇਹਨੀਂ ਦਿਨੀਂ ਮੈਂ ਸਰਕਾਰੀ ਮਿਡਲ ਸਕੂਲ ਸੁੱਗਾ ਵਿਖੇ ਡਿਊਟੀ ਕਰ ਰਿਹਾ ਸਾਂ। ਸ੍ਰ: ਕਸ਼ਮੀਰ ਸਿੰਘ ਸਕੂਲ ਦੇ ਮੁੱਖ-ਅਧਿਆਪਕ ਸਨ। ਲਖਵੰਤ ਸਿੰਘ ਸਾਇੰਸ ਮਾਸਟਰ, ਦਰਸ਼ਨ ਸਿੰਘ ਡਰਾਇੰਗ ਟੀਚਰ, ਮੈਡਮ ਕਿਰਨ ਬਾਲਾ ਹਿੰਦੀ ਟੀਚਰ ਤੇ ਮੈਂ ਪੰਜਾਬੀ ਟੀਚਰ। ਸੁਰਜਣ ਸਿੰਘ ਫੌਜੀ ਉੱਥੇ ਸੇਵਾਦਾਰ ਸੀ। ਟੀਚਰ ਯੂਨੀਅਨ 'ਚ ਵੱਡੇ ਦੋ ਗਰੁੱਪ ਕੰਮ ਕਰਦੇ ਸਨ -ਢਿੱਲੋਂ ਗਰੁੱਪ ਤੇ ਰਾਣਾ ਗਰੁੱਪ। ਸਾਡੇ ਜ਼ਿਲ੍ਹੇ ਦਾ ਪ੍ਰਧਾਨ ਆਮ ਤੌਰ ਤੇ ਰਾਣਾ ਗਰੁੱਪ ਦਾ ਸਰਬਦਿਆਲ ਸਿੰਘ ਕੰਗ ਹੀ ਬਣਦਾ ਹੁੰਦਾ ਸੀ। ਕਸ਼ਮੀਰ ਸਿੰਘ, ਢਿੱਲੋਂ ਗਰੁੱਪ ਨਾਲ ਤੇ ਮੈਂ ਰਾਣਾ ਗਰੁੱਪ ਨਾਲ ਜੁੜੇ ਹੋਏ ਸਾਂ, ਬਾਕੀ ਸਟਾਫ਼ ਲੱਗਭੱਗ ਨਿਊਟਰਲ ਸੀ। ਇਸ ਕਰਕੇ ਕਸ਼ਮੀਰ ਸਿੰਘ ਮਨ ਵਿਚ ਮੇਰੇ ਪ੍ਰਤੀ ਈਰਖਾ ਰੱਖਦਾ ਸੀ ਪਰ ਮੇਰੇ 'ਚ ਕੋਈ ਕਮੀ ਨਹੀਂ ਸੀ। ਮੈਂ ਸਕੂਲ ਸਮੇਂ ਸਿਰ ਜਾਂਦਾ ਸਾਂ, ਆਪਣੇ ਸਾਰੇ ਪੀਰੀਅਡ ਲਾਉਂਦਾ ਸਾਂ, ਨਾ ਫਰਲੋ ਮਾਰਨ ਦਾ ਆਦੀ ਸਾਂ ਤੇ ਨਾ ਕੁਰਪਸ਼ਨ ਦਾ ਭਾਗੀ। ਉਹਨੂੰ ਦੋ ਪੀਰੀਅਡ ਲਾ ਕੇ ਬਾਕੀ ਸਾਰਾ ਦਿਨ ਮੈਡਮ ਕੋਲ ਦਫ਼ਤਰ 'ਚ ਬੈਠੇ ਰਹਿਣ ਦੀ ਆਦਤ ਸੀ। ਮੈਂ ਸਹਿਜੇ 2 ਬਾਕੀ ਸਟਾਫ਼ ਮੈਂਬਰਾਂ ਨੂੰ ਨਿਖੇੜ ਕੇ ਵਿਹਲੇ ਵੇਲੇ ਬਾਹਰ ਬਰ੍ਹਨੇ ਹੇਠ ਬਹਿਣ ਦੀ ਆਦਤ ਪਾ ਦਿੱਤੀ। ਜਿਉਂ ਹੀ ਦਹਿਸ਼ਤ ਦਾ ਜ਼ੋਰ ਵਧਿਆ, ਉਹਨੂੰ ਅਤਿਵਾਦੀਆਂ ਵੱਲੋਂ ਸੁੱਗੇ ਤੋਂ ਬਦਲੀ ਕਰਾ ਲੈਣ ਦਾ ਲਿਖਤੀ ਧਮਕੀ-ਪੱਤਰ ਮਿਲ ਗਿਆ। ਜਾਨੀ ਨੁਕਸਾਨ ਹੋਣ ਦਾ ਡਰ ਕਰਕੇ ਉਹਨੇ ਸੁੱਗੇ ਤੋਂ ਬਦਲੀ ਕਰਾਉਣ ਦਾ ਮਨ ਬਣਾ ਲਿਆ। ਅਸੀਂ ਵੀ ਡੀ. ਈ. ਓ. ਦਫ਼ਤਰ ਉਹਦੇ ਨਾਲ ਗਏ ਤੇ ਉਹਦੀ ਬਦਲੀ ਲਈ ਬੇਨਤੀ ਕੀਤੀ। ਸਿੱਟੇ ਵਜੋਂ ਉਹਦੀ ਬਦਲੀ ਸ਼ਾਬਾਜ਼ਪੁਰ ਹੋ ਗਈ।

ਹੁਣ ਸਕੂਲ ਦਾ ਮੁੱਖ-ਅਧਿਆਪਕ ਲਖਵੰਤ ਸਿੰਘ ਬਣ ਗਿਆ। ਉਹ ਪੜ੍ਹਾਈ ਲਿਖਾਈ ਦੇ ਨਾਲ 2 ਦਫ਼ਤਰੀ ਡਾਕ ਤਿਆਰ ਕਰਨ 'ਚ ਵੀ ਮਾਹਰ ਸੀ। ਮੈਂ ਉਹਦੇ ਤੋਂ ਦਫ਼ਤਰੀ ਕੰਮ ਕਰਨ ਅਤੇ ਸਕੂਲ ਦਾ ਰਿਕਾਰਡ ਮੇਨਟੇਨ ਕਰਨ ਦਾ ਢੰਗ-ਤਰੀਕਾ ਸਿੱਖਿਆ। ਉਹ ਘਰੋਂ ਮਾਇਕ ਤੌਰ ਤੇ ਤਕੜਾ ਸੀ। ਰਿਹਾਇਸ਼ ਉਹਦੀ ਤਰਨਤਾਰਨ ਸੀ। ਪਹਿਲਾਂ ਤਾਂ ਉਹ ਬਜਾਜ ਚੇਤਕ ਸਕੂਟਰ ਤੇ ਸਕੂਲ ਜਾਂਦਾ ਹੁੰਦਾ ਸੀ ਪਰ ਅਤਿਵਾਦੀਆਂ ਦੁਆਰਾ ਸਕੂਟਰ-ਮੋਟਰ ਸਾਈਕਲ ਖੋਹੇ ਜਾਣ ਲੱਗੇ ਤਾਂ ਬੱਸ ਤੇ ਜਾਣਾ ਸ਼ੁਰੂ ਕਰ ਦਿੱਤਾ

ਤੇ ਸਬਾਜ਼ਪੁਰੋਂ ਅਗਾਂਹ ਸੁੱਗੇ ਜਾਣ ਲਈ ਸਾਈਕਲ ਰੱਖ ਲਿਆ। ਮੈਂ ਵੀ ਜਦੋਂ ਸ਼ਹਿਰ ਰਹਿਣ ਲੱਗਿਆ ਤਾਂ ਅਸੀਂ ਅਕਸਰ ਇਕੱਠੇ ਹੀ ਜਾਂਦੇ ਸਾਂ। ਦਰਸ਼ਨ ਸਿੰਘ ਅੰਮ੍ਰਿਤਸਰੋਂ ਬੱਸ ਤੇ ਸੁਰਸਿੰਘ ਆ ਕੇ ਅੱਗੋਂ ਸਾਈਕਲ ਤੇ ਆਉਂਦਾ ਸੀ। ਹਿੰਦੀ ਵਾਲ਼ੀ ਮੈਡਮ ਕਿਰਨਬਾਲਾ ਭਾਵੇਂ ਹਿੰਦੂ ਪਰਿਵਾਰ ਨਾਲ ਸਬੰਧਿਤ ਸੀ ਪਰ ਰਿਹਾਇਸ਼ ਪਹਿਲਾਂ ਨੇੜਲੇ ਪਿੰਡ ਬੈਂਕੇ ਵਿੱਚ ਸੀ। ਜਦੋਂ ਪਿੰਡਾਂ ਦੇ ਹਾਲਾਤ ਜ਼ਿਆਦਾ ਖ਼ਰਾਬ ਹੋਏ ਤਾਂ ਉਹ ਵੀ ਰਿਹਾਇਸ਼ ਬਦਲ ਕੇ ਸ਼ਹਿਰ ਚਲੇ ਗਈ ਤੇ ਬਾਅਦ ਵਿੱਚ ਸੁੱਗੇ ਤੋਂ ਬਦਲੀ ਵੀ ਕਰਵਾ ਲਈ। ਮਹੌਲ ਉਹਨੀਂ ਦਿਨੀਂ ਬੜਾ ਦਹਿਸ਼ਤ ਵਾਲਾ ਸੀ। ਲੋਕਾਂ ਨੂੰ ਜਾਨ ਦੇ ਲਾਲੇ ਪਏ ਹੋਏ ਸਨ। ਅਜਿਹੇ ਮਹੌਲ ਵਿੱਚ ਸਾਡਾ ਸਾਰੇ ਸਟਾਫ਼ ਦਾ ਆਪਸ ਵਿੱਚ ਬੜਾ ਤੇਹ-ਮੁਹੱਬਤ ਵਾਲਾ ਰਿਸ਼ਤਾ ਸੀ ਜਿਹੜਾ ਕਿ ਹੁਣ ਤੱਕ ਵੀ ਕਾਇਮ ਹੈ।

ਸਰਕਾਰੀ ਕੰਨਿਆ ਹਾਈ ਸਕੂਲ ਸੁਰਸਿੰਘ ਸਾਡਾ ਕੰਪਲੈਕਸ ਸਕੂਲ ਸੀ। ਜ਼ਰੂਰੀ ਡਾਕ ਅਤੇ ਹੋਰ ਵਿਭਾਗੀ ਕੰਮਾਂ ਸਬੰਧੀ ਸਾਨੂੰ ਅਕਸਰ ਉੱਥੇ ਜਾਣਾ ਪੈਂਦਾ ਸੀ। ਉਸ ਸਕੂਲ ਵਿੱਚ ਦੋ ਹੀ ਮਰਦ ਅਧਿਆਪਕ ਸਨ - ਭਾ ਜੀ ਸੇਵਾ ਰਾਮ ਪੱਧਰੀ ਤੇ ਨਰਿੰਦਰਪਾਲ ਢਿੱਲੋਂ, ਬਾਕੀ ਸਭ ਲੇਡੀ ਸਟਾਫ਼ ਸੀ। ਭਾ ਜੀ ਸੇਵਾ ਰਾਮ ਪਹਿਲਾਂ ਸਰਹੱਦੀ ਸਕੂਲ ਭੂਰੇਕੋਨੇ ਰਹੇ ਸਨ ਜਦੋਂ ਮੈਂ ਲਾਖਣੇ ਸਕੂਲ 'ਚ ਹੁੰਦਾ ਸਾਂ, ਇਸ ਕਾਰਨ ਉਹ ਮੇਰੇ ਉਦੋਂ ਦੇ ਹੀ ਮਿੱਤਰ ਸਨ। ਨਰਿੰਦਰਪਾਲ ਦਾ ਸੁਭਾਅ ਵੀ ਬਹੁਤ ਨਿੱਘਾ ਸੀ। ਮੁੱਖ-ਅਧਿਆਪਕਾ ਦੀ ਬਦਲੀ ਹੋ ਜਾਣ ਪਿੱਛੋਂ ਸ੍ਰ. ਲਾਲ ਸਿੰਘ ਹੈਡ-ਮਾਸਟਰ ਬਣ ਕੇ ਆਏ ਪਰ ਉਹ ਹੈਡ-ਮਾਸਟਰ ਘੱਟ ਤੇ ਭਰਾ ਬਣ ਕੇ ਵੱਧ ਵਿਚਰੇ। ਸੇਵਾ ਰਾਮ ਤੇ ਢਿੱਲੋਂ ਦੋਵੇਂ ਬੜੇ ਰੰਗੀਲੇ ਬੰਦੇ ਸਨ, ਜਦੋਂ ਵੀ ਕਦੇ ਅਸੀਂ (ਮੈਂ ਕਿਉਂਕਿ ਲਖਵੰਤ ਦੇ ਅਕਸਰ ਨਾਲ ਹੀ ਹੁੰਦਾ ਸਾਂ) ਉਹਨਾਂ ਦੇ ਸਕੂਲ ਜਾਂਦੇ, ਉਹ ਸਕੂਲ ਬੰਦ ਹੋਣ ਤੱਕ ਸਾਨੂੰ ਬਿਠਾ ਛੱਡਦੇ ਤੇ ਕਈ ਵਾਰ ਬਾਅਦ 'ਚ ਵੀ ਕਿਤੇ ਆਸੇ-ਪਾਸੇ ਬਹਿ ਕੇ ਮਹਿਫ਼ਲ ਸਜਾਈ ਰੱਖਦੇ। ਕੁਝ ਸਾਲਾਂ ਬਾਅਦ ਉਹ ਤਿੱਕੜੀ ਵਿੱਛੜ ਗਈ। ਸ੍ਰ. ਲਾਲ ਸਿੰਘ ਪ੍ਰਿੰਸੀਪਲ ਵਜੋਂ ਪ੍ਰਮੋਟ ਹੋ ਗਏ, ਨਰਿੰਦਰਪਾਲ ਆਪਣੇ ਭਰਾ ਕੋਲ ਅਮਰੀਕਾ ਚਲਾ ਗਿਆ ਤੇ ਭਾ ਜੀ ਸੇਵਾ ਰਾਮ ਬਦਲੀ ਕਰਵਾ ਕੇ ਪੱਧਰੀ ਕਲਾਂ, ਪਿੰਡ ਦੇ ਸਕੂਲ 'ਚ ਚਲੇ ਗਏ।

ਭਾ ਜੀ ਸੇਵਾ ਰਾਮ ਇਕ ਮਿਹਨਤਕਸ਼ ਪਰਿਵਾਰ ਚੋਂ ਮਿਹਨਤ-ਮਜ਼ਦੂਰੀ ਕਰਕੇ ਪੜ੍ਹਿਆ ਸੀ ਤੇ ਹੈੱਡ-ਮਾਸਟਰ ਦੀ ਕੁਰਸੀ ਤੱਕ ਪੁੱਜਾ ਸੀ। ਉਹਨੇ ਆਪਣੇ ਛੋਟੇ ਦੋ ਭਰਾਵਾਂ ਨੂੰ ਵੀ ਪੜ੍ਹਾ ਕੇ ਨੌਂਕਰੀ ਹਾਸਲ ਕਰਨ 'ਚ ਮਦਦ ਕੀਤੀ ਸੀ। ਛੋਟਾ ਭਰਾ ਬੂਟਾ ਰਾਮ ਬਿਜਲੀ ਬੋਰਡ 'ਚ ਜੇ. ਈ. (ਹੁਣ ਐੱਸ ਡੀ ਓ) ਤੇ ਤੀਜਾ ਪੰਜਾਬ ਪੁਲੀਸ 'ਚ ਸਿਪਾਹੀ ਭਰਤੀ ਹੋ ਗਿਆ ਸੀ। ਮੇਰੇ ਨਾਲ ਉਹਦੀ ਦਿਲੀ ਸਾਂਝ ਸੀ ਤੇ ਉਹ ਇਹੋ ਜਿਹੀਆਂ ਦਿਲ ਦੀਆਂ ਗੱਲਾਂ ਮੇਰੇ ਨਾਲ ਖੋਲ੍ਹ ਕੇ ਕਰ ਲੈਂਦਾ ਸੀ। ਕੁਝ ਸਾਲ ਉਹ ਪਿੰਡ

ਦੇ ਸਕੂਲ ਦਾ ਕਾਰਜਕਾਰੀ ਪ੍ਰਿੰਸੀਪਲ ਰਿਹਾ ਤੇ ਫਿਰ ਉਹ ਹੈੱਡ-ਮਾਸਟਰ ਪਦ-ਉੱਨਤ ਹੋ ਕੇ ਅਕਤੂਬਰ 2011 ਵਿੱਚ ਸੇਵਾ ਮੁਕਤ ਹੋ ਗਿਆ। ਨੌਕਰੀ ਦੌਰਾਨ ਹੀ ਉਹਨੇ ਆਪਣੀਆਂ ਦੋਹਾਂ ਬੇਟੀਆਂ ਦਾ ਵਿਆਹ ਪੜ੍ਹੇ-ਲਿਖੇ ਪਰਿਵਾਰਾਂ ਵਿੱਚ ਕਰ ਦਿੱਤਾ ਸੀ, ਵੱਡੇ ਬੇਟੇ ਨੂੰ ਬੀ ਫਾਰਮੇਸੀ ਕਰਾਉਣ ਪਿੱਛੋਂ ਡਰੱਗ-ਸਟੋਰ ਖੋਲ੍ਹ ਦਿੱਤਾ ਤੇ ਛੋਟੇ ਨੂੰ ਬੀ ਟੈੱਕ ਕਰਵਾ ਦਿੱਤੀ ਪਰ ਬੱਚਿਆਂ ਦੇ ਸੈੱਟ ਹੋਣ ਤੋਂ ਪਹਿਲਾਂ ਹੀ ਚੰਦਰੀ ਮੌਤ ਨੇ ਸੇਵਾ ਰਾਮ ਵਰਗਾ ਹੀਰਾ ਪਰਿਵਾਰ ਤੋਂ ਖੋਹ ਲਿਆ।

ਲਖਵੰਤ ਸਿੰਘ ਦੇ ਘਰ ਮੇਰਾ ਏਨਾ ਆਉਣ-ਜਾਣ ਸੀ ਕਿ ਉਹ ਘਰ ਮੈਨੂੰ ਆਪਣਾ ਘਰ ਹੀ ਲੱਗਦਾ ਸੀ। ਉਹਦੇ ਡੈਡੀ ਪ੍ਰਾਪਰਟੀ ਡੀਲਰ ਦਾ ਕੰਮ ਕਰਦੇ ਸਨ ਤੇ ਇਸ ਕਾਰੋਬਾਰ ਤੋਂ ਉਹਨਾਂ ਨੂੰ ਚੰਗੀ ਆਮਦਨ ਸੀ। ਉਹਨਾਂ ਦਾ ਬੜਾ ਸੁਹਣਾ ਖੁੱਲ੍ਹਾ ਘਰ ਸੀ ਤੇ ਮੁਹੱਲੇ ਦੇ ਬਾਹਰ ਨਾਲ-ਜੁੜਵੀਂ ਕੁਝ ਜ਼ਮੀਨ ਵੀ ਸੀ ਜਿਹੜੀ ਬਾਅਦ 'ਚ ਉਹਨਾਂ ਨੇ ਪਲਾਟ ਕੱਟ ਕੇ ਮਹਿੰਗੇ ਮੁੱਲ ਤੇ ਵੇਚੀ। ਉਹਦੀ ਮੰਮੀ ਬਹੁਤ ਖ਼ੁਸ਼-ਮਿਜਾਜ਼ ਤੇ ਨਿੱਘੇ ਸੁਭਾਅ ਵਾਲੀ ਔਰਤ ਸੀ। ਜਦ ਕਦੇ ਮੈਂ ਘਰ ਜਾਂਦਾ ਤਾਂ ਉਹ ਚਾਹ, ਦੁੱਧ ਜਾਂ ਰੋਟੀ ਲੋੜ ਅਨੁਸਾਰ ਬਿਨਾਂ ਪੁੱਛਿਆਂ ਅੱਗੇ ਲਿਆ ਧਰਦੀ। 'ਇਹੋ ਜਿਹੀਆਂ ਮਾਂਵਾਂ ਰੱਬ ਹਰ ਇੱਕ ਨੂੰ ਦੇਵੇ!' ਮੇਰੇ ਦਿਲੋਂ ਸਦਾ ਇਹੋ ਅਸੀਸ ਨਿੱਕਲਦੀ। ਲਖਵੰਤ ਹੋਰੀਂ ਸਾਰੇ ਭੈਣ-ਭਰਾ ਉੱਚ ਵਿਦਿਆ ਪ੍ਰਾਪਤ ਟੀਚਰ ਹਨ। ਹੁਣ ਤੱਕ ਮੇਰਾ ਉਹਨਾਂ ਦੇ ਘਰ ਉਸੇ ਤਰ੍ਹਾਂ ਪਰਿਵਾਰਕ ਤੌਰ ਤੇ ਆਉਣ-ਜਾਣ ਹੈ।

ਕੁਝ ਚਿਰ ਬਾਅਦ ਸਕੂਲ ਦਾ ਸੇਵਾਦਾਰ ਸੁਰਜਣ ਸਿੰਘ ਫੌਜੀ, ਸ਼ਰਾਬ ਦੀ ਹੱਦੋਂ ਵੱਧ ਵਰਤੋਂ ਕਾਰਨ ਸਵਰਗਵਾਸ ਹੋ ਗਿਆ। ਉਹਦੀ ਥਾਂ ਤੇ ਬੂੜਚੰਦ ਦਾ ਰੇਸ਼ਮ ਸਿੰਘ ਆ ਹਾਜ਼ਰ ਹੋਇਆ। ਉਹਨੂੰ ਵੀ ਆਪਣੇ ਬਾਪ ਦੀ ਮੌਤ ਉਪ੍ਰੰਤ ਤਰਸ ਦੇ ਅਧਾਰ ਤੇ ਹੀ ਨੌਕਰੀ ਮਿਲੀ ਸੀ। ਸੁਰਜਣ ਸਿੰਘ ਦਾ ਮੁੰਡਾ ਦਿਲਬਾਗ ਸਿੰਘ ਤਰਸ ਦੇ ਅਧਾਰ ਤੇ ਝਾਮਕੇ ਖ਼ੁਰਦ ਕਲਰਕ ਜਾ ਲੱਗਾ। ਗਿਆਨੀ ਕਿਰਪਾਲ ਸਿੰਘ ਭਾਵੇਂ ਰਿਟਾਇਰ ਹੋ ਗਏ ਸਨ ਪਰ ਉਹ ਦੂਜੇ ਤੀਜੇ ਦਿਨ ਸਕੂਲ ਆਉਂਦੇ ਰਹਿੰਦੇ ਸਨ। ਉਹ ਸਕੂਲ ਦੇ ਸਟਾਫ਼ ਨੂੰ ਆਪਣੇ ਪਰਿਵਾਰ ਦੇ ਮੈਂਬਰ ਹੀ ਸਮਝਦੇ ਸਨ। ਉਹ ਹਰ ਇੱਕ ਨੂੰ ਘਰ ਦੀ ਸੁੱਖ-ਸਾਂਦ ਪੁੱਛਦੇ ਤੇ ਦੁਖ-ਸੁਖ ਦੀਆਂ ਗੱਲਾਂ ਕਰਦੇ। ਘਰ ਜਦੋਂ ਵੀ ਕੋਈ ਚੰਗਾ ਪਕਵਾਨ ਬਣਦਾ ਤਾਂ ਉਹ ਸਾਡਾ ਹਿੱਸਾ ਸਕੂਲ ਲੈ ਕੇ ਆਉਂਦੇ। ਇੰਜ ਉਹ ਸਾਡੇ ਦਿਲ ਦੀ ਧੜਕਣ ਬਣ ਗਏ ਸਨ। ਉਹਨਾਂ ਕੋਲ ਪਿੰਡ ਦਾ ਡਾਕਖ਼ਾਨਾ ਸੀ, ਆਪਣੀ ਬਹਿਕ ਤੋਂ ਉਂਜ ਵੀ ਉਹਨਾਂ ਨੇ ਡਾਕਖ਼ਾਨੇ ਆਉਣਾ ਹੀ ਹੁੰਦਾ ਸੀ, ਫਿਰ ਸਾਨੂੰ ਮਿਲੇ ਬਗੈਰ ਉਹ ਘਰ ਵਾਪਸ ਨਹੀਂ ਜਾਂਦੇ ਸਨ।

ਪਿੰਡਾਂ 'ਚ ਜਿਵੇਂ ਧੜੇਬੰਦੀ ਹੁੰਦੀ ਹੀ ਹੈ, ਗਿਆਨੀ ਜੀ ਵੀ ਸਕੂਲ 'ਚ ਬੈਠੇ ਵਿਰੋਧੀ

ਧੜੇ ਦੀਆਂ ਅੱਖਾਂ 'ਚ ਰੜਕਣ ਲੱਗ ਪਏ ਸਨ। ਇਸ ਕਾਰਨ ਵਿਰੋਧੀ ਧੜੇ ਨੇ ਸਾਡੀ ਡੀ. ਈ. ਓ. ਦਫ਼ਤਰ ਸ਼ਿਕਾਇਤ ਕਰ ਦਿੱਤੀ ਕਿ ਸਕੂਲ-ਸਟਾਫ਼ ਸਾਡੇ ਵਿਰੋਧੀਆਂ ਨੂੰ ਦਫ਼ਤਰ 'ਚ ਬਿਠਾਉਂਦਾ ਹੈ। ਦਫ਼ਤਰ ਵੱਲੋਂ ਸ਼ਿਕਾਇਤ ਕੰਪਲੈਕਸ ਸਕੂਲ ਸੁਰਸਿੰਘ ਨੂੰ ਮਾਰਕ ਹੋ ਗਈ ਤੇ ਹੈੱਡ-ਮਾਸਟਰ ਸਾਹਿਬ ਨੇ ਦੋਹਾਂ ਧਿਰਾਂ ਨੂੰ ਸੱਦ ਕੇ ਨਿਪਟਾਰਾ ਕਰ ਦਿੱਤਾ। ਪਰ ਸਾਡਾ ਮਨ ਬੜਾ ਦੁਖੀ ਹੋਇਆ ਤੇ ਅਸਾਂ ਸਾਰਿਆਂ ਨੇ ਇਹ ਸਕੂਲ ਛੱਡ ਦੇਣ ਦਾ ਫ਼ੈਸਲਾ ਕਰ ਲਿਆ। ਲਖਵੰਤ ਸਿੰਘ ਦਾ ਕੈਨੇਡਾ ਦਾ ਵੀਜ਼ਾ ਲੱਗ ਗਿਆ ਸੀ ਤੇ ਉਹਨੇ ਛੁੱਟੀ ਲੈ ਕੇ ਕੈਨੇਡਾ ਚਲੇ ਜਾਣਾ ਸੀ। ਮੈਂ ਤੇ ਦਰਸ਼ਨ ਨੇ ਬਦਲੀਆਂ ਕਰਾਉਣ ਲਈ ਅਰਜ਼ੀਆਂ ਡੀ.ਈ.ਓ. ਦਫ਼ਤਰ ਦੇ ਦਿੱਤੀਆਂ। ਬਲਜਿੰਦਰ ਜੋ ਸਮਾਜਿਕ ਸਿੱਖਿਆ ਮਾਸਟਰ ਸੀ, 89 ਦਿਨਾਂ ਦੇ ਅਧਾਰ ਤੇ ਸੀ, ਉਹਨੇ ਟਰਮ ਖ਼ਤਮ ਹੋਣ ਤੇ ਘਰ ਦੇ ਨੇੜੇ ਜਾਣ ਲਈ ਟਰਾਈ ਮਾਰਨ ਦਾ ਮਨ ਬਣਾਇਆ। ਰੇਸ਼ਮ ਨੂੰ ਪਤਾ ਲੱਗਾ ਤਾਂ ਉਹ ਮਾਯੂਸ ਹੋ ਗਿਆ। ਮੈਂ ਉਹਨੂੰ ਵੀ ਬਦਲੀ ਕਰਵਾ ਦੇਣ ਦਾ ਭਰੋਸਾ ਦਿੱਤਾ।

ਜ਼ਿਲ੍ਹੇ ਦੀ ਸਿੱਖਿਆ ਅਫਸਰ ਬੀਬੀ ਭਿੰਡਰ ਦੀ ਸੇਵਾ-ਮੁਕਤੀ ਨੇੜੇ ਆ ਗਈ ਸੀ ਤੇ ਆਮ ਬਦਲੀਆਂ ਦੌਰਾਨ ਉਹਨੇ ਕਿਸੇ ਵੀ ਟੀਚਰ ਨੂੰ, ਜਿਸ ਨੇ ਬਦਲੀ ਲਈ ਬਿਨੈਪੱਤਰ ਦਿੱਤਾ ਸੀ, ਸਟੇਸ਼ਨ ਖਾਲੀ ਹੋਣ ਤੇ ਨਰਾਜ਼ ਨਾ ਕੀਤਾ। ਇਸ ਕਾਰਨ ਸਾਡੀਆਂ ਤਿੰਨਾਂ ਦੀਆਂ ਬਦਲੀਆਂ ਹੋ ਗਈਆਂ। ਸਭ ਤੋਂ ਪਹਿਲਾਂ ਸੇਵਾਦਾਰ ਰੇਸ਼ਮ ਸਿੰਘ ਨੂੰ ਫ਼ਾਰਗ ਕੀਤਾ ਗਿਆ, ਫਿਰ ਦਰਸ਼ਨ ਸਿੰਘ ਡਰਾਇੰਗ ਟੀਚਰ ਸੁੱਗੇ ਨੂੰ ਛੱਡ ਕੇ ਸ੍ਰ. ਮਿਡਲ ਸਕੂਲ ਨੂਰਦੀ ਜਾ ਹਾਜ਼ਰ ਹੋਇਆ। ਅਖ਼ੀਰ 'ਚ ਮੇਰੀ ਵਾਰੀ ਆਈ ਤੇ ਮੈਂ ਸੁੱਗਾ ਛੱਡ ਕੇ ਮਿਡਲ ਸਕੂਲ ਬੁੱਘਾ, ਜੋ ਤਰਨਤਾਰਨ ਸ਼ਹਿਰ ਦੇ ਨੇੜੇ ਸੀ, ਵਿਖੇ ਜਾ ਹਾਜ਼ਰ ਹੋਇਆ। ਲਖਵੰਤ ਨੇ ਵਿਦੇਸ਼ ਜਾਣ ਲਈ ਛੁੱਟੀ ਮਨਜ਼ੂਰ ਕਰਾਈ ਤੇ ਕੈਨੇਡਾ ਨੂੰ ਉਡਾਰੀ ਮਾਰ ਗਿਆ। ਬਲਜਿੰਦਰ ਸਿੰਘ ਛਿਆਹਟੇ ਤੋਂ ਆਉਂਦਾ ਸੀ, ਵੀਹਾਂ ਕੁ ਦਿਨਾਂ ਬਾਅਦ ਉਹਦੀ ਟਰਮ ਮੁੱਕੀ ਤਾਂ ਉਹਨੇ ਦਫ਼ਤਰ ਤੋਂ ਸਰਾਂ ਅਮਾਨਤ ਖਾਂ ਦੇ ਆਰਡਰ ਲੈ ਕੇ ਸੁੱਗੇ ਨੂੰ ਅਲਵਿਦਾ ਕਹਿ ਦਿੱਤੀ ਅਤੇ ਸਕੂਲ ਨੂੰ ਤਾਲਾ ਲੱਗ ਗਿਆ ਜੋ ਕੰਪਲੈਕਸ ਸਕੂਲ ਤੋਂ ਟੈਂਪਰੇਰੀ ਡਿਊਟੀ ਤੇ ਆਏ ਟੀਚਰਾਂ ਨੇ ਆ ਕੇ ਖੋਲ੍ਹਿਆ। ਪਿੰਡ ਦੇ ਮੁਹਤਬਰ ਬੰਦਿਆਂ ਨੇ ਸ਼ਿਕਾਇਤ-ਕਰਤਾ ਟੋਲੇ ਦੀ ਚੰਗੀ ਲਾਹ-ਪਾਹ ਕੀਤੀ।

# ਇਸ ਅਦਾਲ਼ਤ 'ਚ ਬੰਦੇ ਦੇ ਬਿਰਖ ਹੋ ਗਏ

ਇਹ ਵੀ ਮੇਰੀ ਕਮਜ਼ੋਰੀ ਹੀ ਰਹੀ ਕਿ ਮੈਂ ਸਮੇਂ ਸਿਰ ਆਪਣੀ ਪਤਨੀ ਨੂੰ ਅੱਗੇ ਵਧਣ ਲਈ ਮੌਕਾ ਪ੍ਰਦਾਨ ਨਾ ਕਰ ਸਕਿਆ। ਸ਼ਾਇਦ ਉਦੋਂ ਮੇਰੇ ਮਨ ਵਿੱਚ ਇਹ ਜਗੀਰਦਾਰਾ ਵਿਚਾਰ ਭਾਰੂ ਹੋਵੇਗਾ ਕਿ ਘਰ ਦੇ ਖ਼ਰਚੇ ਚਲਾਉਣ ਲਈ ਕਮਾਈ ਕਰਨਾ ਕੇਵਲ ਬੰਦੇ ਦੀ ਹੀ ਅਜਾਰੇਦਾਰੀ ਹੈ ਤੇ ਔਰਤ ਨੂੰ ਕੇਵਲ ਘਰ-ਪਰਿਵਾਰ ਹੀ ਸੰਭਾਲਣਾ ਚਾਹੀਦਾ ਹੈ। ਮੈਂ ਆਪਣੀਆਂ ਇੱਛਾਵਾਂ ਤੇ ਕੰਟਰੋਲ ਕਰਕੇ ਤੇ ਵਾਧੂ ਖ਼ਰਚੇ ਘਟਾ ਕੇ ਸੁਖਾਵਾਂ ਜੀਵਨ ਜੀਊਣ ਦਾ ਯੂਟੋਪੀਅਨ ਭਰਮ ਪਾਲ ਰਿਹਾ ਸਾਂ ਪਰ ਜ਼ਿੰਦਗੀ ਦੀਆਂ ਤੁਰਸ਼ ਹਕੀਕਤਾਂ ਬੰਦੇ ਦੀ ਅਕਲ ਵਾਲਾ ਖ਼ਾਨਾ ਜਲਦੀ ਹੀ ਖੋਲ੍ਹ ਦੇਂਦੀਆਂ ਹਨ। ਮੇਰੀ ਪਤਨੀ ਬਲਜੀਤ ਭਾਵੇਂ ਮੈਟਰਿਕ ਤੱਕ ਪੜ੍ਹੀ ਸੀ ਪਰ ਜੇ ਮੈਂ ਸਮੇਂ ਸਿਰ ਉਹਨੂੰ ਸਹੀ ਅਗਵਾਈ ਦਿੰਦਾ ਤਾਂ ਉਹ ਅਗਲੀ ਪੜ੍ਹਾਈ ਜਾਂ ਕੋਈ ਵਧੀਆ ਡਿਪਲੋਮਾ ਕਰਕੇ ਵੀਹ ਸਾਲ ਪਹਿਲਾਂ ਪਰਿਵਾਰਕ ਆਮਦਨ ਵਿੱਚ ਵਾਧਾ ਅਤੇ ਯੋਗ ਸਮਾਜਿਕ ਪੱਧਰ ਹਾਸਲ ਕਰ ਸਕਦੀ ਸੀ ਪਰ ਮੇਰੀ ਅਣਗਹਿਲੀ ਕਾਰਨ ਅਜਿਹਾ ਨਾ ਹੋ ਸਕਿਆ। ਆਖਰ ਬਲਜੀਤ ਨੇ ਮੌਕਾ ਸੰਭਾਲ ਲਿਆ ਤੇ ਬੱਚਿਆਂ ਦੀ ਜ਼ਿੰਮੇਵਾਰੀ ਦੇ ਨਾਲ 2 ਸਰਕਾਰੀ ਹਸਪਤਾਲ ਤੋਂ ਇੱਕ ਸਾਲ ਦਾ ਟਰੇਂਡ-ਦਾਈ ਦਾ ਡਿਪਲੋਮਾ ਪਾਸ ਕਰ ਲਿਆ। ਉਹਨੇ ਸਾਲ ਭਰ ਲੇਡੀ ਡਾਕਟਰ ਤੋਂ, ਦੋ ਸਾਲ ਦੋ ਨਰਸਾਂ ਤੋਂ ਡਲਿਵਰੀ ਕੇਸਾਂ ਬਾਰੇ ਤਜਰਬਾ ਹਾਸਲ ਕੀਤਾ ਤੇ ਆਪਣੇ ਤੌਰ ਤੇ ਗਰੀਬ ਪੇਂਡੂ ਲੋਕਾਂ ਨੂੰ ਡਲਿਵਰੀ ਸਬੰਧੀ ਸਿਹਤ ਸਹੂਲਤਾਂ ਪ੍ਰਦਾਨ ਕਰਦਿਆਂ ਕੁਝ ਪੈਸੇ ਵੀ ਕਮਾਏ।

1997-98 ਵਿੱਚ ਪੰਜਾਬ ਸਰਕਾਰ ਨੇ ਟਰੇਂਡ ਦਾਈਆਂ ਦੀਆਂ ਲੱਗਭੱਗ 200 ਪੋਸਟਾਂ ਭਰਨ ਲਈ ਦੋ ਵਾਰ ਇਸ਼ਤਿਹਾਰ ਦਿੱਤਾ ਜੋ ਕਿ ਸਲੈਕਸ਼ਨ ਬੋਰਡ ਵੱਲੋਂ ਭਰੀਆਂ ਜਾਣੀਆਂ ਸਨ। ਮੇਰੇ ਸਹੁਰਾ ਸਾਹਿਬ ਅਜ਼ਾਦੀ-ਘੁਲਾਟੀਏ ਸਨ ਇਸ ਲਈ ਮੈਂ ਬਲਜੀਤ ਵੱਲੋਂ ਫ਼ਰੀਡਮ-ਫ਼ਾਈਟਰ ਕੋਟੇ 'ਚ ਅਪਲਾਈ ਕਰ ਦਿੱਤਾ। ਕਈ ਮਹੀਨਿਆਂ ਬਾਅਦ ਬਿਨੈਕਾਰਾਂ ਦਾ ਲਿਖਤੀ ਟੈਸਟ ਲਿਆ ਗਿਆ ਤੇ ਫਿਰ ਇੰਟਰਵੀਊ ਦੀ ਪ੍ਰਕਿਰਿਆ ਪੂਰੀ ਕੀਤੀ ਗਈ। ਇਹਨਾਂ ਫ਼ਾਰਮੈਲਟੀਆਂ ਦੇ ਨਾਲ 2 ਰਿਸ਼ਵਤ ਦਾ ਬਜ਼ਾਰ ਵੀ ਗਰਮ ਹੋ ਗਿਆ ਤੇ ਇਲਾਕੇ ਦੇ ਇੱਕ ਰਾਜਸੀ ਲੀਡਰ ਜੋ ਸਲੈਕਸ਼ਨ ਬੋਰਡ ਦਾ ਮੈਂਬਰ ਸੀ, ਰਾਹੀਂ

ਪੈਸੇ ਇਕੱਠੇ ਹੋਣ ਦੀਆਂ ਕਨਸੋਆਂ ਸੁਣੀਆਂ ਜਾਣ ਲੱਗੀਆਂ। ਇੱਕ ਤਾਂ ਮੇਰੀ ਮਾਇਕ ਹਾਲਤ ਹੀ ਇਸ ਸਮੇਂ ਅਜਿਹੀ ਸੀ ਤੇ ਦੂਜਾ ਜਥੇਬੰਦੀ 'ਚ ਕੰਮ ਕਰਦਾ ਹੋਣ ਕਰਕੇ ਮੇਰੀ ਜ਼ਮੀਰ ਨੇ ਰਿਸ਼ਵਤ ਦੇਣ ਤੋਂ ਪ੍ਰਹੇਜ ਕੀਤਾ। ਤੀਜੀ ਗੱਲ ਇਹ ਸੀ ਕਿ ਟੈਸਟ ਚੋਂ ਬਲਜੀਤ ਪਾਸ ਹੋ ਗਈ ਸੀ ਤੇ ਇੰਟਰਵੀਊ ਵੀ ਉਹਦੀ ਵਧੀਆ ਹੋਈ ਸੀ। ਪਰ ਜਿਹੜੇ ਭੁੱਖੇ ਲੀਡਰਾਂ ਨੂੰ ਜੱਟ ਦੇ ਕਟੋਰਾ ਲੱਭਣ ਵਾਂਗ ਮੌਕਾ ਮਸ੍ਹਾਂ ਹਥਿਆਇਆ ਸੀ, ਉਹਨਾਂ 'ਵੱਢੀ ਲੈ ਕੇ ਹੱਕ ਗਵਾਇ' ਦੀ ਪੰਕਤੀ ਨੂੰ ਸੱਚ ਸਾਬਤ ਕੀਤਾ ਤੇ ਸਲੈਕਸ਼ਨ ਬੋਰਡ ਵੱਲੋਂ ਜਾਰੀ ਮੈਰਿਟ ਸੂਚੀ ਵਿੱਚੋਂ ਨਾ ਕੇਵਲ ਬਲਜੀਤ ਦਾ ਨਾਂ ਹੀ ਗ਼ਾਇਬ ਹੋ ਗਿਆ ਸੀ ਸਗੋਂ ਫ਼ਰੀਡਮ-ਫ਼ਾਈਟਰ ਕੋਟੇ ਵਿੱਚ ਕਿਸੇ ਵੀ ਹੋਰ ਦੀ ਨਿਯੁਕਤੀ ਨਾ ਕੀਤੀ ਗਈ। ਰਿਜ਼ਲਟ ਵੇਖ ਕੇ ਬਲਜੀਤ ਬੜੀ ਨਿਰਾਸ਼ ਹੋਈ।

ਮੈਂ ਆਪਣੀ ਜਥੇਬੰਦੀ ਗੌ: ਟੀ: ਯੂ: ਦੇ ਜਿਲ੍ਹਾ-ਪੱਧਰੀ ਆਗੂ ਸਾ: ਸੁੱਚਾ ਸਿੰਘ ਰਾਹੀਂ ਐਡਵੋਕੇਟ ਸੰਧੂ ਨਾਲ ਸਲਾਹ ਕਰਕੇ ਇਸ ਕੇਸ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ। ਪਹਿਲੀ ਤਰੀਕ ਤੇ ਹੀ ਸਲੈਕਸ਼ਨ ਬੋਰਡ ਨੇ ਆਪਣੀ ਗਲਤੀ ਸਵੀਕਾਰਦੇ ਹੋਏ ਸਬੰਧਤ ਵਿਭਾਗ ਨੂੰ ਫ਼ਰੀਡਮ-ਫ਼ਾਈਟਰ ਕੈਟੇਗਰੀ ਵਾਸਤੇ ਬਲਜੀਤ ਕੌਰ ਸਮੇਤ ਦੋ ਉਮੀਦਵਾਰਾਂ ਦੀ ਨਿਯੁਕਤੀ ਕਰਨ ਦੀ ਸਿਫ਼ਾਰਸ਼ ਕਰਦਾ ਪੱਤਰ ਕੋਰਟ ਵਿੱਚ ਪੇਸ਼ ਕਰ ਦਿੱਤਾ। ਵਕੀਲ ਤੋਂ ਇਹ ਖ਼ੁਸ਼ਖ਼ਬਰੀ ਸੁਣ ਕੇ ਸਾਨੂੰ ਬੜੀ ਖ਼ੁਸ਼ੀ ਹੋਈ ਤੇ ਪੱਤਰ ਦੀ ਕਾਪੀ ਲੈ ਕੇ ਮੈਂ ਸਬੰਧਤ ਵਿਭਾਗ ਦੇ ਡਾਇਰੈਕਟਰ ਨੂੰ ਚੰਡੀਗੜ੍ਹ ਉਹਨਾਂ ਦੇ ਦਫ਼ਤਰ ਜਾ ਕੇ ਮਿਲਿਆ। ਕੁਝ ਦਿਨਾਂ ਬਾਅਦ ਸਾਨੂੰ ਆਪਣੇ ਅਸਲ ਡਾਕੂਮੈਂਟ ਚੈੱਕ ਕਰਾਉਣ ਲਈ ਸੱਦ ਲਿਆ ਗਿਆ। ਮੈਂ ਬਲਜੀਤ ਨੂੰ ਨਾਲ ਲੈ ਕੇ ਡਾਇਰੈਕਟਰ ਕੋਲ ਜਾ ਹਾਜ਼ਰ ਹੋਇਆ ਪਰ ਉੱਚ-ਅਧਿਕਾਰੀ ਨੇ ਬਲਜੀਤ ਨੂੰ ਅਸਿੱਧੇ ਰੂਪ 'ਚ ਇਸ਼ਾਰਾ ਕੀਤਾ ਕਿ ਨੌਂਕਰੀ ਲਈ ਆਰਡਰ ਜਾਰੀ ਕਰਨ ਵਾਲਾ ਕੰਮ- ਜਿੰਨਾ ਕੁ ਗੁੜ ਪਾਓਗੇ ਓਨਾ ਕੁ ਮਿੱਠਾ- ਹੋਏਗਾ। ਆਪਣੀ ਤਨਖ਼ਾਹ ਦੀ ਬਚਤ ਤਾਂ ਮੈਂ ਮਕਾਨ ਦੀ ਰੈਨੋਵੇਸ਼ਨ ਤੇ ਲਾ ਲਈ ਸੀ, ਨੌਂਕਰੀ ਲਈ ਰਿਸ਼ਵਤ ਦੇਣ ਲਈ ਫਿਰ ਮੇਰੇ ਕੋਲ ਕੁਝ ਨਹੀਂ ਸੀ ਬਚਿਆ। ਮਨ ਵਿੱਚ ਇਹ ਵੀ ਵਿਚਾਰ ਸੀ ਕਿ ਹੁਣ ਜਦੋਂ ਕੋਰਟ ਨੇ ਸਾਡੇ ਹੱਕ 'ਚ ਫ਼ੈਸਲਾ ਦੇ ਦਿੱਤਾ ਹੈ ਤਾਂ ਰਿਸ਼ਵਤ ਦੇਣ ਦੀ ਕੀ ਲੋੜ ਹੈ ਪਰ ਇਹ ਨਹੀਂ ਸੀ ਜਾਣਦਾ ਕਿ ਨਾ ਦੇਣ ਕਾਰਨ ਵਿਭਾਗ ਕਿੰਨੀਆਂ ਮੇਂਗਣਾਂ ਪਾਵੇਗਾ।

ਤੇ ਵਿਭਾਗ ਨੇ ਕੁਝ ਵੀ ਝੜਦਾ ਨਾ ਵੇਖ ਕੇ ਬਲਜੀਤ ਦੀ ਨੌਂਕਰੀ ਦੇ ਹੁਕਮਾਂ ਨੂੰ ਜਿੰਨਾ ਲਮਕਾ ਸਕਦੇ ਸੀ, ਲਮਕਾ ਦਿੱਤਾ। ਵਿਭਾਗ ਵੱਲੋਂ ਧਾਰਨ ਕੀਤੇ ਗ਼ੈਰ-ਮਨੁੱਖੀ ਵਤੀਰੇ ਨੂੰ ਵੇਖ ਕੇ ਮੈਂ ਦੁਬਾਰਾ ਵਕੀਲ ਨਾਲ ਸਲਾਹ ਕਰਕੇ ਵਿਭਾਗ ਦੇ ਡਾਇਰੈਕਟਰ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ। ਕੋਰਟ ਵੱਲੋਂ ਵਿਭਾਗ-ਮੁਖੀ ਨੂੰ ਨਿਯੁਕਤੀ ਕਰਨ

ਸਬੰਧੀ ਸਪਸ਼ਟ ਆਦੇਸ਼ ਦਿੱਤੇ ਗਏ। ਏਨੇ ਚਿਰ ਨੂੰ ਸਰਕਾਰ ਬਦਲ ਗਈ ਤੇ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ-ਮੰਤਰੀ ਬਣ ਗਏ। ਉਹਨਾਂ ਆਉਂਦਿਆਂ ਹੀ ਪਹਿਲਾ ਕੰਮ ਇਹ ਕੀਤਾ ਕਿ ਕਲਮ ਦੀ ਇੱਕੋ ਝਰੀਟ ਨਾਲ ਸਾਰੀਆਂ ਖਾਲੀ ਪੋਸਟਾਂ ਖ਼ਤਮ ਕਰ ਦਿੱਤੀਆਂ। ਕੋਈ ਵੀ ਨਿਯੁਕਤੀ ਕੈਬਨੈਂਟ ਦੀ ਮਨਜ਼ੂਰੀ ਤੋਂ ਬਿਨਾਂ ਨਾ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਵਿਭਾਗ ਨੂੰ ਵਧੀਆ ਬਹਾਨਾ ਮਿਲ ਗਿਆ ਤੇ ਉਹਨੇ ਕੋਰਟ ਦੇ ਹੁਕਮਾਂ ਦੇ ਵਿਰੁੱਧ ਮਜ਼ਬੂਰੀ ਦੱਸ ਕੇ ਨਿਯੁਕਤੀ ਨਾ ਕਰ ਸਕਣ ਸਬੰਧੀ ਪੱਤਰ ਸਾਨੂੰ ਭੇਜ ਦਿੱਤਾ। ਮਜਬੂਰ ਹੋ ਕੇ ਮੈਂ ਇਹ ਪੱਤਰ ਲੈ ਕੇ ਫਿਰ ਵਕੀਲ ਨੂੰ ਮਿਲਿਆ। ਤੀਜੀ ਵਾਰ ਵਿਭਾਗ ਦੇ ਵਿਰੁੱਧ ਕੋਰਟ ਦੀ ਮਾਣ-ਹਾਨੀ ਦਾ ਕੇਸ ਦਾਇਰ ਕੀਤਾ। ਐਤਕਾਂ ਕੋਰਟ ਨੇ ਡਾਇਰੈਕਟਰ ਨੂੰ ਨਿਯਤ ਸਮੇਂ ਅੰਦਰ ਨਿਯੁਕਤੀ ਦੇ ਹੁਕਮ ਜਾਰੀ ਕਰਨ ਲਈ ਕੋਰਟ ਵਿੱਚ ਐਫੀਡੈਵਿਟ ਸਬਮਿਟ ਕਰਕੇ ਹੀ ਜਾਣ ਦਿੱਤਾ। ਪਰ ਇਹਨੀਂ ਦਿਨੀਂ ਹੀ ਪੰਜਾਬ ਸਰਕਾਰ ਨੇ ਇੱਕ ਹੋਰ ਮੁਲਾਜ਼ਮ-ਮਾਰੂ ਫ਼ੈਸਲਾ ਕਰਕੇ 1.1.2004 ਤੋਂ ਬਾਅਦ ਨਿਯੁਕਤ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਬੰਦ ਕਰਕੇ ਘਾਟੇਵੰਦੀ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ।

ਕੋਰਟ ਵਿੱਚ ਹੋਈ ਬੇ-ਇਜ਼ਤੀ ਤੋਂ ਚਿੜ ਕੇ ਡਾਇਰੈਕਟਰ ਨੇ ਸਰਕਾਰ ਤੋਂ ਮਨਜ਼ੂਰੀ ਲੈ ਕੇ ਬਲਜੀਤ ਨੂੰ ਟਰੇਂਡ ਦਾਈ ਦੀ ਪੋਸਟ ਤੇ ਨਿਯੁਕਤੀ ਦੇ ਹੁਕਮ ਤਾਂ ਜਾਰੀ ਕਰ ਦਿੱਤੇ ਪਰ ਭੇਜਿਆ ਪੰਜਾਬ-ਹਿਮਾਚਲ ਦੀ ਹੱਦ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਆਖ਼ਰੀ ਪਿੰਡ ਮਹਿੰਦਵਾਣੀ। ਇਹ ਵੀ ਚੰਗਾ ਹੀ ਹੋਇਆ ਕਿ ਇਹ ਸਾਡੀ ਮੁਲਾਜ਼ਮਾਂ ਦੀ ਜਥੇਬੰਦੀ ਪ.ਸ.ਸ.ਫ. ਦੇ ਉਸ ਸਮੇਂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੋੜੀ ਦੇ ਰਿਸ਼ਤੇਦਾਰਾਂ ਦਾ ਪਿੰਡ ਸੀ। ਆਖ਼ਰ 4 ਅਗਸਤ 2005 ਨੂੰ ਬਾਕੀ ਉਮੀਦਵਾਰਾਂ ਤੋਂ ਚਾਰ ਸਾਲ ਬਾਅਦ ਬਲਜੀਤ ਨੇ ਡਿਊਟੀ ਜਾਇਨ ਕਰ ਲਈ ਪਰ ਉਹਨੂੰ ਇੱਥੇ ਸਾਥੀ ਮਹਾਂ ਸਿੰਘ ਰੋੜੀ ਦੇ ਰਿਸ਼ਤੇਦਾਰਾਂ ਕਾਰਨ ਰਿਹਾਇਸ਼ ਸਬੰਧੀ ਜਾਂ ਹੋਰ ਕੋਈ ਮੁਸ਼ਕਿਲ ਪੇਸ਼ ਨਾ ਆਈ। ਉਸ ਡਿਸਪੈਂਸਰੀ ਦੇ ਇਨਚਾਰਜ ਡਾ: ਕੇ. ਕੇ. ਭਾਰਦਵਾਜ ਨੇ ਉਹਨੂੰ ਧੀਆਂ ਵਾਲਾ ਪਿਆਰ ਦਿੱਤਾ ਤੇ ਜ਼ਿਲ੍ਹਾ ਦਫ਼ਤਰ ਵੱਲੋਂ ਖ਼ਵਾਰ ਕਰਨ ਦੇ ਰਾਹ ਵੀ ਬੰਦ ਕੀਤੇ। ਅਸੀਂ ਰੋੜੀ ਦੇ ਰਿਸ਼ਤੇਦਾਰ ਗੁਰਮੀਤ ਸਿੰਘ, ਉਹਦੀ ਬਜ਼ੁਰਗ ਮਾਤਾ, ਡਾ: ਭਾਰਦਵਾਜ ਤੇ ਬਾਕੀ ਸਟਾਫ਼ ਅਤੇ ਉਸ ਪਿੰਡ ਦੇ ਲੋਕਾਂ ਵੱਲੋਂ ਦਿੱਤੇ ਸਤਿਕਾਰ ਨੂੰ ਕਦੇ ਵੀ ਭੁੱਲ ਨਹੀਂ ਸਕਾਂਗੇ। ਅਗਲੇ ਸਾਲ ਸਿਹਤ ਮੰਤਰੀ ਦੀ ਜਾਣ-ਪਛਾਣ ਲੱਭ ਕੇ ਅਸੀਂ ਮਹਿੰਦਵਾਣੀ ਤੋਂ ਮਾਣੋਚਾਹਲ ਦੀ ਬਦਲੀ ਕਰਵਾ ਕੇ ਸੁਖ ਦਾ ਸਾਹ ਲਿਆ। ਅਜੇ ਵੀ ਬਾਕੀ ਉਮੀਦਵਾਰਾਂ ਨਾਲ ਬਰਾਬਰ ਸੀਨੀਆਰਟੀ ਲੈਣ ਲਈ ਬਲਜੀਤ ਕਨੂੰਨੀ ਲੜਾਈ ਲੜ ਰਹੀ ਹੈ ਜੋ ਹਾਈ ਕੋਰਟ ਵਿੱਚ ਪੈਂਡਿੰਗ ਹੈ। ਇਹ ਹੈ ਸਾਡੇ ਦਫ਼ਤਰਾਂ ਦੀ ਲਾਲ-ਫ਼ੀਤਾ-ਸ਼ਾਹੀ ਦੀ ਹਿੱਕ ਦੇ ਜ਼ੋਰ ਨਾਲ

ਰਿਸ਼ਵਤ ਲੈਣ ਤੇ ਨਾ ਦੇਣ ਵਾਲੇ ਲਈ ਨਤੀਜੇ ਭੁਗਤਣ ਦੀ ਸਪਸ਼ਟ ਉਦਾਹਰਣ। ਪਾਤਰ ਦੇ ਸ਼ਬਦਾਂ 'ਇਸ ਅਦਾਲਤ 'ਚ ਬੰਦੇ ਦੇ ਬਿਰਖ ਹੋ ਗਏ' ਵਾਲੀ ਗੱਲ 'ਚ ਕਿੰਨੀ ਸਚਾਈ ਹੈ, ਇਸ ਦਾ ਕੋਈ ਹੋਰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ।

ਬਲਜੀਤ ਨੂੰ ਸਰਕਾਰੀ ਨੌਂਕਰੀ ਮਿਲ ਜਾਣ ਤੱਕ, ਬੱਚੇ-ਅਮਨ ਤੇ ਕੰਵਲ-ਵੱਡੀਆਂ ਜਮਾਤਾਂ 'ਚ ਹੋ ਜਾਣ ਕਾਰਨ ਘਰ ਦਾ ਖ਼ਰਚਾ ਕਾਫ਼ੀ ਵਧ ਗਿਆ ਸੀ। ਸੱਚ ਤਾਂ ਇਹ ਹੈ ਕਿ ਜੇ ਬਲਜੀਤ ਨੂੰ ਨੌਂਕਰੀ ਨਾ ਮਿਲਦੀ ਤਾਂ ਮੇਰੇ ਲਈ ਬੱਚਿਆਂ ਨੂੰ ਪੜ੍ਹਾਉਣਾ, ਮਕਾਨ ਬਣਾਉਣਾ ਤੇ ਘਰ ਦੇ ਹੋਰ ਖ਼ਰਚੇ ਚਲਾਉਣਾ ਬੜਾ ਮੁਸ਼ਕਿਲ ਹੋਣਾ ਸੀ। ਇਹ ਵੀ ਉਹਦੀ ਦੂਰ-ਦ੍ਰਿਸ਼ਟੀ ਦਾ ਹੀ ਪ੍ਰਮਾਣ ਹੈ ਕਿ ਉਹਨੇ ਪਰਿਵਾਰਿਕ ਜ਼ਿੰਮੇਵਾਰੀਆਂ ਦਾ ਭਾਰ ਵੰਡਾਉਣ ਲਈ ਅਗਾਊਂ ਪ੍ਰਬੰਧ ਕਰ ਲਿਆ ਸੀ।

# ਮੇਰਾ ਆਖ਼ਰੀ ਸਕੂਲ

19.7.1996 ਨੂੰ ਮੈਂ ਨਵੇਂ ਅੱਪ-ਗਰੇਡ ਹੋਏ ਸਕੂਲ ਸਰਕਾਰੀ ਮਿਡਲ ਸਕੂਲ਼ ਬੁੱਘਾ ਜੋ ਸ਼ਹਿਰ ਦੀ ਹੱਦ ਤੋਂ ਸਿਰਫ਼ ਦੋ ਕਿਲੋਮੀਟਰ ਦੀ ਵਿੱਥ ਤੇ ਸੀ, ਵਿਖੇ ਜਾਇਨ ਕੀਤਾ। ਸ੍ਰ. ਕੁਲਵੰਤ ਸਿੰਘ ਸਾਇੰਸ ਮਾਸਟਰ ਸਕੂਲ ਦੇ ਇਨਚਾਰਜ ਸਨ। ਉਹ ਬੜੇ ਮਿਹਨਤੀ, ਇਮਾਨਦਾਰ, ਹੱਸਮੁਖ ਤੇ ਸਾਊ ਸ਼ੁਭਾਅ ਦੇ ਮਾਲਕ ਹਨ। ਮੈਡਮ ਜਗਜੀਤ ਮੋਹਣ ਸ.ਸ. ਅਧਿਆਪਕਾ, ਸ੍ਰ. ਕੁਲਵੰਤ ਸਿੰਘ ਮੁਗਲਚੱਕ ਡਰਾਇੰਗ ਮਾਸਟਰ ਤੇ ਸ੍ਰੀ ਰਵਿੰਦਰ ਕੁਮਾਰ ਪੀ. ਟੀ. ਆਈ ਵਜੋਂ ਇਸ ਸਕੂਲ ਵਿੱਚ ਸੇਵਾ ਕਰ ਰਹੇ ਸਨ। ਹਿੰਦੀ ਦੀ ਪੋਸਟ ਤੇ ਸ੍ਰ. ਜਸਬੀਰ ਸਿੰਘ ਦੀ ਪ੍ਰੋਮੋਸ਼ਨ ਤੋਂ ਬਾਅਦ ਮੈਡਮ ਨੀਲੂ ਕੁਮਾਰੀ ਨੇ ਜਾਇਨ ਕਰ ਲਿਆ ਸੀ। ਇਹ ਸਾਰਾ ਸਟਾਫ਼ ਤਰਨਤਾਰਨ ਸ਼ਹਿਰ ਜਾਂ ਨਜ਼ਦੀਕੀ ਪਿੰਡਾਂ ਤੋਂ ਆਉਣ ਕਰਕੇ ਸਕੂਲ ਦੀ ਪੜ੍ਹਾਈ ਬਹੁਤ ਵਧੀਆ ਚੱਲਦੀ ਸੀ। ਸਾਰੇ ਸਟਾਫ਼ ਦਾ ਬੜਾ ਆਪਸੀ ਪਿਆਰ ਤੇ ਮਿਲਵਰਤਨ ਸੀ। 'ਇੱਕ ਨੇ ਕਿਹਾ ਦੂਜੇ ਨੇ ਮੰਨ ਲਿਆ' ਦੀ ਲਾਈਨ ਤੇ ਹੀ ਚਲਦੇ ਸਨ ਇਸ ਲਈ ਸਾਰਾ ਧਿਆਨ ਬੱਚਿਆਂ ਦੀ ਪੜ੍ਹਾਈ ਵੱਲ ਹੀ ਹੁੰਦਾ ਸੀ। ਇਸ ਸਕੂਲ ਦੀ ਸਭ ਤੋਂ ਵੱਡੀ ਘਾਟ ਬਿਲਡਿੰਗ ਦੀ ਸੀ। ਸਰਕਾਰ ਨੇ ਸਕੂਲ ਤਾਂ ਅੱਪਗਰੇਡ ਕਰ ਦਿੱਤਾ ਸੀ ਪਰ ਇਮਾਰਤ ਕੋਈ ਬਣਾ ਕੇ ਨਹੀਂ ਸੀ ਦਿੱਤੀ। ਪਿੰਡ ਵਿੱਚ ਬਹੁਤੇ ਘਰ ਮਜ਼ਦੂਰਾਂ ਦੇ ਸਨ ਤੇ ਉਹਨਾਂ ਦੇ ਹੀ ਬੱਚੇ ਇੱਥੇ ਪੜ੍ਹਦੇ ਸਨ ਜਾਂ ਮਾੜੇ ਜੱਟਾਂ ਦੇ ਸਨ। ਸਾਰੇ ਤਕੜੇ ਜੱਟਾਂ ਦੇ ਨਿਆਣੇ ਸ਼ਹਿਰ ਦੇ ਕਾਨਵੈਂਟ ਸਕੂਲਾਂ 'ਚ ਪੜ੍ਹਦੇ ਸਨ। ਇਸ ਕਰਕੇ ਸਕੂਲ ਲਈ ਇਮਾਰਤ ਬਣਾਉਣਾ ਵੀ ਸੌਖਾ ਕੰਮ ਨਹੀਂ ਸੀ।

ਸਰਪੰਚ ਅਨੁਸੂਚਿਤ ਜਾਤੀ ਨਾਲ ਸਬੰਧਿਤ ਸੀ, ਉਹਨੇ ਘਰ ਪ੍ਰਤੀ ਥੋੜੀ 2 ਉਗਰਾਹੀ ਕਰਕੇ ਕਿਤਿਉਂ ਪੁਰਾਣੀਆਂ ਜਿਹੀਆਂ ਇੱਟਾਂ ਲਿਆ ਕੇ, ਮਿੱਟੀ-ਗਾਰੇ ਦੀ ਚਿਣਾਈ ਕਰਕੇ, ਦੋ ਕਮਰੇ ਗਾਡਰ-ਬਾਲੇ ਪਾ ਕੇ ਛੱਤ ਤਾਂ ਦਿੱਤੇ ਸਨ ਪਰ ਵਿੱਚ ਭਰਤੀ ਸਾਨੂੰ ਬੱਚਿਆਂ ਰਾਹੀਂ ਪਵਾਉਣੀ ਪਈ। ਉਦੋਂ ਅੱਜ ਵਾਂਗ ਸਕੂਲ ਦੀ ਬਿਹਤਰੀ ਲਈ ਬੱਚਿਆਂ ਤੋਂ ਕੰਮ ਕਰਾਉਣਾ ਸਜ਼ਾ-ਯੋਗ ਅਪਰਾਧ ਨਹੀਂ ਸੀ ਸਮਝਿਆ ਜਾਂਦਾ ਸਗੋਂ ਸਕੂਲ ਵਿੱਚ ਬੱਚਿਆਂ ਨੂੰ ਮਿਲ ਜੁਲ ਕੇ ਆਪਸੀ ਸਹਿਯੋਗ ਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਦਿਆਂ ਕਿਰਤ-ਸਭਿਆਚਾਰ ਸਿਰਜਿਆ ਜਾਂਦਾ ਸੀ। ਸਕੂਲ ਵਿੱਚ

ਬਾਥਰੂਮ ਕੋਈ ਨਹੀਂ ਸੀ, ਬੱਚਿਆਂ ਨੂੰ ਤੇ ਸਾਨੂੰ ਵੀ ਬਾਹਰ ਖੇਤਾਂ 'ਚ ਹੀ ਜਾਣਾ ਪੈਂਦਾ ਸੀ। ਮਹੀਨੇ ਕੁ ਬਾਅਦ ਅਸਾਂ ਆਪਣੇ ਕੋਲੋਂ ਪੈਸੇ ਇਕੱਠੇ ਕਰਕੇ ਸੀਮਿੰਟ-ਰੇਤਾ ਆਦਿ ਲਿਆਂਦਾ ਤੇ ਆਪ ਇੱਟਾਂ ਦੀ ਚਿਣਾਈ ਕਰਕੇ ਬਾਥਰੂਮ ਤਿਆਰ ਕੀਤਾ। ਕੁਲਵੰਤ ਸਿੰਘ ਡਰਾਇੰਗ ਮਾਸਟਰ ਨੇ ਆਪਣੇ ਆੜ੍ਹਤੀਏ ਨੂੰ ਕਹਿ ਕੇ ਛੋਟੇ ਜਿਹੇ ਦਫ਼ਤਰ ਨੂੰ ਪਲਸਤਰ ਕਰਵਾਇਆ। ਪਿੱਛੋਂ ਅਸਾਂ ਡੀ. ਈ. ਓ. ਦਫ਼ਤਰ ਨੂੰ ਪਹੁੰਚ ਕਰਕੇ ਇਕ ਕਮਰੇ ਦੀ ਗਰਾਂਟ ਲਈ। ਗਰਾਂਟ ਦਾ ਚੈੱਕ ਹੈਡਮਾਸਟਰ ਤੇ ਸਰਪੰਚ ਦੋਵਾਂ ਦੇ ਨਾਂ ਤੇ ਸੀ, ਦੋਹਾਂ ਦਾ ਸਾਂਝਾ ਖ਼ਾਤਾ ਖੁੱਲ੍ਹਣਾ ਸੀ ਤੇ ਦੋਹਾਂ ਦੇ ਦਸਖ਼ਤਾਂ ਨਾਲ ਪੈਸੇ ਕਢਾਏ ਜਾਣੇ ਸਨ ਪਰ ਸਰਪੰਚ ਕੁੰਡੀ ਲਾ ਗਿਆ ਤੇ ਘਟੀਆ ਮਟੀਰੀਅਲ ਲਾ ਕੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਮਰਾ ਬਣਾ ਦਿੱਤਾ। ਕਿਸੇ ਵਿਭਾਗ ਨੇ ਕੋਈ ਜਾਂਚ-ਪੜਤਾਲ ਨਾ ਕੀਤੀ। ਚੰਗੇ ਭਾਗਾਂ ਨੂੰ ਅਗਲੇ ਸਾਲਾਂ 'ਚ ਸ੍ਰ. ਮਨੋਹਰ ਸਿੰਘ ਗਿੱਲ ਰਾਜ ਸਭਾ ਦਾ ਮੈਂਬਰ ਬਣਨ ਕਰਕੇ ਕੇਂਦਰ ਵਿੱਚ ਮੰਤਰੀ ਵੀ ਬਣ ਗਿਆ। ਉਹਨੇ ਆਪਣੇ ਐਮ.ਪੀ. ਲੈਂਡ ਫੰਡ ਵਿੱਚੋਂ ਗਰਾਂਟਾਂ ਦੇ ਕੇ, ਤਰਨਤਾਰਨ ਹਲਕੇ ਦੇ ਸਕੂਲਾਂ ਦੀਆਂ ਜਿੰਨੀਆਂ ਇਮਾਰਤਾਂ ਦੀ ਉਸਾਰੀ ਕਰਵਾਈ, ਮੈਂ ਅੱਜ ਤੱਕ ਕਿਸੇ ਹੋਰ ਐਮ. ਪੀ. ਰਾਹੀਂ ਏਨਾ ਕੰਮ ਹੋਇਆ ਕਿਤੇ ਨਹੀਂ ਵੇਖਿਆ। ਸ੍ਰ. ਕੁਲਵੰਤ ਸਿੰਘ ਨੇ ਵੀ ਆਪਣਾ ਰਸੂਖ਼ ਵਰਤ ਕੇ ਉਹਦੇ ਭਰਾ ਤੱਕ ਪਹੁੰਚ ਕਰਕੇ ਆਪਣੇ ਸਕੂਲ ਲਈ ਦੋ ਕਮਰਿਆਂ ਦੀ ਗਰਾਂਟ ਹਾਸਲ ਕਰ ਲਈ।

ਉਸ ਗਰਾਂਟ ਨਾਲ ਅਸੀਂ ਦੋ ਨਹੀਂ ਤਿੰਨ ਕਮਰੇ, ਇੱਕ ਦਫ਼ਤਰ ਅਤੇ ਵਰਾਂਡਾ ਬਣਾ ਕੇ ਰਿਕਾਰਡ ਗਿੱਲ ਸਾਹਬ ਤੱਕ ਪੁਜਦਾ ਕਰਕੇ ਉਹਦੇ ਭਰਾ ਤੋਂ ਹੀ ਉਦਘਾਟਨ ਕਰਵਾਇਆ। ਵੇਖ ਕੇ ਉਹ ਬੜਾ ਖ਼ੁਸ਼ ਹੋਇਆ ਅਤੇ ਉਸੇ ਦਿਨ ਸਾਨੂੰ ਦੋ ਹੋਰ ਕਮਰਿਆ ਦੀ ਗਰਾਂਟ ਲਈ ਹਾਂ ਕਰ ਗਿਆ। ਨਵੀਂ ਆਈ ਗਰਾਂਟ ਨਾਲ ਵੀ ਅਸੀਂ ਇੱਕ ਵੱਡਾ ਹਾਲ ਕਮਰਾ, ਦੋ ਕਲਾਸ ਰੂਮ, ਅੱਗੇ ਵਰਾਂਡਾ ਅਤੇ ਪੌੜੀਆਂ ਤਿਆਰ ਕਰਵਾਈਆਂ। ਫਿਰ ਹੋਰ ਗਰਾਂਟ ਲੈ ਕੇ ਸਕੂਲ ਦੀ ਚਾਰ-ਦਿਵਾਰੀ ਕਰਵਾਈ। ਚਾਰ-ਦਿਵਾਰੀ ਦੀ ਲੰਬਾਈ ਬਹੁਤ ਜ਼ਿਆਦਾ ਸੀ। ਇਸ ਮੰਤਵ ਲਈ ਅਸੀਂ ਪਿੰਡ ਦੀ ਹੱਦ-ਬੰਦੀ 'ਚ ਪੈਂਦੇ ਚਾਰ ਪੁਰਾਣੇ ਖੂਹਾਂ ਦੀਆਂ ਇੱਟਾਂ ਉਧੇੜ ਕੇ ਸਕੂਲ ਲਿਆਂਦੀਆਂ। ਖੂਹ ਦੀ ਇੱਟ ਲੋਕ ਘਰ ਨਹੀਂ ਵਰਤਦੇ, ਉਹਨਾਂ ਦਾ ਇਹ ਵਹਿਮ ਸਾਨੂੰ ਰਾਸ ਆ ਗਿਆ। ਇਸ ਤਰ੍ਹਾਂ ਸਕੂਲ ਵਿੱਚ ਲੋੜੀਂਦੇ ਕਲਾਸ-ਰੂਮ, ਲਿਬਾਰਟਰੀ, ਲਾਇਬ੍ਰੇਰੀ, ਦਫ਼ਤਰ, ਰਸੋਈ, ਪਾਣੀ ਲਈ ਮੋਟਰ-ਪੰਪ, ਬੱਚਿਆਂ ਤੇ ਸਟਾਫ਼ ਲਈ ਵੱਖ 2 ਬਾਥਰੂਮ ਅਤੇ ਐਕਟਿਵਿਟੀ ਰੂਮ ਆਦਿ ਸਹੂਲਤਾਂ ਪੂਰੀਆਂ ਹੋ ਗਈਆਂ ਹਨ। ਪਰ ਇਹ ਸਾਰਾ ਢਾਂਚਾ ਬਣਾਉਣ ਲਈ ਸਾਨੂੰ ਬੜੀ ਮਿਹਨਤ ਕਰਨੀ ਪਈ। ਜਦੋਂ ਵੀ ਕੋਈ ਉਸਾਰੀ ਚੱਲਦੀ ਤਾਂ ਮੈਨੂੰ ਦੇਰ ਸ਼ਾਮ ਤੱਕ ਮਿਸਤਰੀਆਂ ਕੋਲ ਖੜਨਾ ਪੈਂਦਾ ਸੀ। ਸਾਡੇ ਨਾਲ-ਜੁੜਵਾਂ ਪ੍ਰਾਇਮਰੀ ਸਕੂਲ ਸੀ, ਉਹਦੀ ਬਿਹਤਰੀ ਲਈ

ਵੀ ਉਸ ਸਕੂਲ ਦੇ ਅਧਿਆਪਕ (ਨੈਸ਼ਨਲ ਅਵਾਰਡੀ) ਸ੍ਰ. ਅਮਰਜੀਤ ਸਿੰਘ ਨੇ ਏਸੇ ਤਰ੍ਹਾਂ ਭੱਜ-ਨੱਠ ਕਰਕੇ ਸਕੂਲ ਦਾ ਮੂੰਹ-ਮੁਹਾਂਦਰਾ ਸਵਾਰਿਆ ਹੈ। ਲੋਕ ਅਜਿਹੇ ਅਧਿਆਪਕਾਂ ਨੂੰ ਯਾਦ ਕਰਦੇ ਹੋਣਗੇ ਜਾਂ ਨਹੀਂ, ਖ਼ੁਦਾ ਜਾਣੇ।

ਸਾਡੇ ਡਰਾਇੰਗ ਮਾਸਟਰ ਕੁਲਵੰਤ ਸਿੰਘ ਬੜੇ ਕਲਾਤਮਿਕ ਰੁਚੀਆਂ ਦੇ ਮਾਲਕ ਸਨ ਤੇ ਉਹਨਾਂ ਨੂੰ ਫੁੱਲ-ਬੂਟੇ ਲਾਉਣ ਦਾ ਬਹੁਤ ਸ਼ੌਕ ਸੀ। ਉਹਨਾਂ ਦੀ ਮਿਹਨਤ ਦਾ ਕਰਕੇ ਮੈਂ ਸਕੂਲ ਵਿੱਚ ਹਰ ਸੀਜ਼ਨ 'ਚ ਸਜਾਵਟੀ ਬੂਟੇ ਤੇ ਫੁੱਲ ਖਿੜੇ ਵੇਖਦਾ ਰਿਹਾ ਹਾਂ। ਉਹ ਸਟਾਫ਼ ਦਾ ਬੜਾ ਖਿਆਲ ਰੱਖਦੇ ਸਨ ਤੇ ਅੱਧੀ ਛੁੱਟੀ ਹੁੰਦੇ ਸਾਰ ਸ਼ਹਿਰੋਂ ਕੁਝ ਖਾਣ-ਪੀਣ ਦਾ ਸਮਾਨ ਫੜ ਲਿਆਉਂਦੇ ਤੇ ਛੁੱਟੀ ਬੰਦ ਹੋਣ ਤੋਂ ਪਹਿਲਾਂ ਸਭ ਦੀ ਪੇਟ-ਪੂਜਾ ਕਰਵਾ ਦੇਂਦੇ। ਮੁੱਢ ਤੋਂ ਹੀ ਉਹ ਬੜੇ ਮਿਹਨਤੀ ਰਹੇ ਸਨ। ਸਕੂਲ ਡਿਊਟੀ ਤੋਂ ਬਾਅਦ ਉਹ ਘਰ ਖੇਤੀ ਦੇ ਕੰਮ ਵੱਲ ਪੂਰੀ ਤਵੱਜੋਂ ਦੇਂਦੇ ਸਨ। ਭਾਵੇਂ ਉਹਨਾਂ ਦੀ ਜ਼ੱਦੀ ਮਾਲਕੀ ਵਾਲੀ ਭੌਂ ਥੋੜ੍ਹੀ ਸੀ ਪਰ ਉਹਨਾਂ ਆਪਣੇ ਭਰਾ ਨਾਲ ਮਿਲ ਕੇ ਮਿਹਨਤ ਦੇ ਬਲਬੋਤੇ ਆਪਣੀ ਮਾਲਕੀ ਚਾਰ-ਪੰਜ ਗੁਣਾ ਵਧਾ ਲਈ ਸੀ। ਆਪਣੇ ਬੱਚਿਆਂ ਨੂੰ ਵੀ ਚੰਗੀ ਤਰਬੀਅਤ ਦਿੱਤੀ ਜਿਸ ਕਾਰਨ ਉਹਨਾਂ ਦਾ ਬੇਟਾ ਇੱਕ ਸਫਲ ਸਨਅਤਕਾਰ ਬਣ ਗਿਆ ਹੈ ਅਤੇ ਬੇਟੀ ਐਮ.ਏ, ਬੀ.ਐੱਡ. ਕਰਕੇ ਚੰਗੀ ਪ੍ਰਤਿਸ਼ਟਾ ਵਾਲੇ ਘਰ ਵਿਆਹੀ ਹੋਈ ਹੈ ਤੇ ਜੌਬ ਕਰ ਰਹੀ ਹੈ। ਜਨਵਰੀ 2012 ਵਿੱਚ ਉਹ ਸਰਕਾਰੀ ਸੇਵਾ ਤੋਂ ਸੇਵਾ-ਮੁਕਤ ਹੋ ਗਏ। ਭਾਵੇਂ ਉਹਨਾਂ ਦੀ ਸਿਹਤ ਅਜੇ ਚੰਗੀ ਸੀ ਕਿਉਂਕਿ ਉਹ ਕਸਰਤ ਤੇ ਪ੍ਰਹੇਜ਼ ਦਾ ਪੂਰਾ ਖਿਆਲ ਰੱਖਦੇ ਸਨ, ਤਾਂ ਵੀ ਉਹ ਅਕਤੂਬਰ 2015 ਵਿੱਚ ਜਾਨ-ਲੇਵਾ ਹਰਟ-ਅਟੈਕ ਦੀ ਮਾਰ ਨਾ ਝੱਲਦੇ ਹੋਏ ਪਰਿਵਾਰ ਦੇ ਹੱਥਾਂ ਚੋਂ ਰੇਤਾ ਵਾਂਗ ਕਿਰ ਗਏ।

ਸ੍ਰ: ਕੁਲਵੰਤ ਸਿੰਘ ਸਾਇੰਸ ਮਾਸਟਰ, ਪਦ-ਉਨਤ ਹੋ ਕੇ ਲੈਕਚਰਾਰ (ਇਤਿਹਾਸ) ਵਜੋਂ ਸ.ਸ.ਸ.ਸ, ਮਾਣੋਚਾਹਲ ਕਲਾਂ ਜਾ ਹਾਜ਼ਰ ਹੋਏ ਅਤੇ 2014 ਵਿੱਚ ਉੱਥੋਂ ਰਿਟਾਇਰ ਹੋਏ। ਉਹਨਾਂ ਦੀ ਪੋਸਟ ਤੇ ਸ.ਸ.ਅ. ਸਕੀਮ ਹੇਠ ਸਲੀਮ ਸੈਲਵੈਸਟਰ ਨੇ ਸਾਇੰਸ ਮਾਸਟਰ ਦੇ ਤੌਰ ਤੇ ਡਿਊਟੀ ਸੰਭਾਲੀ। ਉਹ ਬੜਾ ਮਿਹਨਤੀ ਤੇ ਇਮਾਨਦਾਰ ਅਧਿਆਪਕ ਹੈ। ਨਵੀਆਂ ਤਕਨੀਕਾਂ ਦੀ ਵਰਤੋਂ ਕਰਕੇ ਉਹ ਅੱਜ ਵੀ ਉਸੇ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾ ਰਿਹਾ ਹੈ। ਸ੍ਰੀ ਮਤੀ ਜਗਜੀਤ ਮੋਹਣ ਸ. ਸ. ਮਿਸਟ੍ਰੈੱਸ ਇੱਕ ਮਿਹਨਤੀ ਅਧਿਆਪਕਾ ਸੀ। ਉਹ ਸਟਾਫ਼ ਮੈਂਬਰਾਂ ਨਾਲ ਭੈਣ-ਭਰਾਵਾਂ ਵਾਂਗ ਵਿਚਰਦੀ ਸੀ। ਉਹ ਮੇਰਾ ਬੜਾ ਸਤਿਕਾਰ ਕਰਦੀ ਤੇ ਸਕੇ ਭਰਾ ਜਿੰਨਾ ਮਾਣ ਕਰਦੀ ਸੀ। ਜਦੋਂ ਵੀ ਮੈਨੂੰ ਜਥੇਬੰਦਕ ਲੋੜਾਂ ਲਈ ਵਧੇਰੇ ਫੰਡ ਦੀ ਲੋੜ ਪੈਂਦੀ ਤਾਂ ਮੈਂ ਉਹਦੇ ਘਰੋਂ ਜਾ ਕੇ ਲੈ ਆਉਂਦਾ ਸਾਂ। ਉਸ ਦਾ ਪਤੀ ਸ੍ਰ. ਮਲਕੀਅਤ ਸਿੰਘ ਫੌਜ ਵਿੱਚ ਚੰਗੇ ਆਹੁਦੇ ਤੇ ਤਾਇਨਾਤ ਸੀ। ਉਹ ਜਦੋਂ ਵੀ ਛੁੱਟੀ ਆਉਂਦਾ, ਉਚੇਚਾ ਘਰ ਮਿਲਣ ਆਉਂਦਾ ਸੀ। ਇਸ ਤਰ੍ਹਾਂ ਜਗਜੀਤ ਮੋਹਣ ਨਾਲ

ਮੇਰੇ ਪਰਿਵਾਰਿਕ ਸਬੰਧ ਬਣ ਗਏ ਹਨ। ਕੁਝ ਸਾਲਾਂ ਬਾਅਦ ਉਹਨਾਂ ਅੰਮ੍ਰਿਤਸਰ ਕੋਠੀ ਬਣਾ ਲਈ ਤੇ ਹੰਭਲਾ ਮਾਰ ਕੇ ਮਾਲ ਰੋਡ ਅੰਮ੍ਰਿਤਸਰ ਦੀ ਬਦਲੀ ਕਰਵਾ ਲਈ। ਉਸ ਦੇ ਦੋਵ੍ਹੇਂ ਬੱਚੇ ਕਿਰਨਦੀਪ ਸਿੰਘ ਉਰਫ਼ ਕੇ ਡੀ ਤੇ ਬੇਟੀ ਅਮਨਦੀਪ ਪੜ੍ਹਾਈ ਕਰਕੇ ਵਿਦੇਸ਼ ਚਲੇ ਗਏ ਹਨ ਤੇ ਸ੍ਰ. ਮਲਕੀਅਤ ਸਿੰਘ ਮੇਜਰ ਰੈਂਕ ਤੋਂ ਪੈਨਸ਼ਨ ਆ ਗਏ ਹਨ। ਗਾਹੇ ਬਿਗਾਹੇ ਮੈਂ ਅਜੇ ਵੀ ਉਹਨਾਂ ਨੂੰ ਮਿਲਣ ਜਾਂਦਾ ਹਾਂ ਤੇ ਕਈ ਵਾਰ ਉਹ ਵੀ ਮੇਰੇ ਕੋਲ ਆਉਂਦੇ ਹਨ। ਵਾਹਿਗੁਰੂ ਉਹਨਾਂ ਨੂੰ ਤੰਦਰੁਸਤੀ ਤੇ ਚੜ੍ਹਦੀ ਕਲਾ ਬਖ਼ਸ਼ੇ।

ਮੈਡਮ ਜਗਜੀਤ ਮੋਹਣ ਦੀ ਬਦਲੀ ਹੋ ਜਾਣ ਪਿੱਛੋਂ ਉਹਨਾਂ ਦੀ ਖਾਲੀ ਹੋਈ ਪੋਸਟ ਤੇ ਸ੍ਰ. ਕਰਮ ਸਿੰਘ ਲਾਲਪੁਰਾ ਬਦਲੀ ਕਰਵਾ ਕੇ ਸਾਡੇ ਕੋਲ ਆ ਗਿਆ। ਉਹ ਗੌਰਮਿੰਟ ਟੀਚਰਜ਼ ਯੂਨੀਅਨ ਦਾ ਬਲਾਕ ਚੋਹਿਲਾ ਸਾਹਿਬ ਦਾ ਪ੍ਰਧਾਨ ਸੀ। ਉਹਦੇ ਇਸ ਸਕੂਲ 'ਚ ਆਉਣ ਨਾਲ ਜਥੇਬੰਦਕ ਕਾਰਜਾਂ ਵਿੱਚ ਮੇਰੀ ਸਹਾਇਤਾ ਤੇ ਸਮਰਥਨ ਜੋ ਕੁਲਵੰਤ ਸਿੰਘ ਸਾਇੰਸ ਮਾਸਟਰ ਦੇ ਜਾਣ ਕਾਰਨ ਘਟ ਗਿਆ ਸੀ, ਉਹ ਘਾਟ ਪੂਰੀ ਹੋ ਗਈ। ਕਰਮ ਸਿੰਘ ਜਿੱਥੇ ਜਥੇਬੰਦੀ ਦਾ ਸਿਧਾਂਤਕ ਸਿਪਾਹੀ ਸੀ ਉੱਥੇ ਬੱਚਿਆਂ ਨੂੰ ਪੜ੍ਹਾਉਣ ਵਿੱਚ ਅਣਥੱਕ ਕਾਮਾ ਵੀ ਸੀ। ਉਹਨੇ ਸਕੂਲ ਇਨਚਾਰਜ ਦੇ ਤੌਰ ਵਧੀਆ ਪ੍ਰਬੰਧ ਚਲਾਇਆ ਅਤੇ ਸਮੁੱਚੇ ਸਟਾਫ਼ ਵਿੱਚ ਪਿਆਰ ਤੇ ਭਾਈਚਾਰਾ ਬਣਾਈ ਰੱਖਿਆ। ਉਹ ਬੱਚਿਆਂ ਨੂੰ ਖਿਡਾਉਣ ਵਿੱਚ ਪੂਰੀ ਦਿਲਚਸਪੀ ਲੈ ਕੇ ਰਵਿੰਦਰ ਕੁਮਾਰ ਪੀ.ਟੀ.ਆਈ. ਦੀ ਮਦਦ ਵੀ ਕਰਦਾ ਸੀ। ਉਹ ਵਾਲੀਬਾਲ ਦਾ ਇੱਕ ਨੰਬਰ ਖਿਡਾਰੀ ਸੀ। ਆਪਣੇ ਪਹਿਲੇ ਸਕੂਲ ਵਿੱਚ ਉਹਨਾਂ ਦੀ ਵਾਲੀਬਾਲ ਦੀ ਟੀਮ ਤਕਰੀਬਨ ਹਰ ਸਾਲ ਜ਼ਿਲ੍ਹਾ ਜਿੱਤ ਕੇ ਆਉਂਦੀ ਸੀ। ਰੋਜ਼ਾਨਾ ਸਵੇਰੇ ਸ਼ਾਮ ਗਰਾਊਂਡ ਜਾਣਾ, ਦੌੜ ਲਾ ਕੇ ਤੇ ਕਸਰਤ ਕਰਕੇ ਆਪਣੇ ਸਰੀਰ ਨੂੰ ਫਿੱਟ ਰੱਖਣਾ ਉਹਦਾ ਸ਼ੌਕ ਹੈ। ਉਹਨੇ ਕੇਵਲ ਆਪਣਾ ਸਰੀਰ ਹੀ ਫਿੱਟ ਨਹੀਂ ਰੱਖਿਆ ਸਗੋਂ ਹੋਰ ਸੈਂਕੜੇ ਬੱਚਿਆਂ ਨੂੰ ਆਪਣੀ ਨਿਗਰਾਨੀ ਹੇਠ ਸਰੀਰਿਕ ਕਸਰਤ ਦੀ ਸੇਧ ਦੇ ਕੇ, ਫੌਜ ਅਤੇ ਪੁਲਿਸ ਵਿਭਾਗ ਵਿੱਚ ਨੌਂਕਰੀ ਪ੍ਰਾਪਤ ਕਰਨ ਵਿਚ ਉਹਨਾਂ ਦੀ ਮਦਦ ਕਰ ਕੇ, ਸਮਾਜ ਦੀ ਨਿਰ-ਸਵਾਰਥ ਸੇਵਾ ਵੀ ਕੀਤੀ ਹੈ। ਰੋਜ਼ਗਾਰ ਤੇ ਲੱਗੇ ਉਹ ਬੱਚੇ ਵੀ ਸ੍ਰ. ਕਰਮ ਸਿੰਘ ਨੂੰ ਹੁਣ ਆਪਣਾ ਉਸਤਾਦ ਸਮਝ ਕੇ ਉਹਦਾ ਪੂਰਾ ਸਤਿਕਾਰ ਕਰਦੇ ਹਨ। ਪੜ੍ਹਾਉਣ ਵਿੱਚ ਉਹ ਏਨਾ ਸਮਰੱਥ ਸੀ ਕਿ ਜੇ ਕੋਈ ਅਧਿਆਪਕ ਛੁੱਟੀ ਤੇ ਹੋਣ ਕਾਰਨ ਬੱਚਿਆਂ ਦਾ ਪੀਰੀਅਡ ਖਾਲੀ ਹੁੰਦਾ ਤਾਂ ਉਹ ਵੀ ਲਾ ਲੈਂਦਾ ਸੀ। ਉਹਨੇ ਇਸ ਸਕੂਲ ਵਿੱਚ ਮੁੱਖ ਅਧਿਆਪਕ ਦੇ ਤੌਰ ਤੇ ਕੁਸ਼ਲ ਪ੍ਰਬੰਧਕ ਵਜੋਂ ਸੇਵਾ ਨਿਭਾਈ ਹੈ। ਮੇਰੀ ਸੇਵਾਮੁਕਤੀ ਤੋਂ ਬਾਅਦ ਉਹ ਪੰਜਾਬੀ ਲੈਕਚਰਾਰ ਵਜੋਂ ਪਦ-ਉਨਤ ਹੋ ਕੇ ਸ.ਸ.ਸ.ਸ. ਬਾਠ ਜਾ ਹਾਜ਼ਰ ਹੋਇਆ ਜਿੱਥੋਂ ਉਹ ਦੋ ਸਾਲ ਦੇ ਵਾਧੇ ਬਾਅਦ 31.03.2020 ਨੂੰ ਰਿਟਾਇਰ ਹੋਇਆ ਹੈ। ਇਸ ਵੇਲ਼ੇ ਉਹ ਗੌਰਮਿੰਟ ਪੈਨਸ਼ਨਰ ਯੂਨੀਅਨ

ਤਰਨਤਾਰਨ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਸੇਵਾ ਕਰ ਰਿਹਾ ਹੈ। ਮੈਂ ਉਹਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹਾਂ।

ਸ੍ਰੀ ਮਤੀ ਨੀਲੂ ਕੁਮਾਰੀ ਮੁੱਖ-ਅਧਿਆਪਕਾ ਵਜੋਂ ਸਕੂਲ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਂਦੇ ਰਹੇ ਹਨ। ਬਾਅਦ 'ਚ ਉਹਨਾਂ ਦੀ ਪ੍ਰੋਮੋਸ਼ਨ ਬਤੌਰ ਮੁੱਖ-ਅਧਿਆਪਕਾ ਸਰਕਾਰੀ ਹਾਈ ਸਕੂਲ ਠਰੂ ਹੋ ਗਈ। ਇਸ ਸਕੂਲ ਵਿੱਚ ਪੀ ਟੀ ਆਈ ਦੀ ਪੋਸਟ ਤੇ ਰਵਿੰਦਰ ਕੁਮਾਰ ਪੀ.ਟੀ.ਆਈ. ਕੰਮ ਕਰਦਾ ਸੀ। ਉਹ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਖੇਡਾਂ ਵੀ ਕਰਵਾਉਂਦਾ ਤੇ ਹਰ ਸਾਲ ਬਲਾਕ ਪੱਧਰ ਤੇ ਖੇਡ-ਮਕਾਬਲੇ ਵਿੱਚ ਬੱਚਿਆਂ ਨੂੰ ਸ਼ਾਮਲ ਵੀ ਕਰਵਾਉਂਦਾ ਸੀ। ਉਹ ਉਮਰ ਵਿੱਚ ਸਾਡੇ ਸਾਰਿਆਂ ਤੋਂ ਛੋਟਾ ਸੀ। ਨਿੱਕੀ ਮੋਟੀ ਗੱਲ ਤੋਂ ਰੋਸਾ ਕਰ ਲੈਣਾ ਉਹਦੇ ਸੁਭਾਅ ਦਾ ਅੰਗ ਸੀ ਪਰ ਉਹਦੇ ਵਿੱਚ ਇਕ ਵੱਡਾ ਗੁਣ ਵੀ ਸੀ ਕਿ ਉਹ ਜਲਦੀ ਹੀ ਮੰਨ-ਮਨੌਤੀ ਵੀ ਕਰ ਲੈਂਦਾ ਸੀ। ਮੇਰੀ ਰਿਟਾਇਰਮੈਂਟ ਤੋਂ ਬਾਅਦ ਉਹਨੇ ਇੱਥੋਂ ਬਦਲੀ ਕਰਵਾ ਲਈ। ਅਸੀਂ ਸਾਰਾ ਸਟਾਫ਼ ਇੱਕ ਦੂਜੇ ਨਾਲ ਭੈਣਾਂ-ਭਰਾਵਾਂ ਵਾਂਗ ਰਹਿੰਦੇ ਸਾਂ। ਇਸ ਸਕੂਲ ਵਿੱਚ ਪੜ੍ਹਾਉਣ ਤੋਂ ਇਲਾਵਾ ਮੇਰੇ ਜ਼ਿੰਮੇ ਸਕੂਲ ਦੇ ਰਿਕਾਰਡ ਦੀ ਸੰਭਾਲ, ਸਾਰਾ ਦਫ਼ਤਰੀ ਕੰਮ-ਕਾਰ, ਉਸਾਰੀ ਦੇ ਕੰਮਾਂ ਸਬੰਧੀ ਪ ਸ ਵ ਕ ਦਾ ਚਾਰਜ ਤੇ ਆਈਆਂ ਗ੍ਰਾਂਟਾਂ ਦਾ ਲੇਖਾ-ਜੋਖਾ ਕਰਨਾ ਤੇ ਸਾਂਝੇ ਮਸਲਿਆਂ ਦੇ ਹੱਲ ਲਈ ਟੀਚਰ ਯੂਨੀਅਨ ਦੀਆਂ ਸਰਗਰਮੀਆਂ ਵਿੱਚ ਭਾਗ ਲੈਣਾ ਸ਼ਾਮਲ ਸੀ ਪਰ ਕਦੇ ਵੀ ਮੈਂ ਇਹ ਡਿਊਟੀਆਂ ਨਿਭਾਉਣ ਤੋਂ ਮੱਥੇ ਵੱਟ ਨਹੀਂ ਸੀ ਪਾਇਆ। ਦਫ਼ਤਰੀ ਕੰਮ ਵਿੱਚ ਕੰਪਲੈਕਸ-ਸਕੂਲ ਜਾਂ ਡੀ.ਈ.ਓ. ਦਫ਼ਤਰ ਦੀ ਡਾਕ ਦਾ ਜਵਾਬ ਦੇਣਾ, ਤਨਖ਼ਾਹਾਂ ਦੇ ਬਿੱਲ ਬਣਾ ਕੇ ਕੰਪਲੈਕਸ ਸਕੂਲ ਨੂੰ ਦੇਣੇ, ਕਿਸੇ ਸਟਾਫ-ਮੈਂਬਰ ਦਾ ਬਕਾਏ ਦਾ ਬਿੱਲ ਬਣਾਉਣਾ ਜਾਂ ਆਮਦਨ ਕਰ ਦੀਆਂ ਸਟੇਟਮੈਂਟਾਂ ਭਰ ਕੇ ਦੇਣੀਆਂ ਆਦਿ ਵਾਧੂ ਸਿਰਦਰਦੀ ਵਾਲੇ ਕੰਮ ਵੀ ਮੈਂ ਖ਼ੁਸ਼ੀ 2 ਨਿਭਾਏ ਹਨ। ਇਸ ਸਾਰੇ ਕੰਮ ਬਦਲੇ ਮੈਨੂੰ ਜਿੰਨਾ ਇਜ਼ਤ-ਮਾਣ ਆਪਣੇ ਸਾਥੀਆਂ ਵੱਲੋਂ ਮਿਲਿਆ ਹੈ, ਉਹਦੇ ਬਦਲੇ ਮੈਂ ਇਸ ਸੇਵਾ ਨੂੰ ਤੁੱਛ ਸਮਝਦਾ ਰਿਹਾ ਹਾਂ। ਏਨਾ ਮਾਣ-ਸਤਿਕਾਰ ਕਮਾ ਕੇ ਤੇ ਕੀਤੀ ਹੋਈ ਸਰਕਾਰੀ ਸੇਵਾ ਬਦਲੇ ਗੁਜ਼ਾਰੇ-ਯੋਗ ਪੈਨਸ਼ਨ ਪ੍ਰਾਪਤ ਕਰਕੇ ਮੈਂ ਇਸ ਸਕੂਲੋਂ 30.9.2012 ਨੂੰ ਸੇਵਾਮੁਕਤ ਹੋ ਗਿਆ।

# ਚਾਚੇ ਮੱਸੂ ਦੀ ਚੜ੍ਹਦੀ ਤੇ ਢਹਿੰਦੀ ਕਲਾ

ਚਾਚੇ ਮੱਸੂ ਦਾ ਬਾਪ, ਬਾਪੂ ਆਲਾ ਸਿੰਘ, ਮੇਰੇ ਬਾਪੂ ਦੇ ਦਾਦੇ ਤੋਂ ਸਕਾ ਤੇ ਵੱਖਰੀ ਪੀੜ੍ਹੀ ਚੋਂ ਸੀ। ਉਹਦੇ ਤਿੰਨ ਮੁੰਡੇ ਸਨ – ਵੱਡਾ ਪਰਤਾਪ ਸਿੰਘ, ਵਿਚਕਾਰਲਾ ਮੱਸਾ ਸਿੰਘ ਤੇ ਛੋਟਾ ਸੁਖਵੰਤ ਸਿੰਘ। ਜਦੋਂ ਤੋਂ ਮੈਂ ਹੋਸ਼ ਸੰਭਾਲੀ ਸੀ, ਮੈਂ ਪਰਤਾਪ ਸਿੰਘ ਨੂੰ ਹਮੇਸ਼ਾਂ ਚਿੱਟੇ ਕੁੜਤੇ–ਚਾਦਰੇ 'ਚ ਹੀ ਵੇਖਿਆ ਸੀ। ਉਹਨੂੰ ਖੇਤੀ–ਵਾਹੀ ਦਾ ਕੰਮ ਕਰਦੇ ਕਿਸੇ ਕਦੇ ਨਹੀਂ ਸੀ ਵੇਖਿਆ। ਉਹਦੇ ਬਾਰੇ ਕਿਹਾ ਜਾਂਦਾ ਸੀ ਕਿ ਉਹ ਸਰਸੇ ਤੋਂ ਲਿਆ ਕੇ ਅਫ਼ੀਮ ਵੇਚਦਾ ਸੀ ਤੇ ਕਦੇ ਕਦਾਈਂ ਨਾਲ ਸ਼ਰਾਬ ਵੀ। ਉਹਦੇ ਗਾਹਕ ਬਹੁਤਾ ਕਰਕੇ ਸ਼ਹਿਰੀਏ ਸਨ। ਇਸ ਲਈ ਉਹ ਰੋਜ਼ਾਨਾ ਤਰਨਤਾਰਨ ਦਾ ਗੇੜਾ ਮਾਰਦਾ ਸੀ। ਇਸ ਕੰਮ ਲਈ ਉਹ ਗੁਰੂ–ਘਰ ਦੇ ਦਰਸ਼ਨ ਵੀ ਰੋਜ਼ ਕਰਦਾ ਸੀ। ਸੁਣਿਆ ਜਾਂਦਾ ਸੀ ਕਿ ਕਈ ਗੁਰਦੁਆਰਾ ਕਮੇਟੀ ਦੇ ਮੁਲਾਜ਼ਮ ਵੀ ਉਹਦੇ ਗਾਹਕ ਸਨ। ਸਾਰੀ ਉਮਰ ਉਹਨੇ ਇਹੋ ਵਪਾਰ ਕੀਤਾ ਪਰ ਨਾ ਮਾੜਾ ਖਾਧਾ, ਨਾ ਮਾੜਾ ਪਹਿਨਿਆ। ਹਰ ਦੂਜੇ–ਤੀਜੇ ਦਿਨ ਉਹ ਰੋਟੀ ਮੀਟ ਦੀ ਤਰੀ ਨਾਲ ਹੀ ਖਾਂਦਾ ਸੀ। ਜ਼ਮੀਨ ਉਹਨਾਂ ਨੂੰ ਅੱਧੀ ਅਠਿਆਨੀ ਮੁੱਲ ਵਾਲੀ ਤੇ ਅੱਧੀ ਚਵਾਨੀ ਮੁੱਲ ਵਾਲੀ ਮਿਲੀ ਸੀ। ਇਸ ਕਰਕੇ ਉਹਨਾਂ ਦੇ ਮਿਲਾ–ਜੁਲਾ ਕੇ ਨੌਂ ਕਿਲੇ ਬਣ ਗਏ ਸਨ ਜਦ ਕਿ ਸਾਡੇ ਬਾਬੇ ਦੇ ਪੰਜ। ਵਾਹੀ–ਖੇਤੀ ਦੇ ਕੰਮ ਤੋਂ ਤਿੰਨੇ ਭਰਾ ਕੰਨ ਭੰਨਦੇ ਸਨ। ਸਿੱਟੇ ਵਜੋਂ ਉਹਨਾਂ ਦੀ ਫ਼ਸਲ–ਵਾੜੀ ਦਾ ਹਾਲ ਵੀ ਮਾੜਾ ਹੀ ਹੁੰਦਾ ਸੀ।

ਉਹਨਾਂ ਦਾ ਵਿਹਾਰ ਵੀ ਚੰਗਾ ਨਹੀਂ ਸੀ ਹੁੰਦਾ, ਬੜੀਆਂ ਲੂਤਰ–ਘੁਤਰੀਆਂ ਮਾਰਦੇ। ਉਧਾਰ–ਸੁਧਾਰ ਲੈ ਲੈਂਦੇ ਤਾਂ ਮੋੜਦੇ ਨਾ। ਅੰਞਾਣ–ਮੱਤ ਹੋਣ ਕਾਰਨ ਜਦੋਂ ਕਦੇ ਮੈਂ ਉਹਨਾਂ ਦਾ ਵਿਹਾਰ ਵੇਖ ਕੇ ਬਾਪੂ ਨੂੰ ਕਹਿੰਦਾ, “ਬਾਪੂ! ਇਹਨਾਂ ਦਾ ਵਿਹਾਰ ਮਾੜਾ ਤੇ ਫ਼ੁਕਰੇਬਾਜ਼ੀ ਬਹੁਤੀ ਕਰਦੇ ਆ, ਛੱਡ ਪਰ੍ਹਾਂ ਇਹਨਾਂ ਨਾਲ ਕੀ ਵਰਤਣਾ।” ਤਾਂ ਬਾਪੂ ਦਾ ਅਹਿਸਾਨ–ਮੰਦ ਦਿਲ ਕੁਰਲਾ ਉੱਠਦਾ ਤੇ ਉਹ ਮੈਨੂੰ ਝਾੜ ਕੇ ਬਿਠਾ ਦੇਂਦਾ, ਨਾਲੇ ਗੋਡਿਆਂ–ਪਰਨੇ ਹੋ ਕੇ, ਨਿਸ਼ਾਨਾ ਬੰਨ੍ਹ ਕੇ ਸਮਝਾਉਂਦਾ, “ਤੈਨੂੰ ਕੀ ਪਤਾ, ਆਪਣਾ ਲਹੂ ਆਪਣਾ ਹੁੰਦੈ। ਜਦੋਂ ਚੰਨੋਂ ਦੇ ਕਤਲ ਵਾਲੇ ਮੁਕਦਮੇਂ 'ਚ ਗਵਾਹੀ ਦੇਂਦਿਆਂ ਜੱਜ ਨੇ ਚਾਚੇ ਆਲਾ ਸਿੰਹੁ (ਪਰਤਾਪ ਸਿੰਘ ਦੇ ਪਿਓ) ਨੂੰ ਪੁੱਛਿਆ ਕਿ ਦੀਪੇ ਭੱਲੂ ਨੇ ਗੋਲੀ ਕਿਵੇਂ

ਚਲਾਈ ਸੀ ? ਤਾਂ ਭਰੀ ਕਚਹਿਰੀ 'ਚ ਉਹਨੇ ਐਦਾਂ ਗੋਡੇ ਤੇ ਸੋਟੀ ਰੱਖ ਕੇ ਜੱਜ ਨੂੰ ਸਮਝਾਇਆ ਸੀ ਕਿ ਕਿਵੇਂ ਗੋਲੀ ਚੱਲੀ ਸੀ ਤੇ ਕਿਵੇਂ ਚੰਨੋਂ ਦੀ ਲੱਤ ਵਿਚ ਦੀ ਲੰਘੀ ਸੀ। ਤੇ ਉਹਦੀ ਗਵਾਹੀ ਤੇ ਦੀਪੇ ਭੱਲੂ ਨੂੰ ਵੀਹ ਸਾਲ ਦੀ ਕੈਦ ਹੋਈ ਸੀ। ਜਦੋਂ ਵਿਰੋਧੀਆਂ ਨੇ ਉਹਨੂੰ ਗਵਾਹੀ ਤੋਂ ਮੁੱਕਰਨ ਲਈ ਪੈਸੇ ਦੇਣ ਦੀ ਗੱਲ ਤੋਰੀ ਸੀ ਤਾਂ ਆਲਾ ਸਿੰਹੁ ਨੇ ਉਹਨਾਂ ਨੂੰ ਕਹਿ ਭੇਜਿਆ ਸੀ ਕਿ ਚੰਨੋਂ ਨਹੀਂ ਉਹ ਮੇਰਾ ਪਰਤਾਪ ਹੀ ਸੀ, ਕਿਵੇਂ ਮੁੱਲ ਵੱਟ ਲਾਂ ਆਪਣੇ ਪੁੱਤ ਦੀ ਲਾਸ਼ ਦਾ?" ਬਾਪੂ ਦੀਆਂ ਖ਼ਰੀਆਂ 2 ਸੁਣ ਕੇ ਮੇਰੇ ਕੋਲ ਕੋਈ ਜਵਾਬ ਨਹੀਂ ਸੀ ਹੁੰਦਾ।

ਵੱਡੇ ਪਰਤਾਪ ਦਾ ਕੰਮ ਤਾਂ ਚਿੱਟ-ਕੱਪੜੀਆ ਸੀ, ਉਹ ਵਾਹੀ-ਖੇਤੀ ਦੇ ਕੰਮ 'ਚ ਮਿੱਟੀ ਨਾਲ ਮਿੱਟੀ ਹੋਣਾ ਨਹੀਂ ਸੀ ਜਾਣਦਾ। ਮੱਸਾ ਸਿੰਘ ਜੀਹਨੂੰ ਅਸੀਂ ਚਾਚਾ ਮੱਸੂ ਕਹਿੰਦੇ ਸਾਂ, ਛਾਂਟਵੇਂ ਸਰੀਰ ਵਾਲਾ, ਉੱਚਾ-ਲੰਮਾ ਜਵਾਨ ਸੀ। ਪੜ੍ਹਿਆ ਤਾਂ ਮਸ੍ਹਾਂ ਆਪਣਾ ਨਾਂ ਲਿਖਣ-ਜੋਗਾ ਹੀ ਸੀ ਪਰ ਸਰੀਰਿਕ ਫ਼ੁਰਤੀ ਕਰਕੇ ਦੌੜ-ਭੱਜ ਤੇ ਖੇਡਣ-ਕੁੱਦਣ ਵਿੱਚ ਇੱਕ ਨੰਬਰ ਤੇ ਸੀ। ਸ਼ਾਇਦ ਮੈਂ ਉਦੋਂ ਅਠਵੀਂ ਤੱਕ ਹੀ ਅੱਪੜਿਆ ਸਾਂ ਕਿ ਉਹਨੂੰ ਮੈਂ ਲੰਬੀ ਦੌੜ, ਉੱਚੀ ਛਾਲ਼ ਤੇ ਪੋਲ ਜੰਪ ਕਰਦਾ ਵੇਖਿਆ ਕਰਦਾ ਸਾਂ। ਉਹਦਾ ਛੋਟਾ ਭਰਾ ਸੁਖਵੰਤ ਮੈਥੋਂ ਦੋ-ਤਿੰਨ ਸਾਲ ਹੀ ਵੱਡਾ ਸੀ ਇਸ ਕਰਕੇ ਉਹਨੂੰ ਮੈਂ ਚਾਚਾ ਸੁੱਖਾ ਕਿਹਾ ਕਰਦਾ ਸਾਂ ਤੇ ਅਕਸਰ ਅਸੀਂ ਦੋਵੇਂ ਇਕੱਠੇ ਖੇਡਦੇ ਹੁੰਦੇ ਸਾਂ। ਮੈਨੂੰ ਯਾਦ ਹੈ ਕਿ ਚਾਚਾ ਮੱਸੂ ਮੈਨੂੰ ਤੇ ਚਾਚੇ ਸੁੱਖੇ ਨੂੰ ਕੱਪੜੇ ਲਾਹ ਕੇ, ਘਰਾਂ ਦੇ ਸਾਹਮਣੇ ਰੋਹੀ ਵਾਲੇ ਪੁਲ਼ ਕੋਲ ਬਿਠਾ ਜਾਂਦਾ ਤੇ ਆਪ ਕਿੱਲਾਂ ਵਾਲੇ ਸ਼ੂ ਪਾ ਕੇ ਰੋਹੀ ਦੀ ਪਟੜੀ ਤੇ ਦੌੜ ਲਾਉਂਦਾ, ਜੀਓਬਾਲੇ ਰਾਹੀਂ ਨੂਰਪੁਰ ਪਹੁੰਚ ਜਾਂਦਾ, ਜਦੋਂ ਵਾਪਸ ਮੁੜਦਾ ਤਾਂ ਦੂਸਰੇ ਪਾਸਿਓਂ ਕੱਚੀ ਸੜਕੇ ਘਰ ਆਣ ਵੜਦਾ। ਘੌਂਪੀਏ ਪਏ ਅਸੀਂ ਉਹਨੂੰ ਉਡੀਕ ਕੇ ਘਰ ਮੁੜਦੇ ਤਾਂ ਉਹ ਨਾਹ ਧੋ ਕੇ ਮੰਜੇ ਤੇ ਬੈਠਾ ਹੁੰਦਾ। ਉਹ ਸਾਨੂੰ ਬੰਟੇ ਖੇਡਣ ਤੋਂ ਹਮੇਸ਼ਾਂ ਰੋਕਦਾ ਸੀ। ਮੈਂ ਤੇ ਚਾਚੇ ਸੁੱਖੇ ਨੇ ਹਾਣੀਆਂ ਤੋਂ ਬੰਟੇ ਜਿੱਤ ਕੇ ਝੋਲੇ ਭਰ ਲਏ ਤਾਂ ਚਾਚਾ ਮੱਸੂ ਦੋਹਾਂ ਤੋਂ ਝੋਲੇ ਖੋਹ ਕੇ ਖੂਹ ਵਿੱਚ ਸੁੱਟ ਆਇਆ ਸੀ, ਮੁੜ ਅਸੀਂ ਬੰਟੇ ਖੇਡਣ ਤੋਂ ਤੋਬਾ ਕਰ ਲਈ।

ਖੇਡਾਂ ਵਿੱਚ ਚੰਗਾ ਹੋਣ ਕਰਕੇ ਚਾਚਾ ਮੱਸੂ ਪਹਿਲੀ ਵਾਰ ਹੀ ਫ਼ੌਜ ਦੀ ਭਰਤੀ ਵੇਖਣ ਗਿਆ, ਫ਼ੌਜੀ ਬਣ ਗਿਆ ਸੀ। ਫ਼ੌਜ ਦੀ ਵਰਦੀ ਉਹਨੂੰ ਡਾਢੀ ਜਚਦੀ ਸੀ। ਉੱਥੇ ਜਾ ਕੇ ਵੀ ਉਹਨੇ ਖੇਡਾਂ ਦਾ ਅਭਿਆਸ ਜਾਰੀ ਰੱਖਿਆ ਤੇ ਜਲਦੀ ਹੀ ਅਫਸਰਾਂ ਦੀ ਨਜ਼ਰੇ ਪ੍ਰਵਾਨ ਚੜ੍ਹ ਗਿਆ। ਖੇਡਾਂ 'ਚ ਉਹਨੇ ਕਈ ਇਨਾਮ ਜਿੱਤੇ, ਅਹੁਦੇ ਤੇ ਤਰੱਕੀਆਂ ਪ੍ਰਾਪਤ ਕੀਤੀਆਂ। ਉਹ ਹੌਲਦਾਰ ਬਣ ਗਿਆ ਸੀ ਤੇ ਹੋਰ ਚਹੁੰ ਸਾਲਾਂ ਨੂੰ ਸੂਬੇਦਾਰ ਬਣਨ ਦੀਆਂ ਕਨਸੋਆਂ ਸਨ। ਅਜੇ ਉਹਦੀ ਨੌਂਕਰੀ ਪੰਜ-ਸੱਤ ਸਾਲ ਹੀ ਹੋਈ ਹੋਵੇਗੀ ਕਿ ਮੈਂ ਸੁਣਿਆ, ਉਹ ਮਾੜੇ ਕੰਮਾਂ ਵਿੱਚ ਪੈ ਗਿਆ ਹੈ। ਕੋਈ ਕਹੇ ਕਿ ਫ਼ੌਜ 'ਚ ਨਸ਼ਾ ਵਰਤਣ ਤੇ ਵੇਚਣ

ਲੱਗ ਪਿਆ ਹੈ, ਕੋਈ ਉਹਦੇ ਤੇ ਹੋਰ ਕਈ ਊਲ-ਜਲੂਲ ਦੂਸ਼ਣ ਲਾਉਂਦਾ ਸੁਣਿਆ ਜਾਂਦਾ। ਕੰਨੋ-ਕੰਨੀ ਇਹ ਗੱਲ ਵੀ ਸੁਣੀ ਗਈ ਕਿ ਉਹਨੇ ਕੋਈ ਫੌਜ ਦੀ ਗੰਨ ਵਗੈਰਾ ਬਾਹਰ ਵੇਚ ਦਿੱਤੀ ਹੈ। ਸੱਚ ਪਤਾ ਨਹੀਂ ਕੀ ਸੀ ਪਰ ਮੈਂ ਇਹ ਸੋਚ ਕੇ ਹੈਰਾਨ ਹੁੰਦਾ ਰਿਹਾ ਕਿ ਬੰਦਾ ਜਦੋਂ ਗ਼ਰਕਣ ਤੇ ਆਉਂਦਾ ਹੈ ਤਾਂ ਆਪਣੇ ਕੈਰੀਅਰ ਬਾਰੇ ਵੀ ਨਹੀਂ ਸੋਚਦਾ। ਤੇ ਫਿਰ ਇੱਕ ਦਿਨ ਉਹ ਨਾਵਾਂ ਕਟਾ ਕੇ ਘਰ ਆ ਗਿਆ ਜਾਂ ਅਗਲਿਆਂ ਭੇਜ ਦਿੱਤਾ........ ਰੱਬ ਹੀ ਜਾਣੇ, ਵਿਚਲਾ ਭੇਤ ਉਹਨੇ ਕਿਸੇ ਨੂੰ ਨਹੀਂ ਦੱਸਿਆ। ਘਰ ਕੀ ਸੀ, ਖੇਤੀ ਦੇ ਕੰਮ ਤੋਂ ਤਾਂ ਉਹ ਪਹਿਲਾਂ ਹੀ ਚਾਲੂ ਸੀ ਤੇ ਫਿਰ ਉਹਨੇ ਵੀ ਵੱਡੇ ਭਰਾ ਵਾਲਾ ਕਿੱਤਾ ਫੜ੍ਹ ਲਿਆ। ਕਈ ਸਾਲ ਉਹਨਾਂ ਇਹ ਧੰਦਾ ਕੀਤਾ ਤੇ ਨਾਲ 2 ਪੈਲੀ ਵੀ ਭੋਰ ਭੋਰ ਖਾਈ ਗਏ। ਕਈ ਸਾਲ ਇਸੇ ਤਰ੍ਹਾਂ ਧੱਕੇ ਖਾਂਦਿਆਂ ਗੁਜ਼ਾਰ ਕੇ ਤਿੰਨੇ ਭਰਾ ਰੱਬ ਨੂੰ ਪਿਆਰੇ ਹੋ ਗਏ। ਪਿਛਲੇ ਪਰਿਵਾਰ ਲਈ ਜ਼ਮੀਨ ਨੌਂ ਕਿੱਲਿਆਂ ਤੋਂ ਘਟ ਕੇ ਸ਼ਾਇਦ ਨੌਂ ਕਨਾਲਾਂ ਹੀ ਰਹਿ ਗਈ ਹੈ।

ਮੁੱਕਦੀ ਗੱਲ ਇਹ ਕਿ ਜਦ ਤੱਕ ਚਾਚੇ ਮੱਸੂ ਨੇ ਨੇਕ-ਨੀਅਤੀ ਨਾਲ ਆਪਣਾ ਕੈਰੀਅਰ ਬਣਾਉਣ ਲਈ ਜੀਅ-ਤੋੜ ਮਿਹਨਤ ਕੀਤੀ, ਅਨਪੜ੍ਹ ਹੋਣ ਦੇ ਬਾਵਜੂਦ ਉਹ ਤਰੱਕੀ ਦੀਆਂ ਮੰਜ਼ਿਲਾਂ ਸਰ ਕਰਦਾ, ਭਾਰਤੀ ਫੌਜ ਵਿੱਚ ਸਨਮਾਨਯੋਗ ਆਹੁਦਾ ਤੇ ਅਨੇਕਾਂ ਮਾਣ-ਸਨਮਾਨ ਤੇ ਟਰਾਫ਼ੀਆਂ ਹਾਸਲ ਕਰਨ ਵਿੱਚ ਕਾਮਯਾਬ ਹੁੰਦਾ ਗਿਆ ਤੇ ਜਿਉਂ ਹੀ ਉਹਦੇ ਚਰਿੱਤਰ ਵਿੱਚ ਖ਼ਾਮੀਆਂ ਪੈਦਾ ਹੋਈਆਂ, ਉਹ ਅਰਸ਼ ਤੋਂ ਫਰਸ਼ ਤੇ ਆ ਡਿੱਗਾ। ਹੱਕ-ਸੱਚ ਦੀ ਕਮਾਈ ਵਿੱਚ ਬੜੀ ਬਰਕਤ ਹੁੰਦੀ ਹੈ ਤੇ ਸਮਾਜ-ਵਿਰੋਧੀ ਕਾਲੇ ਕਾਰਨਾਮਿਆਂ ਦੀ ਕਮਾਈ, ਭਰਿਆ ਬੇੜਾ ਡੋਬ ਦੇਂਦੀ ਹੈ। ਇਸ ਦਾ ਪਤਾ ਉਦੋਂ ਲਗਦਾ ਹੈ ਜਦੋਂ ਬਹੁਤ ਸਾਰਾ ਪਾਣੀ ਸਿਰ ਤੋਂ ਵਹਿ ਚੁੱਕਾ ਹੁੰਦਾ ਹੈ ਤੇ ਉਸ ਸਮੇਂ ਪਛਤਾਵੇ ਤੋਂ ਛੁੱਟ ਬੰਦੇ ਕੋਲ ਹੋਰ ਕੁਝ ਨਹੀਂ ਰਹਿੰਦਾ। ਬੀਰਬਲ ਕਵੀਸਰ ਗਾਉਂਦਾ ਹੁੰਦਾ ਸੀ ਕਿ ਆਉਂਦਾ ਮਾੜੇ ਕੰਮਾਂ ਦਾ ਸਵਾਦ ਮਗਰੋਂ... ਉਹਦੀ ਇਹ ਗੱਲ ਸੋਲਾਂ ਆਨੇ ਸੱਚ ਹੈ। ਮਾਂ ਵੀ ਸੱਚ ਹੀ ਕਹਿੰਦੀ ਹੁੰਦੀ ਸੀ, "ਪੁੱਤ ! ਦਸਾਂ ਨਹੁੰਆਂ ਦੀ ਕਮਾਈ ਵਿੱਚ ਬੜੀ ਬਰਕਤ ਹੁੰਦੀ ਆ।"

# ਮਾਂ ਦਾ ਅੰਤਲਾ ਸਫ਼ਰ ਤੇ ਅੱਧੀ ਛੁੱਟੀ ਦਾ ਪਛਤਾਵਾ

ਮਾਂ ਮੇਰੇ ਘਰ ਵਾਪਸ ਆਉਣ ਤੋਂ ਪਹਿਲਾਂ ਹੀ ਮੁੱਕ ਚੁੱਕੀ ਸੀ। ਸਕੂਟਰ ਗਲੀ 'ਚ ਲਾਉਂਦਿਆਂ ਉੱਚੀ 2 ਰੋਣ ਦੀ ਅਵਾਜ਼ ਮੇਰੇ ਕੰਨੀ ਪਈ ਤਾਂ ਮੈਨੂੰ ਖੁੜਕ ਗਈ। ਦਰਵਾਜ਼ਾ ਲੰਘਿਆ ਤਾਂ ਮਾਂ ਦੇ ਮੰਜੇ ਦੁਆਲੇ ਔਰਤਾਂ ਦੀ ਭੀੜ ਸੀ। ਭੀੜ ਨੂੰ ਪਾਸੇ ਕਰਕੇ ਨੇੜੇ ਗਿਆ ਤਾਂ ਅਹਿੱਲ ਪਈ ਮਾਂ ਨੂੰ ਵੇਖ ਮੇਰੀਆਂ ਡਾਡਾਂ ਨਿੱਕਲ ਗਈਆਂ।

"ਤਹਾਨੂੰ ਉਡੀਕਦੀ ਹੀ ਚਲੇ ਗਈ ਮਾਂ", ਕਹਿੰਦਿਆਂ ਮੇਰੀ ਪਤਨੀ ਦੀ ਲੇਰ ਨਿੱਕਲ ਗਈ।

ਅੱਜ ਮੈਂ ਮਾਂ ਨੂੰ ਡਾਕਟਰ ਮਹਿਤੇ ਕੋਲ ਲੈ ਕੇ ਜਾਣਾ ਸੀ ਤੇ ਉਹ ਆਮ ਤੌਰ ਤੇ ਦਸ ਵਜੇ ਤੋਂ ਬਾਅਦ ਹੀ ਮਰੀਜ਼ ਵੇਖਦਾ ਸੀ। ਮਾਂ ਦੇ ਲਗਾਤਾਰ ਇਲਾਜ ਕਾਰਨ ਮੇਰੀਆਂ ਕਾਫ਼ੀ ਛੁੱਟੀਆਂ ਲੱਗ ਗਈਆਂ ਸਨ ਇਸ ਕਾਰਨ ਮੈਂ ਅੱਜ ਸਕੂਲ ਜਾ ਕੇ ਅੱਧੇ ਦਿਨ ਦੀ ਛੁੱਟੀ ਲੈ ਕੇ ਡਾਕਟਰ ਕੋਲ ਜਾਣ ਦਾ ਫ਼ੈਸਲਾ ਕੀਤਾ ਸੀ। ਜੇ ਛੁੱਟੀ ਲੈ ਕੇ ਵੀ ਘਰ ਆ ਜਾਂਦਾ ਤਾਂ ਸ਼ਾਇਦ ਮਾਂ ਨਾਲ ਆਖ਼ਰੀ ਸਮੇਂ ਦੋ ਬੋਲ ਸਾਂਝੇ ਕਰ ਲੈਂਦਾ। ਪਰ ਮੁਖ-ਅਧਿਆਪਕ ਦੀ ਹਮਦਰਦੀ ਵਜੋਂ ਮੇਰੀ ਛੁੱਟੀ ਬਚਾ ਕੇ ਬੈਂਕ 'ਚ ਸਰਕਾਰੀ ਪੈਸੇ ਜ਼ਮ੍ਹਾਂ ਕਰਾਉਣ ਦੀ ਪਾਈ ਡਿਊਟੀ ਨੇ ਮੈਨੂੰ ਘਰ ਪਹੁੰਚਣ 'ਚ ਕੁਝ ਦੇਰ ਕਰ ਦਿੱਤੀ। ਮਾਂ ਨੇ ਆਖ਼ਰੀ ਸਫ਼ਰ ਤੇ ਰਵਾਨਾ ਹੋਣ ਤੋਂ ਪਹਿਲਾਂ ਬਲਜੀਤ ਨੂੰ ਕਈ ਵਾਰ ਪੁੱਛਿਆ ਸੀ,

"ਮਾਸਟਰ ਨਹੀਂ ਅਇਆ ਅਜੇ ? ਅੱਜ ਡਾਕਟਰ ਕੋਲ ਜਾਣਾ ਸੀ", ਖ਼ਵਰੇ ਉਹਦੇ ਜੀਅ ਨੂੰ ਕੁਝ ਹੁੰਦਾ ਹੋਵੇ, ਕੋਈ ਤਕਲੀਫ਼ ਹੋਵੇ, ਉਹਦੀ ਜਾਨ ਡਾਹਢੀ ਔਖੀ ਹੋਵੇ, ਪਰ ਉਕਤ ਦੋ ਵਾਕਾਂ ਤੋਂ ਬਿਨਾਂ ਉਹ ਹੋਰ ਕੁਝ ਨਾ ਬੋਲੀ, ਬਲਜੀਤ ਨੇ ਇੱਕ ਲੰਮਾ ਹਉਕਾ ਲਿਆ ਤੇ ਮਾਂ ਵਰਗੀ ਸੱਸ ਦੇ ਗਲ਼ ਲੱਗ ਕੇ ਰੋਣ ਲੱਗ ਪਈ। ਮੇਰੀਆਂ ਦੋ ਛੋਟੀਆਂ ਭਰਜਾਈਆਂ ਵੀ ਮਾਂ ਦੀ ਸੇਵਾ-ਸੰਭਾਲ ਲਈ ਹਾਜ਼ਰ ਸਨ ਤੇ ਉਹ ਵੀ ਮਾਂ ਨੂੰ ਲਿਪਟੀਆਂ ਹੋਈਆਂ ਸਨ।

ਦੋ ਮਹੀਨੇ ਪਹਿਲਾਂ ਜਦੋਂ ਡਾਕਟਰ ਨੇ ਮਾਂ ਦੀ ਘਾਤਕ ਬੀਮਾਰੀ ਬਾਰੇ ਦੱਸਿਆ ਸੀ ਕਿ ਮਾਤਾ ਦੀ ਕੈਂਸਰ ਹੁਣ ਆਖ਼ਰੀ ਸਟੇਜ ਤੇ ਹੈ ਤਾਂ ਮੈਂ ਉਹਨੂੰ ਪਿੰਡੋਂ ਪੱਕੇ ਤੌਰ ਤੇ ਸ਼ਹਿਰ ਲੈ ਆਇਆ ਸਾਂ। ਡਾਕਟਰ ਨੇ ਸਾਰੇ ਲੋੜੀਂਦੇ ਟੈੱਸਟ ਤੇ ਸਕੈਨ ਵਗੈਰਾ ਕਰਵਾ ਕੇ

ਦੱਸਿਆ ਸੀ ਕਿ ਮਾਤਾ ਜੀ ਨੂੰ ਪਹਿਲਾਂ ਪਿੱਤੇ 'ਚ ਪੱਥਰੀਆਂ ਸਨ ਜਿਹਨਾਂ ਦਾ ਸਮੇਂ ਸਿਰ ਸਹੀ ਇਲਾਜ ਨਾ ਹੋਣ ਕਾਰਨ ਇਨਫ਼ੈਕਸ਼ਨ ਹੋ ਗਈ ਜੋ ਵਧਦੀ ਹੋਈ ਲਿਵਰ ਨੂੰ ਵੀ ਖ਼ਰਾਬ ਕਰ ਗਈ ਹੈ ਤੇ ਇਸ ਦਾ ਹੁਣ ਪੱਕਾ ਕੋਈ ਇਲਾਜ ਨਹੀਂ ਹੈ। ਇਹਨਾਂ ਦੀ ਦਵਾਈ ਹੁਣ ਇਲਾਮਤਾਂ ਮੁਤਾਬਕ ਚੱਲਣੀ ਹੈ ਤੇ ਇਹਨੇ ਬਹੁਤਾ ਚਿਰ ਜੀਅ ਨਹੀਂ ਸਕਣਾ। ਜਿਗਰ ਵੀ ਇਹਨਾਂ ਦਾ ਅੱਧੋਂ ਵੱਧ ਖ਼ਰਾਬ ਹੋ ਗਿਆ ਹੈ ਜਿਸ ਕਰਕੇ ਪੀਲੀਆ ਹੋ ਰਿਹਾ ਹੈ। ਡਾਕਟਰ ਦੀ ਗੱਲ ਨਾਲ ਸਹਿਮਤ ਹੋਣਾ ਪੈਣਾ ਸੀ, ਹੋਰ ਕੋਈ ਚਾਰਾ ਵੀ ਨਹੀਂ ਸੀ। ਪਰ ਹਰ ਆਏ ਦਿਨ ਮਾਂ ਦੇ ਸਾਹਾਂ ਦੀ ਡੋਰ ਹੱਥੋਂ ਖਿਸਕਦੀ ਮਹਿਸੂਸ ਹੁੰਦੀ ਤੇ ਆਪ-ਮੁਹਾਰੇ ਮੇਰੀਆਂ ਅੱਖਾਂ ਚੋਂ ਹੰਝੂ ਵਹਿ ਤੁਰਦੇ। ਮਾਂ ਦੀ ਸਾਂਭ-ਸੰਭਾਲ ਵਾਸਤੇ ਬਲਜੀਤ ਦੀ ਮਦਦ ਲਈ ਪਿੰਡੋਂ ਮੇਰੀਆਂ ਭਰਜਾਈਆਂ ਵਾਰੀ 2 ਸ਼ਹਿਰ ਆਉਂਦੀਆਂ, ਮਾਂ ਨੂੰ ਇਸ਼ਨਾਨ ਕਰਵਾ ਕੇ ਕੱਪੜੇ ਬਦਲਦੀਆਂ, ਰੋਟੀ-ਪਾਣੀ ਤੇ ਦਵਾਈ ਆਦਿ ਸਮੇਂ ਸਿਰ ਦੇਂਦੀਆਂ ਤੇ ਮੰਜੇ ਤੇ ਅਣਭੋਲ ਬੈਠੀ ਮਾਂ ਦਾ ਚਿਹਰਾ ਵੇਖ, ਮੂੰਹ ਦੂਜੇ ਪਾਸੇ ਕਰਕੇ ਹਉਕਾ ਭਰ ਲੈਂਦੀਆਂ।

ਮੇਰੀ ਜਾਣਕਾਰੀ ਮੁਤਾਬਕ ਮਾਂ ਦੀ ਇਹ ਹਾਲਤ ਉਹਦੀ ਲਾਪ੍ਰਵਾਹੀ ਤੇ ਬਿਮਾਰੀ ਬਾਰੇ ਕੀਤੀ ਘੌਲ ਦਾ ਹੀ ਨਤੀਜਾ ਸੀ। ਉਹ ਨਿਕੀ-ਮੋਟੀ ਅਹੁਰ ਦੀ ਘੱਟ ਹੀ ਪ੍ਰਵਾਹ ਕਰਦੀ ਹੁੰਦੀ ਸੀ। ਉਹ ਬੜੀ ਸਿਰੜੀ ਤੇ ਮਿਹਨਤੀ ਸੀ। ਉਹਦੇ ਹੱਥਾਂ ਦੀ ਮਿਹਨਤ ਨਾਲ ਸਾਡੀ (ਉਹਦੇ ਬੱਚਿਆਂ ਦੀ) ਜ਼ਿੰਦਗੀ ਸੋਨੇ 'ਚ ਮੜ੍ਹੀ ਗਈ ਸੀ। ਜਦੋਂ ਅਸੀਂ ਛੋਟੇ ਸਾਂ ਤਾਂ ਉਹ ਚੌਂਕੇ-ਚੁੱਲ੍ਹੇ ਤੋਂ ਇਲਾਵਾ ਬਾਪੂ ਨਾਲ ਖੇਤਾਂ 'ਚ ਜਾ ਕੇ ਵੀ ਕੰਮ 'ਚ ਹੱਥ ਵਟਾਉਂਦੀ ਸੀ। ਬਾਪੂ ਦੀ ਜ਼ੱਦੀ ਜ਼ਮੀਨ ਤਾਂ ਕਨਾਲਾਂ 'ਚ ਹੀ ਗਿਣਨ ਜੋਗੀ ਸੀ ਪਰ ਮਾਂ ਨੇ ਕੁਝ ਆਪਣਾ ਟੂੰਮ-ਛੱਲਾ ਵੇਚ ਕੇ ਤੇ ਕੁਝ ਭਰਾਵਾਂ ਤੋਂ ਮਦਦ ਲੈ ਕੇ ਜ਼ਮੀਨ ਵਧਾਉਣ 'ਚ ਬਾਪੂ ਦੀ ਮਦਦ ਕੀਤੀ ਸੀ। ਪਰ ਜ਼ਮੀਨ ਸਾਰੀ ਬਰਾਨ ਹੋਣ ਕਾਰਨ ਹਾੜੀ-ਸਉਣੀ ਟੱਬਰ ਦੇ ਖਾਣ ਜੋਗੇ ਦਾਣੇ ਹੀ ਘਰ ਆਉਂਦੇ ਸਨ। ਬਾਪੂ ਨੇ ਮੇਰੇ ਵੱਡੇ ਭਰਾ ਨੂੰ ਸਕੂਲ ਭੇਜਣ ਦੀ ਥਾਂ ਆਪਣੇ ਨਾਲ ਖੇਤੀ ਦੇ ਕੰਮ 'ਚ ਲਾ ਲਿਆ ਤੇ ਉਹਨੇ ਫੱਟੀ-ਬਸਤਾ ਫੜਨ ਦੀ ਉਮਰੇ ਹਲ਼ ਦੀ ਜੰਘੀ ਨੂੰ ਹੱਥ ਪਾ ਲਿਆ। ਪਿਉ-ਪੁੱਤ ਖੇਤਾਂ 'ਚ ਕੰਮ ਕਰਦੇ ਤਾਂ ਮਾਂ ਰੋਟੀ-ਟੁੱਕ ਤੋਂ ਵਿਹਲੀ ਹੋ ਮਾਲ-ਡੰਗਰ ਨੂੰ ਸਾਂਭਦੀ। ਜਦੋਂ ਮੈਂ ਹੋਸ਼ ਸੰਭਾਲੀ ਤਾਂ ਇਹ ਕੰਮ ਮੇਰੇ ਹਿੱਸੇ ਆ ਗਿਆ। ਮਾਂ ਸਾਨੂੰ ਸਭ ਨੂੰ ਪੜ੍ਹਾਉਣਾ ਚਾਹੁੰਦੀ ਸੀ ਪਰ ਵੱਡੇ ਭਰਾ ਵਾਰੀਂ ਉਹਦੀ ਕੋਈ ਪੇਸ਼ ਨਾ ਗਈ।

ਜਦੋਂ ਮੇਰੀ ਵਾਰੀ ਆਈ ਤਾਂ ਬਾਪੂ ਨੇ ਕੋਈ ਜ਼ਿਦ ਨਾ ਕੀਤੀ ਤੇ ਮਾਂ ਮੈਨੂੰ ਸਕੂਲ ਦਾਖ਼ਲ ਕਰਾ ਆਈ, ਸਮਾਂ ਆਉਣ ਤੇ ਛੋਟੇ ਦੋਹਾਂ ਨੂੰ ਵੀ। ਬਾਪੂ ਹਰ ਸਮੇਂ ਪੜ੍ਹਾਈਆਂ ਲਈ ਵਾਧੂ ਪੈਸੇ ਨਾ ਹੋਣ ਦੇ ਰੋਣੇ ਰੋਂਦਾ ਰਹਿੰਦਾ ਸੀ ਪਰ ਮਾਂ ਉਹਦੀ ਇੱਕ ਨਾ ਸੁਣਦੀ

ਜਿਵੇਂ ਉਹਨੇ ਸਾਨੂੰ ਪੜ੍ਹਾਉਣ ਦੀ ਸਹੁੰ ਖਾ ਲਈ ਹੋਵੇ। ਉਹ ਬੱਚਿਆਂ ਦੀ ਪੜ੍ਹਾਈ ਲਈ ਬਾਪੂ ਤੋਂ ਕਦੇ ਕੋਈ ਪੈਸਾ ਨਾ ਮੰਗਦੀ। ਘਰ ਲਵੇਰੀਆਂ ਸਾਂਭਦੀ, ਲੋੜ ਤੋਂ ਵਾਧੂ ਦੁੱਧ ਵੇਚ ਲੈਂਦੀ, ਮੁਰਗੀਆਂ ਪਾਲ਼ ਕੇ ਆਂਡੇ ਤੇ ਚੂਚੇ ਵੇਚ ਕੇ ਪੈਸੇ ਜੋੜਦੀ। ਫਿਰ ਉਹਨੇ ਮਾਮਾ ਜੀ ਤੋਂ ਇੱਕ ਸਿਲਾਈ ਮਸ਼ੀਨ ਮੰਗਵਾ ਕੇ ਕੱਪੜੇ ਸਿਊਣ ਦਾ ਕੰਮ ਸ਼ੁਰੂ ਕਰ ਦਿੱਤਾ। ਸਾਰਾ ਦਿਨ ਉਹ ਮਸ਼ੀਨ ਨਾਲ ਮਸ਼ੀਨ ਹੋਈ ਰਹਿੰਦੀ ਤੇ ਕਦੇ ਨਾ ਥੱਕਦੀ। ਜਦੋਂ ਮੈਂ ਜੇ.ਬੀ.ਟੀ. ਕਰਕੇ ਪ੍ਰਾਈਵੇਟ ਸਕੂਲ਼ 'ਚ ਟੀਚਰ ਲੱਗ ਗਿਆ ਤੇ ਮੈਂ ਉਹਨੂੰ ਇਹ ਬਰੀਕੀ ਦਾ ਕੰਮ ਕਰਨ ਤੋਂ ਮਨ੍ਹਾਂ ਕਰ ਦਿੱਤਾ ਤਾਂ ਉਹਨੂੰ ਕੁਝ ਸੁਖ ਦਾ ਸਾਹ ਆਇਆ। ਵੱਡੇ ਭਰਾ ਦੇ ਵਿਆਹ ਪਿੱਛੋਂ ਕਬੀਲਦਾਰੀ 'ਚ ਵਾਧਾ ਹੋ ਗਿਆ ਪਰ ਪੜ੍ਹੀ-ਲਿਖੀ ਹੋਣ ਕਾਰਨ ਘਰ ਦੀ ਸਾਰੀ ਜ਼ਿੰਮੇਵਾਰੀ ਮਾਂ ਦੇ ਸਿਰ ਤੇ ਹੀ ਰਹੀ। ਉਹ ਮੂੰਹ-ਜ਼ੁਬਾਨੀ ਹਿਸਾਬ-ਕਿਤਾਬ ਕਰਨ ਵਿੱਚ ਬੜੀ ਮਾਹਰ ਸੀ। ਸ਼ਹਿਰੋਂ ਕਿਸੇ ਨੇ ਵੀ ਕੁਝ ਖ਼ਰੀਦਣਾਂ ਹੁੰਦਾ, ਸ਼ਰੀਕੇ-ਭਾਈਚਾਰੇ ਵਾਲੇ ਇੱਕ ਦਿਨ ਪਹਿਲਾਂ ਹੀ ਮਾਂ ਨੂੰ ਸੁਨੇਹਾਂ ਦੇ ਜਾਂਦੇ,

"ਭੈਣ ਬਚਨੋ! ਭਲਕੇ ਸਾਡੇ ਨਾਲ ਸ਼ਹਿਰ ਚੱਲੀਂ, ਵਰੀ ਬਣਾਉਣੀ ਏ, ਮੁੰਡੇ ਦਾ ਵਿਆਹ ਸਿਰ ਤੇ ਆ ਗਿਆ, ਧੀ ਦੇ ਦਾਜ ਦਾ ਸਮਾਨ ਖ਼ਰੀਦਣਾ ਏ ਜਾਂ ਛੱਤ ਦੇ ਗਾਡਰ-ਬਾਲੇ ਖ਼ਰੀਦਣੇ ਨੇ, ਇਤਿਆਦਿ।" ਮਾਂ ਕਿਸੇ ਨੂੰ ਵੀ ਨਾਂਹ ਨਾ ਕਰਦੀ ਤੇ ਨਾਲ ਤੁਰ ਪੈਂਦੀ। ਚੁਸਤ-ਚਲਾਕ ਸ਼ਹਿਰੀ ਹੱਟਵਾਣੀਏ ਸਿੱਧੇ-ਸਾਦੇ ਪੇਂਡੂਆਂ ਨਾਲ ਚਵਾਨੀ ਦੀ ਹੇਰਾਫੇਰੀ ਨਾ ਕਰ ਸਕਦੇ। ਘਰ ਦੇ ਸੌਦੇ ਦਾ ਹੱਟੀ ਵਾਲੇ ਨਾਲ ਤੇ ਦੋਧੀ ਨਾਲ ਹਰ ਮਹੀਨੇ ਡੇਢ-ਦੋ ਕਿਲੋ ਦੁੱਧ ਦਾ ਹਿਸਾਬ ਰੱਖਣ ਤੋਂ ਬਿਨਾਂ ਆੜ੍ਹਤੀਏ ਨਾਲ ਲੇਖਾ-ਜੋਖਾ ਕਰਨਾ ਵੀ ਉਹਦੀ ਹੀ ਸਿਰਦਰਦੀ ਸੀ।

ਜਦੋਂ ਅਸੀਂ ਪਿੰਡੋਂ ਰਿਹਾਇਸ਼ ਬਦਲ ਕੇ ਖੇਤਾਂ 'ਚ ਜਾ ਡੇਰੇ ਲਾਏ ਤਾਂ ਉਹਦੀ ਖੇਚਲ ਹੋਰ ਵਧ ਗਈ। ਖੇਤਾਂ ਵਾਲੀ ਬਹਿਕ ਪਿੰਡ ਤੋਂ ਦੋ ਕਿਲੋਮੀਟਰ ਦੂਰ ਸੀ। ਘਰੇਲੂ ਵਰਤੋਂ ਦੀਆਂ ਚੀਜ਼ਾਂ ਲੈਣ ਜਾਂ ਸ਼ਰੀਕੇ-ਭਾਈਚਾਰੇ ਨੂੰ ਮਿਲਣ ਕਈ ਵਾਰ ਉਹਨੂੰ ਪਿੰਡ ਤੱਕ ਦਿਹਾੜੀ ਦੇ ਦੋ ਚੱਕਰ ਵੀ ਮਾਰਨੇ ਪੈਂਦੇ ਸਨ ਪਰ ਆਪਣਾ ਕੰਮ ਉਹ ਕਦੇ ਕਿਸੇ ਨੂੰਹ-ਪੁੱਤ ਜਾਂ ਪੋਤਰੇ ਨੂੰ ਨਾ ਦੱਸਦੀ। ਜਦੋਂ ਕਦੇ ਉਹ ਸ਼ਹਿਰ ਆੜ੍ਹਤੀਏ ਤੱਕ ਜਾਂਦੀ ਤਾਂ ਨੂਰਦੀ ਅੱਡੇ ਤੋਂ ਤੁਰ ਕੇ ਹੀ ਦਾਣਾ-ਮੰਡੀ ਪਹੁੰਚਦੀ ਤੇ ਵਾਪਸ ਮੁੜਦੀ, ਕਦੇ ਵੀ ਰਿਕਸ਼ਾ ਨਾ ਲੈਂਦੀ। ਮਿਹਨਤ ਜਿਵੇਂ ਉਹਦੇ ਹੱਡਾਂ ਵਿੱਚ ਰਚ ਗਈ ਸੀ। ਉਹ ਤੜ੍ਹਕੇ ਉੱਠ ਬਹਿੰਦੀ, ਬਾਪੂ ਹਲ਼ ਜੋਤ ਕੇ ਖੇਤਾਂ ਨੂੰ ਚਲਾ ਜਾਂਦਾ, ਉਹ ਮਾਲ-ਡੰਗਰ ਨੂੰ ਪੱਠਾ-ਦੱਥਾ ਪਾ ਕੇ ਦੁੱਧ ਰਿੜਕਦੀ ਤੇ ਬੜੀ ਮਧੁਰ ਅਵਾਜ਼ ਵਿੱਚ ਜਪੁਜੀ ਸਾਹਿਬ ਦਾ ਪਾਠ ਕਰਦੀ। ਸਹਿਜ-ਸੁਭਾਅ ਨਾਲ ਅਸੀਂ ਉੱਠਦੇ, ਚਾਹ-ਪਾਣੀ ਛਕਦੇ ਤੇ ਤਿਆਰ ਹੋ ਕੇ ਸਕੂਲ ਚਲੇ ਜਾਂਦੇ ਪਰ ਮਾਂ ਰੋਟੀ-ਟੁੱਕ ਦੇ ਆਹਰ ਤੋਂ ਵਿਹਲੀ ਹੋ ਕੇ ਮਸ਼ੀਨ ਰੱਖ ਕੇ ਕੱਪੜੇ ਸੀਊਣ ਲੱਗ

ਪੈਂਦੀ। ਰਾਤ ਨੂੰ ਚੁੱਲ੍ਹੇ-ਚੌਂਕੇ ਤੋਂ ਵਿਹਲੀ ਹੋ ਕੇ ਸਭ ਦੇ ਬਿਸਤਰ ਵਿਛਾਉਂਦੀ ਤੇ ਸੌਣ ਲੱਗਿਆਂ ਸਾਨੂੰ ਬਾਤਾਂ ਸੁਣਾਉਂਦੀ ਤੇ ਨੀਂਦ ਆਉਣ ਤੋਂ ਪਹਿਲਾਂ 'ਤਾਤੀ ਵਾਓ ਨਾ ਲਾਗਈ...... ਵਾਲਾ ਸ਼ਬਦ ਦੋ-ਤਿੰਨ ਵਾਰ ਪੜ੍ਹਦੀ। ਕਦੇ 2 ਮਾਂ ਸਾਨੂੰ ਸਿੱਖ ਇਤਿਹਾਸ ਚੋਂ ਸਾਖੀਆਂ ਸੁਣਾਉਂਦੀ , ਸੱਚ ਤੇ ਪਹਿਰਾ ਦੇਣ, ਦਸਾਂ ਨਹੁੰਆਂ ਦੀ ਕਿਰਤ ਕਰਨ, ਆਪ ਤੋਂ ਮਾੜੇ ਦੀ ਮਦਦ ਕਰਨ, ਹੇਰਾਫੇਰੀ ਤੇ ਬੇ-ਇਮਾਨੀ ਨਾ ਕਰਨ, ਚੋਰੀ, ਠੱਗੀ, ਝੂਠ-ਫ਼ਰੇਬ ਤੇ ਚੁਗਲੀ-ਨਿੰਦਿਆ ਤੋਂ ਬਚ ਕੇ ਰਹਿਣ ਦੀ ਸਿੱਖਿਆ ਦੇਂਦੀ। ਅਗਲੇ ਦਿਨ ਤੋਂ ਉਹਦਾ ਫਿਰ ਓਹੀ ਕਾਰਜਕ੍ਰਮ ਸ਼ੁਰੂ ਹੋ ਜਾਂਦਾ। ਸਖ਼ਤ ਮਿਹਨਤ ਕਾਰਨ ਉਹਦੀ ਸਿਹਤ ਬੜੀ ਤੰਦਰੁਸਤ ਸੀ। ਸਿਰ-ਪੀੜ ਤੋਂ ਬਿਨਾਂ ਕਦੇ ਕੋਈ ਹੋਰ ਹਰਜ-ਮਰਜ ਉਹਨੂੰ ਹੋਈ ਮੈਂ ਘੱਟ ਹੀ ਕਦੇ ਦੇਖੀ ਸੀ। ਨਿੱਕੀ-ਮੋਟੀ ਅਹੁਰ ਦਾ ਓਹੜ-ਪੋਹੜ ਉਹ ਡਾਕਟਰ ਕੋਲ ਜਾਣ ਦੀ ਥਾਂ ਘਰ ਹੀ ਕਰ ਲੈਂਦੀ ਸੀ।

ਮੈਨੂੰ ਸਰਕਾਰੀ ਨੌਂਕਰੀ ਮਿਲੀ ਤਾਂ ਘਰੋਂ 50 ਕਿਲੋਮੀਟਰ ਦੂਰ ਰਹਿਣਾ ਪਿਆ ਤੇ ਮੈਂ ਆਪਣੇ ਮਾਂ-ਬਾਪ ਦਾ ਮਾਇਕ ਬੋਝ ਹਲਕਾ ਕਰਨ ਤੋਂ ਬਿਨਾਂ ਹੋਰ ਕੋਈ ਸੇਵਾ ਨਾ ਕਰ ਸਕਿਆ। ਜਦੋਂ ਘਰ ਦੇ ਨੇੜੇ ਬਦਲੀ ਹੋਈ ਤਾਂ ਪੰਜਾਬ ਦੇ ਪਿੰਡਾਂ ਦੇ ਹਲਾਤ ਬਦ ਤੋਂ ਬਦਤਰ ਹੋ ਗਏ। ਦਹਿਸ਼ਤ-ਪਸੰਦੀ ਦੇ ਦੌਰ ਵਿੱਚ ਖੱਬੇ-ਪੱਖੀਆਂ ਵੱਲ ਝੁਕਾਅ ਹੋਣ ਕਾਰਨ ਮੈਨੂੰ ਆਪਣੀ ਰਿਹਾਇਸ਼ ਬਦਲ ਕੇ ਤਰਨਤਾਰਨ ਆਉਣਾ ਪਿਆ ਤੇ ਮਾਂ-ਬਾਪ ਦੀ ਸੇਵਾ ਦਾ ਮੌਕਾ ਫਿਰ ਮੇਰੇ ਹੱਥੋਂ ਨਿੱਕਲ ਗਿਆ। ਜਰਾ ਹਲਾਤ ਸੁਧਰੇ ਤਾਂ ਮਾਂ ਪਿੱਤੇ ਦੀ ਪੱਥਰੀ ਦਾ ਸ਼ਿਕਾਰ ਹੋ ਗਈ। ਉਹਨੇ ਇਸ ਤਕਲੀਫ਼ ਦੀ ਕਿਸੇ ਨੂੰ ਭਿਣਕ ਤੱਕ ਨਾ ਪੈਣ ਦਿੱਤੀ। ਜਦੋਂ ਕਦੇ ਦਰਦ ਹੁੰਦੀ, ਪਿੰਡ ਵਾਲੇ ਡਾਕਟਰ ਤੋਂ ਦਰਦ ਦੀ ਗੋਲੀ ਲੈ ਆਉਂਦੀ, ਖਾ ਕੇ, ਚਾਹ ਪੀ ਲੈਂਦੀ, ਘੜੀ-ਪਲ ਆਰਾਮ ਕਰਦੀ ਤੇ ਮੁੜ ਕੋਹਲੂ ਦੇ ਬੈਲ ਵਾਂਗ ਕੰਮ 'ਚ ਰੁੱਝ ਜਾਂਦੀ। ਜੇ ਨੂੰਹਾਂ ਉਹਨੂੰ ਕੰਮ ਤੋਂ ਵਰਜਦੀਆਂ ਤਾਂ ਕਹਿੰਦੀ, " ਵਿਹਲੇ ਰਿਹਾਂ ਸਰੀਰ ਨਿਕੰਮਾ ਹੋ ਜਾਂਦਾ।" ਚੌਂਕਾ ਛੱਡਦੀ ਤਾਂ ਬਾਲਾਂ ਨੂੰ ਸਵਾਲ ਸਮਝਾਉਣ ਲੱਗ ਪੈਂਦੀ। ਮੈਨੂੰ ਵੀ ਜੇ ਛੋਟੇ ਹੁੰਦਿਆਂ ਉਹਨੇ ਸਬਕ ਯਾਦ ਨਾ ਕਰਾਏ ਹੁੰਦੇ ਤਾਂ ਕਦੇ ਮੇਰੇ ਚੰਗੇ ਨੰਬਰ ਨਾ ਆਉਂਦੇ, ਨਾ ਹੀ ਮੈਂ ਕਦੇ ਮਾਸਟਰ ਦੀ ਕੁਰਸੀ ਤੱਕ ਪਹੁੰਚ ਸਕਦਾ।

ਸਤੰਬਰ 1999 ਤੱਕ ਮਾਂ ਦੇ ਪਿੱਤੇ ਦੀ ਪੱਥਰੀ ਵਾਲਾ ਰੋਗ ਵਧ ਕੇ ਕੈਂਸਰ ਦੀ ਨਾ-ਮੁਰਾਦ ਬਿਮਾਰੀ ਵਿੱਚ ਤਬਦੀਲ ਹੋ ਗਿਆ ਤੇ ਇਹਦਾ ਪਤਾ ਵੀ ਸਾਨੂੰ ਉਹਦੇ ਚਲੇ ਜਾਣ ਤੋਂ ਢਾਈ ਕੁ ਮਹੀਨੇ ਪਹਿਲਾਂ ਹੀ ਲੱਗਾ। ਡਾਕਟਰ ਮਹਿਤੇ ਨੇ ਕੋਈ ਲੁਕਾਅ ਨਹੀਂ ਸੀ ਰੱਖਿਆ। ਉਹਨੇ ਸਪਸ਼ਟ ਕਰ ਦਿੱਤਾ ਸੀ ਕਿ ਇਹਨਾਂ ਦਾ ਅੰਤਲਾ ਸਮਾਂ ਨੇੜੇ ਆ ਗਿਆ ਹੈ ਤੇ ਇਸ ਸਟੇਜ ਤੇ ਜੀਵਨ ਬਚਾਉਣ ਦਾ ਕੋਈ ਵੀ ਉਪਾਅ ਕਾਰਗਰ ਨਹੀਂ ਹੈ। ਇਸ ਲਈ ਉਹ ਮਾਂ ਨੂੰ ਅਲਾਮਤਾਂ ਮੁਤਾਬਕ ਦਵਾਈ ਦੇਂਦਾ ਰਿਹਾ ਸੀ। ਪਿਛਲੀ ਵਾਰ ਤਾਂ

ਉਹਨੇ ਕਹਿ ਹੀ ਦਿੱਤਾ ਸੀ ਕਿ ਸ਼ਾਇਦ ਹੀ ਮਾਤਾ ਦੀਵਾਲੀ ਵੇਖੇ। ਸੁਣ ਕੇ ਮੈਂ ਕੰਬ ਉੱਠਿਆ ਸਾਂ ਪਰ ਜਲਦੀ ਹੀ ਸੰਭਲ ਗਿਆ ਸਾਂ। ਅੱਜ ਫਿਰ ਪੰਦਰਾਂ ਦਿਨਾਂ ਬਾਅਦ ਮੈਂ ਮਾਂ ਨੂੰ ਡਾਕਟਰ ਕੋਲ ਲਿਜਾਣਾ ਸੀ। ਸੋਚਿਆ ਚਲੋ ਡਾਕਟਰ ਦੇ ਬਹਿਣ ਤੱਕ ਸਕੂਲੋਂ ਹੋ ਆਉਂਦਾ ਹਾਂ, ਅੱਧੀ ਛੁੱਟੀ ਲੈ ਲਵਾਂਗਾ ਤੇ ਅੱਧੀ ਬਚ ਜਾਵੇਗੀ। ਸਕੂਲ ਗਿਆ ਤਾਂ ਮੁੱਖ-ਅਧਿਆਪਕ ਨੇ ਹਮਦਰਦੀ ਵਜੋਂ ਮੇਰੀ ਛੁੱਟੀ ਬਚਾਉਣ ਲਈ ਬੈਂਕ ਜਾਣ ਦੀ ਡਿਊਟੀ ਪਾ ਦਿੱਤੀ। ਬੈਂਕ 'ਚ ਭੀੜ ਹੋਣ ਕਰਕੇ ਮੈਂ ਘਰ ਮੁੜਨ 'ਚ ਲੇਟ ਹੋ ਗਿਆ ਤੇ ਮੇਰੇ ਆਉਣ ਤੱਕ ਮਾਂ ਮੈਨੂੰ ਉਡੀਕਦੀ ਅੰਤਲੇ ਸਫ਼ਰ ਤੇ ਰਵਾਨਾ ਹੋ ਚੁੱਕੀ ਸੀ। ਇਹ 9 ਨਵੰਬਰ 1999 ਦਾ ਅਭਾਗਾ ਦਿਨ ਸੀ। ਹੁਣ ਤੱਕ ਮੈਨੂੰ ਬਚ ਗਈ ਉਸ ਅੱਧੀ ਛੁੱਟੀ ਦਾ ਬੇਹੱਦ ਅਫ਼ਸੋਸ ਹੈ।

# ਬਾਪੂ (ਪਿਤਾ ਜੀ) ਦਾ ਤੁਰ ਜਾਣਾ

ਬਾਪੂ ਪਿੰਡ ਨੂੰ ਨਹੀਂ ਛੱਡ ਸਕਦਾ ਸੀ। ਸ਼ਹਿਰ 'ਚ ਉਹਦਾ ਜੀਅ ਹੀ ਨਹੀਂ ਸੀ ਲਗਦਾ। ਉਹ ਪਿੰਡ 'ਚ ਜੰਮਿਆਂ-ਪਲਿਆ ਸੀ, ਪਿੰਡ ਦੇ ਖੇਤਾਂ 'ਚ ਮਿੱਟੀ ਨਾਲ ਮਿੱਟੀ ਹੋ ਕੇ ਜਵਾਨ ਹੋਇਆ ਤੇ ਇਸੇ ਮਿੱਟੀ ਦੀ ਬਰਕਤ ਨਾਲ ਪਰਿਵਾਰ ਪਾਲਦਾ ਬੁੱਢਾ ਹੋਇਆ ਸੀ। ਉਹਨੇ ਸਾਰੀ ਉਮਰਾ ਬਾਬੇ ਨਾਨਕ ਦੇ ਸਿਧਾਂਤ 'ਕਿਰਤ ਕਰੋ' ਦੇ ਲੇਖੇ ਲਾ ਦਿੱਤੀ ਸੀ। ਉਹ ਵਰ੍ਹੇ-ਛਿਮਾਹੀ ਬਾਅਦ ਹੀ ਕਿਤੇ ਗੁਰਦੁਆਰੇ ਜਾਂਦਾ ਸੀ ਪਰ ਹਲ਼ ਜੋਤਣ ਵੇਲੇ ਜ਼ਰੂਰ ਰੱਬ ਨੂੰ ਯਾਦ ਕਰਦਾ ਸੀ। ਉਂਜ ਇਹ ਵੀ ਦੱਸਦਾ ਹੁੰਦਾ ਸੀ ਕਿ ਛੋਟੇ ਹੁੰਦਿਆਂ ਗੁਰਪੁਰਬ ਵਾਲੇ ਨਗਰ-ਕੀਰਤਨ 'ਚ ਹਰ ਸਾਲ ਉਹ ਆਪਣੇ ਸਾਥੀਆਂ ਨਾਲ ਮਿਲ ਕੇ ਢੋਲਕੀ-ਛੈਣਿਆਂ ਨਾਲ ਗੁਰਬਾਣੀ ਦੇ ਸ਼ਬਦ ਉੱਚੀ ਹੇਕ ਨਾਲ ਗਾਉਂਦਾ ਹੁੰਦਾ ਸੀ। ਜਦੋਂ ਕਦੇ ਉਹ ਵਜਦ 'ਚ ਹੁੰਦਾ ਸੀ ਤਾਂ 'ਅੰਮ੍ਰਿਤ ਵੇਲੇ ਬੋਲਿਆ ਬੰਬੀਹਾ....' ਵਾਲਾ ਸ਼ਬਦ ਉਸੇ ਸਵਰ 'ਚ ਸੁਣਾ ਵੀ ਦੇਂਦਾ ਸੀ। ਵਿਹਲੜ ਸਾਧਾਂ ਦੇ ਉਹ ਬੜਾ ਖ਼ਿਲਾਫ਼ ਸੀ, ਜਦੋਂ ਵੀ ਕੋਈ ਬਾਹਰੋਂ ਉਗਰਾਹੀ ਕਰਨ ਆਉਂਦਾ ਤਾਂ ਉਹ ਪਿੰਡ ਦੇ ਸਾਂਝੇ ਗੁਰਦੁਆਰੇ ਬਾਬਾ ਰਾਮ ਜੋਗੀ ਪੀਰ ਵੱਲ ਹੱਥ ਕਰਕੇ ਕਹਿ ਦੇਂਦਾ, "ਭਾਈ! ਜਦੋਂ ਤੱਕ ਸਾਡਾ ਆਪਣਾ ਗੁਰਦੁਆਰਾ ਨਹੀਂ ਬਣ ਜਾਂਦਾ, ਅਸੀਂ ਕਿਸੇ ਨੂੰ ਉਗਰਾਹੀ ਨਹੀਂ ਦੇਣੀ।" ਹਰ ਵਾਰ ਹਾੜ੍ਹੀ-ਸਾਉਣੀ ਫ਼ਸਲ ਆਉਣ ਤੇ ਉਹ ਸਮਰੱਥਾ ਮੁਤਾਬਕ ਬਾਬੇ ਦਾ ਹਿੱਸਾ ਕੱਢ ਕੇ ਗੁਰਦੁਆਰੇ ਚੜ੍ਹਾ ਆਉਂਦਾ ਸੀ।

ਉਹਦੀ ਜ਼ਿੰਦਗੀ ਜ਼ਮੀਨ ਨਾਲ ਜੁੜੀ ਹੋਈ ਸੀ ਤੇ ਜ਼ਮੀਨ ਹੀ ਉਹਦੇ ਲਈ ਵੱਡੀ ਜਾਇਦਾਦ ਸੀ। ਅੱਖਰ-ਗਿਆਨ ਤੋਂ ਭਾਵੇਂ ਕੋਰਾ ਸੀ ਪਰ ਕਿੱਤਾ-ਵਿਦਿਆ 'ਚ ਪੂਰਾ ਪ੍ਰਬੀਨ ਸੀ, ਖੇਤੀ-ਵਾਹੀ ਦੇ ਸਾਰੇ ਧੰਦੇ ਤੇ ਕਸਬ ਉਹਦੀਆਂ ਉਂਗਲਾਂ ਤੇ ਚੜ੍ਹੇ ਹੋਏ ਸਨ। ਖੇਤੀ ਨਾਲ ਸਬੰਧਤ ਰੱਸੇ-ਪੈੜੇ ਵੱਟਣ ਦਾ ਉਹ ਮਾਹਰ ਸੀ ਤੇ ਆਂਢ-ਗਵਾਂਢ ਦੇ ਵੀ ਕੰਮ ਅਉਂਦਾ ਸੀ। ਵਿਦਿਆ ਦਾ ਚਾਨਣ ਉਹਦੇ ਵੇਲੇ ਅਜੇ ਪਿੰਡ ਦੀ ਜੂਹ ਤੱਕ ਨਹੀਂ ਸੀ ਪਹੁੰਚਿਆ। ਇਸ ਕਰਕੇ ਉਹਦੇ ਪਿਉ-ਦਾਦੇ, ਚਾਚੇ-ਤਾਏ ਤੇ ਭਰਾ-ਭੈਣਾਂ ਸਭ ਅਨਪੜ੍ਹ ਸਨ। ਉਹ ਤਾਂ ਚਾਹੁੰਦਾ ਸੀ ਕਿ ਆਪਣੇ ਬੱਚਿਆਂ ਨੂੰ ਵੀ ਖੇਤਾਂ ਦੇ ਪੁੱਤ ਬਣਾਏ ਤੇ ਖ਼ੂਬ ਕਮਾਈ ਕਰਕੇ ਹੋਰ ਜ਼ਮੀਨ ਖ਼ਰੀਦੇ। ਪਰ ਬੱਚਿਆਂ ਨੂੰ ਪੜ੍ਹਾਉਣ ਦੀ ਮਾਂ ਦੀ ਜ਼ਿਦ ਅੱਗੇ

ਉਹਦੀ ਪੇਸ਼ ਨਾ ਗਈ। ਜਦੋਂ ਅਸੀਂ ਪੜ੍ਹ ਕੇ ਨੌਂਕਰੀ ਤੇ ਲੱਗ ਗਏ ਤੇ ਵਿਆਹ-ਸ਼ਾਦੀਆਂ ਹੋ ਗਈਆਂ ਤਾਂ ਉਹਨੂੰ ਕੁਝ ਸੁਖ ਦਾ ਸਾਹ ਆਇਆ ਤੇ ਉਹ ਸ਼ਾਮ ਨੂੰ ਮੂਡ ਬਣਾ ਕੇ ਢੋਲੇ ਗਾਉਣ ਲੱਗ ਪਿਆ, ਸ਼ਾਇਦ ਔਲਾਦ ਪ੍ਰਤੀ ਉਹਦੇ ਮਨ ਦੇ ਸੁਪਨੇ ਪੂਰੇ ਹੋ ਗਏ ਹੋਣ। ਉਹਦੇ ਦੋ ਪੁੱਤ ਫੌਜੀ ਸਨ, ਮੂਡ ਬਣਾਉਣ ਜੋਗੀ ਰੰਮ ਅਕਸਰ ਉਹਨੂੰ ਮਿਲ ਜਾਂਦੀ ਸੀ।

ਇਹ ਮਾਪਿਆਂ ਦੇ ਸੁਖ ਲੈਣ ਦਾ ਸਮਾਂ ਸੀ ਤੇ ਸਾਡੀ ਜ਼ਿੰਮੇਵਾਰੀ ਉਹਨਾਂ ਦੀ ਸੇਵਾ ਕਰਨਾ ਸੀ। ਪਰ ਮੰਦੇ ਭਾਗਾਂ ਨੂੰ ਪੰਜਾਬ ਦੇ ਹਲਾਤ ਦਿਨੋ-ਦਿਨ ਵਿਗੜਦੇ ਗਏ ਤੇ ਏ.ਕੇ. ਸੰਤਾਲੀਆਂ ਦੀ ਛਾਂ ਹੇਠ ਦਹਿਸ਼ਤ ਦਾ ਬੋਲਬਾਲਾ ਵਧ ਗਿਆ। ਬਾਰਡਰ ਤੋਂ ਬਦਲੀ ਤਾਂ ਮੈਂ ਘਰ ਰਹਿ ਕੇ ਮਾਂ-ਪਿਉ ਦੀ ਸੇਵਾ ਕਰਨ ਤੇ ਵੱਡੇ ਭਰਾ ਦੀ ਖੇਤੀ ਨਾਲ ਕੋਈ ਹੋਰ ਸਹਾਇਕ ਧੰਦੇ ਚਲਾਉਣ ਦੀ ਨੀਅਤ ਨਾਲ ਕਰਾਈ ਸੀ ਪਰ ਜਾਨੀ-ਖ਼ਤਰੇ ਨੂੰ ਭਾਂਪਦਿਆਂ ਜਲਦੀ ਹੀ ਮੈਨੂੰ ਰਿਹਾਇਸ਼ ਬਦਲ ਕੇ ਤਰਨਤਾਰਨ ਸ਼ਹਿਰ ਲਿਜਾਣੀ ਪਈ ਤੇ ਸੇਵਾ ਦਾ ਇਹ ਮੌਕਾ ਮੇਰੇ ਹੱਥੋਂ ਨਿੱਕਲ ਗਿਆ। ਆਪਣੇ ਫ਼ਰਜ਼ ਦੀ ਪੂਰਤੀ ਲਈ ਮੈਂ ਵੇਲੇ-ਕੁਵੇਲੇ ਪਿੰਡ ਜਾਂਦਾ ਰਿਹਾ ਤੇ ਮਾਂ-ਬਾਪ ਨੂੰ ਜਿਹੜੀ ਚੀਜ਼ ਦੀ ਲੋੜ ਹੁੰਦੀ ਦੇ ਆਉਂਦਾ ਸਾਂ। ਪਰ ਮੇਰੇ ਘਰੋਂ ਬਾਹਰ ਆਉਣ ਦਾ ਸਭ ਤੋਂ ਮਾੜਾ ਪ੍ਰਭਾਵ ਵੱਡੇ ਭਰਾ ਦੇ ਬੱਚਿਆਂ ਤੇ ਪਿਆ। ਮੈਂ ਸ਼ਹਿਰ ਰਹਿ ਕੇ ਉਹਨਾਂ ਨੂੰ ਸਹੀ ਅਗਵਾਈ ਨਹੀਂ ਦੇ ਸਕਿਆ ਜਾਂ ਉਹਨਾਂ ਪ੍ਰਵਾਨ ਨਾ ਕੀਤੀ ਤੇ ਸਿੱਟੇ ਵਜੋਂ ਉਹ ਕਿਸੇ ਚੰਗੇ ਰੋਜ਼ਗਾਰ ਤੇ ਲੱਗਣ ਦੀ ਥਾਂ ਵਿਹਲੜ ਤੇ ਕੰਮਚੋਰ ਬਣ ਗਏ। ਇੱਕ ਸਾਧੂ ਸੁਭਾਅ ਵਾਲੇ ਕਿਰਤੀ ਬੰਦੇ, ਜੀਹਨੇ ਫੱਟੀ-ਬਸਤਾ ਫੜਨ ਦੀ ਉਮਰੇ ਹਲ਼ ਦੀ ਜੰਘੀ ਫੜ ਕੇ ਸਾਰੀ ਉਮਰ ਬਾਪ ਨਾਲ ਖੇਤਾਂ ਦੀ ਖ਼ਾਕ ਛਾਣੀ ਸੀ ਤੇ ਜਿਸ ਦੀ ਮਿਹਰਬਾਨੀ ਨਾਲ ਛੋਟੇ ਭਰਾ ਪੜ੍ਹਾਈ ਕਰਕੇ ਨੌਂਕਰੀਆਂ ਹਾਸਲ ਕਰ ਗਏ ਸਨ, ਦੇ ਆਪਣੇ ਬੱਚੇ ਕਿਸੇ ਢੁਕਵੇਂ ਰੋਜ਼ਗਾਰ ਤੇ ਨਹੀਂ ਲੱਗ ਸਕੇ। ਇਹ ਗੱਲ ਕਈ ਵਾਰ ਮੇਰੇ ਮਨ ਵਿੱਚ ਕੰਡੇ ਵਾਂਗ ਚੁਭਦੀ ਹੈ।

ਫਿਰ ਉਹ ਸਮਾਂ ਆਇਆ ਜਦੋਂ ਸਾਰੇ ਭਰਾਵਾਂ ਨੇ ਆਪਣੀ 2 ਵਾਹਲ ਆਪ ਚੁੱਕ ਲਈ ਤੇ ਚੁੱਲ੍ਹੇ ਅੱਡ 2 ਹੋ ਗਏ। ਮਾਂ ਤੇ ਬਾਪੂ ਛੋਟੇ ਫੌਜੀ ਨਾਲ ਹੋ ਗਏ। ਅੱਡ ਕਰਕੇ ਉਹ ਦਿਲੋਂ ਖ਼ੁਸ਼ ਨਹੀਂ ਸਨ, ਉਹ ਜੀਊਂਦੇ-ਜੀਅ ਮੁੱਠੀ ਬੰਦ ਰੱਖਣੀ ਚਾਹੁੰਦੇ ਸਨ ਪਰ ਪੁੱਤਾਂ-ਨੂੰਹਾਂ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿੱਤੀ। ਇਹ ਜੱਗ-ਹੁੰਦੜਾ ਖੇਲ ਸੀ, ਕੋਈ ਅਲੋਕਾਰ ਗੱਲ ਨਹੀਂ ਸੀ। ਮਾਂ ਭਾਵੇਂ ਛੋਟੇ ਨਾਲ ਈ ਸੀ ਪਰ ਕਿਸੇ ਨੂੰ ਵੀ ਹੱਟੀ-ਭੱਠੀ ਪਿੰਡ ਜਾਣ ਦੀ ਲੋੜ ਪੈਂਦੀ ਤਾਂ ਉਹ ਝੱਟਪੱਟ ਪਿੰਡ ਨੂੰ ਤੁਰ ਪੈਂਦੀ, ਕਿਸੇ ਨੂੰ ਨਾਂਹ ਨਾ ਕਰਦੀ। ਬਾਪੂ ਨੇ ਵਾਹੀ ਖੇਤੀ ਦੇ ਕੰਮ ਤੋਂ ਸੇਵਾ-ਮੁਕਤੀ ਲੈ ਲਈ ਸੀ। ਹੁਣ ਉਹ ਆਪਣੀ ਮਰਜੀ ਨਾਲ ਹੀ ਡੰਗਰ-ਵੱਛਾ ਧੁੱਪੇ-ਛਾਵੇਂ ਕਰਦਾ ਸੀ, ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹਨੂੰ ਕੰਮ

ਕਰਨ ਲਈ ਕਹੇ। ਮੰਜਾ ਡਾਹ ਕੇ ਉਹ ਹਵੇਲੀ ਦੇ ਬਾਹਰ ਬੈਠਾ ਜਾਂ ਲੇਟਿਆ ਰਹਿੰਦਾ। ਆਂਢ-ਗਵਾਂਢ ਤੋਂ ਕੋਈ ਨਾ ਕੋਈ ਉਹਦਾ ਜਾਣੂੰ-ਪਛਾਣੂੰ ਜਾਂ ਹਾਣ-ਪਰਵਾਣ ਦਾ ਉਹਦੇ ਕੋਲ ਆ ਬਹਿੰਦਾ ਤੇ ਉਹ ਕਿੰਨਾ 2 ਚਿਰ ਬੀਤੇ ਦੀਆਂ ਗੱਲਾਂ ਕਰਦੇ ਰਹਿੰਦੇ। ਕਿਸੇ ਨੂੰ ਚਾਹ-ਪਾਣੀ ਮੰਗਵਾ ਕੇ ਪਿਆ ਦੇਂਦਾ ਤੇ ਕਿਸੇ ਨੂੰ ਫੋਕੀ ਸੁਲ੍ਹਾ ਮਾਰ ਕੇ ਤੋਰ ਦੇਂਦਾ।

ਸ਼ਾਮ ਪੈਂਦਿਆਂ ਹੀ ਆਪਣਾ ਬਿਸਤਰਾ ਵਿਛਾ ਲੈਂਦਾ, ਜਦ ਕਦੇ ਜੀਅ ਕਰਦਾ ਤਾਂ ਰੰਮ ਦਾ ਪੈੱਗ ਮਾਰ ਕੇ 'ਗੁਰੂ ਅਰਜਣ ਦੇ ਸਿਰ ਤੇ ਛਤਰ ਪ੍ਰਮੇਸ਼ਰ ਨੇ ਦੀਤਾ' ਤੇ 'ਅੰਮ੍ਰਿਤ ਵੇਲੇ ਬੋਲਿਆ ਬੰਬੀਹਾ' ਦੇ ਸ਼ਬਦ ਉੱਚੀ ਹੇਕ ਨਾਲ ਬੜੇ ਸੁਰਬੱਧ ਤਰੀਕੇ ਨਾਲ ਗਾਉਂਦਾ। ਮੈਂ ਹਫ਼ਤੇ ਦਸੀਂ ਦਿਨੀਂ ਪਿੰਡ ਉਹਨਾਂ ਨੂੰ ਮਿਲਣ ਜਾਂਦਾ ਤਾਂ ਗਰਮੀਆਂ 'ਚ ਠੰਢੀਆਂ ਚੀਜ਼ਾਂ ਤੇ ਸਰਦੀਆਂ 'ਚ ਗਰਮ, ਗਿਰੀਆਂ-ਛੁਹਾਰੇ ਜਾਂ ਮਨੱਕੇ ਆਦਿ ਤੇ ਫ਼ਤੂਹੀ ਦੇ ਬੋਝੇ 'ਚ ਪਾਉਣ ਲਈ ਕੁਝ ਰੁਪਈਏ ਉਹਨੂੰ ਦੇ ਆਉਂਦਾ। ਉਹਦੀ ਖ਼ੁਸ਼ੀ ਹੱਦਾਂ-ਬੰਨੇ ਟੱਪ ਜਾਂਦੀ। ਜੇ ਕਿਧਰੇ ਕਿਸੇ ਕਾਰਨ ਮੈਂ ਪਿੰਡ ਜਾਣ ਤੋਂ ਖੁੰਝ ਜਾਂਦਾ ਤਾਂ ਉਹਦੀਆਂ ਗਾਲ੍ਹਾਂ ਸੁਣਨ ਨੂੰ ਮਿਲਦੀਆਂ। ਗਾਲ੍ਹ ਉਹ ਬੜੀ ਟਿਕਾ ਕੇ ਕੱਢਦਾ ਸੀ। ਮੇਰਾ ਮਿੱਤਰ ਹਰਭਜਨ ਸੰਧੂ ਤਾਂ ਉਚੇਚਾ ਉਹਦੀਆਂ ਗਾਲ੍ਹਾਂ ਸੁਣਨ ਹੀ ਪਿੰਡ ਆਉਂਦਾ ਸੀ। ਉਹ ਸਹਿਜੇ 2 ਉਹਨੂੰ ਛੇੜਦਾ, ਮੇਰੇ ਖ਼ਿਲਾਫ਼ ਭੜਕਾਉਂਦਾ ਤੇ ਫਿਰ ਉਹਤੋਂ ਮੈਨੂੰ ਗਾਲ੍ਹਾਂ ਕਢਾ ਕੇ ਮੁਸ਼ਕੜੀਆਂ 'ਚ ਹੱਸਦਾ। ਪਹਿਲਾਂ 2 ਤਾਂ ਅਸੀਂ ਗੁੱਸਾ ਕਰ ਲੈਂਦੇ ਸਾਂ ਪਰ ਬਾਅਦ 'ਚ ਸਾਨੂੰ ਵੀ ਸੁਣ ਕੇ ਹੱਸ ਛੱਡਣ ਦੀ ਆਦਤ ਪੈ ਗਈ ਸੀ। ਇਹ ਜ਼ਿੰਦਗੀ ਦਾ ਸੁਨਹਿਰੀ ਸਮਾਂ ਸੀ।

1999 ਵਿੱਚ ਮਾਂ ਦਾ ਪਿੱਤੇ ਦੀ ਪੱਥਰੀ ਦਾ ਰੋਗ ਵਧ ਕੇ ਲਿਵਰ ਦੀ ਕੈਂਸਰ 'ਚ ਤਬਦੀਲ ਹੋ ਗਿਆ। ਇਸ ਦਾ ਪਤਾ ਵੀ ਉਦੋਂ ਹੀ ਲੱਗਾ ਜਦੋਂ ਇਹ ਤੀਸਰੀ ਸਟੇਜ ਤੇ ਪਹੁੰਚ ਚੁੱਕਾ ਸੀ। ਡਾਕਟਰ ਦੇ ਕਹਿਣ ਮੁਤਾਬਕ ਹੁਣ ਸਾਡੇ ਕੋਲ ਸਿਰਫ ਸੇਵਾ ਕਰਨ ਦਾ ਵਕਤ ਹੀ ਬਚਿਆ ਸੀ। ਨੂੰਹਾਂ-ਪੁਤਾਂ ਤੋਂ ਤਿੰਨ ਕੁ ਮਹੀਨੇ ਦੀ ਸੇਵਾ ਕਰਵਾ ਕੇ ਮਾਂ ਸਾਨੂੰ ਸਦੀਵੀ ਵਿਛੋੜਾ ਦੇ ਗਈ। ਬਾਪੂ ਦੀਆਂ ਖ਼ੁਸ਼ੀਆ ਤੇ ਵੀ ਜਿਵੇਂ ਕਿਸੇ ਡਾਕਾ ਮਾਰ ਲਿਆ ਹੋਵੇ, ਪੰਛੀਆਂ ਦੀ ਡਾਰ ਚੋਂ ਜਿਵੇਂ ਇੱਕ ਕਿਸੇ ਸ਼ਿਕਾਰੀ ਦੀ ਗੋਲੀ ਦਾ ਸ਼ਿਕਾਰ ਹੋ ਜਾਵੇ, ਬਾਪੂ ਨੂੰ ਇਕਲਾਪਾ ਹੰਡਾਉਣਾ ਪਿਆ। ਸਾਲੋ-ਸਾਲ ਉਹਦੀ ਸਿਹਤ ਕਮਜ਼ੋਰ ਹੁੰਦੀ ਗਈ ਤੇ ਸੱਤ ਸਾਲ ਬਾਅਦ 2006 ਵਿੱਚ ਉਹ ਗੁਰੂ ਸਾਹਿਬ ਦੇ 'ਘੱਲੇ ਆਵੇ ਨਾਨਕਾ ਸੱਦੇ ਉਠੀ ਜਾਇ' ਦੇ ਬਚਨ ਅਨੁਸਾਰ ਸਾਨੂੰ ਅਲਵਿਦਾ ਕਹਿ ਗਿਆ। ਮਾਂ-ਪਿਉ ਜਿਹੜੇ ਸੁਪਨਿਆਂ ਨੂੰ ਮਨ 'ਚ ਰੱਖ ਕੇ ਬੱਚਿਆਂ ਨੂੰ ਪਾਲਦੇ, ਪੜ੍ਹਾਉਂਦੇ ਤੇ ਸਿਰੇ ਚਾੜ੍ਹਦੇ ਹਨ, ਉਹਨਾਂ ਦੇ ਪੂਰੇ ਹੋਣ ਦੀ ਇਸ ਕਸਵੱਟੀ ਤੇ ਪਤਾ ਨਹੀਂ ਮੈਂ ਕਿੰਨਾ ਕੁ ਪੂਰਾ ਉੱਤਰਿਆ ਹੋਵਾਂ, ਪਰ ਹਾਲਤਾਂ ਦੇ ਸਨਮੁਖ ਉਮਰ ਦੇ ਆਖ਼ਰੀ ਸਾਲਾਂ 'ਚ ਮਾਂ-ਪਿਉ ਦੇ ਕੋਲ ਰਹਿ

ਕੇ ਉਹਨਾਂ ਦੀ ਸੇਵਾ ਨਾ ਕਰ ਸਕਣ ਦਾ ਮੈਨੂੰ ਹੁਣ ਵੀ ਅਫਸੋਸ ਹੈ।

ਬਾਪੂ ਦੀ ਕਰਜ਼ਾ ਨਾ ਚੁੱਕਣ ਦੀ ਸਿੱਖਿਆ ਮੈਨੂੰ ਅੱਜ ਤੱਕ ਯਾਦ ਹੈ। ਉਹ ਕਹਿੰਦਾ ਹੁੰਦਾ ਸੀ 'ਪੁੱਤ! ਕਰਜ਼ਾ ਨਾ ਚੁੱਕਿਓ, ਖੰਨੀ ਘੱਟ ਖਾ ਕੇ ਗੁਜ਼ਾਰਾ ਕਰ ਲਿਓ'। ਉਹਦਾ ਭਾਵ ਇਹ ਸੀ ਕਿ ਬੰਦਾ ਆਪਣੀਆਂ ਲੋੜਾਂ ਘੱਟ ਕਰੇ, ਵਧਦੀਆਂ ਲਾਲਸਾਵਾਂ ਤੇ ਕਾਬੂ ਪਾ ਕੇ ਰੱਖੇ, ਆਮਦਨੀ ਮੁਤਾਬਕ ਖ਼ਰਚਾ ਕਰੇ, ਵਾਧੂ ਪੰਗੇ ਨਾ ਲਵੇ ਤੇ ਫ਼ੋਕੀ ਹਾਉਮੈਂ ਨੂੰ ਤਿਲਾਂਜਲੀ ਦੇ ਕੇ ਆਪਣੀ ਚਾਦਰ ਵੇਖ ਕੇ ਪੈਰ ਪਸਾਰੇ ਤਾਂ ਰਾਤ ਨੂੰ ਭਰਵੀਂ ਨੀਂਦ ਸੰਵੇਂਗਾ ਤੇ ਤੰਦਰੁਸਤ ਵੀ ਰਹੇਗਾ। ਇਹਨਾਂ ਪੰਜਾਂ ਚੋਂ ਜੇ ਕਿਸੇ ਇੱਕ ਦੇ ਵੀ ਉਲਟ ਅਮਲ ਕਰੇਗਾ ਤਾਂ ਉਹ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਗਵਾ ਬੈਠੇਗਾ। ਸੱਚ-ਮੁੱਚ ਹੀ ਇਹ ਗੱਲਾਂ ਪੱਲੇ ਬੰਨ੍ਹਣ ਵਾਲੀਆਂ ਹਨ। ਪਾਠਕਾਂ ਤੋਂ ਵੀ ਮੈਨੂੰ ਇਹ ਉਮੀਦ ਹੈ ਕਿ ਉਹ 'ਸਿਆਣਿਆਂ ਦਾ ਕਿਹਾ ਤੇ ਔਲੇ ਦਾ ਖਾਧਾ' ਵਾਲੀ ਕਹਾਵਤ ਨੂੰ ਯਾਦ ਰੱਖਣਗੇ ਤੇ ਸਦਾ ਸੁਖ ਪਾਉਣਗੇ। ਪਰ ਇਹਦਾ ਮਤਲਬ ਇਹ ਨਹੀਂ ਕਿ ਨੌਜਵਾਨ ਉੱਚੇ ਮੁਕਾਮਾਂ ਤੇ ਪਹੁੰਚਣ ਦੇ ਸੁਪਨੇ ਲੈਣੇ ਛੱਡ ਦੇਣ ਸਗੋਂ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੱਡੇ ਹੰਭਲੇ ਤੇ ਵਧੇਰੇ ਮਿਹਨਤ ਦੀ ਲੋੜ ਹੋਵੇਗੀ। ਸਾਡੇ ਬਜ਼ੁਰਗਾਂ ਨੇ ਸਖ਼ਤ ਘਾਲਣਾਵਾਂ ਘਾਲੀਆਂ ਹਨ ਤੇ ਸਾਨੂੰ ਮਜ਼ਬੂਤ ਆਧਾਰ-ਢਾਂਚਾ ਬਣਾ ਕੇ ਦਿੱਤਾ ਹੈ। ਹੁਣ ਵਿਗਿਆਨਕ ਲੱਭਤਾਂ ਨੇ ਸਾਡਾ ਜੀਵਨ ਸੁਖਾਲਾ ਕਰ ਦਿੱਤਾ ਹੈ ਜਿਸ ਕਾਰਨ ਸਾਨੂੰ ਆਪਣੇ ਲਕਸ਼ਾਂ ਦੀ ਪ੍ਰਾਪਤੀ ਲਈ ਆਪਣੇ ਬਜ਼ੁਰਗਾਂ ਨਾਲੋਂ ਕਿਤੇ ਘੱਟ ਮਿਹਨਤ ਕਰਨੀ ਪੈਣੀ ਹੈ। ਇਸ ਲਈ ਚੰਗੇਰੇ ਜੀਵਨ ਦੀ ਪ੍ਰਾਪਤੀ ਲਈ ਅਸੀਂ ਬਜ਼ੁਰਗਾਂ ਦੀ ਕੁਰਬਾਨੀ ਤੇ ਉਹਨਾਂ ਦੀ ਸਿੱਖਿਆ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ।

# ਸੁਰਜੀਤ ਸਿੰਘ ਬਗ੍ਹੀਲਾ ਦਾ ਦੁਖਦਾਈ ਵਿਛੋੜਾ

ਮਨੁੱਖਾ ਜੀਵਨ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ। ਸਾਰੇ ਰਿਸ਼ਤੇ ਆਪੋ ਆਪਣੀ ਥਾਂ ਅਹਿਮ ਹੁੰਦੇ ਹਨ। ਪਰ ਕੁਝ ਸਖ਼ਸ਼ ਏਨੇ ਪ੍ਰਭਾਵਸ਼ਾਲੀ ਸਖ਼ਸ਼ੀਅਤ ਵਾਲੇ ਹੁੰਦੇ ਹਨ ਕਿ ਉਹਨਾਂ ਦੇ ਤੁਰ ਜਾਣ ਪਿੱਛੋਂ ਉਹ ਬਾਰ ਬਾਰ ਯਾਦ ਆਉਂਦੇ ਰਹਿੰਦੇ ਹਨ। ਅਜਿਹਾਂ ਹੀ ਇਕ ਸਖ਼ਸ਼ ਸੀ ਸੁਰਜੀਤ ਸਿੰਘ ਬਗ੍ਹੀਲਾ। ਉਹ ਰਿਸ਼ਤੇ ਚੋਂ ਮੇਰਾ ਸਾਂਢੂ ਸੀ ਜੋ ਜੋਬਨ-ਰੁੱਤੇ ਹੀ ਤੁਰ ਗਿਆ ਤੇ ਪਰਿਵਾਰ ਨੂੰ ਦੁੱਖਾਂ ਦੀ ਘੁੰਮਣਘੇਰੀ ਵਿੱਚ ਛੱਡ ਗਿਆ। ਉਹਦੇ ਨਾਲ ਮੇਰੀ ਦਿਲ ਦੀ ਸਾਂਝ ਸੀ। ਉਹਦੇ ਜੀਵਨ ਦੀ ਰਾਮ-ਕਹਾਣੀ ਨਾ ਕੇਵਲ ਮੇਰੇ ਨਾਲ ਮਿਲਦੀ-ਜੁਲਦੀ ਸੀ ਸਗੋਂ ਉਹ ਮੇਰੇ ਨਾਲੋਂ ਵੀ ਵੱਧ ਧੱਕੇ-ਧੋੜੇ ਖਾ ਕੇ ਰੋਟੀ-ਰੋਜ਼ਗਾਰ ਦੀ ਮੰਜ਼ਿਲ ਤੇ ਪਹੁੰਚਿਆ ਸੀ। ਉਹ ਕਲਾਨੌਰ ਦੇ ਨੇੜੇ ਬੇਟ ਏਰੀਏ ਵਿੱਚ ਪੈਂਦੇ ਪਿੰਡ ਬਗ੍ਹੀਲੇ ਦਾ ਜੰਮਪਲ ਸੀ। ਉਹ ਆਪਣੇ ਸੱਤ ਭੈਣ-ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਮਾਂ-ਬਾਪ ਛੋਟੇ ਹੁੰਦਿਆਂ ਹੀ ਗੁਜ਼ਰ ਗਏ ਸਨ। ਤਿੰਨਾਂ ਭਰਾਵਾਂ ਕੋਲ ਜ਼ਮੀਨ ਮਸ੍ਹਾਂ ਇਕ ਜੋਤ ਦੀ ਹੀ ਸੀ। ਵੱਡਾ ਭਰਾ ਖੇਤੀ ਕਰਦਾ ਸੀ ਤੇ ਵਿਚਲਾ ਫੌਜ ਵਿੱਚ ਭਰਤੀ ਹੋ ਗਿਆ ਸੀ। ਉਹ ਪਿੰਡ ਦੇ ਸਕੂਲ ਤੋਂ ਹੀ ਦਸਵੀਂ ਤੱਕ ਪੜ੍ਹਿਆ। ਵਾਹੀ ਦੇ ਕੰਮ 'ਚ ਮਨ ਨਾ ਖੁਭਿਆ ਤੇ ਉਹ ਕਿਸੇ ਰੋਹਬ-ਪੋਸ਼ ਵਾਲੇ ਹੋਰ ਕੰਮ ਦੀ ਭਾਲ਼ ਵਿੱਚ ਰੁੱਝ ਗਿਆ।

ਉਹਨੀਂ ਦਿਨੀਂ ਪੰਜਾਬੀ ਗੱਭਰੂਆਂ ਵਿੱਚ ਬਾਹਰ ਜਾਣ ਦੀ ਬੜੀ ਹੋੜ ਲੱਗੀ ਹੋਈ ਸੀ। ਪੰਜਾਬੀ ਮੁੰਡੇ ਜਾਇਜ ਨਜਾਇਜ ਢੰਗ ਵਰਤ ਕੇ ਬਦੇਸ਼ ਜਾਣ ਦਾ ਪੰਗਾ ਲੈਣ ਤੋਂ ਡਰਦੇ ਨਹੀਂ ਸਨ। ਹੋਰ ਕੋਈ ਰੋਜ਼ਗਾਰ ਨਾ ਮਿਲਦਾ ਵੇਖ ਕੇ ਸੁਰਜੀਤ ਨੇ ਆਪਣੇ ਮਾਸੀ ਦੇ ਪੁੱਤ ਰਘਬੀਰ ਨਾਲ ਮਿਲ ਕੇ ਟਰੈਵਲ-ਏਜੰਟ ਦਾ ਦਫ਼ਤਰ ਖੋਲ੍ਹ ਲਿਆ। ਕਿਸੇ ਨੂੰ ਸਫ਼ਲਤਾ-ਪੂਰਵਕ ਬਾਹਰ ਭੇਜਿਆ ਹੋਵੇ ਇਸ ਬਾਰੇ ਤਾਂ ਮੈਨੂੰ ਕੋਈ ਜਾਣਕਾਰੀ ਨਹੀਂ ਮਿਲੀ ਪਰ ਏਨਾ ਜ਼ਰੂਰ ਪਤਾ ਲੱਗਿਆ ਕਿ ਉਹ ਕਈ ਮੁੰਡਿਆਂ ਤੋਂ ਪੈਸੇ ਫੜ ਕੇ ਇਸ ਲਾਈਨ ਦੇ ਪੁਰਾਣੇ ਖਿਡਾਰੀਆਂ ਤੇ ਚੁਸਤ-ਚਲਾਕ ਠੱਗਾਂ ਦੇ ਚੁੰਗਲ 'ਚ ਫਸ ਗਏ ਜੋ ਬਿਨਾਂ ਕੰਮ ਕੀਤੇ ਇਹਨਾਂ ਦੇ ਪੈਸੇ ਡਕਾਰ ਕੇ ਨੌਂ ਦੋ ਗਿਆਰਾਂ ਹੋ ਗਏ। ਇਸੇ ਚੱਕਰ 'ਚ ਸੁਰਜੀਤ ਦੇ ਹਿੱਸੇ ਦੀ ਜ਼ਮੀਨ ਜਾਂਦੀ ਰਹੀ। ਫਿਰ ਉਹ ਪੰਜਾਬ ਦੇ ਮਾੜੇ ਹਾਲਾਤਾਂ ਤੇ

ਦਾੜ੍ਹੀ-ਮੁਛ ਵਾਲੇ ਮੁੰਡਿਆਂ ਦੀ ਪੁਲਿਸ ਰਾਹੀਂ ਫੜੋ-ਫੜਾਈ ਨੂੰ ਵੇਖ ਕੇ, ਰਘਬੀਰ ਦੇ ਵੱਡੇ ਭਰਾ ਜੋ ਜਲੰਧਰ ਜ਼ਿਲ੍ਹੇ 'ਚ ਪੰਜਾਬ ਪੁਲਿਸ ਵਿੱਚ ਠਾਣੇਦਾਰ ਲੱਗਾ ਹੋਇਆ ਸੀ, ਦੀ ਮਦਦ ਨਾਲ ਨਕੋਦਰ ਖੰਡ ਮਿਲ 'ਚ ਵਰਕਰ ਜਾ ਲੱਗਾ। ਰਘਬੀਰ ਵੀ ਉਹਦੇ ਨਾਲ ਹੀ ਸੀ। ਆਪਣੇ ਨੇਕ ਵਿਹਾਰ ਨਾਲ ਉਹਨਾਂ ਨੇ ਨਕੋਦਰ ਸ਼ਹਿਰ ਵਿੱਚ ਚੰਗਾ ਵਾਤਾਵਰਨ ਸਿਰਜ ਲਿਆ ਤੇ ਆਪਣੀ ਪੈਂਠ ਬਣਾ ਲਈ।

ਇਸ ਦਰਮਿਆਨ ਉਹਦੀ ਵੱਡੀ ਭੈਣ ਜਿਸ ਦਾ ਪਿੰਡ ਮੱਤੇਨੰਗਲ, ਮੇਰੇ ਸਹੁਰਿਆਂ ਦੇ ਪਿੰਡ ਤੋਂ ਅੱਧੇ ਕਿਲੋਮੀਟਰ ਦੀ ਵਿੱਥ ਤੇ ਸੀ, ਨੇ ਉਹਨੂੰ ਬਲਜੀਤ (ਮੇਰੀ ਪਤਨੀ) ਦੀ ਛੋਟੀ ਭੈਣ ਲਖਵਿੰਦਰ ਦਾ ਰਿਸ਼ਤਾ ਕਰਵਾ ਦਿੱਤਾ। ਵਿਆਹ ਤੋਂ ਬਾਅਦ ਉਹ ਪਰਿਵਾਰ ਸਮੇਤ ਨਕੋਦਰ ਕਿਰਾਏ ਤੇ ਮਕਾਨ ਲੈ ਕੇ ਰਹਿਣ ਲੱਗ ਪਿਆ। ਉਹ ਰੱਜ ਕੇ ਸੁਹਣਾ ਤੇ ਬਣਦਾ-ਫੱਬਦਾ ਸੀ। ਦਸਤਾਰ ਏਨੀ ਵਧੀਆ ਬੰਨ੍ਹਦਾ ਸੀ ਕਿ ਵੇਖਣ ਵਾਲੇ ਵੇਖਦੇ ਰਹਿ ਜਾਂਦੇ ਸਨ। ਉਹਨੂੰ ਵਧੀਆ ਤੋਂ ਵਧੀਆ ਕੱਪੜੇ ਪਾਉਣ ਤੇ ਉੱਚਾ ਸਮਾਜਿਕ ਪੱਧਰ ਬਣਾ ਕੇ ਰੱਖਣ ਦਾ ਸ਼ੌਕ ਸੀ। ਆਪਣੇ ਸ਼ੌਕ ਦੀ ਪੂਰਤੀ ਲਈ ਉਹਨੇ ਕਦੇ ਕਿਸੇ ਘਾਟੇ-ਵਾਧੇ ਦੀ ਪ੍ਰਵਾਹ ਨਹੀਂ ਸੀ ਕੀਤੀ। ਉਹ ਤੇ ਰਘਬੀਰ ਦੋਵੇਂ ਪੰਜਾਬੀ ਲੋਕ-ਨਾਚ ਭੰਗੜੇ ਦੇ ਨਿਪੁੰਨ ਕਲਾਕਾਰ ਸਨ ਤੇ ਨੌਕਰੀ ਦੇ ਨਾਲ ਕਿਸੇ ਭੰਗੜਾ ਗਰੁੱਪ ਵਿੱਚ ਪਾਰਟ-ਟਾਈਮ ਕੰਮ ਕਰਕੇ ਜਿੱਥੇ ਲੋਕਾਂ ਦਾ ਦਿਲ-ਬਹਿਲਾਵਾ ਕਰਦੇ ਸਨ ਉੱਥੇ ਆਪਣੀ ਆਮਦਨ ਵਿੱਚ ਵੀ ਵਾਧਾ ਕਰ ਲੈਂਦੇ ਸਨ। ਉਹਨੂੰ ਕਿਸੇ ਕਿਸਮ ਦਾ ਕੋਈ ਐਬ ਨਹੀਂ ਸੀ, ਨਸ਼ੇ ਦੇ ਤਾਂ ਉਹ ਨੇੜੇ ਨਹੀਂ ਸੀ ਜਾਂਦਾ। ਨਕੋਦਰ ਰਹਿੰਦਿਆਂ ਉਹਨੇ ਭੂਹੀ ਭੂਹੀ ਜੋੜ ਕੇ ਚਾਰ ਕੁ ਮਰਲੇ ਦਾ ਪਲਾਟ ਤਾਂ ਲੈ ਲਿਆ ਸੀ ਪਰ ਮਕਾਨ ਬਣਾਉਣ ਜਿੰਨੀ ਮੁਹਲਤ ਕੁਦਰਤ ਨੇ ਉਹਨੂੰ ਨਾ ਬਖ਼ਸ਼ੀ।

ਦੋ ਬੱਚੇ ਸਨ ਉਹਨਾਂ ਦੇ, ਗੁਗਲੇ-ਮੁਗਲੇ। ਬੇਟਾ ਸੈਗੀ ਤੇ ਬੇਟੀ ਸਨੀਆ। ਆਪਣੇ ਪਰਿਵਾਰ ਨੂੰ ਉਹ ਅੰਤਾਂ ਦਾ ਪਿਆਰ ਕਰਦਾ ਸੀ ਤੇ ਤੇ ਉਹਨਾਂ ਦੀ ਹਰ ਮੰਗ ਪੂਰੀ ਕਰਦਾ ਸੀ। ਉਹ ਬੜਾ ਸੁਖਮਈ ਜੀਵਨ ਬਿਤਾ ਰਿਹਾ ਸੀ ਕਿ ਇਕ ਦਿਨ ਅਚਿੰਤੇ ਹੀ ਬਾਜ਼ ਪੈਣ ਵਾਲੀ ਗੱਲ ਹੋਈ। ਸਿਰ-ਦਰਦ ਉਪ੍ਰੰਤ ਮਾਨਸਿਕ ਤਵਾਜ਼ਨ ਵਿਗੜਣ ਦਾ ਸ਼ੱਕ ਪੈਣ ਤੇ ਡਾਕਟਰ ਕੋਲ ਗਿਆ। ਸਕੈਨਿੰਗ ਕਰਵਾ ਕੇ ਡਾਕਟਰ ਨੇ ਸਿਰ 'ਚ ਰਸੌਲੀ ਹੋਣ ਦਾ ਡਾਇਆਗਨੌਸ ਕਰਦਿਆਂ ਉਪ੍ਰੇਸ਼ਨ ਕਰਾਉਣ ਦੀ ਸਲਾਹ ਦਿੱਤੀ। ਮੈਂ ਵੀ ਉਹਦੇ ਨਾਲ ਅੰਮ੍ਰਿਤਸਰ ਇਕ ਡਾਕਟਰ ਕੋਲ ਗਿਆ। ਡਾਕਟਰ ਨੇ ਦਾਖ਼ਲ ਕਰਕੇ ਅਗਲੇ ਦਿਨ ਦੂਰਬੀਨੀ ਉਪ੍ਰੇਸ਼ਨ ਕਰ ਦਿੱਤਾ। ਹਫ਼ਤੇ ਬਾਅਦ ਛੁੱਟੀ ਦੇ ਦਿੱਤੀ ਤੇ ਸਾਰਾ ਪਰਿਵਾਰ ਗੋਰੇਨੰਗਲ ਚਲੇ ਗਿਆ। ਹਾਲਾਤ ਕੁਝ ਸੁਧਰੇ ਤੇ ਉਹ ਚੱਲਣ-ਫਿਰਨ ਲੱਗ ਪਿਆ। ਲੋਕਾਂ ਦੇ ਕਹੇ-ਕਹਾਏ ਹਿਮਾਚਲ ਵੱਲੋਂ ਕਿਸੇ ਹਕੀਮ ਤੋਂ ਦੇਸੀ ਦਵਾਈ ਲਿਆ ਕੇ ਵੀ ਦੇਂਦੇ ਰਹੇ

ਪਰ ਕਿਸੇ ਦਵਾਈ ਨੇ ਵੀ ਪੱਕੇ ਤੌਰ ਤੇ ਉਹਨੂੰ ਰੋਗ-ਮੁਕਤ ਨਾ ਕੀਤਾ ਤੇ ਕੁਝ ਅਰਸੇ ਬਾਅਦ ਸੁਰਜੀਤ ਦੀ ਹਾਲਤ ਫਿਰ ਵਿਗੜ ਗਈ।

ਪਰਮਜੀਤ ਗੋਰੇਨੰਗਲ ਉਹਨੂੰ ਆਪਣੀ ਜਾਣ-ਪਛਾਣ ਵਾਲੇ ਡਾਕਟਰ ਕੋਲ ਹਰਤੇਜ ਹਸਪਤਾਲ ਅੰਮ੍ਰਿਤਸਰ ਲੈ ਗਿਆ। ਜਿਵੇਂ ਕਿ ਹੁੰਦਾ ਹੈ ਉਹਨਾਂ ਨੇ ਵੀ ਦਾਖ਼ਲ ਕਰਕੇ ਇਲਾਜ ਸ਼ੁਰੂ ਕਰ ਦਿੱਤਾ ਪਰ ਸੁਰਜੀਤ ਨੂੰ ਰਤਾ ਭਰ ਵੀ ਮੋੜਾ ਨਾ ਪਿਆ। ਉਹਦੀ ਸੁਰਤ ਜਵਾਬ ਦੇ ਗਈ ਸੀ। ਸਿਰਫ਼ ਸਾਹ ਹੀ ਚੱਲਦੇ ਸਨ, ਉਹ ਵੀ ਬਣਾਉਟੀ। ਜਿਸ ਦਿਨ ਤੋਂ ਦੁਬਾਰਾ ਹਸਪਤਾਲ ਦਾਖ਼ਲ ਕਰਵਾਇਆ ਸੀ, ਆਈ ਸੀ ਯੂ ਵਿੱਚ ਹੀ ਰਿਹਾ ਸੀ। ਰੋਜ਼ ਡਾਕਟਰ ਪਹਿਲਾਂ ਚੈੱਕ ਕਰਕੇ ਕਰਵਾਏ ਜਾਣ ਵਾਲੇ ਟੈੱਸਟ ਲਿਖ ਦੇਂਦੇ ਤੇ ਫਿਰ ਰਿਪੋਰਟ ਲੈ ਕੇ ਦਵਾਈਆਂ ਦੀ ਪਰਚੀ ਲਿਖ ਦਿੰਦੇ ਸਨ। ਪੰਦਰ੍ਹਾਂ ਦਿਨਾਂ ਤੋਂ ਇਹੀ ਕਸਰਤ ਚੱਲ ਰਹੀ ਸੀ ਪਰ ਮਰੀਜ਼ ਨੂੰ ਕੋਈ ਫ਼ਰਕ ਪੈਣ ਦੀ ਥਾਂ ਉਹਦੀ ਹਾਲਤ ਪਹਿਲਾਂ ਨਾਲੋਂ ਨਿੱਘਰਦੀ ਹੀ ਗਈ। ਕੈਂਸਰ ਅਜਿਹੀ ਨਾ-ਮੁਰਾਦ ਬੀਮਾਰੀ ਹੈ ਕਿ ਜੇ ਪਹਿਲੇ ਪੜਾਅ ਤੇ ਨਾ ਫੜੀ ਜਾਵੇ ਤਾਂ ਕਿਸੇ ਕਰਮਾਂ ਵਾਲੇ ਨੂੰ ਹੀ ਬਚਾਅ ਦਾ ਮੌਕਾ ਦੇਂਦੀ ਹੈ। ਆਈ ਸੀ ਯੂ ਵਿੱਚ ਸੁਰਜੀਤ ਵੈਂਟੀਲੇਟਰ ਤੇ ਨਿਰਭਰ ਸੀ। ਫ਼ਰਕ ਨਾ ਪੈਂਦਾ ਵੇਖ ਕੇ ਅਸੀਂ ਡਾਕਟਰ ਨੂੰ ਪੁੱਛਿਆ ਕਿ ਕੋਈ ਰਿਕਵਰੀ ਤਾਂ ਹੋ ਨਹੀਂ ਰਹੀ ਫਿਰ ਵੈਂਟੀਲੇਟਰ ਤੇ ਪਾਈ ਰੱਖਣ ਦਾ ਕੀ ਲਾਭ ਹੈ, ਰੋਜ਼ ਦਵਾਈਆਂ ਤੇ ਟੈੱਸਟਾਂ ਤੇ ਹਜ਼ਾਰਾਂ ਰੁਪਏ ਖ਼ਰਚ ਹੋ ਰਹੇ ਹਨ। ਡਾਕਟਰ ਕੋਈ ਭਲਾ ਬੰਦਾ ਸੀ, ਉਹਨੇ ਸਾਨੂੰ ਸੱਚ ਦੱਸ ਦਿੱਤਾ ਕਿ ਜਦ ਤੱਕ ਮਰੀਜ਼ ਸਾਡੇ ਸਾਹਮਣੇ ਪਿਆ ਹੈ, ਉਹਨੂੰ ਲੋੜੀਂਦੀ ਦਵਾਈ ਤੇ ਟੈੱਸਟ ਲਿਖਣਾ ਸਾਡੀ ਡਿਊਟੀ ਹੈ ਪਰ ਇਹਦੀ ਜਾਨ ਬਚਣ ਦੀ ਕੋਈ ਉਮੀਦ ਨਹੀਂ ਹੈ। ਜੇ ਅਸੀਂ ਮਰੀਜ਼ ਨੂੰ ਵੈਂਟੀਲੇਟਰ ਤੋਂ ਵੱਖ ਕਰ ਦਿੱਤਾ ਤਾਂ 15 - 20 ਮਿੰਟਾਂ ਵਿੱਚ ਹੀ ਇਹਦੀ ਜਾਨ ਚਲੀ ਜਾਵੇਗੀ, ਅੱਗੇ ਤੁਸੀਂ ਸੋਚ ਲਉ।

ਡਾਕਟਰ ਦੀ ਗੱਲ ਸੁਣ ਕੇ ਸਾਡੇ ਪੈਰਾਂ ਹੇਠੋਂ ਜ਼ਮੀਨ ਹਿੱਲ ਗਈ। ਵੱਡਾ ਹੌਂਸਲਾ ਕਰਕੇ ਤੇ ਭਰੇ ਮਨ ਨਾਲ ਅਸੀਂ ਸਲਾਹ ਕਰਕੇ ਨਾ-ਚਾਹੁੰਦਿਆਂ ਹੋਇਆਂ ਵੀ ਵੈਂਟੀਲੇਟਰ ਰਿਮੂਵ ਕਰਕੇ ਮਰੀਜ਼ ਨੂੰ ਡਿਸਚਾਰਜ ਕਰਨ ਦੀ ਬੇਨਤੀ ਕੀਤੀ, ਜੋ ਡਾਕਟਰ ਨੇ ਮੰਨ ਲਈ। ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ, ਪੈਸੇ ਖ਼ਰਚੇ ਬੇਕਾਰ ਜਾ ਰਹੇ ਸਨ, ਵਾਲ਼ ਵਾਲ਼ ਕਰਜ਼ੇ ਨਾਲ ਭਰ ਗਿਆ ਸੀ ਤੇ ਮਰੀਜ਼ ਨੂੰ ਭੋਰਾ ਵੀ ਫ਼ਰਕ ਨਹੀਂ ਸੀ ਪੈ ਰਿਹਾ। ਸਾਰੇ ਰਿਸ਼ਤੇਦਾਰਾਂ ਨੇ ਵੀ ਸਮਰੱਥਾ ਮੁਤਾਬਕ ਮਦਦ ਕੀਤੀ ਸੀ ਪਰ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਦੇ ਮਹਿੰਗੇ ਇਲਾਜ ਵਾਲਾ ਖੂਹ ਸਾਥੋਂ ਭਰਿਆ ਨਾ ਜਾ ਸਕਿਆ। ਸੋ ਭਾਣਾ ਮੰਨਣ ਵਾਲੀ ਹੀ ਗੱਲ ਸੀ। ਇਸ ਹਾਲਤ ਵਿੱਚ ਮੈਨੂੰ ਸਭ ਦੇ ਨਾਲ ਰਹਿਣਾ ਚਾਹੀਦਾ ਸੀ ਪਰ ਘਰ ਬੱਚੇ ਇਕੱਲੇ ਹੋਣ ਕਰਕੇ ਪਤਨੀ ਨੇ ਮੈਨੂੰ ਵਾਪਸ ਘਰ ਜਾਣ ਦੀ ਸਲਾਹ

ਦਿੱਤੀ। ਬਾਕੀ ਸਾਰੇ ਮਰੀਜ਼ ਸਮੇਤ ਕਿਰਾਏ ਦੀ ਗੱਡੀ ਵਿੱਚ ਬੈਠ ਕੇ ਬਗ੍ਰੀਲੇ ਨੂੰ ਤੁਰ ਪਏ ਤੇ ਮੈਂ ਸਕੂਟਰ ਤੇ ਆਪਣੇ ਘਰ ਨੂੰ ਚੱਲ ਪਿਆ। ਘਰ ਆ ਕੇ ਪਤਾ ਲੱਗਾ ਕਿ ਇਕ ਜ਼ਿੰਦਾ-ਦਿਲ ਇਨਸਾਨ, ਅਕਾਸ਼ ਤੋਂ ਤਾਰੇ ਦੇ ਟੁੱਟਣ ਵਾਂਗ, ਹੱਥਾਂ ਚੋਂ ਰੇਤ ਵਾਂਗ ਕਿਰ ਗਿਆ ਸੀ। ਹਰ ਸਮੇਂ ਹਸੂੰ ਹਸੂੰ ਕਰਦਾ ਚਿਹਰਾ ਸਦੀਵੀ ਵਿਛੋੜਾ ਦੇ ਗਿਆ ਸੀ। ਮਨ ਇਕ ਵਾਰਗੀ ਝੰਜੋੜਿਆ ਗਿਆ ਤੇ ਦਿਲ ਨੂੰ ਡੂੰਘੀ ਸੱਟ ਵੱਜੀ। ਇਹ 4 ਜੁਲਾਈ 2004 ਦਾ ਮਨਹੂਸ ਦਿਨ ਸੀ। ਉਹਦੇ ਜਾਣ ਨਾਲ ਬੱਚਿਆਂ ਦੇ ਸਿਰ ਤੋਂ ਕੇਵਲ ਪਿਤਾ ਦਾ ਸਾਇਆ ਹੀ ਨਹੀਂ ਸੀ ਉੱਠਿਆ ਸਗੋਂ ਉਹਨਾਂ ਦੀਆਂ ਰੀਝਾਂ ਤੇ ਸੁਫ਼ਨੇ ਵੀ ਅਧਿਵਾਟੇ ਹੀ ਦਮ ਤੋੜ ਗਏ ਸਨ। ਸਰਕਾਰੀ ਨੌਕਰੀ ਨਾ ਹੋਣ ਕਾਰਨ ਪਰਿਵਾਰ ਨੂੰ ਕੋਈ ਗੁਜ਼ਾਰੇ-ਯੋਗ ਰਾਹਤ ਨਾ ਮਿਲੀ। ਈ ਪੀ ਐਫ ਵਾਲੀ ਥੋੜ੍ਹੀ ਜਿਹੀ ਪੈਨਸ਼ਨ ਮਿਲੀ ਜੋ ਪਰਿਵਾਰ ਦੇ ਖਰਚੇ ਚਲਾਉਣ-ਯੋਗ ਨਹੀਂ ਸੀ। ਤੁਰ ਜਾਣ ਵਾਲੇ ਤੋਂ ਬਾਅਦ ਜੀਉਂਦਿਆਂ ਨੇ ਤਾਂ ਕਿਸੇ ਨਾ ਕਿਸੇ ਤਰ੍ਹਾਂ ਵਕਤ ਨੂੰ ਧੱਕਾ ਦੇਣਾ ਈ ਹੁੰਦਾ। ਭੈਣ ਲਖਵਿੰਦਰ ਨੇ ਵੀ ਇਸ ਦੈਵੀ ਹੁਕਮ ਨੂੰ ਮੰਨਦਿਆਂ ਸਿਰ ਤੇ ਪਈ ਜ਼ਿੰਮੇਵਾਰੀ ਨਿਭਾਈ ਹੈ। ਉਹਨੇ ਕੁਝ ਸਮਾਂ ਫਤਹਿਗੜ੍ਹ ਚੂੜੀਆਂ ਰਹਿ ਕੇ ਬੱਚਿਆਂ ਨੂੰ ਪੜ੍ਹਾਇਆ ਤੇ ਫਿਰ ਅਜਨਾਲੇ ਮਕਾਨ ਲੈ ਲਿਆ। ਜਿਵੇਂ ਕਿਵੇਂ ਬੱਚੇ ਪੜ੍ਹ ਤਾਂ ਗਏ ਪਰ ਅਜੇ ਸੈੱਟ ਨਹੀਂ ਹੋ ਪਾਏ। ਬੇਟੀ ਆਈਲੈਟਸ ਕਰ ਕੇ ਵਿਦੇਸ਼ ਜਾਣਾ ਚਾਹੁੰਦੀ ਸੀ ਪਰ ਟੈੱਸਟ ਪਾਸ ਕਰਕੇ ਵੀ ਲੱਖਾਂ ਦੀ ਰਕਮ ਦਾ ਪ੍ਰਬੰਧ ਨਾ ਹੋਣ ਕਾਰਨ ਕਾਮਯਾਬ ਨਹੀਂ ਹੋ ਸਕੀ। ਰਿਸ਼ਤੇਦਾਰਾਂ ਨੂੰ ਵੀ ਤਾਂ ਏਨੀ ਵੱਡੀ ਵੰਗਾਰ ਨਹੀਂ ਸੀ ਪਾਈ ਜਾ ਸਕਦੀ। ਆਖਰ ਉਹਦੀ ਸ਼ਾਦੀ ਇੱਕ ਆਸਟ੍ਰੇਲੀਆ ਗਏ ਲੜਕੇ ਨਾਲ ਕਰ ਦਿੱਤੀ, ਪਰ ਉਹਦੇ ਕੋਲ ਜਾਣ ਪਿੱਛੋਂ ਕੋਈ ਵਿਗਾੜ ਪੈ ਜਾਣ ਕਾਰਨ ਵਿਦੇਸ਼ ਰਹਿਣ ਦਾ ਮਾਮਲਾ ਹਾਲ ਦੀ ਘੜੀ ਖਟਾਈ ਵਿੱਚ ਪੈ ਗਿਆ ਹੈ। ਬੇਟਾ ਗੁਰਤਾਜ (ਸੈਗੀ) ਦੀ ਸ਼ਾਦੀ ਆਸਟ੍ਰੇਲੀਆ 'ਚ ਪੜ੍ਹਦੀ ਲੜਕੀ ਨਾਲ ਹੋ ਜਾਣ ਪਿੱਛੋਂ ਉਹ ਹੁਣ ਆਸਟ੍ਰੇਲੀਆ ਪਹੁੰਚ ਗਿਆ ਹੈ। ਚਲੇ ਗਏ ਤਾਂ ਕਦੇ ਵਾਪਸ ਨਹੀਂ ਆਉਂਦੇ ਪਰ ਸਿਆਣੇ ਕਹਿੰਦੇ ਨੇ ਕਿ ਆਸ ਨਾਲ ਹੀ ਜਹਾਨ ਹੈ। ਜੇ ਚੰਗੇ ਦਿਨ ਨਹੀਂ ਰਹੇ ਤਾਂ ਮਾੜੇ ਵੀ ਬਹੁਤਾ ਚਿਰ ਨਹੀਂ ਰਹਿਣੇ। ਰਾਤ ਕਿੰਨੀ ਵੀ ਲੰਮੀ ਕਿਉਂ ਨਾ ਹੋਵੇ, ਸਵੇਰ ਆਉਣੀ ਹੀ ਹੁੰਦੀ ਹੈ।

# ਰਿਸ਼ਤਿਆਂ ਦੇ ਅੰਬਰੋਂ ਇੱਕ ਹੋਰ ਤਾਰਾ ਟੁੱਟ ਗਿਆ

ਸੁਰਜੀਤ ਸਿੰਘ ਬਰ੍ਹੀਲਾ ਦੇ ਤੁਰ ਜਾਣ ਦਾ ਦੁੱਖ ਅਜੇ ਭੁੱਲਿਆ ਨਹੀਂ ਸੀ ਕਿ ਪਿਛਲੇ ਸਾਲ 29 ਦਸੰਬਰ ਨੂੰ ਮੇਰੀ ਹਮ-ਸਫ਼ਰ ਦਾ ਛੋਟਾ ਵੀਰ ਪਰਮਜੀਤ ਸਿੰਘ ਗੋਰੇ ਨੰਗਲ ਸਾਬਕਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜ਼ਿਲ੍ਹਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਿਆ। ਉਹਦਾ ਇੰਜ ਚਲੇ ਜਾਣਾ ਸਾਡੇ ਪਰਿਵਾਰ ਲਈ ਅਸਹਿ ਸੀ ਤੇ ਉਹਦੀ ਘਾਟ ਕਦੇ ਪੂਰੀ ਨਹੀਂ ਹੋਣੀ। ਉਹ ਪਹਿਲੀ ਵਾਰ ਮੈਨੂੰ ਮੇਰੇ ਵਿਆਹ ਤੋਂ ਪਹਿਲਾਂ ਹੀ ਇਕ ਵੱਡੇ ਇਕੱਠ ਵਿੱਚ ਮਿਲਿਆ ਸੀ ਜੋ ਕਾਮਰੇਡਾਂ ਵੱਲੋਂ ਆਯੋਜਿਤ ਕੀਤਾ ਗਿਆ ਸੀ। ਪੂਰੀ ਤਰ੍ਹਾਂ ਤਾਂ ਯਾਦ ਨਹੀਂ ਪਰ ਏਨਾ ਕੁ ਯਾਦ ਹੈ ਕਿ ਇਹ ਸਮਾਗਮ ਸਰਹੱਦੀ ਕਸਬੇ ਟਪਿਆਲ਼ੇ ਜਾਂ ਭੁੱਲਰ ਪਿੰਡ ਵਿੱਚ ਪਾਰਟੀ ਦੇ ਸਿਰਕੱਢ ਦੇਸ਼-ਭਗਤਾਂ ਕਾ. ਦਲੀਪ ਸਿੰਘ ਟਪਿਆਲ਼ਾ ਜਾਂ ਫੌਜਾ ਸਿੰਘ ਭੁੱਲਰ ਦੀ ਯਾਦ ਵਿੱਚ ਸੀ। ਕਾਮਰੇਡ ਮੋਤਾ ਸਿੰਘ ਗੋਰੇਨੰਗਲ (ਮੇਰੇ ਸਹੁਰਾ ਸਾਹਿਬ) ਪਾਰਟੀ ਦੀ ਤਹਿਸੀਲ ਇਕਾਈ ਦੇ ਮੈਂਬਰ ਤੇ ਇਲਾਕੇ ਦੇ ਉੱਘੇ ਆਗੂ ਸਨ। ਇਸ ਕਦਰ ਉਹਨਾਂ ਦਾ ਬੇਟਾ ਪਰਮਜੀਤ ਸਿੰਘ ਨੌਜਵਾਨ ਸਭਾ ਦਾ ਸਰਗਰਮ ਕਾਰਕੁੰਨ ਹੋਣ ਕਰਕੇ ਉਸ ਸਮਾਗਮ ਵਿੱਚ ਕੁਝ ਨੌਜਵਾਨ ਲੈ ਕੇ ਹਾਜ਼ਰ ਹੋਇਆ ਸੀ। ਉਸ ਸਮੇਂ ਮੈਨੂੰ ਲਗਦਾ ਸੀ ਕਿ ਪਰਮਜੀਤ ਭਵਿੱਖ ਵਿੱਚ ਪਾਰਟੀ ਦਾ ਉੱਚ ਪਾਏ ਦਾ ਲੀਡਰ ਬਣੇਗਾ ਪਰ ਭਾਵੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

1982 ਤੋਂ ਬਾਅਦ ਪੰਜਾਬ ਦੇ ਵਿਹੜੇ ਕਿਸੇ ਚੰਦਰੇ ਨੇ ਸੇਹ ਦਾ ਤੱਕਲਾ ਗੱਡ ਦਿੱਤਾ ਤੇ ਭੈੜੀਆਂ ਨਜ਼ਰਾਂ ਲੱਗ ਗਈਆਂ। ਹਾਲਾਤ ਖ਼ਰਾਬ ਹੋਣੇ ਸ਼ੁਰੂ ਹੋ ਗਏ। ਅਕਾਲੀਆਂ ਨੇ ਸੰਤ ਲੌਂਗੋਵਾਲ਼ ਦੀ ਅਗਵਾਈ ਹੇਠ ਪੰਜਾਬ ਦੀਆਂ ਕੁਝ ਸਾਂਝੀਆਂ ਮੰਗਾਂ ਅਤੇ ਕੁਝ ਸਿੱਖਾਂ ਦੀਆਂ ਧਾਰਮਿਕ ਮੰਗਾਂ ਦੀ ਪ੍ਰਾਪਤੀ ਹਿੱਤ ਕੇਂਦਰ ਵਿਰੁੱਧ ਧਰਮ-ਯੁੱਧ ਮੋਰਚਾ ਸ਼ੁਰੂ ਕਰ ਦਿਤਾ। ਮਗਰੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਾ (ਗਰਮ ਧਿਰ) ਵੀ ਆਪਣੇ ਲਾਮ-ਲਸ਼ਕਰ ਸਮੇਤ ਇਸ ਮੋਰਚੇ ਵਿੱਚ ਸ਼ਾਮਲ ਹੋ ਗਿਆ। ਕੇਂਦਰ ਵੱਲੋਂ ਮੋਰਚੇ ਦੀਆਂ ਮੰਗਾਂ ਸਬੰਧੀ ਟਾਲਮਟੋਲ ਦੀ ਨੀਤੀ ਅਪਣਾਈ ਗਈ, ਘੋਲ਼ ਲੰਬਾ ਹੁੰਦਾ ਗਿਆ ਅਤੇ 1983 ਦੇ ਆਖ਼ਰੀ ਮਹੀਨਿਆਂ ਤੱਕ ਮੋਰਚੇ ਤੇ ਸੰਤ ਲੌਂਗੋਵਾਲ਼ ਦੀ ਪਕੜ ਢਿੱਲੀ ਪੈ ਗਈ ਅਤੇ ਪਹਿਲਕਦਮੀ ਸੰਤ ਲੌਂਗੋਵਾਲ਼ ਦੇ ਹੱਥੋਂ ਖਿਸਕ ਕੇ ਖਾੜਕੂ ਧਿਰ ਸੰਤ ਭਿੰਡਰਾਂਵਾਲ਼ਾ ਦੇ

ਹੱਥ ਪਹੁੰਚ ਗਈ। ਜਿਸ ਨੂੰ ਕਾਬੂ ਕਰਨ ਲਈ ਕੇਂਦਰ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜਾਂ ਚਾੜ੍ਹ ਦਿੱਤੀਆਂ। ਕੇਂਦਰ ਸਰਕਾਰ ਦੀ ਇਸ ਵਹਿਸ਼ੀ ਤੇ ਦਰਿੰਦਗੀ ਭਰੀ ਕਾਰਵਾਈ ਜਿਸ ਦੌਰਾਨ ਸੈਂਕੜੇ ਬੇਦੋਸ਼ੇ ਸ਼ਰਧਾਲੂ ਆਪਣੀ ਜਾਨ ਗਵਾ ਬੈਠੇ, ਦਾ ਬਹੁਗਿਣਤੀ ਸਿੱਖਾਂ ਦੇ ਮਨਾਂ ਤੇ ਡੂੰਘਾ ਪ੍ਰਭਾਵ ਪਿਆ ਤੇ ਉਹ ਕੇਂਦਰ ਦੀ ਕਾਂਗਰਸ ਸਰਕਾਰ ਤੋਂ ਬਦਜ਼ਨ ਹੋ ਗਏ। ਮਗਰੋਂ ਦਿੱਲੀ ਦੇ ਇਕਤਰਫ਼ਾ ਦੰਗਿਆਂ, ਸਾੜ-ਫੂਕ ਤੇ ਲੁੱਟ-ਖੋਹ ਨੇ ਬਲਦੀ ਤੇ ਤੇਲ ਪਾਇਆ ਅਤੇ ਸਿੱਖ ਨੌਜਵਾਨ ਗਰਮ-ਦਲ਼ੀਆਂ ਵੱਲ ਖਿਸਕ ਗਏ। ਸਰਕਾਰ ਵਿਰੁੱਧ ਗੁੱਸੇ ਅਤੇ ਨਫ਼ਰਤ ਦੀ ਇਸ ਹਨੇਰੀ ਤੋਂ ਪਰਮਜੀਤ ਸਿੰਘ ਵੀ ਬਚ ਨਾ ਸਕਿਆ ਤੇ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਜਿਲ੍ਹਾ ਪ੍ਰਧਾਨ ਬਣ ਗਿਆ।

ਉਪ੍ਰੰਤ ਸਰਕਾਰ ਵਿਰੁੱਧ ਬੋਲਣ ਤੇ ਸਿੱਖ ਨੌਜਵਾਨਾਂ ਨੂੰ ਲਾਮਬੰਦ ਕਰਨ ਕਰਕੇ ਸਰਕਾਰੀ ਜਬਰ ਦੇ ਬੜੇ ਝੱਖੜ ਝੁੱਲੇ, ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਪਰ ਭਾਈ ਪਰਮਜੀਤ ਸਿੰਘ ਆਪਣੇ ਅਕੀਦੇ ਤੇ ਅਡੋਲ ਖੜਾ ਰਿਹਾ। ਇਸ ਦਰਮਿਆਨ ਜਦ ਕਦੇ ਮੈਂ ਸਹੁਰੇ ਜਾਣਾ ਤਾਂ ਪ੍ਰਧਾਨ ਨਾਲ ਘੰਟਾ ਘੰਟਾ ਬਹਿਸ ਹੁੰਦੀ ਰਹਿਣੀ ਪਰ ਉਹ ਆਪਣੇ ਤੇ ਮੈਂ ਆਪਣੇ ਸਟੈਂਡ ਤੇ ਅੜੇ ਰਹੇ ਪਰ ਕਦੇ ਇਹ ਬਹਿਸ ਨਫ਼ਰਤ ਦੇ ਰੰਗ ਵਿਚ ਨਾ ਬਦਲੀ। ਵਿਚਾਰਧਾਰਕ ਵਿਰੋਧ ਹੋਣ ਦੇ ਬਾਵਜੂਦ ਪ੍ਰਧਾਨ ਦੇ ਮਨ ਵਿਚ ਮੈਨੂੰ ਮਿਲ ਕੇ ਅੰਤਾਂ ਦਾ ਚਾਅ ਤੇ ਖ਼ੁਸ਼ੀ ਉਮੜ੍ਹ ਪੈਂਦੀ। ਹਰ ਵਾਰ ਜਦੋਂ ਵਾਪਸੀ ਲਈ ਤੁਰਨਾ ਤਾਂ ਉਹਦਾ ਸਵਾਲ ਹੁੰਦਾ ਕਿ ਭਾ ਜੀ! ਅੱਜ ਰਹੋ ਸਾਂ। ਮੈਂ ਡਿਊਟੀ ਤੇ ਜਾਣ ਦੀ ਮਜਬੂਰੀ ਦੱਸਣੀ ਤਾਂ ਪੁੱਛਣਾ, "ਫਿਰ ਕਦੋਂ ਆਓਗੇ?" ਭਾਵੇਂ ਉਹਦਾ ਵੱਡਾ ਭਰਾ ਵੀ ਮੌਜੂਦ ਸੀ ਪਰ ਸੱਚੀ ਗੱਲ ਤਾਂ ਇਹ ਹੈ ਕਿ ਰਿਸ਼ਤੇ ਦੀ ਕਦਰ ਸਿਰਫ਼ ਪ੍ਰਧਾਨ ਨੂੰ ਹੀ ਸੀ। ਸਾਰੇ ਰਿਸ਼ਤੇਦਾਰਾਂ ਨਾਲ਼ ਮੇਲ-ਮਿਲਾਪ ਓਹੀ ਰੱਖਦਾ ਸੀ ਤੇ ਹਰ ਕਿਸੇ ਦੀ ਖ਼ੁਸ਼ੀ ਗ਼ਮੀ ਵਿੱਚ ਸ਼ਰੀਕ ਹੁੰਦਾ ਸੀ।

ਪੰਜਾਬ ਦੇ ਹਾਲਾਤ ਕੁਝ ਬਦਲੇ ਤਾਂ ਘਰ ਦੀ ਵਿਗੜੀ ਹੋਈ ਦਸ਼ਾ ਨੂੰ ਸੁਧਾਰਨ ਲਈ ਓਹਨੇ ਖੇਤੀ ਦੇ ਨਾਲ਼ ਪਹਿਲਾਂ ਕੁਝ ਦੁਧਾਰੂ ਡੰਗਰ ਰੱਖ ਕੇ ਪਿੰਡ ਦੇ ਅੱਡੇ ਤੇ ਦੁੱਧ-ਡੇਹਰੀ ਦਾ ਕੰਮ ਚਲਾਇਆ ਤੇ ਫਿਰ ਲਾਗਲੀ ਮੰਡੀ ਵਿੱਚ ਆੜ੍ਹਤ ਦਾ ਕੰਮ ਸ਼ੁਰੂ ਕੀਤਾ। ਪਰ ਆੜ੍ਹਤ ਦਾ ਕੰਮ ਚੱਲ ਨਾ ਸਕਿਆ ਤੇ ਉਹਦੀ ਬਹੁਤ ਸਾਰੀ ਰਕਮ ਥੱਲੇ ਲੱਗ ਗਈ। ਇੱਕ ਗੁਰਮੁਖ ਪਰਿਵਾਰ ਵਿੱਚ ਵਿਆਹਿਆ ਗਿਆ। ਦੋ ਬੱਚੇ ਹੋਏ - ਇਕ ਬੇਟਾ ਤੇ ਇਕ ਬੇਟੀ। ਬੱਚੇ ਪੜ੍ਹ ਗਏ, ਬੇਟੀ ਤਾਂ ਪੰਜਾਬ ਪੁਲਿਸ ਵਿੱਚ ਕਾਂਸਟੇਬਲ ਭਰਤੀ ਹੋ ਗਈ ਪਰ ਬੇਟਾ ਕਿਸੇ ਚੰਗੀ ਥਾਂ ਅਡਜਸਟ ਨਹੀਂ ਹੋ ਸਕਿਆ। ਮਿਲਕ ਪਲਾਂਟ ਵੇਰਕਾ ਦੇ ਫਤਹਿਗੜ੍ਹ ਚੂੜੀਆਂ ਯੂਨਿਟ ਤੇ ਬਤੌਰ ਵਰਕਰ ਕੰਮ ਕਰਦਾ ਹੈ। ਰਾਜਨੀਤੀ ਓਹਨੂੰ ਨਹੀਂ ਸੌਜਲੀ।

ਅਕਾਲੀ ਦਲ ਦੇ ਰਤਨ ਸਿੰਘ ਅਜਨਾਲਾ ਦੀ ਵਿਰੋਧਤਾ ਤੇ ਕਾਂਗਰਸ ਦੇ ਹਰਪ੍ਰਤਾਪ ਸਿੰਘ ਨਾਲ਼ ਨੇੜਤਾ ਨੇ ਕੁਝ ਨਾ ਦਿੱਤਾ ਤਾਂ ਉਹ ਸਤਨਾਮ ਸਿੰਘ ਪੰਨੂ ਵਾਲ਼ੀ ਕਿਸਾਨ ਸੰਘਰਸ਼ ਕਮੇਟੀ ਨਾਲ਼ ਜੁੜ ਗਿਆ। ਮੈਂ ਉਹਨੂੰ ਕੁੱਲ ਹਿੰਦ ਕਿਸਾਨ ਸਭਾ ਨਾਲ਼ ਜੋੜਨ ਦੀ ਕੋਸ਼ਿਸ਼ ਕੀਤੀ ਪਰ ਓਹਦੀ ਕਥਿੱਤ ਖਾੜਕੂ ਸੋਚ ਨੇ ਇਹ ਹਜ਼ਮ ਨਾ ਕੀਤਾ। ਜ਼ਿੰਦਗੀ ਦੇ ਛੇਵੇਂ ਦਹਾਕੇ ਵਿੱਚ ਪਹੁੰਚਿਆ ਤਾਂ ਓਹਨੂੰ ਅਧਰੰਗ ਦਾ ਅਟੈਕ ਹੋ ਗਿਆ। ਸਮੇਂ ਸਿਰ ਡਾਕਟਰੀ ਇਲਾਜ ਹੋ ਜਾਣ ਕਾਰਨ ਬਚਾਅ ਹੋ ਗਿਆ ਤੇ ਉਹ ਨਿੱਤ ਕਿਰਿਆ ਕਰਨ-ਜੋਗ ਹੋ ਗਿਆ। ਸਾਲ ਕੁ ਬਾਅਦ ਦੂਜਾ ਅਟੈਕ ਆ ਗਿਆ ਤੇ ਹਾਲਤ ਵਿਗੜਦੀ ਗਈ। ਪਿਛਲੇ ਸਾਲ ਦੇ ਆਖ਼ਰੀ ਦੋ ਮਹੀਨੇ ਉਹਦੇ ਹਸਪਤਾਲਾਂ ਦੇ ਆਈ ਸੀ ਯੂ ਵਿੱਚ ਗੁਜ਼ਰੇ ਪਰ ਜ਼ਿੰਦਗੀ ਹਾਰ ਗਈ ਤੇ ਮੌਤ ਜਿੱਤ ਗਈ। 29 ਦਸੰਬਰ 2024 ਨੂੰ ਉਹ ਪਰਿਵਾਰ ਨੂੰ ਵਿਲਕਦਾ ਛੱਡ ਕੇ ਉਹਨਾਂ ਰਾਹਾਂ ਵੱਲ ਤੁਰ ਗਿਆ ਜਿਧਰੋਂ ਕਦੇ ਕੋਈ ਵਾਪਸ ਨਹੀਂ ਆਇਆ। ਉਹਦੇ ਜਾਣ ਨਾਲ ਰਿਸ਼ਤੇਦਾਰੀ ਦੇ ਅੰਬਰ 'ਚੋਂ ਇੱਕ ਹੋਰ ਸਿਤਾਰਾ ਟੁੱਟ ਗਿਆ। ਆਮੀਨ!

# ਬੱਚਿਆਂ ਦੀ ਪੜ੍ਹਾਈ ਤੇ ਰੋਜ਼ਗਾਰ

ਮੇਰੇ ਰਿਟਾਇਰ ਹੋਣ ਤੋਂ ਪਹਿਲਾਂ ਅਮਨ ਤੇ ਕੰਵਲ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਸੀ। ਦੋਵਾਂ ਨੇ ਸਰਕਾਰੀ ਸਕੂਲਾਂ-ਕਾਲਜਾਂ 'ਚ ਪੜ੍ਹ ਕੇ ਬੀ.ਏ.ਬੀ.ਐਡ. ਕੀਤੀ ਤੇ ਅਧਿਆਪਕ ਦੇ ਕਿੱਤੇ ਦੀ ਚੋਣ ਕੀਤੀ। ਨੌਂਕਰੀ ਦੀ ਉਡੀਕ ਵਿੱਚ ਐਮ.ਏ. ਵੀ ਕਰ ਲਈ ਪਰ ਦੋਵਾਂ ਨੂੰ ਨੌਂਕਰੀ ਪ੍ਰਾਪਤ ਕਰਨ ਲਈ ਲੰਮੀ ਉਡੀਕ ਕਰਨੀ ਪਈ। ਬੇਟੇ ਨੇ ਡਾ: ਤਰਸੇਮ ਸਿੰਘ ਸੋਹਲ ਦੀ ਸਲਾਹ ਮੰਨ ਕੇ ਵਿਚਕਾਰੋਂ ਹੀ ਆਯੁਰਵੈਦਿਕ ਫਾਰਮੇਸੀ (ਉੱਪਵੈਦ) ਦਾ ਡਿਪਲੋਮਾ ਵੀ ਕਰ ਲਿਆ। ਸਿੱਖਿਆ ਵਿਭਾਗ ਵਿੱਚ ਸਰਕਾਰ ਵੱਲੋਂ ਟੀਚਰਾਂ ਦੀ ਭਰਤੀ ਲਈ ਟੀਚਰ ਇਲਿੱਜੀਬਿਲਟੀ ਟੈੱਸਟ ਲਾਗੂ ਕਰ ਦੇਣ ਨਾਲ ਅਤੇ ਖਾਲੀ ਪੋਸਟਾਂ ਤੇ ਨਵੀਂ ਭਰਤੀ ਸਬੰਧੀ ਉਦਾਸੀਨ ਰਵੱਈਆ ਧਾਰਨ ਕਰਨ ਕਰਕੇ ਉਹਨਾਂ ਨੂੰ ਤੇ ਉਹਨਾਂ ਵਰਗੇ ਹਜ਼ਾਰਾਂ ਹੋਰ ਅਧਿਆਪਕਾਂ ਨੂੰ ਨੌਂਕਰੀ ਨਹੀਂ ਮਿਲੀ। ਅਪਰੈਲ 2012 ਵਿੱਚ ਸੇਵਾ-ਮੁਕਤੀ ਤੋਂ ਪਹਿਲਾਂ ਹੀ ਮੈਂ ਇਕ ਸਾਊ ਪਰਿਵਾਰ ਵਿੱਚ ਬੇਟੀ ਦੀ ਸ਼ਾਦੀ ਕਰ ਦਿੱਤੀ ਹੈ। ਉਹਨੇ ਆਪਣੀ ਮਿਹਨਤ ਨਾਲ ਸੀ.ਟੈੱਟ ਤੇ ਪੀ.ਟੈੱਟ ਦੋਵੇਂ ਪਾਸ ਕਰਕੇ ਇਤਹਾਸ ਦੀ ਐਮ.ਏ. ਕਰ ਲਈ। ਚਾਰ ਸਾਲ ਕੁ ਪਹਿਲਾਂ ਉਹਨੂੰ ਅਪ੍ਰੈਲ 2021 ਵਿੱਚ ਅੰਗਰੇਜ਼ੀ ਮਿਸਟ੍ਰੈੱਸ ਵਜੋਂ ਸਾਰਕਾਰੀ ਨੌਂਕਰੀ ਮਿਲ ਗਈ ਹੈ ਤੇ ਘਰ ਤੋਂ 4 ਕਿਲੋ ਮੀਟਰ ਦੂਰ ਸਰਕਾਰੀ ਹਾਈ ਸਕੂਲ ਸਰਾਂ ਅਮਾਨਤ ਖਾਂ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਹੋ ਸਕਦਾ ਹੈ ਕਿ ਅਧਿਆਪਕ ਲੱਗਣ ਦੀਆਂ ਸਾਰੀਆਂ ਯੋਗਤਾਵਾਂ ਰੱਖਦੇ ਉਹਦੇ ਵਰਗੇ ਹੋਰ ਹਜ਼ਾਰਾਂ ਨੌਜਵਾਨ ਨੌਂਕਰੀ ਉਡੀਕਦੇ ਓਵਰ-ਏਜ ਹੋ ਜਾਣ। ਸਰਕਾਰਾਂ ਦੀਆਂ ਪੂੰਜੀਵਾਦੀ ਨੀਤੀਆਂ ਕਾਰਨ, ਪੰਜਾਬ ਦੇ ਲੱਖਾਂ ਪੜ੍ਹੇ-ਲਿਖੇ ਗਰੈਜੂਏਟ ਤੇ ਪੋਸਟ-ਗਰੈਜੂਏਟ ਡਿਗਰੀਆਂ-ਪ੍ਰਾਪਤ ਨੌਜਵਾਨ ਮੁੰਡੇ-ਕੁੜੀਆਂ, ਬੇ-ਰੋਜ਼ਗਾਰੀ ਦੇ ਬਜ਼ਾਰ ਵਿੱਚ ਮਾਰੇ 2 ਫਿਰ ਰਹੇ ਹਨ। ਇਹਨਾਂ ਚੋਂ ਕਈ ਨਿਰਾਸ਼ਤਾ ਦੀ ਖੱਡ 'ਚ ਜਾ ਡਿੱਗਦੇ ਹਨ ਤੇ ਅੱਗੋਂ ਨਸ਼ਿਆਂ ਦੀ ਅੰਨ੍ਹੀ ਗਲੀ 'ਚ ਜਾ ਵੜਦੇ ਹਨ ਜਿੱਥੋਂ ਜਿਉਂਦੇ ਵਾਪਸ ਪਰਤਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਉਹਨਾਂ ਨੂੰ ਅਜਿਹੇ ਸਿਹਤ-ਵਿਰੋਧੀ ਤੇ ਹਾਕਮ-ਪੱਖੀ ਫੰਦਿਆਂ ਤੋਂ ਬਚ ਕੇ, ਜਥੇਬੰਦ ਹੋ ਕੇ ਰੋਜ਼ਗਾਰ ਲੈਣ ਲਈ, ਸਰਕਾਰਾਂ ਵਿਰੁੱਧ

ਸੰਘਰਸ਼ ਤੇਜ਼ ਕਰਨਾ ਹੋਵੇਗਾ। ਸਿਆਣਿਆਂ ਦਾ ਇਹ ਵੀ ਕਹਿਣਾ ਹੈ ਕਿ ਮੰਜ਼ਿਲ ਦੀ ਪ੍ਰਾਪਤੀ ਲਈ ਹਿੰਮਤ, ਮਿਹਨਤ ਤੇ ਆਸ ਦਾ ਲੜ ਕਦੇ ਨਹੀਂ ਛੱਡਣਾ ਚਾਹੀਦਾ। ਅੰਤ ਇਸ ਪ੍ਰਬੰਧ ਨੇ ਢਹਿ ਢੇਰੀ ਹੋਣਾ ਹੀ ਹੈ ਤੇ ਇਸ ਦੀ ਥਾਂ ਲੋਕ-ਪੱਖੀ ਸਮਾਜਵਾਦੀ ਰਾਜ-ਪ੍ਰਬੰਧ ਦਾ ਸੂਰਜ ਉਦੈ ਹੋਣਾ ਹੈ ਜੋ ਅਨਪੜ੍ਹਤਾ ਤੇ ਬੇਰੋਜ਼ਗਾਰੀ ਨੂੰ ਦੂਰ ਕਰਨ, ਸਿਹਤ ਤੇ ਸਮਾਜਿਕ ਸੁਰੱਖਿਆ ਦੇਣ ਅਤੇ ਅਮੀਰੀ-ਗਰੀਬੀ ਦਾ ਪਾੜਾ ਖ਼ਤਮ ਕਰਕੇ ਸਮਾਜਿਕ ਨਿਆਂ ਦੀ ਗਰੰਟੀ ਦੇਵੇਗਾ।

ਕੁਝ ਸਮਾਂ ਅਮਨ ਨੇ ਇੱਕ ਪ੍ਰਾਈਵੇਟ ਸਕੂਲ ਵਿੱਚ ਜੌਬ ਕੀਤੀ। ਇਸੇ ਦੌਰਾਨ ਸ਼ਹਿਰੀ ਪੁਲਿਸ ਨੇ ਉਹਦੇ ਸਮੇਤ ਤਿੰਨ ਹੋਰ ਉਹਦੇ ਦੋਸਤਾਂ ਤੇ ਇੱਕ ਨਜਾਇਜ ਪੁਲਿਸ-ਕੇਸ ਪਾ ਦਿੱਤਾ। ਉਸ ਕੇਸ ਚੋਂ ਉਹਦੇ ਦੋ ਚੁਸਤ-ਚਲਾਕ ਸਾਥੀ ਤਾਂ ਦੇ-ਦਿਵਾ ਕੇ ਕਿਸੇ ਸਿਆਸੀ ਲੀਡਰ ਦੀ ਕਿਰਪਾ ਨਾਲ਼ ਪਰਚੇ ਚੋਂ ਬਾਹਰ ਹੋ ਗਏ ਪਰ ਅਮਨ ਤੇ ਇਕ ਹੋਰ ਨੂੰ ਅਦਾਲਤਾਂ ਦੇ ਚੱਕਰ ਕੱਟਣੇ ਪਏ। ਸਾਡੀ ਜਥੇਬੰਦਕ ਹਾਲਤ ਪੁਲਿਸ ਤੋਂ ਪਰਚਾ ਕੈਂਸਲ ਕਰਾਉਣ ਲਈ ਨਾ-ਕਾਫ਼ੀ ਹੋਣ ਕਰਕੇ ਮੈਨੂੰ ਕਨੂੰਨੀ ਚਾਰਾਜ਼ੋਈ ਕਰਨੀ ਪਈ। ਆਖ਼ਰ ਸਚਾਈ ਦੀ ਜਿੱਤ ਹੋਈ, ਸਾਲ ਤੋਂ ਵੱਧ ਖੱਜਲ-ਖ਼ਵਾਰੀ ਤੇ ਹਜ਼ਾਰਾਂ ਰੁਪਏ ਖ਼ਰਚ ਕੇ ਆਪਣੀ ਬੇ-ਗੁਨਾਹੀ ਦਾ ਸਬੂਤ ਦੇ ਕੇ ਬੜੀ ਮੁਸ਼ਕਲ ਨਾਲ ਖਹਿੜਾ ਛੁਡਾਇਆ। ਇਹਨੀਂ ਦਿਨੀਂ ਸਰਕਾਰ ਵੱਲੋਂ ਆਯੁਰਵੈਦਿਕ ਵਿਭਾਗ ਵਿੱਚ ਉੱਪਵੈਦਾਂ ਦੀਆਂ ਪੋਸਟਾਂ ਭਰਨ ਲਈ ਇਸ਼ਤਿਹਾਰ ਆ ਗਿਆ। ਅਮਨ ਨੇ ਜੱਕੋਤੱਕੀ 'ਚ ਅਪਲਾਈ ਕੀਤਾ ਤੇ ਉਹਦੀ ਨਿਯੁਕਤੀ ਹੋ ਗਈ। ਇਸ ਪੋਸਟ ਦਾ ਗਰੇਡ ਭਾਵੇਂ ਟੀਚਰ ਨਾਲੋਂ ਕਾਫ਼ੀ ਘੱਟ ਹੈ ਪਰ ਸਥਾਈ ਰੋਜ਼ਗਾਰ ਮਿਲ ਜਾਣ ਕਰਕੇ ਉਹਦੀ ਸ਼ਾਦੀ ਹੋ ਗਈ ਹੈ ਤੇ ਉਹ ਆਪਣੇ ਪਰਿਵਾਰ 'ਚ ਰੁੱਝ ਗਿਆ ਹੈ। ਧੀ ਦੇ ਵਿਆਹ ਤੋਂ ਬਾਅਦ ਮੈਨੂੰ ਨੂੰਹ ਦੇ ਰੂਪ ਵਿੱਚ ਇੱਕ ਹੋਰ ਧੀ (ਗੁਰਪਿੰਦਰ) ਮਿਲ ਗਈ ਹੈ ਜੋ ਐਮ.ਐਸ.ਸੀ. ਬੀ.ਐਡ. ਦੀ ਯੋਗਤਾ-ਪ੍ਰਾਪਤ ਹੈ। ਉਹ ਮੇਰੇ ਖਾਣ-ਪੀਣ ਤੋਂ ਲੈ ਕੇ ਸਾਫ਼ ਕੱਪੜੇ ਪਾਉਣ ਤੱਕ ਹਰ ਗੱਲ ਦਾ ਧਿਆਨ ਰੱਖਦੀ ਹੈ।

ਇਸ ਸਮੇਂ ਮੇਰਾ ਜੀਵਨ ਬੜਾ ਸੰਤੁਲਿਤ ਹੈ ਤੇ ਇਸ ਪੱਖੋਂ ਮੇਰੀ ਸਮਝ ਵੀ ਇਹੀ ਹੈ ਕਿ ਜਿਸ ਬੰਦੇ ਦੀ ਚੰਗੀ ਗੁਜ਼ਾਰੇ-ਯੋਗ ਆਮਦਨ ਹੋਵੇ, ਹਰ ਔਖ-ਸੌਖ ਵਿੱਚ ਸਾਥ ਦੇਣ ਵਾਲੀ ਪਤਨੀ ਹੋਵੇ, ਪਰਿਵਾਰ ਵੱਲੋਂ ਪੂਰਾ ਸਤਿਕਾਰ ਤੇ ਸਹਿਯੋਗ ਮਿਲਦਾ ਹੋਵੇ, ਉਹਦੇ ਬੱਚੇ ਆਗਿਆਕਾਰ ਤੇ ਮਿਹਨਤੀ ਹੋਣ, ਸਮਾਜ ਵਿੱਚ ਵੀ ਉਹਦਾ ਅਦਬ-ਸਤਿਕਾਰ ਬਰਾਬਰ ਕਾਇਮ ਹੋਵੇ ਤਾਂ ਕਿਸੇ ਹੋਰ ਸਵਰਗ ਦੀ ਉਹਨੂੰ ਕੋਈ ਲੋੜ ਨਹੀਂ ਹੁੰਦੀ। ਮੈਂ ਇਸ ਤਰ੍ਹਾਂ ਦੇ ਸਵਰਗ ਨੂੰ ਮਾਣ ਰਿਹਾ ਹਾਂ ਤੇ ਇਸ ਤੋਂ ਵੱਧ ਮੇਰੀ ਵੀ ਕੋਈ ਹੋਰ ਇੱਛਾ ਨਹੀਂ ਹੈ।

ਮੈਂ ਜਦੋਂ ਖ਼ੂਨ-ਵਹਿਣੀ ਦੀ ਰੁਕਾਵਟ ਕਾਰਨ ਜਲੰਧਰ ਹਸਪਤਾਲ 'ਚ ਦਾਖ਼ਲ ਸਾਂ

ਤਾਂ ਮੇਰੀ ਬੇਟੀ ਨੇ ਇੱਕ ਦਰਦ-ਭਰਿਆ ਖ਼ਤ ਲਿਖ ਕੇ ਮੈਨੂੰ ਭੇਜਿਆ। ਸ਼ਾਇਦ ਉਹ ਬੋਲ ਕੇ ਮੇਰੇ ਨਾਲ ਆਪਣੀਆਂ ਭਾਵਨਾਵਾਂ ਵਿਅਕਤ ਨਹੀਂ ਸੀ ਕਰ ਸਕਦੀ। ਮੈਂ ਉਸ ਖ਼ਤ ਦਾ, ਜੋ ਅੱਧਾ ਅੰਗਰੇਜੀ ਤੇ ਅੱਧਾ ਪੰਜਾਬੀ ਵਿੱਚ ਸੀ, ਇੱਥੇ ਵਰਨਣ ਕਰਨ ਤੋਂ ਰਹਿ ਨਹੀਂ ਸਕਿਆ। ਉਹ ਲਿਖਦੀ ਹੈ:-

"ਪਿਆਰੇ ਪਾਪਾ! ਮੈਂ ਤਹਾਨੂੰ ਪਿਆਰ ਕਰਦੀ ਹਾਂ। ਮੈਂ ਇਹ ਜਾਣਦੀ ਹਾਂ ਕਿ ਅੱਜ-ਕੱਲ੍ਹ ਖ਼ਤ ਲਿਖਣਾ ਬਹੁਤ ਪੁਰਾਣਾ ਫ਼ੈਸ਼ਨ ਲਗਦਾ ਹੈ ਪਰ ਮੈਂ ਤੁਹਾਡੇ ਸਾਹਵੇਂ ਖੜ ਕੇ ਤਹਾਨੂੰ ਇਹ ਦੱਸਣ ਲਈ ਕਿ ਤੁਸੀਂ ਮੇਰੇ ਲਈ ਕੀ ਮਾਅਨੇ ਰੱਖਦੇ ਹੋ, ਇਸ ਦੀ ਥਾਂ ਤੇ ਸ਼ਬਦਾਂ ਦਾ ਸਹਾਰਾ ਲੈ ਕੇ ਸੁਖਾਲਾ ਅਨੁਭਵ ਕਰਦੀ ਹਾਂ। ਇਹ ਤੁਹਾਡੇ ਕਾਰਨ ਹੀ ਹੈ ਕਿ ਮੈਂ ਆਪਣੇ ਆਪ ਨੂੰ ਤਕੜੀ ਤੇ ਸਵੈ-ਭਰੋਸੇ ਨਾਲ ਸੰਪੰਨ ਸਮਝਦੀ ਹਾਂ। ਬਚਪਨ ਵਿੱਚ ਝੂਲਾ ਝੁਲਾਉਣ ਤੋਂ ਲੈ ਕੇ ਸਾਈਕਲ ਚਲਾਉਣਾ ਸਿਖਾਉਣ ਤੱਕ ਤੁਸੀਂ ਹਰ ਵੇਲੇ ਮੇਰੀ ਪਿੱਠ ਥਪਥਪਾਈ ਤੇ ਹਰ ਗੱਲ 'ਚ ਮੇਰੀ ਭਾਵਨਾ ਨੂੰ ਤਰਜੀਹ ਦਿੱਤੀ। ਮੈਨੂੰ ਅਜੇ ਵੀ ਉਹ ਦਿਨ ਯਾਦ ਹੈ ਜਿਸ ਦਿਨ ਤੁਸੀਂ ਮੇਰੇ ਸਕੂਲ ਜਾਣ ਲਈ ਨਵਾਂ ਸਾਈਕਲ ਲੈ ਕੇ ਆਏ ਸੋ। ਮੈਨੂੰ ਪਰਵਾਜ਼ ਭਰਨ ਲਈ ਖੰਭ ਦੇਣ ਲਈ ਤੁਹਾਡਾ ਬਹੁਤ ਧੰਨਵਾਦ।

ਮੈਨੂੰ ਇਹ ਸਮਝਣ ਲਈ ਪੂਰੇ ਸਤਾਈ ਸਾਲ ਲੱਗੇ ਕਿ ਇੱਕ ਸਖ਼ਤ-ਸ਼ੁਭਾਅ ਵਾਲੇ ਬੰਦੇ ਦੇ ਅੰਦਰ ਇੱਕ ਪਿਆਰਾ ਜਿਹਾ ਨਰਮ-ਦਿਲ ਇਨਸਾਨ ਵੱਸਦਾ ਹੈ ਜੋ ਮੇਰੀ ਖ਼ੁਸ਼ੀ ਲਈ ਹਰ ਕੁਰਬਾਨੀ ਕਰ ਸਕਦਾ ਹੈ ਤੇ ਮੈਂ ਇਹ ਵੀ ਮਹਿਸੂਸ ਕੀਤਾ ਹੈ ਕਿ ਮੇਰੇ ਪਾਪਾ ਦੇ ਦਿਲ 'ਚ ਮੇਰਾ ਵਧੀਆ ਦੋਸਤ ਵੀ ਮੌਜੂਦ ਹੈ। ਯਾਦ ਰੱਖਣਾ ਕਿ ਮੈਂ ਕਿਤੇ ਵੀ ਹੋਵਾਂ ਤੇ ਕਿੰਨੀ ਵੱਡੀ ਵੀ ਹੋ ਜਾਵਾਂ, ਮੈਂ ਤੁਹਾਡੇ ਪਿਆਰ ਨੂੰ ਨਹੀਂ ਭੁੱਲਾਂਗੀ। ਤੁਸੀਂ ਜੋ ਵੀ ਸਾਡੀ ਖ਼ਾਤਰ ਕੀਤਾ ਹੈ, ਉਸ ਸਭ-ਕੁਝ ਲਈ ਮੈਂ ਤੁਹਾਡੀ ਰਿਣੀ ਹਾਂ। ਕੁਝ ਸਤਰਾਂ ਹੋਰ ਰੱਬ ਵਰਗੇ ਪਿਤਾ ਦੇ ਨਾਂ:

ਓਸ ਬੋਹੜ ਨੂੰ ਰੱਬਾ ਕੁਝ ਨਾ ਹੋਵੇ, ਜਿਸ ਦੀਆਂ ਛਾਂਵਾਂ ਅਸਾਂ ਨੇ ਮਾਣੀਆਂ ਨੇ।
ਪੁੱਤ-ਪੋਤੇ, ਦੋਹਤੇ ਜਿਸਦੇ ਫੁੱਲਾਂ ਵਰਗੇ, ਧੀਆਂ, ਦੋਹਤੀਆਂ ਜੀਹਦੀਆਂ ਟਾਹਣੀਆਂ ਨੇ।
ਰੱਬ ਨਾ ਕਰੇ ਐਸਾ ਵਕਤ ਆਵੇ, ਸਾਡੀਆਂ ਵੇਖ ਕੇ ਹੁਬਕਾਂ ਨਿੱਕਲ ਜਾਣੀਆਂ ਨੇ।
ਉਹਦੇ ਨਾਲ ਜੀਉਂਦੇ, ਬਿਨਾਂ ਓਸ ਦੇ ਤਾਂ, ਰੀਝਾਂ ਰਹਿ ਅਧੂਰੀਆਂ ਜਾਣੀਆਂ ਨੇ।
ਉਹਦੀ ਛਾਵੇਂ ਸਭ ਰਿਸ਼ਤੇ-ਨਾਤੇ, ਬੇ-ਫ਼ਿਕਰ ਹੋ ਕੇ ਪਏ ਰਹਿੰਦੇ,
ਸਾਰੀ ਜ਼ਿੰਦਗੀ ਹੈ ਅਸਾਂ ਯਾਦ ਕਰਨਾ ਤੇ ਵਾਰਾਂ ਉਸੇ ਦੀਆਂ ਗਾਣੀਆਂ ਨੇ।
ਓਸ ਬੋਹੜ-ਰੂਪੀ ਬਾਪ ਸਾਡੇ, ਆਂਦਰਾਂ ਸਾਡੀਆਂ ਠਾਰੀਆਂ ਨੇ।
ਜੁੱਗਾਂ 2 ਤੱਕ ਉਹ ਰਹਿ ਵੱਸਦਾ, ਦੁਆ ਕੀਤੀ ਹੈ ਧੀਆਂ-ਧਿਆਣੀਆਂ ਨੇ।
ਤੁਹਾਡੀ ਪਿਆਰੀ ਬੇਟੀ, ਕੰਵਲਪ੍ਰੀਤ ਗਿੱਲ

ਬੇਟੀ ਦੀ ਵਿਦਿਆ-ਪ੍ਰਾਪਤੀ ਸਮੇਂ ਕੀਤੀ ਸਖ਼ਤ ਮਿਹਨਤ ਨੂੰ ਆਖ਼ਰ ਬੂਰ ਪੈ ਗਿਆ। ਮਾਰਚ 2021 ਵਿੱਚ ਉਹਨੇ ਆਪਣੇ ਘਰ ਤੋਂ 5 ਕਿਲੋਮੀਟਰ ਦੂਰ ਸਰਕਾਰੀ ਹਾਈ ਸਕੂਲ ਸਰਾਂ ਅਮਾਨਤ ਖਾਂ ਵਿਖੇ ਬਤੌਰ ਅੰਗਰੇਜ਼ੀ ਮਿਸਟ੍ਰੈੱਸ ਸਰਕਾਰੀ ਨੌਂਕਰੀ ਜਾਇਨ ਕਰ ਲਈ ਸੀ। ਉਹਨੇ ਅਜੇ ਅਗਲੇਰੀ ਪੜ੍ਹਾਈ ਨਹੀਂ ਛੱਡੀ ਤੇ ਅੰਗਰੇਜ਼ੀ ਦੀ ਐਮ.ਏ. ਕਰਨ ਦਾ ਇਰਾਦਾ ਰੱਖਦੀ ਹੈ।

# ਜਥੇਬੰਦਕ ਸੰਘਰਸ਼

ਜਿਵੇਂ ਕਿ ਪਹਿਲਾਂ ਦੱਸ ਚੁੱਕਾ ਹਾਂ ਕਿ ਦੂਜਿਆਂ ਤੋਂ ਪਹਿਲਾਂ ਮੈਨੂੰ ਪੱਕੀ ਸਰਕਾਰੀ ਨੌਂਕਰੀ ਕੇਵਲ ਗੌਰਮਿੰਟ ਟੀਚਰ ਯੂਨੀਅਨ ਨਾਲ ਜੁੜ ਜਾਣ ਕਾਰਨ ਹੀ ਹਾਸਲ ਹੋਈ ਸੀ ਨਹੀਂ ਤਾਂ ਮੈਂ ਆਪਣੇ ਜਮਾਤੀਆਂ ਨਾਲ 1984 ਵਿਚ ਹੀ 89 ਦਿਨਾਂ ਦੇ ਅਧਾਰ ਤੇ ਨੌਂਕਰੀ ’ਚ ਆਉਣਾ ਸੀ। ਪੰਜਾਬ ਦੇ ਸਰਕਾਰੀ ਅਧਿਆਪਕਾਂ ਦੀ ਇਹ ਜਥੇਬੰਦੀ ਉੱਤਰੀ ਭਾਰਤ ਵਿੱਚ ਜਮਹੂਰੀ ਢੰਗ ਨਾਲ ਚੁਣੀ ਜਾਣ ਵਾਲੀ ਅਤੇ ਸਮੁੱਚੇ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਦੇ ਹੱਲ ਲਈ ਤਿੱਖਾ ਸੰਘਰਸ਼ ਕਰਨ ਵਾਲੀ ਮਜ਼ਬੂਤ ਜਥੇਬੰਦੀ ਸੀ। ਹਰ ਦੋ ਸਾਲ ਬਾਅਦ ਗੁਪਤ ਪਰਚੀ ਰਾਹੀਂ ਇਸ ਦੇ ਜ਼ਿਲ੍ਹਾ ਪ੍ਰਧਾਨ ਅਤੇ ਬਲਾਕ ਪ੍ਰਧਾਨਾਂ ਦੀ ਚੋਣ ਹੁੰਦੀ ਸੀ। ਜਿੱਤਿਆ ਜ਼ਿਲ੍ਹਾ ਪ੍ਰਧਾਨ ਬਲਾਕ ਪ੍ਰਧਾਨਾਂ ਦੀ ਸਹਿਮਤੀ ਨਾਲ ਆਪਣੀ ਜ਼ਿਲ੍ਹਾ ਕਮੇਟੀ ਅਤੇ ਬਲਾਕ ਪ੍ਰਧਾਨ ਆਪਣੀ ਬਲਾਕ ਕਮੇਟੀ ਨਾਮਜ਼ਦ ਕਰਦਾ ਸੀ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਜਿੱਤੇ ਪ੍ਰਧਾਨ ਸੂਬਾਈ ਪ੍ਰਧਾਨਗੀ-ਮੰਡਲ ਬਣਾ ਕੇ ਸੂਬਾ-ਪ੍ਰਧਾਨ ਦੀ ਚੋਣ ਕਰ ਲੈਂਦੇ ਸਨ। ਹਰ ਸਾਲ ਘੱਟੋ ਘੱਟ ਦੋ ਵਾਰ ਸਾਰੇ ਬਲਾਕ ਪ੍ਰਧਾਨਾਂ ਦੀ ਜਨਰਲ ਕੌਂਸਲ ਮੀਟਿੰਗ ਹੁੰਦੀ ਸੀ ਜਿਹੜੀ ਡੂੰਘੇ ਵਿਚਾਰ-ਵਟਾਂਦਰੇ ਤੋਂ ਬਾਅਦ ਮੰਗ-ਪੱਤਰ ਅਤੇ ਅਗਾਮੀ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਦੀ ਸੀ। ਤਿੱਖੇ ਸੰਘਰਸ਼ ਰਾਹੀਂ ਗੌਰਮਿੰਟ ਟੀਚਰ ਯੂਨੀਅਨ ਨੇ ਬਹੁਤ ਪ੍ਰਾਪਤੀਆਂ ਕੀਤੀਆਂ ਹਨ। ਜਮਹੂਰੀ ਜਥੇਬੰਦੀ ਹੋਣ ਕਾਰਨ ਇਹ ਪੰਜਾਬ ਦੇ ਬਾਕੀ ਮੁਲਾਜ਼ਮਾਂ ਨੂੰ ਵੀ ਇੱਕ ਪਲੇਟਫਾਰਮ ਤੇ ਇਕੱਠੇ ਕਰਨ ਦੀ ਭੂਮਿਕਾ ਅਦਾ ਕਰਦੀ ਰਹੀ ਹੈ ਤੇ ਮੁਲਾਜ਼ਮ ਫੇਡਰੇਸ਼ਨਾਂ ਦੀ ਸਾਂਝੀ ਐਕਸ਼ਨ ਕਮੇਟੀ ਬਣਾ ਕੇ ਪੰਜਾਬ ਸਰਕਾਰ ਤੋਂ ਸਮੇਂ 2 ਲਾਹੇਵੰਦ ਗਰੇਡਾਂ ਦੀ ਪ੍ਰਾਪਤੀ, ਮਹਿੰਗਾਈ ਵਧਣ ਉਪ੍ਰੰਤ ਬਣਦੇ ਡੀ.ਏ. ਦੀ ਕਿਸ਼ਤ ਲੈਣਾ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਾਉਣ, ਤਰੱਕੀ ਦਰ ’ਚ ਵਾਧਾ, ਪੇ-ਕਮਿਸ਼ਨਾਂ ਤੋਂ ਚੰਗੀਆਂ ਸਿਫ਼ਾਰਸ਼ਾਂ, ਪ੍ਰਾਫੀਸੈਂਸੀ ਸਟੈੱਪ-ਅੱਪ, ਐਲ.ਟੀ.ਸੀ. ਦੀ ਪ੍ਰਾਪਤੀ, ਮੈਡੀਕਲ ਭੱਤੇ ’ਚ ਵਾਧਾ, 4-9-14 ਸਾਲਾ ਏ.ਸੀ.ਪੀ., ਮਕਾਨ ਕਿਰਾਇਆ ਭੱਤਾ, ਪੇਂਡੂ ਭੱਤਾ, ਕੰਢੀ-ਬੇਟ ਏਰੀਆ ਭੱਤਾ, ਬਾਰਡਰ ਏਰੀਆ ਭੱਤਾ, ਸਮੇਂ ਸਮੇਂ ਪਦ-ਉਨਤੀਆਂ, ਇਸਤਰੀ ਮੁਲਾਜ਼ਮਾਂ ਨੂੰ ਬਣਦੀਆਂ ਸਹੂਲਤਾਂ ਦੀ ਪ੍ਰਾਪਤੀ, ਬਦਲੀਆਂ ਦੇ ਨਿਯਮ ਤੇ ਹੋਰ ਕਈ ਸਹੂਲਤਾਂ ਪ੍ਰਾਪਤ ਕੀਤੀਆਂ ਹਨ।

ਇਸ ਯੂਨੀਅਨ ਵਿੱਚ ਉਂਜ ਤਾਂ ਬਹੁਤ ਸਾਰੇ ਗਰੁੱਪ ਹਿੱਸਾ ਲੈਂਦੇ ਸਨ ਪਰ ਆਮ ਤੌਰ ਤੇ ਰਾਣਾ ਜਾਂ ਢਿੱਲੋਂ ਗਰੁੱਪ ਹੀ ਜੇਤੂ ਪੁਜੀਸ਼ਨ 'ਚ ਹੁੰਦੇ ਸਨ। ਮੇਰੀ ਹਮਦਰਦੀ ਰਾਣਾ ਗਰੁੱਪ ਨਾਲ ਸੀ। ਮੇਰੀ ਸਿੱਖਿਆ ਵਿਭਾਗ ਵਿੱਚ ਸਰਕਾਰੀ ਤੌਰ ਤੇ ਨਿਯੁਕਤੀ ਭਾਵੇਂ 8.01.1982 ਨੂੰ ਹੋਈ ਸੀ ਪਰ ਗੌਂ: ਟੀ: ਯੂ: ਦੀਆਂ 1981 ਦੀਆਂ ਚੋਣਾਂ ਮੌਕੇ ਵੀ ਮੈਂ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲਿਆ ਸੀ। ਗੌਂ:ਟੀ: ਯੂ: ਪੰਜਾਬ ਵੱਲੋਂ 1981 ਵਿੱਚ ਸਿੱਖਿਆ ਮੰਤਰੀ ਸ੍ਰ. ਹਰਚਰਨ ਸਿੰਘ ਅਜਨਾਲਾ ਦੇ ਅਧਿਆਪਕ-ਵਿਰੋਧੀ ਤੇ ਧੱਕੜ ਰਵੱਈਏ ਵਿਰੁੱਧ ਅਜਨਾਲੇ ਸ਼ਹਿਰ ਵਿੱਚ ਪੰਜਾਬ ਦੇ ਹਜ਼ਾਰਾਂ ਅਧਿਆਪਕਾਂ ਦਾ ਲਾ-ਮਿਸਾਲ ਮੁਜ਼ਾਹਰਾ ਕਰਕੇ ਦਫ਼ਾ 144 ਦੀਆਂ ਧੱਜੀਆਂ ਉਡਾਈਆਂ ਗਈਆਂ ਸਨ ਤਾਂ ਸਾ: ਸੁੱਚਾ ਸਿੰਘ, ਅਰਸਾਲ ਸਿੰਘ ਤੇ ਕੁਝ ਹੋਰ ਆਗੂਆਂ ਤੇ ਅਮਨ-ਕਨੂੰਨ ਭੰਗ ਕਰਨ ਤੇ ਹੋਰ ਕਈ ਮਾਰੂ ਧਾਰਾਵਾਂ ਲਾ ਕੇ ਪਰਚਾ ਦਰਜ ਕੀਤਾ ਗਿਆ ਸੀ। ਉਸ ਦਿਨ ਮੇਰੀ ਡਿਊਟੀ ਬੱਸ-ਸਟੈਂਡ ਅੰਮ੍ਰਿਤਸਰ ਦੇ ਗੇਟ ਤੇ ਪੰਜਾਬ ਦੇ ਕੋਨੇ ਕੋਨੇ ਤੋਂ ਅਜਨਾਲੇ ਪਹੁੰਚਣ ਵਾਲੇ ਅਧਿਆਪਕਾਂ ਨੂੰ ਗਾਈਡ ਕਰਕੇ ਉਹਨਾਂ ਨੂੰ ਬੱਸਾਂ ਰਾਹੀਂ ਅਜਨਾਲੇ ਭੇਜਣ ਦੀ ਲੱਗੀ ਸੀ ਤੇ ਇੱਕ ਵਜੇ ਉਹਨਾਂ ਦੇ ਨਾਲ ਹੀ ਅਜਨਾਲੇ ਪਹੁੰਚ ਜਾਣ ਦਾ ਹੁਕਮ ਸੀ। ਜਦੋਂ ਮੈਂ ਅਧਿਆਪਕਾਂ ਦੀ ਭਰੀ ਬੱਸ 'ਚ ਬਹਿ ਕੇ ਤੇੜੀ ਵਾਲੇ ਚੌਂਕ ਪਹੁੰਚਿਆ ਤਾਂ ਪੁਲਿਸ ਨੇ ਸਾਡੀ ਬੱਸ ਖਾਲੀ ਕਰਾ ਕੇ ਅੱਗੇ ਜਾਣ ਤੋਂ ਰੋਕ ਦਿੱਤਾ। ਅਸੀਂ ਸਾਰੇ ਅਧਿਆਪਕਾਂ ਨੇ ਉਸ ਚੌਂਕ ਵਿੱਚ ਬਹਿ ਕੇ ਹੀ ਮੰਤਰੀ ਤੇ ਸਰਕਾਰ ਦੀ ਮੁਰਦਾਬਾਦ ਕੀਤੀ। ਘੰਟੇ ਕੁ ਬਾਅਦ ਪੁਲਿਸ ਨੇ ਸਾਨੂੰ ਸਾਰਿਆਂ ਨੂੰ ਟਰੱਕ 'ਚ ਚੜ੍ਹਾ ਕੇ ਟਰੱਕ ਚੁਗਾਵੇਂ ਵਾਲੀ ਸੜਕੇ ਪਾ ਲਿਆ।

ਭਿੰਡੀਆਂ ਸੈਦਾਂ ਪਹੁੰਚ ਕੇ ਸਾਨੂੰ ਉੱਤਰ ਜਾਣ ਦਾ ਹੁਕਮ ਦਿੱਤਾ। ਮੇਰੇ ਨਾਲ ਸਾਰੇ ਅਧਿਆਪਕ ਲੁਧਿਆਣੇ ਜ਼ਿਲ੍ਹੇ ਦੇ ਸਨ, ਮੈਂ ਹੇਠਾਂ ਉੱਤਰ ਕੇ ਵੇਖਿਆ ਤੇ ਤੁਰੰਤ ਸਾਥੀਆਂ ਨੂੰ ਉੱਤਰਨ ਤੋਂ ਰੋਕਿਆ ਕਿਉਂਕਿ ਇਹ ਥਾਂ ਪਾਕਿਸਤਾਨੀ ਬਾਰਡਰ ਦੇ ਨੇੜੇ ਪੈਂਦੀ ਸੀ ਤੇ ਢਲੇ ਦਿਨ ਉੱਥੇ ਉੱਤਰ ਕੇ ਵਾਪਸ ਲੁਧਿਆਣੇ ਤਾਂ ਕੀ, ਅੰਮ੍ਰਿਤਸਰ ਵੀ ਨਹੀਂ ਸਨ ਪਹੁੰਚ ਸਕਦੇ। ਅਸੀ ਪੁਲਿਸ ਵਾਲਿਆਂ ਨੂੰ ਕਿਹਾ ਕਿ ਉਹ ਟੀਚਰਾਂ ਨੂੰ ਮੇਨ ਰੋਡ ਤੇ ਕਿਸੇ ਬੱਸ ਅੱਡੇ ਤੇ ਉਤਾਰਨਗੇ ਤਾਂ ਹੀ ਉਹ ਉੱਤਰਨਗੇ ਵਰਨਾ ਟਰੱਕ 'ਚ ਹੀ ਰਹਿਣਗੇ ਭਾਵੇਂ ਰਾਤ ਪੈ ਜਾਵੇ। ਉਹ ਵੀ ਸਾਡੀ ਮਜ਼ਬੂਰੀ ਸਮਝ ਗਏ ਤੇ ਉਹਨਾਂ ਸਾਨੂੰ ਸਭ ਨੂੰ ਜਸਰਾਊਰ ਪਿੰਡ ਦੇ ਅੱਡੇ ਤੇ ਉਤਾਰ ਦਿੱਤਾ। ਬੱਸ ਆਈ ਤੇ ਮੈਂ ਉਹਨਾਂ ਨੂੰ ਵਾਪਸ ਅੰਮ੍ਰਿਤਸਰ ਪਹੁੰਚਣ ਲਈ ਬਿਠਾ ਦਿੱਤਾ। ਇਹ ਪਿੰਡ ਸਤਨਾਮ ਸਿੰਘ ਪੀ ਟੀ ਆਈ ਦਾ ਪਿੰਡ ਸੀ ਜੋ ਮੇਰੇ ਨਾਲ ਗੁਰੂ ਰਾਮ ਦਾਸ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿੱਚ ਨੌਂਕਰੀ ਕਰਦਾ ਸੀ ਤੇ ਰੋਜ਼ਾਨਾ ਪਿੰਡ ਤੋਂ ਹੀ ਸਕੂਲ ਡਿਊਟੀ ਤੇ ਆਉਂਦਾ-ਜਾਂਦਾ ਸੀ, ਮੈਂ ਉਹਦੇ

ਘਰ ਦਾ ਪਤਾ ਪੁੱਛ ਕੇ ਜਾ ਬੂਹਾ ਖੜਕਾਇਆ। ਘਰ ਵਾਲਿਆਂ ਦੱਸਿਆ ਕਿ ਉਹ ਪਿੰਡ ਵਿੱਚੋਂ ਕਿਸੇ ਬਰਾਤ ਨਾਲ ਗਿਆ ਹੈ ਤੇ ਉਹਨੇ ਸ਼ਾਮ ਨੂੰ ਦੇਰ ਨਾਲ ਘਰ ਵਾਪਸ ਆਉਣਾ ਹੈ।

ਅਤਿ ਦੀ ਗਰਮੀ ਹੋਣ ਕਾਰਨ ਘਰ ਵਾਲਿਆਂ ਨੇ ਮੈਨੂੰ ਹੱਟੀਉਂ ਬਰਫ਼ ਮੰਗਵਾ ਕੇ (ਉਹਨੀਂ ਦਿਨੀਂ ਹਰ ਘਰ ਅਜੇ ਫ਼ਰਿੱਜ ਨਹੀਂ ਸੀ ਆਈ) ਸਕੰਜਵੀ ਬਣਾ ਕੇ ਪਿਆਈ ਤੇ ਨਹੁਣ-ਧੋਣ ਲਈ ਸਾਬਣ-ਤੌਲੀਆ ਦਿੱਤਾ। ਮੈਂ ਨਹਾ ਕੇ ਸੁਰਤ 'ਚ ਹੋ ਗਿਆ। ਸ਼ਾਮ ਗੁਜ਼ਰ ਰਹੀ ਸੀ ਤੇ ਸ਼ੁੱਭ-ਰਾਤਰੀ ਦਾ ਆਗਮਨ ਹੋ ਰਿਹਾ ਸੀ। ਮੈਨੂੰ ਡਾਢੀ ਭੁੱਖ ਲੱਗੀ ਹੋਈ ਸੀ ਪਰ ਪਹਿਲੀ ਵਾਰ ਉਸ ਘਰ ਜਾਣ ਕਰਕੇ ਮੈਂ ਖਾਣ ਲਈ ਕੁਝ ਮੰਗ ਨਾ ਸਕਿਆ। ਬੈਠਕ ਵਿੱਚ ਅਰਾਮ ਕਰਨ ਲਈ ਮੰਜਾ-ਬਿਸਤਰਾ ਮਿਲ ਗਿਆ ਸੀ। ਇਸੇ ਨੂੰ ਗ਼ਨੀਮਤ ਸਮਝ ਕੇ ਮੈਂ ਘਰ ਵਾਲਿਆਂ ਵੱਲੋਂ ਘਰ ਆਏ ਮਹਿਮਾਨ ਨੂੰ ਰੋਟੀ ਖਵਾਉਣ ਪ੍ਰਤੀ ਵਰਤੀ ਜਾ ਰਹੀ ਢਿੱਲ ਬਾਰੇ ਹੈਰਾਨ ਹੁੰਦਾ ਹੋਇਆ ਸੌਣ ਦੀ ਅਸਫ਼ਲ ਕੋਸ਼ਿਸ਼ ਕਰਦਾ ਰਿਹਾ। ਜਦੋਂ ਸਤਨਾਮ ਬਰਾਤ ਦੀ ਵਾਪਸੀ ਤੇ ਘਰ ਪਰਤਿਆ ਤਾਂ ਮੈਨੂੰ ਵੇਖ ਕੇ ਖ਼ੁਸ਼ੀ ਨਾਲ ਝੂਮ ਉੱਠਿਆ। ਉਹਨੇ ਘਰੋਂ ਰੋਟੀ ਬਾਰੇ ਪੁੱਛਿਆ ਤਾਂ ਮਾਤਾ ਨੇ ਦੱਸਿਆ ਕਿ ਤੈਨੂੰ ਹੀ ਉਡੀਕਦੇ ਹਾਂ। ਸਤਨਾਮ ਬੜਾ ਮਜ਼ਾਕੀਆ ਸੁਭਾਅ ਦਾ ਸੀ ਤੇ ਕੁਝ ਉਹਦਾ ਪੈੱਗ ਵੀ ਲੱਗਾ ਹੋਇਆ ਸੀ। ਉਹਨਾਂ ਦੀ ਗੱਲ ਸੁਣ ਕੇ ਉਹ ਉੱਚੀ 2 ਕੂਕ ਉੱਠਿਆ, "ਤੁਹਾਡਾ ਬੇੜਾ ਗਰਕੇ, ਤੁਸੀਂ ਤਾਂ ਅੱਜ ਗਊ-ਹੱਤਿਆ ਕਰਤੀ ਜੇ, ਇਹ ਗਰੀਬ ਤੇ ਸ਼ਰਾਬ ਨੂੰ ਹੱਥ ਨਹੀਂ ਲਾਉਂਦਾ ਤੇ ਤੁਸੀਂ ਇਹਨੂੰ ਰੋਟੀਓਂ ਵੀ ਭੁੱਖੇ ਮਾਰ ਛੱਡਿਆ।" ਉਦੋਂ ਮੈਨੂੰ ਸਮਝ ਆਈ ਕਿ ਘਰ ਵਾਲੇ ਰੋਟੀ ਪਕਾ ਕੇ ਵੀ ਮੈਨੂੰ ਕਿਉਂ ਨਹੀਂ ਸਨ ਦੇਂਦੇ। ਉਹ ਦਰ-ਅਸਲ ਸਤਨਾਮ ਨੂੰ ਉਡੀਕ ਰਹੇ ਸਨ ਕਿਉਂਕਿ ਉਹਨੇ ਘਰ ਕਹਿ ਛੱਡਿਆ ਸੀ ਕਿ ਜੇ ਮੇਰਾ ਕੋਈ ਯਾਰ-ਬੇਲੀ ਮੇਰੀ ਗੈਰ-ਹਾਜ਼ਰੀ ਵਿੱਚ ਆਵੇ ਤਾਂ ਮੈਨੂੰ ਉਡੀਕੇ ਬਿਨਾਂ ਰੋਟੀ ਨਹੀਂ ਖਵਾਉਣੀ, ਦਾਰੂ-ਪਿਆਲਾ ਪੀਣ ਵਾਲੇ ਨੂੰ ਸੁੱਕੀ ਰੋਟੀ ਚੰਗੀ ਨਹੀਂ ਲਗਦੀ ਤੇ ਨਾਲੇ ਘੜੀ ਗੱਪ-ਸ਼ੱਪ ਮਾਰ ਲਈਦੀ ਆ। ਸਤਨਾਮ ਦੇ ਪਿੰਡ ਗੁਜ਼ਾਰੀ ਉਹ ਰਾਤ ਮੇਰੀ ਜ਼ਿੰਦਗੀ ਦੀ ਅਭੁੱਲ ਯਾਦ ਬਣ ਗਈ ਹੈ।

ਸਰਕਾਰੀ ਸਕੂਲ ਵਿੱਚ ਨਿਯੁਕਤੀ ਤੋਂ ਬਾਅਦ 19 ਜਨਵਰੀ 1982 ਨੂੰ ਭਾਰਤ ਸਰਕਾਰ ਦੀਆਂ ਮਜ਼ਦੂਰ-ਮੁਲਾਜ਼ਮ-ਵਿਰੋਧੀ ਨੀਤੀਆਂ ਖ਼ਿਲਾਫ਼ ਦੇਸ਼ ਭਰ ਵਿੱਚ ਇੱਕ ਦਿਨਾਂ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਪ੍ਰੋਬੇਸ਼ਨ ਪੀਰੀਅਡ ਤੇ ਹੋਣ ਕਾਰਨ ਮੈਨੂੰ ਹੜਤਾਲ ਕਰਨ ਤੋਂ ਛੋਟ ਦਿੱਤੀ ਗਈ ਪਰ ਇਸ ਹੜਤਾਲ ਦੀ ਤਿਆਰੀ ਲਈ ਮੈਂ ਆਪਣੇ ਬਲਾਕ ਵਲਟੋਹਾ ਦੇ ਸਕੂਲਾਂ ਵਿੱਚ ਪ੍ਰਚਾਰ ਕਰਨ ਲਈ ਯੂਨੀਅਨ ਦਾ ਪੂਰਾ ਸਾਥ ਦਿੱਤਾ। 1983 ਦੀ ਚੋਣ ਵਿੱਚ ਮੈਨੂੰ ਸਹਾਇਕ ਰਿਟਰਨਿੰਗ ਅਫਸਰ ਦੀ ਸੇਵਾ ਸੌਂਪੀ ਗਈ। ਇਸ

ਚੋਣ ਵਿੱਚ ਟੀਚਰਾਂ ਨੇ ਬਹੁ-ਸੰਮਤੀ ਨਾਲ ਸਾ: ਮਦਨ ਗੋਪਾਲ ਨੂੰ ਬਲਾਕ ਵਲਟੋਹਾ ਦਾ ਬਲਾਕ ਪ੍ਰਧਾਨ ਤੇ ਸਾ: ਸਰਬਦਿਆਲ ਸਿੰਘ ਕੰਗ ਨੂੰ ਜ਼ਿਲ੍ਹਾ ਪ੍ਰਧਾਨ ਚੁਣਿਆ ਸੀ। ਸਾਰੇ ਜ਼ਿਲ੍ਹਾ ਪ੍ਰਧਾਨਾਂ ਦੇ ਸੂਬਾਈ ਪ੍ਰਧਾਨਗੀ ਮੰਡਲ ਨੇ ਸਾ: ਤਰਲੋਚਨ ਸਿੰਘ ਰਾਣਾ ਨੂੰ ਸੂਬਾਈ ਪ੍ਰਧਾਨ ਤੇ ਸਾ: ਹਰਕੰਵਲ ਸਿੰਘ ਨੂੰ ਜਨਰਲ ਸਕੱਤਰ ਚੁਣ ਲਿਆ ਸੀ। ਸਾ. ਜਰਮਨਜੀਤ ਸਿੰਘ (ਚੋਗਾਵਾਂ ਸਾਧਪੁਰ) ਅੰਮ੍ਰਿਤਸਰ ਜ਼ਿਲ੍ਹਾ-ਕਮੇਟੀ ਦਾ ਕਈ ਸਾਲ ਜਿਲ੍ਹਾ-ਸਕੱਤਰ ਰਿਹਾ। ਸੁੱਚਾ ਸਿੰਘ ਅਜਨਾਲਾ, ਸਵਿੰਦਰ ਸਿੰਘ ਅਦਲੀਵਾਲ, ਚਰਨਜੀਤ ਸਿੰਘ ਗੁੰਮਟਾਲਾ, ਸਵਿੰਦਰ ਸਿੰਘ ਮੀਰਾਂਕੋਟ, ਮਦਨ ਗੋਪਾਲ ਸ਼ਰਮਾ, ਕੁਲਦੀਪ ਮੁਹਾਵਾ, ਕੇਵਲ ਸਿੰਘ, ਦਲਜੀਤ ਸਿੰਘ ਦਿਆਲਪੁਰ ਆਦਿ ਕੁਝ ਉਸ ਸਮੇਂ ਦੇ ਸਰਗਰਮ ਆਗੂ ਸਨ।

ਭਾਵੇਂ ਮੈਨੂੰ ਚੱਲ ਰਹੀ ਬਲਾਕ-ਕਮੇਟੀ ਵਿੱਚ ਨਹੀਂ ਸੀ ਲਿਆ ਗਿਆ ਪਰ ਸਾਥੀ ਅਰਸਾਲ ਸਿੰਘ ਸੰਧੂ ਤੇ ਹਰਭਜਨ ਸੰਧੂ ਦੀ ਪ੍ਰੇਰਨਾ ਸਦਕਾ ਮੈਂ ਆਪਣੀ ਸਰਕਾਰੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੇ ਨਾਲ 2 ਜਥੇਬੰਦਕ ਸਰਗਰਮੀਆਂ ਵਿੱਚ ਬਰਾਬਰ ਯੋਗਦਾਨ ਪਾਉਂਦਾ ਰਿਹਾ। ਚਾਰ ਸਾਲ ਤੱਕ ਬਗੈਰ ਕਿਸੇ ਅਹੁਦੇ ਤੋਂ ਯੂਨੀਅਨ ਦੀਆਂ ਬਲਾਕ ਅਤੇ ਜ਼ਿਲ੍ਹਾ ਪੱਧਰ ਦੀਆਂ ਸਰਗਰਮੀਆਂ 'ਚ ਯਥਾ-ਸ਼ਕਤ ਹਿੱਸਾ ਪਾਇਆ। ਪੰਜਾਬ ਵਿੱਚ ਅਤਿਵਾਦੀ ਘਟਨਾਵਾਂ ਤੇ ਦਹਿਸ਼ਤ ਵਧ ਜਾਣ ਕਾਰਨ ਯੂਨੀਅਨ ਦੇ ਸੂਬਾਈ ਪ੍ਰਧਾਨਗੀ ਮੰਡਲ ਨੇ ਜਨਰਲ ਕੌਂਸਲ ਦੀ ਪ੍ਰਵਾਨਗੀ ਨਾਲ 1985 'ਚ ਹੋਣ ਵਾਲੀ ਚੋਣ ਇੱਕ ਸਾਲ ਲਈ ਮੁਲਤਵੀ ਕਰ ਦਿੱਤੀ ਜਿਸ ਦਾ ਬਾਕੀ ਸਾਰੇ ਗਰੁੱਪਾਂ ਨੇ ਭਾਰੀ ਵਿਰੋਧ ਕੀਤਾ ਤੇ ਉਹਨਾਂ ਨੇ ਅੱਗੇ ਤੋਂ ਟੀਚਰਾਂ ਦੀ ਚੋਣ-ਵਿਧੀ ਉਕਾਊ, ਥਕਾਊ ਤੇ ਖ਼ਰਚੀਲੀ ਕਹਿ ਕੇ ਇਸ ਤੋਂ ਹਮੇਸ਼ਾਂ ਲਈ ਖਹਿੜਾ ਛੁਡਾ ਲਿਆ। ਜਮਹੂਰੀ ਚੋਣ-ਵਿਧੀ ਤੋਂ ਮੁਨਕਰ ਇਹਨਾਂ ਸਾਰੇ ਗਰੁੱਪਾਂ ਨੇ ਆਪਣੇ 2 ਗਰੁੱਪ ਦੀ ਵੱਖਰੇ 2 ਨਾਂ ਹੇਠ ਵੱਖਰੀ 2 ਜਥੇਬੰਦੀ ਬਣਾ ਕੇ ਲੁਟੇਰੇ ਹਾਕਮਾਂ ਨੂੰ ਮਨਮਾਨੀਆਂ ਕਰਨ ਦਾ ਸੁਨੇਹਾਂ ਦੇ ਦਿੱਤਾ।

1985 ਦੀ ਚੋਣ ਯੂਨੀਅਨ ਦੀ ਜਨਰਲ ਕੌਂਸਿਲ ਵੱਲੋਂ ਬਹੁ-ਸੰਮਤੀ ਨਾਲ ਫ਼ੈਸਲਾ ਕਰਕੇ ਇੱਕ ਸਾਲ ਲਈ ਮੁਲਤਵੀ ਕਰਨ ਤੋਂ ਬਾਅਦ ਗੌ: ਟੀ: ਯੂ: ਪੰਜਾਬ ਦੇ ਝੰਡੇ ਹੇਠੋਂ ਸਾਰੇ ਗਰੁੱਪ ਬਾਹਰ ਚਲੇ ਗਏ ਤੇ ਆਪਣੇ 2 ਨਵੇਂ ਫਰੰਟ ਬਣਾ ਕੇ ਵੱਖ ਹੋ ਗਏ। ਇਹ ਕੇਵਲ ਰਾਣਾ ਗਰੁੱਪ ਦੀ ਜਥੇਬੰਦੀ ਬਣ ਕੇ ਹੀ ਰਹਿ ਗਈ, ਸਿੱਟੇ ਵਜੋਂ ਸਰਕਾਰ ਨੂੰ ਟੀਚਰਾਂ ਦੀਆਂ ਜਾਇਜ ਮੰਗਾਂ ਪ੍ਰਤੀ ਟਾਲਮਟੋਲ ਕਰਨਾ ਸੌਖਾ ਹੋ ਗਿਆ। ਪਰ ਫਿਰ ਵੀ ਰਾਣਾ ਗਰੁੱਪ ਤਕੜਾ ਤੇ ਸੋਚ ਵਿਗਿਆਨਕ ਹੋਣ ਕਰਕੇ, ਪੰਜਾਬ ਦੇ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਲਈ ਸੰਘਰਸ਼ ਵਿੱਚ ਸਦਾ ਅੱਗੇ ਹੋ ਕੇ ਲੜਿਆ। ਲਾਖਣੇ ਤੋਂ ਬਦਲੀ ਕਰਵਾ ਕੇ ਸੁੱਗੇ ਆਉਣ ਪਿੱਛੋਂ 1986 ਵਿੱਚ ਮੈਨੂੰ ਭਿੱਖੀਵਿੰਡ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਨੇ ਆਪਣੀ ਬਲਾਕ ਕਮੇਟੀ 'ਚ ਨਾਮਜ਼ਦ ਕੀਤਾ। ਬਲਾਕ ਵਲਟੋਹਾ 'ਚ

ਰਹਿੰਦਿਆਂ ਯੂਨੀਅਨ ਦੀਆਂ ਸਰਗਰਮੀਆਂ ਬਾਰੇ ਮੈਂ ਸਾਈਕਲ ਤੇ 8-10 ਸਕੂਲਾਂ 'ਚ ਜਾਂਦਾ ਸਾਂ ਪਰ ਭਿੱਖੀਵਿੰਡ ਬਲਾਕ ਵਿੱਚ ਮੇਰੀ ਸਰਗਰਮੀ 20 ਤੋਂ 25 ਸਕੂਲਾਂ ਤੱਕ ਹੋ ਗਈ ਸੀ। ਭਾਵੇਂ ਇਹ ਮਹੀਨੇ 'ਚ ਇੱਕ ਦੋ ਵਾਰ ਹੀ ਜਾਣਾ ਹੁੰਦਾ ਸੀ ਫਿਰ ਵੀ ਸਾਈਕਲ ਤੇ ਏਨੇ ਪਿੰਡਾਂ ਦਾ ਚੱਕਰ ਲਾਉਣ ਲਈ 25-30 ਕਿਲੋਮੀਟਰ ਪੈਂਡਾ ਤਹਿ ਕਰਨਾ ਪੈਂਦਾ ਸੀ ਤੇ ਘਰ ਤੋਂ ਸਕੂਲ ਦਾ ਆਉਣ-ਜਾਣ 20 ਕਿਲੋਮੀਟਰ ਵੱਖਰਾ, ਪਰ ਕਦੇ ਥਕਾਵਟ ਮਹਿਸੂਸ ਨਹੀਂ ਸੀ ਹੋਈ। ਬਲਾਕ ਵਿੱਚ ਕੰਮ ਕਰਦੇ ਅਧਿਆਪਕਾਂ ਨਾਲ ਮੇਰੀ ਜਾਣ-ਪਛਾਣ ਪਹਿਲਾਂ ਸੱਤ ਪਾਲ ਸ਼ਰਮਾ ਨੇ ਮੇਰੇ ਨਾਲ ਸਕੂਲਾਂ ਵਿੱਚ ਜਾ ਕੇ ਕਰਵਾਈ ਸੀ ਤੇ ਬਾਅਦ ਵਿੱਚ ਮੈਂ ਇਕੱਲਾ ਹੀ ਜਾਂਦਾ ਰਿਹਾ ਸਾਂ।

ਪੰਜਾਬ ਵਿੱਚ ਜਦੋਂ ਅਤਿਵਾਦ ਦੀ ਹਨੇਰੀ ਝੁੱਲੀ ਤਾਂ ਜਥੇਬੰਦਕ ਸੰਘਰਸ਼ ਹੋਰ ਔਖਾ ਹੋ ਗਿਆ। ਜਦੋਂ ਕਦੇ ਚੰਡੀਗੜ੍ਹ ਦਾ ਧਰਨਾ/ਮੁਜ਼ਾਹਰਾ ਹੁੰਦਾ ਤਾਂ ਮੈਂ ਇੱਕ ਰਾਤ ਪਹਿਲਾਂ ਸਾ: ਦਰਸ਼ਨ ਗਿੱਲ ਕੋਲ ਤਰਨਤਾਰਨ ਜਾ ਠਹਿਰਦਾ ਤੇ ਵਾਪਸੀ ਤੇ ਫਿਰ ਰਾਤ ਨੂੰ ਉਹਦੇ ਘਰ ਸੌਂਦਾ, ਸਵੇਰੇ ਉੱਠ ਕੇ ਡਿਊਟੀ ਤੇ ਚਲਾ ਜਾਂਦਾ। ਦਰਸ਼ਨ ਗਿੱਲ ਫੌਜੀ ਕੋਟੇ 'ਚ ਲੈਕਚਰਾਰ ਲੱਗਾ ਹੋਇਆ ਸੀ। ਉਹਦਾ ਸੁਭਾਅ ਬੜਾ ਨਿੱਘਾ ਸੀ। ਸਿਰੜੀ-ਸੰਘਰਸ਼ੀ ਸਾਥੀਆਂ ਨੂੰ ਮਿਲ ਕੇ ਉਹਨੂੰ ਚਾਅ ਚੜ੍ਹ ਜਾਂਦਾ ਸੀ। ਉਹ ਬੜੇ ਪਿਆਰ ਨਾਲ ਮੈਨੂੰ ਰਾਤ ਆਪਣੇ ਕੋਲ ਰੱਖਦਾ ਤੇ ਖਾਣਾ ਖਾਣ ਤੋਂ ਪਹਿਲਾਂ ਦੋ ਪੈੱਗ ਰੰਮ ਦੇ ਵੀ ਲਵਾਉਂਦਾ ਸੀ। ਉਹਦੀ ਧਰਮ-ਪਤਨੀ ਉਸ ਤੋਂ ਵੀ ਵੱਧ ਨੇਕ ਸੁਭਾਅ ਦੀ ਔਰਤ ਸੀ। ਬਾਅਦ 'ਚ ਉਹ ਪ੍ਰਿੰਸੀਪਲ ਵਜੋਂ ਪਦ-ਉੱਨਤ ਹੋ ਕੇ ਸ. ਸ. ਸ. ਸ. ਕੰਗ ਚਲਾ ਗਿਆ ਸੀ ਜਿੱਥੇ ਉਹਨੂੰ ਕੁਝ ਸਿਰ-ਫਿਰੇ ਸਮਾਜ-ਵਿਰੋਧੀ ਅਨਸਰਾਂ ਨੇ ਸਕੂਲ ਦੇ ਬੱਚਿਆਂ ਦੀ ਸਰਕਾਰ ਵੱਲੋਂ ਨੀਯਤ ਕੀਤੀ ਵਰਦੀ ਨਾ ਬਦਲਣ ਕਾਰਨ ਮੌਤ ਦੇ ਘਾਟ ਉਤਾਰ ਦਿੱਤਾ। ਅਤਿਵਾਦ ਦੀ ਇਸ ਹਨੇਰੀ ਵਿੱਚ ਦਰਸ਼ਨ ਗਿੱਲ ਵਰਗੇ ਸੈਂਕੜੇ ਹੀਰੇ ਗਵਾਚ ਗਏ।

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਇੱਕ ਜਮਹੂਰੀ ਜਥੇਬੰਦੀ ਸੀ। ਇਸ ਦੇ ਜ਼ਿਲ੍ਹਾ ਤੇ ਬਲਾਕ ਪ੍ਰਧਾਨਾਂ ਦੀ ਚੋਣ ਗੁਪਤ ਪਰਚੀ ਰਾਹੀਂ ਟੀਚਰਾਂ ਦੁਆਰਾ ਵੋਟ ਪਾ ਕੇ ਕੀਤੀ ਜਾਂਦੀ ਸੀ। ਇਹ ਇੱਕ ਖਾੜਕੂ ਤੇ ਸੰਘਰਸ਼ਸ਼ੀਲ ਜਥੇਬੰਦੀ ਸੀ ਤੇ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਇਹ ਅਧਿਆਪਕਾਂ ਦੇ ਸਾਂਝੇ ਮਸਲੇ ਹੱਲ ਕਰਾਉਣ ਲਈ ਲਗਾਤਾਰ ਸੰਘਰਸ਼ ਦੇ ਮੈਦਾਨ ਵਿੱਚ ਰਹਿੰਦੀ ਸੀ ਤੇ ਸਰਕਾਰਾਂ ਦੇ ਨਾਸੀਂ ਧੂੰਆਂ ਦੇਈ ਰੱਖਦੀ ਸੀ। ਇਹ ਆਮ ਕਿਹਾ ਜਾਂਦਾ ਸੀ ਕਿ ਜਿਹੜਾ ਵੀ ਸਿੱਖਿਆ ਮੰਤਰੀ ਗੌਂ: ਟੀ: ਯੂ: ਨਾਲ ਪੰਗਾ ਲੈਂਦਾ ਸੀ ਉਹ ਮੁੜ ਕਦੇ ਸਿੱਖਿਆ ਮੰਤਰੀ ਨਹੀਂ ਸੀ ਬਣਿਆ, ਕਈ ਤਾਂ ਵਿਧਾਨ ਸਭਾ ਦੀਆਂ ਪੌੜੀਆਂ ਵੀ ਨਹੀਂ ਸਨ ਚੜ੍ਹੇ। ਇਸ ਲਈ ਇਹਦੀ ਚੋਣ ਵੇਲੇ ਸਿਆਸੀ ਲੋਕ ਗੁਪਤ ਰੂਪ ਵਿੱਚ ਆਪਣੀ ਤਾਕਤ ਇਸਤੇਮਾਲ ਕਰਕੇ ਲੜਾਕੂ ਕਾਡਰ ਨੂੰ ਹਰਾਉਣ

ਲਈ ਪੂਰੀ ਵਾਹ ਲਾਉਂਦੇ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚੋਂ ਸੰਸਦ ਮੈਂਬਰ ਦੋ ਚੁਣੇ ਜਾਂਦੇ ਸਨ ਪਰ ਗੌ: ਟੀ: ਯੂ: ਦਾ ਜ਼ਿਲ੍ਹਾ-ਪ੍ਰਧਾਨ ਇੱਕ ਚੁਣਿਆ ਜਾਂਦਾ ਸੀ ਤੇ ਉਹ ਵੀ ਅਣਪੜ੍ਹ ਲੋਕਾਂ ਵੱਲੋਂ ਨਹੀਂ, ਡਿਗਰੀਆਂ-ਪ੍ਰਾਪਤ ਟੀਚਰਾਂ ਵੱਲੋਂ। ਬੜਾ ਸਖ਼ਤ ਮੁਕਾਬਲਾ ਹੋਇਆ ਕਰਦਾ ਸੀ। ਇਸ ਜਥੇਬੰਦੀ ਵੱਲੋਂ 1975 ਵਿੱਚ ਇੰਦਰਾਂ ਗਾਂਧੀ ਵੱਲੋਂ ਐਮਰਜੰਸੀ ਲਾਗੂ ਕਰਕੇ ਜਮਹੂਰੀ ਹੱਕਾਂ ਦੇ ਕੀਤੇ ਗਏ ਘਾਣ ਦੀ ਵਿਰੋਧਤਾ ਕੀਤੀ ਗਈ ਸੀ। ਯੂਨੀਅਨ ਦੇ ਇਸ ਸਟੈਂਡ ਦੀ ਚਰਚਾ ਰੇਡੀਓ ਬੀ. ਬੀ. ਸੀ. ਲੰਡਨ ਤੋਂ ਇਹ ਕਹਿ ਕੇ ਕੀਤੀ ਗਈ ਸੀ ਕਿ ਉੱਤਰੀ ਭਾਰਤ ਵਿੱਚ ਇੱਕ ਟੀਚਰਾਂ ਦੇ ਸੰਗਠਨ ਵੱਲੋਂ ਪ੍ਰਧਾਨ-ਮੰਤਰੀ ਵੱਲੋਂ ਦੇਸ਼ ਭਰ ਵਿੱਚ ਲਾਈ ਗਈ ਐਮਰਜੰਸੀ ਦਾ ਵਿਰੋਧ ਕੀਤਾ ਹੈ। 1992 ਵਿੱਚ ਕਾਂਗਰਸ ਦੀ ਸਰਕਾਰ ਵੇਲੇ ਅਧਿਆਪਕ ਮੰਗਾਂ ਦੇ ਨਿਪਟਾਰੇ ਲਈ ਗੱਲ-ਬਾਤ ਦਾ ਰਾਹ ਬੰਦ ਹੋ ਜਾਣ ਉਪ੍ਰੰਤ ਫਿਰ ਸਿੱਖਿਆ-ਮੰਤਰੀ ਲਖਮੀਰ ਸਿੰਘ ਰੰਧਾਵਾ ਦੇ ਹਲਕੇ ਫਤਹਿਗੜ੍ਹ ਚੂੜੀਆਂ ਵਿੱਚ ਯੂਨੀਅਨ ਵੱਲੋਂ ਮੁਜ਼ਾਹਰਾ ਕਰਨ ਦਾ ਫ਼ੈਸਲਾ ਕੀਤਾ ਗਿਆ ਤਾਂ ਮੰਤਰੀ ਵੱਲੋਂ ਦਫ਼ਾ 144 ਲਾਗੂ ਕਰ ਦਿੱਤੀ ਗਈ। ਬਹੁਤ ਸਾਰੇ ਟੀਚਰ ਆਗੂਆਂ ਤੇ ਵਰਕਰਾਂ ਦੀ ਫੜੋ-ਫੜਾਈ ਤੋਂ ਬਾਅਦ ਵੀ ਸੁੱਚਾ ਸਿੰਘ ਅਜਨਾਲਾ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ, ਦਫ਼ਾ 144 ਦੀਆਂ ਧੱਜੀਆਂ ਉਡਾ ਕੇ ਸ਼ਹਿਰ ਵਿੱਚ ਐਕਸ਼ਨ ਕੀਤਾ। ਸਾਡੇ ਸਾਰੇ ਸਾਥੀਆਂ ਨੂੰ ਪੁਲਿਸ ਨੇ ਅੰਮ੍ਰਿਤਸਰ-ਫਤਹਿਗੜ੍ਹ ਰੋਡ ਤੇ ਸ਼ਹਿਰੋਂ ਬਾਹਰ ਹੀ ਇੱਕ ਡਰੇਨ ਤੇ ਰੋਕ ਲਿਆ ਤੇ ਪੁਲਿਸ ਚੌਂਕੀ ਝੰਡੇਰ ਵਿੱਚ ਦੋ ਘੰਟੇ ਬੰਦੀ ਬਣਾ ਕੇ ਰੱਖਿਆ।

ਪੰਜਾਬ ਸੁਬਾਰਡੀਨੇਟ ਸਰਵਿਸਜ਼ ਫ਼ੈਡਰੇਸ਼ਨ ਉਸ ਸਮੇਂ ਪੰਜਾਬ ਦੇ ਸਮੂਹ ਮੁਲਾਜ਼ਮਾਂ ਦੀ ਪ੍ਰਤੀਨਿੱਧ ਜਥੇਬੰਦੀ ਸੀ। ਇਸ ਦਾ ਇਤਿਹਾਸ ਖਾੜਕੂ ਸੰਘਰਸ਼ਾਂ ਨਾਲ ਭਰਪੂਰ ਹੈ। ਸਾ. ਤਿਰਲੋਚਨ ਸਿੰਘ ਰਾਣਾ ਤੇ ਸਾ. ਹਰਕੰਵਲ ਸਿੰਘ ਗੌ: ਟੀ: ਯੂ: ਦੇ ਨਾਲ ਫ਼ੈਡਰੇਸ਼ਨ ਦੇ ਵੀ ਪ੍ਰਧਾਨ ਸਕੱਤਰ ਸਨ। ਸਾ. ਅਜੀਤ ਸਿੰਘ ਪੰਨੂ ਤੇ ਸਾ. ਲਾਲ ਸਿੰਘ ਕ੍ਰਮਵਾਰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਫ਼ੈਡਰੇਸ਼ਨ ਦੇ ਪ੍ਰਧਾਨ ਸਕੱਤਰ ਸਨ। ਸਾ. ਅਰਸਾਲ ਸਿੰਘ ਤੇ ਸਾ. ਸੁੱਚਾ ਸਿੰਘ ਅਜਨਾਲ਼ਾ ਸਾਡੇ ਜ਼ਿਲ੍ਹੇ ਦੇ ਟੀਚਰ ਯੂਨੀਅਨ ਤੇ ਫੈਡਰੇਸ਼ਨ ਦੇ ਸੀਨੀਅਰ ਆਗੂ ਸਨ। ਸਾ. ਦਲਜੀਤ ਸਿੰਘ ਦਿਆਲਪੁਰ ਗੌ: ਟੀ: ਯੂ: ਦਾ ਨਿਧੜਕ ਤੇ ਜੁਝਾਰੂ ਆਗੂ ਸੀ। ਸਾ. ਧਰਮ ਸਿੰਘ ਜੋ ਸਿਹਤ ਵਿਭਾਗ ਵਿੱਚ ਦਰਜਾ ਚਾਰ ਮੁਲਾਜ਼ਮਾਂ ਦੇ ਪ੍ਰਧਾਨ ਸਨ, ਨੇ ਵੀ ਫ਼ੈਡਰੇਸ਼ਨ ਵਿੱਚ ਵੀ ਬੜੀ ਸਰਗਰਮੀ ਨਾਲ ਕੰਮ ਕੀਤਾ ਹੈ। ਡਾ: ਹਜ਼ਾਰਾ ਸਿੰਘ ਚੀਮਾ ਜੋ ਖੇਤੀਬਾੜੀ ਵਿਭਾਗ ਵਿੱਚ ਚਾਰਾ ਇੰਸਪੈਕਟਰ ਸੀ, ਉਹ ਵੀ ਪ.ਸ.ਸ.ਫ਼. ਦਾ ਧੜੱਲੇਦਾਰ ਤੇ ਪ੍ਰਤੀਬੱਧ ਆਗੂ ਸੀ। ਮੈਨੂੰ ਕੁਝ ਸਮਾਂ ਉਹਦੀ ਅਗਵਾਈ ਵਿੱਚ ਵੀ ਜਥੇਬੰਦਕ ਸਰਗਰਮੀ ਕਰਨ ਦਾ ਮੌਕਾ ਮਿਲਿਆ। ਉਹਨੇ ਹਰ ਸਮੇਂ ਮੈਨੂੰ ਉਤਸ਼ਾਹ ਤੇ ਹੌਂਸਲਾ ਦਿੱਤਾ ਤੇ ਮੁਲਾਜ਼ਮਾਂ ਵਿੱਚ ਮਾਸਕ ਮੈਗਜ਼ੀਨ 'ਮੁਲਾਜ਼ਮ ਲਹਿਰ' ਨੂੰ

ਹਰਮਨ ਪਿਆਰਾ ਬਣਾਉਣ ਵਿੱਚ ਭਾਰੀ ਯੋਗਦਾਨ ਪਾਇਆ ਹੈ।

ਅੱਠ ਫਰਵਰੀ 1978 ਦੀ ਹੜਤਾਲ ਮੁਲਾਜ਼ਮ ਲਹਿਰ ਦੇ ਇਤਿਹਾਸ ਵਿੱਚ ਮਹੱਤਵਪੂਰਨ ਘਟਨਾ ਹੈ। ਇਸ ਦਾ ਸੱਦਾ ਮੁਲਾਜ਼ਮਾਂ ਦੀ ਸਾਂਝੀ ਸੂਬਾਈ ਤਾਲਮੇਲ ਕਮੇਟੀ ਵੱਲੋਂ ਦਿੱਤਾ ਗਿਆ ਸੀ। ਪੰਜਾਬ ਸੁਬਾਰਡੀਨੇਟ ਸਰਵਿਸਜ਼ ਫ਼ੈਡਰੇਸ਼ਨ ਵੀ ਤਾਲਮੇਲ ਕਮੇਟੀ ਵਿੱਚ ਸ਼ਾਮਲ ਸੀ। ਗੌਂ:ਟੀ:ਯੂ: ਪੰਜਾਬ ਨੇ ਵੀ ਇਸ ਘੋਲ ਵਿੱਚ ਬੜੀ ਸਰਗਰਮੀ ਨਾਲ ਹਿੱਸਾ ਲਿਆ ਸੀ। ਮੁਲਾਜ਼ਮਾਂ ਦੀ ਮਜ਼ਬੂਤ ਏਕਤਾ ਤੇ ਹੜਤਾਲ ਦੀ ਸ਼ਤ-ਪ੍ਰਤੀਸ਼ਤ ਕਾਮਯਾਬੀ ਨੂੰ ਵੇਖਦਿਆਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਨੇ ਮੁਲਾਜ਼ਮਾਂ ਵਿੱਚ ਫੁੱਟ ਪਾਉਣ ਦੇ ਇਰਾਦੇ ਨਾਲ ਗ਼ੈਰ-ਹੜਤਾਲੀ ਮੁਲਾਜ਼ਮਾਂ ਨੂੰ ਇੱਕ ਵਾਧੂ ਤਰੱਕੀ ਦੇਣ ਦਾ ਚੋਗਾ ਪਾਇਆ। ਬਹੁਤ ਸਾਰੇ ਮੁਲਾਜ਼ਮ ਸਰਕਾਰ ਦੀ ਇਸ ਫੁੱਟਪਾਊ ਚਾਲ ਦਾ ਸ਼ਿਕਾਰ ਹੋ ਗਏ ਤੇ ਹਾਜ਼ਰੀ ਰਜਿਸਟਰ ਵਿੱਚ ਭਰੀ ਹੜਤਾਲ ਵਾਲੇ ਵਰਕੇ ਪਾੜ ਕੇ ਹਾਜ਼ਰੀਆਂ ਲਾ ਲਈਆਂ ਤੇ ਵਾਧੂ ਤਰੱਕੀ ਵਾਲਾ ਗਦਾਰੀ-ਭੱਤਾ ਪ੍ਰਾਪਤ ਕੀਤਾ। ਇਸ ਹੜਤਾਲ ਤੋਂ ਬਾਅਦ ਮੁੜ ਅੱਜ ਤੱਕ ਕਦੇ ਓਹੋ ਜਿਹੀ ਮੁਲਾਜ਼ਮ-ਏਕਤਾ ਨਹੀਂ ਉੱਸਰੀ ਪਰ ਸੰਘਰਸ਼ ਲਗਾਤਾਰ ਚੱਲਦਾ ਹੀ ਰਿਹਾ।

ਗੌਰਮਿੰਟ ਟੀਚਰ ਯੂਨੀਅਨ ਵੱਲੋਂ 8 ਫਰਵਰੀ 1998 ਦੀ ਮੋਗਾ ਰੈਲੀ ਜੋ ਸਿੱਖਿਆ ਮੰਤਰੀ ਤੋਤਾ ਸਿੰਘ ਵਿਰੁੱਧ ਕੀਤੀ ਗਈ ਸੀ, ਯੂਨੀਅਨ ਦੇ ਇਤਿਹਾਸ ਵਿੱਚ ਇੱਕ ਹੋਰ ਮੀਲ-ਪੱਥਰ ਹੈ। ਰੈਲੀ ਤੋਂ ਪਹਿਲਾਂ ਅਸੀਂ ਮੋਗਾ ਦਾਣਾ ਮੰਡੀ ਵਿੱਚ ਇਕੱਠੇ ਹੋਣਾ ਸੀ। ਬਹੁਤ ਸਾਰੇ ਅਧਿਆਪਕ ਆਪੋ ਆਪਣੇ ਵਾਹਨਾਂ ਸਮੇਤ ਪਹੁੰਚ ਗਏ ਸਨ। ਅਜੇ ਅੰਮ੍ਰਿਤਸਰ ਵਾਲਾ ਜਥਾ ਨਹੀਂ ਸੀ ਆਇਆ ਕਿ ਪੁਲਿਸ ਨੇ ਮੰਡੀ 'ਚ ਪਹੁੰਚ ਕੇ ਮੇਨ ਗੇਟ ਬੰਦ ਕਰ ਲਿਆ। ਸੁੱਚਾ ਸਿੰਘ ਅਜਨਾਲ਼ਾ ਆਪਣੀ ਬੱਸ ਲੈ ਕੇ ਆਇਆ ਤਾਂ ਉਹਨੇ ਧੱਕਾ ਮਾਰ ਕੇ ਗੇਟ ਖੋਲ੍ਹਿਆ ਤੇ ਇਕੱਠੇ ਹੋਏ ਸਾਰੇ ਅਧਿਆਪਕਾਂ ਨੂੰ ਮਾਰਚ ਕਰਨ ਲਈ ਮੋਗੇ ਦੇ ਬਜ਼ਾਰਾਂ ਵੱਲ ਤੋਰ ਦਿੱਤਾ। ਪਿੱਛੋਂ ਜਦੋਂ ਸਰਕਾਰ ਨੇ ਕੁਝ ਨਿਸਚਿਤ ਗਿਣਤੀ ਵਿੱਚ ਟੀਚਰਾਂ ਦੀ ਭਰਤੀ ਕੀਤੀ ਤਾਂ ਉਸ ਗਿਣਤੀ ਦੇ ਨਾਂ ਹੇਠ ਕਈ ਯੂਨੀਅਨਾਂ ਬਣ ਗਈਆਂ ਜਿਵੇਂ 7654 ਟੀਚਰ ਯੂਨੀਅਨ, 3582 ਟੀਚਰ ਯੂਨੀਅਨ ਆਦਿ। ਸਰਕਾਰਾਂ ਵੀ ਇਹੋ ਚਾਹੁੰਦੀਆਂ ਸਨ। ਵਿਭਾਗ ਨੂੰ ਛੱਡ ਕੇ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਣ ਦੇ ਨਾਂ ਹੇਠ ਸਰਕਾਰ ਨੇ ਜ਼ਿਲ੍ਹਾ ਪ੍ਰੀਸ਼ਦ ਅਧੀਨ ਟੀਚਰਾਂ ਦੀ ਭਰਤੀ ਕੀਤੀ ਤਾਂ ਇੱਕ ਹੋਰ ਵੱਖਰੀ ਯੂਨੀਅਨ ਬਣ ਗਈ। ਈ. ਟੀ. ਟੀ. ਅਧਿਆਪਕਾਂ ਦੀ ਵੱਖਰੀ ਯੂਨੀਅਨ ਸੀ, ਇਹਨਾਂ ਦੀ ਸਲੈਕਸ਼ਨ ਹੋਣ ਉਪ੍ਰੰਤ ਆਰਡਰ ਲੈਣ ਲਈ ਵਿੱਢੀ ਲੜਾਈ ਵਿੱਚ ਵੀ ਮਦਦ ਵਜੋਂ ਅਸੀਂ ਬਾਦਲ ਸਾਹਿਬ ਦੇ ਹਲਕੇ ਲੰਬੀ ਵੱਲ ਮਾਰਚ ਵਿੱਚ ਵੀ ਹਿੱਸਾ ਲਿਆ ਸੀ।

ਸਾਥੀ ਸਰਬਦਿਆਲ ਸਿੰਘ ਕੰਗ ਦੇ ਰਿਟਾਇਰ ਹੋ ਜਾਣ ਤੋਂ ਬਾਅਦ ਸਾ: ਅਰਸਾਲ

ਸਿੰਘ ਸੰਧੂ ਨੂੰ ਜ਼ਿਲ੍ਹਾ ਪ੍ਰਧਾਨ ਵਜੋਂ ਪ੍ਰਵਾਨ ਕੀਤਾ ਗਿਆ। ਉਹ ਆਪਣੀ ਵਿਚਾਰਧਾਰਾ ਦਾ ਪੱਕਾ, ਅਣਥੱਕ ਵਰਕਰ ਤੇ ਅਧਿਆਪਕ ਮਸਲਿਆਂ ਤੇ ਪੂਰੀ ਪਕੜ ਰੱਖਦਾ ਸੀ। ਉਹ ਹਮੇਸ਼ਾਂ ਆਪਣੀ ਜਥੇਬੰਦਕ ਟੀਮ ਨੂੰ ਨਾਲ ਲੈ ਕੇ ਚੱਲਦਾ ਸੀ, ਕਦੇ ਕਿਸੇ ਨੂੰ ਪਿਛਾਂਹ ਝਾਕਣ ਦਾ ਮੌਕਾ ਨਹੀਂ ਸੀ ਦੇਂਦਾ। ਉਹਦੀ ਉਂਗਲ ਫੜ ਕੇ ਮੇਰੇ ਵਰਗੇ ਬਹੁਤ ਸਾਰੇ ਵਰਕਰ ਆਗੂਆਂ ਦੀ ਕਤਾਰ ਵਿੱਚ ਸ਼ਾਮਲ ਹੋਏ। ਅਰਸਾਲ ਸਿੰਘ ਨੇ ਸੁੱਚਾ ਸਿੰਘ ਨੂੰ ਜਨਰਲ ਸਕੱਤਰ ਨਾਮਜ਼ਦ ਕੀਤਾ ਤੇ ਮੈਨੂੰ ਵੀ ਆਪਣੀ ਜ਼ਿਲ੍ਹਾ ਕਮੇਟੀ 'ਚ ਲੈ ਲਿਆ। ਉਹਦੀ ਅਗਵਾਈ ਹੇਠ ਮੈਂ ਟੀਚਰਾਂ ਦੇ ਮਸਲਿਆਂ ਬਾਰੇ ਬੋਲਣ, ਉਹਨਾਂ ਦੇ ਨਿੱਕੇ-ਮੋਟੇ ਦਫ਼ਤਰੀ ਕੰਮ ਕਰਾਉਣ ਲਈ ਡੀ.ਈ.ਓ. ਦਫ਼ਤਰ ਦੇ ਅਮਲੇ ਤੱਕ ਪਹੁੰਚ ਕਰਨ ਦਾ ਤਰੀਕਾ ਤੇ ਅਧਿਕਾਰੀਆਂ ਨਾਲ ਗੱਲਬਾਤ ਦਾ ਸਲੀਕਾ ਸਿੱਖਿਆ। ਸਾ. ਅਰਸਾਲ ਸਿੰਘ ਦੀ ਖੇਤਰੀ ਟੀਮ ਦਾ ਆਗੂ ਸਾ. ਗੁਰਦਿਆਲ ਸਿੰਘ ਪੱਟੀ ਆਪਣੇ ਇਲਾਕੇ ਦਾ ਸਿਰੜੀ ਸੰਘਰਸ਼ਸ਼ੀਲ ਸਾਥੀ ਸੀ। ਉਹ ਹਰ ਵਾਰ ਪੱਟੀ ਬਲਾਕ ਦਾ ਪ੍ਰਧਾਨ ਚੁਣਿਆ ਜਾਂਦਾ ਸੀ। ਸਾ. ਹਰਭਜਨ ਸਿੰਘ ਸੰਧੂ, ਬੇਅੰਤ ਸਿੰਘ ਪੱਟੀ, ਦਲਬੀਰ ਸਿੰਘ ਪੱਟੀ, ਸੱਤਪਾਲ ਪੱਟੀ, ਜਗਤਾਰ ਆਸਲ, ਸਕੱਤਰ ਸਿੰਘ ਜੋਤੀ-ਸ਼ਾਹ , ਸਰਵਣ ਵਲਟੋਹਾ, ਨਰਿੰਦਰਪਾਲ ਤੂਤ, ਸੁਖਦੇਵ ਸਿੰਘ ਅਕਬਰਪੁਰਾ, ਸੇਵਾ ਰਾਮ ਪੱਧਰੀ ਤੇ ਮਦਨ ਗੋਪਾਲ ਖੇਮਕਰਨ ਵੀ ਉਹਦੇ ਸਹਿਯੋਗੀ ਸਨ। ਪੰਜਾਬ ਦੇ ਹਲਾਤ ਹੋਰ ਮਾੜੇ ਹੋ ਗਏ ਤਾਂ ਮੈਂ ਆਪਣੀ ਰਿਹਾਇਸ਼ ਸੁਰੱਖਿਆ ਕਾਰਨ ਪਿੰਡੋਂ ਚੁੱਕ ਕੇ ਤਰਨਤਾਰਨ ਸ਼ਹਿਰ ਲੈ ਗਿਆ। ਅਰਸਾਲ ਸਿੰਘ ਨੇ ਵਾਅਦੇ ਅਨੁਸਾਰ ਮੇਰੀ ਬਦਲੀ ਤਰਨਤਾਰਨ ਦੇ ਨੇੜੇ ਪੈਂਦੇ ਸਰਕਾਰੀ ਮਿਡਲ ਸਕੂਲ ਬੁੱਘਾ ਵਿਖੇ ਕਰਵਾ ਦਿੱਤੀ। ਇਸ ਸਕੂਲ ਦਾ ਸਾਰਾ ਸਟਾਫ਼ ਯੂਨੀਅਨ ਤੌਰ ਤੇ ਹਰ ਤਰ੍ਹਾਂ ਮੈਨੂੰ ਸਹਿਯੋਗ ਦੇਂਦਾ ਸੀ, ਬਦਲੇ ਵਿੱਚ ਮੈਂ ਟੀਚਿੰਗ ਵਰਕ ਤੋਂ ਇਲਾਵਾ ਸਕੂਲ ਦਾ ਸਾਰਾ ਦਫ਼ਤਰੀ ਕੰਮ ਵੀ ਕਰਦਾ ਸਾਂ ਤੇ ਸਟਾਫ਼-ਮੈਂਬਰਾਂ ਦੇ ਡੀ.ਈ.ਓ. ਦਫ਼ਤਰ ਜਾਂ ਕੰਪਲੈਕਸ ਸਕੂਲ ਨਾਲ ਸਬੰਧਿਤ ਕੰਮ ਵੀ ਤੇ ਸਕੂਲ ਵਿੱਚ ਚੱਲਦੇ ਹਰ ਤਰ੍ਹਾਂ ਦੇ ਉਸਾਰੀ ਸਬੰਧੀ ਕੰਮਾਂ ਦੀ ਨਿਗਰਾਨੀ ਵੀ। ਇਸ ਤਰ੍ਹਾਂ ਆਪਣੀ ਸਕੂਲ ਡਿਊਟੀ ਤਨਦੇਹੀ ਨਾਲ ਨਿਭਾਉਂਦਿਆਂ, ਅਧਿਆਪਕ ਤੇ ਮੁਲਾਜ਼ਮ ਵਰਗ ਦੇ ਭਖਦੇ ਮਸਲੇ ਹੱਲ ਕਰਾਉਣ ਲਈ ਜਮਹੂਰੀ ਸੰਘਰਸ਼ ਕਰਦਾ ਹੋਇਆ ਮੈਂ 30.09.2012 ਨੂੰ ਇਸ ਸਕੂਲ ਤੋਂ ਸੇਵਾ-ਮੁਕਤ ਹੋ ਗਿਆ।

# ਨੌਂਕਰੀ ਤੇ ਸੰਘਰਸ਼ ਦੌਰਾਨ ਬੀ.ਐੱਡ. ਦਾ ਪੱਤਰ-ਵਿਹਾਰ ਕੋਰਸ

ਅਰਸਾਲ ਸਿੰਘ ਦੀ ਸੇਵਾ-ਮੁਕਤੀ ਤੋਂ ਬਾਅਦ ਸਾ: ਦਲਜੀਤ ਸਿੰਘ ਦੇ ਪ੍ਰਧਾਨਗੀ-ਕਾਲ ਸਮੇਂ ਗੌ: ਟੀ: ਯੂ: ਰਾਣਾ ਗਰੁੱਪ ਤੇ ਵੀ ਫੁੱਟ ਦੇ ਬੱਦਲ ਮੰਡਰਾਉਣ ਲੱਗ ਪਏ। ਸਰਕਾਰ ਵਿਰੁੱਧ ਸੰਘਰਸ਼ ਦੀ ਥਾਂ ਆਗੂ ਜਾਤੀ ਵਿਰੋਧਾਂ 'ਚ ਉਲਝਦੇ ਵੇਖ ਕੇ ਮੈਂ 1998-2000 ਵਿੱਚ ਕੌਰਸਪੌਂਡਿੰਗ ਬੀ.ਐੱਡ. ਕਰਨ ਲਈ ਦਾਖ਼ਲਾ ਲੈਣ ਵਾਸਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰ-ਵਿਹਾਰ ਵਿਭਾਗ ਨੂੰ ਅਪਲਾਈ ਕਰ ਦਿੱਤਾ। ਹਾਲਾਂਕਿ ਮੇਰੇ ਕੁਝ ਸਾਥੀ ਅਧਿਆਪਕਾਂ ਨੇ ਬਿਨਾਂ ਕਿਸੇ ਪੜ੍ਹਾਈ ਦੇ ਮਗਧ ਯੂਨੀਵਰਸਿਟੀ ਤੋਂ ਬੀ.ਐੱਡ. ਦੀ ਡਿਗਰੀ ਮੁੱਲ ਲੈਣ ਦੀ ਸਲਾਹ ਵੀ ਮੈਨੂੰ ਦਿੱਤੀ ਪਰ ਮੈਂ ਆਪਣੇ ਵਿਵੇਕ ਨਾਲ ਉਹਨਾਂ ਦੀ ਸਲਾਹ ਰੱਦ ਕਰ ਦਿੱਤੀ। ਉਹਨਾਂ ਨੇ ਉਸ ਯੂਨੀਵਰਸਿਟੀ ਤੋਂ ਜੋ ਡਿਗਰੀਆਂ ਮੁੱਲ ਲੈ ਕੇ ਪ੍ਰੋਮੋਸ਼ਨਾਂ ਲਈਆਂ ਸਨ, ਬਾਅਦ ਵਿੱਚ ਉਹ ਰੱਦ ਹੋ ਗਈਆਂ। ਉਹਨਾਂ ਵਿੱਚੋਂ ਕਈ ਨੌਂਕਰੀ ਤੋਂ ਬਰਖ਼ਾਸਤ ਹੋ ਗਏ ਜੋ ਕੋਰਟਾਂ ਰਾਹੀਂ 3-4 ਸਾਲ ਦੇ ਰਗੜੇ ਬਾਅਦ ਬਹਾਲ ਹੋਏ। ਪੰਜਾਬ ਪੱਧਰ ਦੇ ਦਾਖ਼ਲਾ-ਟੈੱਸਟ ਵਿੱਚ ਮੇਰਾ ਚੌਥਾ ਰੈਂਕ ਆ ਗਿਆ। ਦਾਖ਼ਲੇ ਉਪੰਤ ਯੂਨੀਵਰਸਿਟੀ ਵਿੱਚ ਬਤੌਰ ਪ੍ਰੋਫੈਸਰ (ਮਨੋਵਿਗਿਆਨ) ਤਾਇਨਾਤ ਸ੍ਰੀ ਮਤੀ ਜਸਰਾਜ ਕੌਰ ਸੰਧੂ ਨਾਲ ਜਾਣ-ਪਛਾਣ ਹੋ ਗਈ। ਉਹ ਬੜੇ ਨੇਕ ਸ਼ੁਭਾਅ ਦੀ ਸੂਝਵਾਨ ਔਰਤ ਸੀ। ਉਸ ਨੇ ਯੂਨੀਵਰਸਿਟੀ ਵਿੱਚ ਦੋ ਸਾਲ ਦੇ ਅਰਸੇ ਦੌਰਾਨ ਮੇਰੀ ਹਰ ਤਰ੍ਹਾਂ ਲੋੜੀਦੀ ਸਹਾਇਤਾ ਅਤੇ ਅਗਵਾਈ ਕੀਤੀ। ਇਸ ਪੱਤਰ-ਵਿਹਾਰ ਕੋਰਸ ਦੌਰਾਨ ਪੜ੍ਹਨ-ਸਮਗਰੀ ਡਾਕ ਰਾਹੀਂ ਮਿਲਦੀ ਸੀ ਤੇ ਸਾਲ ਵਿੱਚ ਦੋ ਵਾਰ ਗਰਮੀਆਂ ਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ 15-30 ਦਿਨ ਦਾ ਪੀ.ਸੀ.ਪੀ. ਲਗਦਾ ਸੀ।

ਪੀ.ਸੀ.ਪੀ. ਵਾਲੇ ਦਿਨੀਂ ਸਿਖਿਆਰਥੀਆਂ ਨੂੰ ਯੂਨੀਵਰਸਿਟੀ ਦੇ ਵਿੱਚ ਜਾਂ ਨੇੜੇ ਰਹਿਣਾ ਪੈਂਦਾ ਸੀ। ਪਹਿਲੇ ਸਾਲ ਮੇਰੇ ਮਾਮੇ ਦੇ ਪੁੱਤ ਸਤਪਾਲ ਨੱਥੋ ਕੇ ਨੇ ਮੇਰੀ ਰਾਜਦਵਿੰਦਰ ਸਿੰਘ ਨਾਗੋ ਕੇ ਨਾਲ ਜਾਣ-ਪਛਾਣ ਕਰਵਾ ਦਿੱਤੀ। ਰਾਜਦਵਿੰਦਰ ਰੇਲਵੇ ਵਿਭਾਗ ਵਿੱਚ ਪਟਿਆਲੇ ਨੌਂਕਰੀ ਕਰਦਾ ਸੀ ਤੇ ਉੱਥੇ ਇੱਕ ਕਿਰਾਏ ਦੇ ਮਕਾਨ

ਵਿੱਚ ਰਹਿੰਦਾ ਸੀ। ਰੇਲ-ਪਾਸ ਹੋਣ ਕਰਕੇ ਉਹ ਹਰ ਸ਼ਨੀਵਾਰ ਪਿੰਡ ਆਉਂਦਾ ਸੀ ਤੇ ਸੋਮਵਾਰ ਡੀਊਟੀ ਤੇ ਜਾ ਹਾਜ਼ਰ ਹੁੰਦਾ ਸੀ। ਮੈਂ ਜਿੰਨੇ ਦਿਨ ਵੀ ਉਹਦੇ ਕੋਲ ਰਿਹਾ, ਉਹਨੇ ਮੈਨੂੰ ਖਾਣਾ ਬਣਾਉਣ ਦੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਉਣ ਦਿੱਤਾ। ਆਪ ਉਹ ਅੰਮ੍ਰਿਤਧਾਰੀ ਸੀ ਪਰ ਮੇਰੇ ਨਾਲ ਉਹਨੇ ਕਿਸੇ ਕਿਸਮ ਦੀ ਕੋਈ ਕੱਟੜਤਾ ਕਦੇ ਨਹੀਂ ਸੀ ਵਰਤੀ। ਹਾਂ ਉਹ ਬੱਸਾਂ-ਗੱਡੀਆਂ ਤੇ ਢਾਬੇ-ਫੜ੍ਹੀ ਵਾਲਿਆਂ ਤੋਂ ਕੁਝ ਖਾਣ ਦੇ (ਸਫ਼ਾਈ ਪੱਖੋਂ) ਬੜਾ ਖ਼ਿਲਾਫ਼ ਬੋਲਦਾ ਸੀ। ਨਾ ਮੈਨੂੰ ਉਹਨੇ ਕਦੇ ਸੌਦਾ-ਸੂਤ ਜਾਂ ਸਬਜੀ ਆਦਿ ਲਿਆਉਣ ਦੀ ਖੇਚਲ ਦਿੱਤੀ। ਕੁਝ ਬੰਦੇ ਅਜਿਹੇ ਵੀ ਹੁੰਦੇ ਹਨ ਜੋ ਦੂਜਿਆਂ ਨੂੰ ਆਪਣੇ ਅਮਲਾਂ ਰਾਹੀਂ ਬਹੁਤ ਕੁਝ ਸਿਖਾ ਜਾਂਦੇ ਹਨ। ਜਿੰਨੇ ਦਿਨ ਮੈਂ ਉਹਦੇ ਕੋਲ ਰਿਹਾ, ਉਹਦੇ ਵਿੱਚੋਂ ਮੈਨੂੰ ਭਾਈ ਘਨੱਈਏ ਦਾ ਕਿਰਦਾਰ ਦਿੱਸਦਾ ਰਿਹਾ। ਹੁਣ ਵੀ ਜਦੋਂ ਕਦੇ ਯਾਦਾਂ ਦੇ ਝਰੋਖੇ ਦਾ ਬੂਹਾ ਖੁੱਲ੍ਹਦਾ ਹੈ ਤਾਂ ਉਹਦੀਆਂ ਸੇਵਾਵਾਂ ਚੇਤੇ ਆ ਜਾਂਦੀਆਂ ਹਨ। ਯੂਨੀਵਰਸਿਟੀ ਦੇ ਕੌਂਸਿਪੌਂਡਿੰਗ ਵਿਭਾਗ ਵਿੱਚ ਤਾਇਨਾਤ ਮਨੋਵਿਗਿਆਨ ਦੀ ਪ੍ਰੋਫੈਸਰ ਸ੍ਰੀ ਮਤੀ ਜਸਰਾਜ ਕੌਰ ਸੰਧੂ ਨੇ ਵੀ ਮੇਰੀ ਬਹੁਤ ਮਦਦ ਕੀਤੀ ਤੇ ਨਿਮਰਤਾ ਸਹਿਤ ਹਰ ਤਰ੍ਹਾਂ ਦੀ ਲੋੜੀਂਦੀ ਅਗਵਾਈ ਦਿੱਤੀ। ਉਹਦੀ ਸਹਾਇਤਾ ਕਾਰਨ ਘਰੋਂ ਦੂਰ ਯੂਨੀਵਰਸਿਟੀ ਦੇ ਝੰਬੇਲਿਆਂ ਵਿੱਚ ਹਰ ਮੁਸ਼ਕਲ ਮੈਂ ਅਸਾਨੀ ਨਾਲ ਹੱਲ ਕਰ ਲੈਂਦਾ ਸਾਂ। ਉਸ ਦੀ ਸੁਚੱਜੀ ਅਗਵਾਈ ਹੇਠ ਮੈਂ ਬੀ.ਐੱਡ. ਦੇ ਦੂਜੇ ਸਾਲ ਵਿੱਚ ਵਿਭਾਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਯੂਨੀਵਰਸਿਟੀ ਚੋਂ ਜਿੱਥੇ ਮੈਨੂੰ ਅਧਿਆਪਨ ਦੀਆਂ ਨਵੀਆਂ ਤਕਨੀਕਾਂ ਦਾ ਗਿਆਨ ਹੋਇਆ, ਉੱਥੇ ਹੋਰ ਵੀ ਬਹੁਤ ਕੁਝ ਸਿੱਖਣ ਨੂੰ ਮਿਲਿਆ। ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਹਰ ਬੱਚੇ ਨੂੰ ਕਾਲਜ ਤੋਂ ਬਾਅਦ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇੱਥੇ ਹੀ ਮੇਰੀ ਇੰਦਰ ਸਿੰਘ ਮਾਨ ਵਰਗੇ ਸੁਹਿਰਦ ਦੋਸਤਾਂ ਨਾਲ ਜਾਣ-ਪਛਾਣ ਹੋਈ। ਮਾਨ ਉਦੋਂ ਸਰਕਾਰੀ ਪ੍ਰਾਇਮਰੀ ਸਕੂਲ ਵੱਲਾ (ਅੰਮ੍ਰਿਤਸਰ) ਵਿੱਚ ਹੈੱਡ ਟੀਚਰ ਵਜੋਂ ਸਰਵਿਸ ਕਰਦਾ ਸੀ ਤੇ ਐਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਅਤੇ ਡੀ.ਟੀ.ਐਫ. ਦਾ ਆਗੂ ਸੀ। ਜਥੇਬੰਦਕ ਤੇ ਵਿਚਾਰਧਾਰਿਕ ਵਖਰੇਵੇਂ ਕਦੇ ਵੀ ਸਾਡੇ ਵਿਚਕਾਰ ਰੁਕਾਵਟ ਨਹੀਂ ਸੀ ਬਣੇ। ਉਹ ਬੜਾ ਸਾਫ਼-ਦਿਲ ਤੇ ਸਪਸ਼ਟ-ਵਾਦੀ ਸੋਚ ਦਾ ਮਾਲਕ ਹੈ। ਬੀ.ਐੱਡ. ਕਰਨ ਤੋਂ ਬਾਅਦ ਜਦੋਂ ਉਹਨੇ ਐਮ.ਏ. ਪੰਜਾਬੀ ਦਾ ਦਾਖ਼ਲਾ ਭੇਜਿਆ ਤਾਂ ਉਹਨੇ ਮੈਨੂੰ ਉਚੇਚਾ ਫ਼ੋਨ ਕਰ ਕੇ ਦਾਖ਼ਲਾ ਭੇਜਣ ਲਈ ਕਿਹਾ। ਮੈਂ ਮਾਇਕ ਪੱਖ ਤੋਂ ਮਜ਼ਬੂਰੀ ਜ਼ਾਹਰ ਕੀਤੀ। ਉਹਨੇ ਆਪਣੇ ਕੋਲੋਂ ਦਾਖ਼ਲੇ ਦਾ ਖ਼ਰਚ ਕਰਨ ਦੀ ਪੇਸ਼ਕਸ਼ ਕੀਤੀ ਜੋ ਮੈਂ ਮਨਜ਼ੂਰ ਨਾ ਕੀਤੀ। ਚਾਹੁੰਦਾ ਹੋਇਆ ਵੀ ਪਿੱਛੋਂ ਮੈਂ ਐਮ.ਏ. ਪੰਜਾਬੀ ਨਾ ਕਰ ਸਕਿਆ। ਕਿਉਂਕਿ ਮਾਨ ਨੂੰ ਮਾਸਟਰ ਕੇਡਰ ਵਿੱਚ ਪ੍ਰੋਮੋਸ਼ਨ ਲੈਣ ਲਈ ਹੈੱਡ

ਟੀਚਰੀ ਛੱਡਣੀ ਪੈਣੀ ਸੀ, ਇਸ ਕਾਰਨ ਉਹਨੇ ਮਾਸਟਰ ਕੇਡਰ ਵਿੱਚ ਜਾਣ ਦਾ ਖਿਆਲ ਛੱਡ ਦਿੱਤਾ। ਅਗਲੇ ਕੁਝ ਸਾਲਾਂ ਵਿੱਚ ਹੀ ਉਹ ਸੀ.ਐੱਚ.ਟੀ. ਪ੍ਰਮੋਟ ਹੋ ਗਿਆ ਤੇ ਇਸ ਤਰ੍ਹਾਂ ਤਰੱਕੀ ਦੀਆਂ ਮੰਜ਼ਿਲਾਂ ਪਾਰ ਕਰਦਾ ਸੇਵਾ-ਮੁਕਤ ਹੋ ਗਿਆ। ਕਵਿਤਾ ਲਿਖਣ ਦਾ ਉਹਨੂੰ ਪਹਿਲਾਂ ਤੋਂ ਹੀ ਸ਼ੌਂਕ ਸੀ ਜੋ ਐਮ.ਏ. ਕਰਨ ਬਾਅਦ ਹੋਰ ਵਧ ਗਿਆ। ਉਹਨੇ ਪੰਜਾਬੀ ਭਾਸ਼ਾ ਵਿੱਚ ਕਵਿਤਾ ਦੀਆਂ ਕੁਝ ਕਿਤਾਬਾਂ ਛਪਵਾ ਕੇ ਸਾਹਿਤਕ ਖੇਤਰ ਵਿੱਚ ਵੀ ਬਣਦਾ ਯੋਗਦਾਨ ਪਾਇਆ ਹੈ।

# ਬੀ.ਐੱਡ. ਕਰਨ ਪਿੱਛੋਂ ਸੰਘਰਸ਼

ਬੀ.ਐੱਡ. ਕਰਨ ਤੋਂ ਬਾਅਦ ਮੈਂ ਫਿਰ ਤੋਂ ਜਥੇਬੰਦਕ ਸਰਗਰਮੀਆਂ ਵਿੱਚ ਰੁੱਝ ਗਿਆ। ਮੈਨੂੰ ਇਸ ਉਚੇਰੀ ਪੜ੍ਹਾਈ ਕਾਰਨ ਵਿਭਾਗ ਵੱਲੋਂ ਦਿੱਤੀ ਉਚੇਰੀ ਜ਼ਿੰਮੇਵਾਰੀ ਦੀ ਤਰੱਕੀ ਇਹ ਕਹਿ ਕੇ ਵਾਪਸ ਲੈ ਲਈ ਗਈ ਕਿ ਤੁਸੀਂ ਪਹਿਲਾਂ ਵੀ ਉਹਨਾਂ ਬੱਚਿਆਂ ਨੂੰ ਪੰਜਾਬੀ ਹੀ ਪੜ੍ਹਾਉਂਦੇ ਸੀ। ਇਸ ਤਰ੍ਹਾਂ ਇਸ ਪੜ੍ਹਾਈ ਤੇ ਖ਼ਰਚ ਕੀਤੇ ਪੈਸੇ, ਸਮੇਂ ਤੇ ਮਿਹਨਤ ਦਾ ਮੈਨੂੰ ਕੋਈ ਮਾਇਕ ਲਾਭ ਨਾ ਹੋਇਆ।

ਥੋੜ੍ਹਾ ਸਮਾਂ ਬਾਅਦ ਹੀ ਰਾਣਾ ਗਰੁੱਪ ਵੀ ਦੋ-ਫਾੜ ਹੋ ਗਿਆ। ਹੱਕੀ ਮੰਗਾਂ ਲਈ ਸਰਕਾਰ ਵਿਰੁੱਧ ਲੜਨ ਦਾ ਤਾਣ ਭਾਵੇਂ ਘਟ ਗਿਆ ਸੀ ਪਰ ਜਿਹਨਾਂ ਹੱਕ-ਸੱਚ ਲਈ ਲੜਨ ਦੀ ਸਹੁੰ ਖਾਧੀ ਹੁੰਦੀ ਹੈ, ਉਹ ਟਿਕ ਕੇ ਘਰ ਨਹੀਂ ਬਹਿ ਸਕਦੇ। ਮੈਂ ਵੀ ਵਿਗਿਆਨਕ ਗਰੁੱਪ ਨਾਲ ਜੁੜ ਕੇ ਆਪਣਾ ਸਫ਼ਰ ਜਾਰੀ ਰੱਖਿਆ। ਇਸ ਗਰੁੱਪ ਵੱਲੋਂ ਪਹਿਲਾਂ ਸਾ: ਮਦਨ ਗੋਪਾਲ ਤੇ ਬਾਅਦ 'ਚ ਸੁੱਚਾ ਸਿੰਘ ਅਜਨਾਲਾ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ। ਸਾ: ਸੁੱਚਾ ਸਿੰਘ ਅਧਿਆਪਕ ਹਿੱਤਾਂ ਪ੍ਰਤੀ ਸੁਹਿਰਦ ਪਹੁੰਚ ਦਾ ਧਾਰਨੀ ਤੇ ਸੰਘਰਸ਼ ਦੀ ਵਿਗਿਆਨਕ ਲਾਈਨ ਤੇ ਪਹਿਰਾ ਦੇਣ ਵਾਲੇ ਇਮਾਨਦਾਰ ਤੇ ਮਿਹਨਤੀ ਆਗੂ ਵਜੋਂ ਵਿਚਰ ਰਿਹਾ ਸੀ। ਉਹ ਸਵੇਰੇ ਘਰੋਂ ਨਿੱਕਲਦਾ ਸੀ, ਸਕੂਲ-ਡਿਊਟੀ ਦੇ ਨਾਲ ਸਾਰਾ ਦਿਨ ਅਧਿਆਪਕਾਂ ਦੀਆਂ ਸਮੱਸਿਆਵਾਂ ਹੱਲ ਕਰਾਉਣ 'ਚ ਰੁੱਝਾ ਰਹਿੰਦਾ ਤੇ ਸ਼ਾਮ ਪਈ ਘਰ ਪਰਤਦਾ ਸੀ। ਵਿਰੋਧੀਆਂ ਵੱਲੋਂ ਉਹਨੂੰ ਆਪਣੇ ਪੈਂਤੜੇ ਤੋਂ ਥਿੜਕਾਉਣ ਲਈ ਢੇਰਾਂ ਯਤਨ ਕੀਤੇ ਗਏ ਪਰ ਉਹਨੇ ਹੌਂਸਲਾ ਨਹੀਂ ਹਾਰਿਆ। ਦਹਿਸ਼ਤੀ ਦੌਰ ਤੋਂ ਪਹਿਲਾਂ ਜਦੋਂ ਉਹ ਅਜਨਾਲੇ ਰਹਿੰਦਾ ਸੀ ਤਾਂ ਦੋ ਵਾਰ ਦਿਨ-ਦਿਹਾੜੇ ਚੋਰਾਂ ਨੇ ਉਹਦੇ ਘਰੋਂ ਚੋਰੀ ਕੀਤੀ ਤਾਂ ਕਿ ਉਹ ਡਰਦਾ ਸੰਘਰਸ਼ ਦਾ ਰਾਹ ਛੱਡ ਦੇਵੇ ਪਰ ਸੁੱਚਾ ਸਿੰਘ ਅਡੋਲ ਆਪਣੇ ਰਾਹ ਤੁਰਿਆ ਗਿਆ। ਉਹਨੇ ਮੁਲਾਜ਼ਮਾਂ ਤੇ ਅਧਿਆਪਕਾਂ ਵੱਲੋਂ ਲੜੇ ਗਏ ਸ਼ੰਘਰਸ਼ ਵਿੱਚ ਪਾਏ ਆਪਣੇ ਯੋਗਦਾਨ ਦੇ ਬਲ ਤੇ ਬਲਾਕ-ਪ੍ਰਧਾਨ ਤੋਂ ਲੈ ਕੇ ਸੂਬਾਈ ਪ੍ਰਧਾਨ ਤੱਕ ਤੇ ਇਸ ਤੋਂ ਵੀ ਉੱਪਰ ਕੁੱਲ ਹਿੰਦ ਪੱਧਰ ਤੇ ਵੀ ਅਧਿਆਪਕਾਂ ਤੇ ਮੁਲਾਜ਼ਮਾਂ ਦੀ ਨੁਮਾਇੰਦਗੀ ਕੀਤੀ। ਸੇਵਾ-ਮੁਕਤੀ ਉਪ੍ਰੰਤ ਵੀ ਉਹਦਾ ਸਫ਼ਰ ਜਾਰੀ ਹੈ ਤੇ ਹੁਣ ਉਹ ਸੀ.ਪੀ.ਆਈ.ਐਮ. ਦਾ ਜ਼ਿਲ੍ਹਾ ਸਕੱਤਰ ਹੋਣ ਦੇ ਨਾਲ ਪੰਜਾਬ ਸੀਟੂ ਦੇ

ਸੂਬਾਈ ਸਹਾਇਕ ਸਕੱਤਰ ਵਜੋਂ ਮਿਡ-ਡੇ-ਮੀਲ ਵਰਕਰਾਂ ਤੇ ਹੈਲਪਰਾਂ, ਆਸ਼ਾ ਵਰਕਰਾਂ ਤੇ ਆਂਗਣਵਾੜੀ ਵਰਕਰਾਂ ਆਦਿ ਨੂੰ ਲਾਮਬੰਦ ਕਰਨ ਲਈ ਪਹਿਲਾਂ ਵਾਂਗ ਹੀ ਰਾਤ-ਦਿਨ ਇੱਕ ਕਰ ਰਿਹਾ ਹੈ।

2008 ਵਿੱਚ ਉਹਦੀ ਸੇਵਾ-ਮੁਕਤੀ ਤੋਂ ਬਾਅਦ ਗੌਂ: ਟੀ: ਯੂ: ਦੀ ਅਗਵਾਈ ਸਾ: ਸਵਿੰਦਰ ਸਿੰਘ ਨੇ ਕੀਤੀ ਜੋ ਕਿ ਪਹਿਲਾਂ ਜਨਰਲ ਸਕੱਤਰ ਵਜੋਂ ਕੰਮ ਕਰਦਾ ਸੀ। ਬਤੌਰ ਅਧਿਆਪਕ ਨੌਂਕਰੀ ਵਿੱਚ ਆਉਣ ਤੋਂ ਲੇ ਕੇ ਸੇਵਾ-ਮੁਕਤੀ ਤੱਕ ਉਹ ਇਸੇ ਵਿਗਿਆਨਿਕ ਸੋਚ ਨਾਲ ਬਾ-ਦਸਤੂਰ ਜੁੜਿਆ ਰਿਹਾ ਤੇ ਜਥੇਬੰਦਕ ਸੰਘਰਸ਼ ਵਿੱਚ ਆਗੂ ਰੋਲ ਅਦਾ ਕਰਦਾ ਰਿਹਾ ਹੈ। ਜਥੇਬੰਦਕ ਮਸਲਿਆਂ ਤੇ ਸੰਘਰਸ਼ਸ਼ੀਲ ਪਹੁੰਚ ਤੋਂ ਇਲਾਵਾ ਸਵਿੰਦਰ ਸਿੰਘ ਅਧਿਆਪਕਾਂ / ਮੁਲਾਜ਼ਮਾਂ ਦੇ ਟੈਕਨੀਕਲ ਮਾਮਲਿਆਂ ਜਿਵੇਂ ਸੇਵਾ-ਪੱਤਰੀ ਜਾਂ ਤਨਖ਼ਾਹ-ਬਕਾਇਆਂ ਆਦਿ ਬਾਰੇ ਭਰਪੂਰ ਗਿਆਨ ਰੱਖਦਾ ਹੈ। ਲੋੜ ਪੈਣ ਤੇ ਮੈਂ ਵੀ ਉਸ ਤੋਂ ਟੈਕਨੀਕਲ ਨੁਕਤਿਆ ਬਾਰੇ ਸਲਾਹ ਲੈਂਦਾ ਹਾਂ। ਇਸ ਵੇਲੇ ਉਹ ਸੇਵਾ-ਮੁਕਤੀ ਤੋਂ ਬਾਅਦ ਪੈਨਸ਼ਨਰਾਂ ਦੇ ਮਸਲਿਆਂ ਬਾਰੇ ਪੈਨਸ਼ਨਰਜ਼ ਯੂਨੀਅਨ ਦੇ ਜਨਰਲ ਸਕੱਤਰ ਵਜੋਂ ਅਗਵਾਈ ਕਰ ਰਿਹਾ ਹੈ। ਅੰਮ੍ਰਿਤਸਰ ਦੇ ਸੈਂਕੜੇ ਪੈਨਸ਼ਨਰ ਤੇ ਮੁਲਾਜ਼ਮ ਉਹਦੇ ਕੋਲ ਆਪੋ ਆਪਣੇ ਉਲਝੇ ਹੋਏ ਮਸਲੇ ਹੱਲ ਕਰਾਉਣ ਲਈ ਆਉਂਦੇ ਹਨ। ਹਰ ਸਾਲ ਆਮਦਨ ਕਰ ਰਿਟਰਨਾਂ ਭਰਨ ਲਈ ਉਹ ਸੈਂਕੜੇ ਲੋਕਾਂ ਦੀ ਮਦਦ ਤੇ ਅਗਵਾਈ ਕਰਦਾ ਹੈ। ਬਹੁਤ ਸਾਰੇ ਸੱਜਣਾਂ ਦਾ ਬਾਇਓ-ਡਾਟਾ ਉਹਦੇ ਕੰਪਿਊਟਰ 'ਚ ਫੀਡ ਕੀਤਾ ਹੋਇਆ ਹੈ, ਜਦੋਂ ਕਿਸੇ ਨੂੰ ਦੁਬਾਰੇ ਲੋੜ ਪਵੇ ਉਹ ਲੈਪਟੌਪ ਦੀ ਇਕ ਕਲਿਕ ਨਾਲ ਹੀ ਸਬੰਧਤ ਬੰਦੇ ਦਾ ਡਾਟਾ ਕੱਢ ਲੈਂਦਾ ਹੈ। ਇਸ ਪੱਖੋਂ ਉਹਦਾ ਇਹ ਯੋਗਦਾਨ ਵਿਲੱਖਣ ਹੈ।

2006 ਵਿੱਚ ਜਦੋਂ ਤਰਨਤਾਰਨ ਨੂੰ ਵੱਖਰਾ ਜ਼ਿਲ੍ਹਾ ਬਣਾ ਦਿੱਤਾ ਗਿਆ ਤਾਂ ਸਾ: ਕੇਵਲ ਸਿੰਘ ਨੂੰ ਸਾਡੇ ਜ਼ਿਲ੍ਹੇ ਦਾ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੋਇਆ ਤੇ ਉਸ ਤੋਂ ਬਾਅਦ ਇਹ ਜ਼ਿੰਮੇਵਾਰੀ ਮੈਨੂੰ ਸੌਂਪੀ ਗਈ। ਇਸ ਵੇਲੇ ਤੱਕ ਸਥਿੱਤੀ ਇਹ ਬਣ ਗਈ ਸੀ ਕਿ ਕੋਈ ਵੀ ਇਕੱਲਾ ਗਰੁੱਪ ਕਿਸੇ ਅਧਿਕਾਰੀ ਤੋਂ ਕੋਈ ਮੰਗ ਮਨਾ ਲੈਣ ਦੇ ਯੋਗ ਨਾ ਰਿਹਾ ਹੋਣ ਕਰਕੇ ਸਾਂਝੇ ਮੋਰਚੇ ਦਾ ਯੁੱਗ ਆ ਗਿਆ ਸੀ। ਸਾਂਝੇ ਮੋਰਚੇ ਨੂੰ ਚੱਲਦਾ ਰੱਖਣਾ ਵੀ ਆਗੂਆਂ ਦੀ ਸੁਹਿਰਦ ਪਹੁੰਚ ਤੇ ਨਿਰਭਰ ਕਰਦਾ ਸੀ। ਮੈਨੂੰ ਆਪਣੇ ਜ਼ਿਲ੍ਹੇ ਵਿੱਚ ਸਾ: ਸਰਦੂਲ ਸਿੰਘ, ਬਖਸੀਸ਼ ਜਵੰਧਾ, ਬਲਕਾਰ ਵਲਟੋਹਾ, ਕਾਰਜ ਕੈਰੋਂ, ਤਸਵੀਰ ਸਿੰਘ, ਸਤਵਿੰਦਰ ਸਿੰਘ, ਨਛੱਤਰ ਸਿੰਘ, ਪ੍ਰਦੀਪ ਸਿੰਘ ਆਦਿ ਵੱਖ 2 ਸਾਥੀਆਂ ਨਾਲ ਵਿਚਰਨ ਤੇ ਸਾਂਝੇ ਸੰਘਰਸ਼ ਲਈ ਕੰਮ ਕਰਨ ਦਾ ਮੌਕਾ ਮਿਲਿਆ ਹੈ। ਸਾਰੇ ਸਾਥੀਆਂ ਨੇ ਮੇਰਾ ਬੜਾ ਆਦਰ-ਮਾਣ ਕੀਤਾ ਹੈ ਤੇ ਅਸੀਂ ਮਿਲ ਕੇ ਬੜੀ ਸੁਹਿਰਦਤਾ ਨਾਲ ਸਾਂਝੇ

ਸੰਘਰਸ਼ ਨੂੰ ਚਲਾਇਆ ਹੈ। ਮੇਰੀ ਆਪਣੀ ਸੋਚ ਨਾਲ ਸਬੰਧਤ ਸਾ: ਕੇਵਲ ਸਿੰਘ, ਅਜਮੇਰ ਸਿੰਘ, ਲਖਵਿੰਦਰ ਸਿੰਘ, ਸੇਵਾ ਰਾਮ, ਗੁਰਭੇਜ ਸਿੰਘ, ਕਰਮ ਸਿੰਘ, ਬਲਦੇਵ ਸਿੰਘ, ਸੁਰਜੀਤ ਝਾਮਕਾ, ਗੱਜਣ ਸਿੰਘ ਸ਼ੇਰੋਂ, ਦਰਸ਼ਨ ਸਿੰਘ ਪੱਧਰੀ, ਕੁਲਵੰਤ ਸਿੰਘ ਸੂਦ, ਵਿਜੇ ਕੁਮਾਰ ਨੁਸ਼ਹਿਰਾ ਪੰਨੂਆਂ, ਸਰਵਣ ਸਿੰਘ ਮਹਿਮੂਦਪੁਰਾ, ਸਵਿੰਦਰਪਾਲ ਸਿੰਘ ਮਹਿਮੂਦਪੁਰਾ, ਕੁਲਵੰਤ ਸਿੰਘ ਮੁਗਲ ਚੱਕ ਪਨੂੰਆ, ਵਜ਼ੀਰ ਸਿੰਘ ਰੂੜੇ ਆਸਲ, ਕੁਲਵੰਤ ਸਿੰਘ ਗਿੱਲ ਲੈਕਚਰਾਰ, ਪ੍ਰਕਾਸ਼ ਸਾਂਘਣਾ, ਰਛਪਾਲ ਝਾਮਕਾ, ਇੰਦਰਜੀਤ ਮਰ੍ਹਾਣਾ, ਮੇਜਰ ਸਿੰਘ ਧੁੰਨ, ਗੁਰਮੀਤ ਸਿੰਘ ਤੇ ਹੋਰ ਬਹੁਤ ਸਾਰੇ ਸਾਥੀਆਂ ਨੇ ਹਰ ਤਰ੍ਹਾਂ ਸਾਥ ਦੇ ਕੇ ਮੇਰਾ ਹੌਂਸਲਾ ਵਧਾਇਆ ਹੈ।

ਜਦੋਂ ਮੈਂ ਸੁੱਗੇ ਤੋਂ ਬਦਲੀ ਕਰਵਾ ਕੇ ਬੁੱਘਾ ਸਕੂਲ ਜਾਇਨ ਕੀਤਾ ਸੀ ਤਾਂ ਸਾ: ਅਜਮੇਰ ਸਿੰਘ ਤਰਨਤਾਰਨ-। ਦਾ ਬਲਾਕ ਪ੍ਰਧਾਨ ਸੀ। ਜ਼ਿਲ੍ਹਾ ਕਮੇਟੀ ਮੈਂਬਰ ਹੋਣ ਕਰਕੇ ਮੇਰੀ ਡਿਊਟੀ ਬਲਾਕ ਤਰਨਤਾਰਨ-1 ਤੇ 2 ਅਤੇ ਨੁਸ਼ਹਿਰਾ ਪਨੂੰਆਂ ਵਿੱਚ ਜਥੇਬੰਦਕ ਸਰਗਰਮੀਆਂ ਜਾਰੀ ਰੱਖਣ ਲਈ ਬਲਾਕ ਪ੍ਰਧਾਨਾਂ ਦੀ ਮਦਦ ਕਰਨ ਦੀ ਸੀ। ਪ੍ਰਕਾਸ਼ ਸਿੰਘ ਸਾਂਘਣਾ ਤਰਨਤਾਰਨ-2 ਅਤੇ ਗੱਜਣ ਸਿੰਘ ਸ਼ੇਰੋਂ ਨੁਸ਼ਹਿਰੇ ਪਨੂੰਆਂ ਦਾ ਪ੍ਰਧਾਨ ਸੀ। ਤਿੰਨਾਂ ਚੋਂ ਸਾ: ਅਜਮੇਰ ਸਿੰਘ ਸਿਆਣਾ, ਸੁਲਝਿਆ ਤੇ ਗੱਲਬਾਤ ਵਿੱਚ ਤੇਜ਼-ਤਰਾਰ ਆਗੂ ਹੈ। ਉਸ ਦੇ ਪਿਤਾ ਜੀ ਸ੍ਰ. ਗੁਰਬਚਨ ਸਿੰਘ ਸਿੱਖਿਆ ਵਿਭਾਗ ਤੋਂ ਬਤੌਰ ਪ੍ਰਬੰਧ ਅਫਸਰ ਸੇਵਾ-ਮੁਕਤ ਹੋਏ ਹਨ। ਇਮਾਨਦਾਰੀ ਤੇ ਸਾਦਗੀ ਵਿੱਚ ਉਹਨਾਂ ਦਾ ਪਰਿਵਾਰ ਇੱਕ ਨੰਬਰ ਤੇ ਹੈ। ਸਿੱਖਿਆ ਵਿਭਾਗ ਦੇ ਦਫ਼ਤਰੀ ਅਮਲੇ ਦੇ ਸਭ ਤੋਂ ਉੱਚੇ ਅਹੁਦੇ ਤੋਂ ਸੇਵਾ ਮੁਕਤ ਹੋਣ ਤੇ ਵੀ ਉਹਨਾਂ ਕੋਲ ਉਹੀ ਸਧਾਰਨ ਪੁਰਾਣਾ ਘਰ ਹੈ ਜੋ ਉਹਨਾਂ ਨੇ ਆਪਣੀ ਤਨਖ਼ਾਹ ਚੋਂ ਗੁੰਜਾਇਸ਼ ਕੱਢ ਕੇ ਬਣਾਇਆ ਸੀ। ਉਹ ਵਧੇਰੇ ਕਰਕੇ ਪੈਦਲ ਜਾਂ ਸਾਈਕਲ ਤੇ ਹੀ ਦਫ਼ਤਰ ਜਾਂਦੇ ਰਹੇ ਹਨ। ਉਹ ਸਬਰ-ਸੰਤੋਖ ਦੇ ਧਾਰਨੀ ਹਨ। ਉਹਨਾਂ ਦੇ ਜੀਵਨ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਜਿਹੜਾ ਵੀ ਕੋਈ ਉਹਨਾਂ ਕੋਲ ਸਰਵਿਸ ਸਬੰਧੀ ਕੋਈ ਮਸਲਾ ਲੈ ਕੇ ਕਦੇ ਗਿਆ ਹੈ, ਉਹਨੂੰ ਹਮੇਸ਼ਾਂ ਸਹੀ ਸਲਾਹ ਦੇਂਦੇ ਰਹੇ ਹਨ। ਮੈਂ ਉਹਨਾਂ ਤੋਂ ਬਕਾਏ ਦਾ ਬਿੱਲ ਬਣਾਉਣ ਦਾ ਤਰੀਕਾ ਸਿੱਖਿਆ ਜਿਸ ਨਾਲ ਆਪਣੇ ਸਟਾਫ਼ ਮੈਂਬਰਾਂ ਦੇ ਬਿੱਲ ਬਣਾਉਣ ਵਿੱਚ ਮੈਨੂੰ ਬੜੀ ਮਦਦ ਮਿਲੀ। ਅਜਿਹੇ ਗੁਣ ਅਜਮੇਰ ਸਿੰਘ ਨੂੰ ਵਿਰਸੇ ਚੋਂ ਹੀ ਮਿਲੇ ਹਨ। ਉਹਦੇ ਜੋ ਦਿਲ 'ਚ ਹੈ ਉਹੀ ਮੂੰਹ ਤੇ ਹੈ। ਉਹ ਬੜਾ ਸਪਸ਼ਟਵਾਦੀ ਹੈ ਤੇ ਉਹਦੇ ਮਨ 'ਚ ਵਿਚ-ਵਿਚਾਲੇ ਵਾਲ਼ੀ ਜਾਂ ਦੋਗਲੀ ਗੱਲ ਕੋਈ ਨਹੀਂ ਹੈ। ਉਹ ਪੈਸੇ ਦੀ ਵਰਤੋਂ ਬੜੀ ਸੋਚ ਸਮਝ ਕੇ ਕਰਦਾ ਹੈ ਤੇ ਇੱਕ ਪੈਸਾ ਵੀ ਫ਼ਾਲ਼ਤੂ ਖ਼ਰਚ ਨਹੀਂ ਕਰਦਾ। ਸਾਦਾ ਰਹਿਣ-ਸਹਿਣ ਤੇ ਉੱਚੀ ਸੋਚ ਉਹਦੇ ਜੀਵਨ ਦਾ ਆਧਾਰ ਹੈ। ਮੇਰੇ ਉਹਨਾਂ ਨਾਲ ਪਰਿਵਾਰਿਕ ਸਬੰਧ ਵੀ ਹਨ।

ਸਾ: ਅਜਮੇਰ ਸਿੰਘ ਨੇ ਆਪਣੇ ਅਕਾਦਮਿਕ ਗਿਆਨ ਵਿੱਚ ਵਾਧਾ ਕਰਦਿਆਂ ਐਮ.ਏ. ਹਿਸਟਰੀ ਤੇ ਐਮ.ਐੱਡ. ਸਰਕਾਰੀ ਨੌਂਕਰੀ 'ਚ ਆਉਣ ਤੋਂ ਪਹਿਲਾਂ ਹੀ ਕਰ ਲਈ ਸੀ ਪਰ ਨਿਯੁਕਤੀ ਉਹਨੂੰ ਸ. ਸ. ਮਾਸਟਰ ਦੇ ਆਹੁਦੇ ਤੇ ਮਿਲੀ ਸੀ। ਉਹਨੂੰ ਕਿਤਾਬਾਂ ਪੜ੍ਹਨ ਦਾ ਡਾਹਢਾ ਸ਼ੌਂਕ ਹੈ। ਇਸ ਕਾਰਨ ਸੇਵਾ ਦੌਰਾਨ ਜਥੇਬੰਦਕ ਕਾਰਜਾਂ ਦੇ ਨਾਲ ਉਹਨੇ ਅਧਿਅਨ ਜਾਰੀ ਰੱਖਿਆ ਅਤੇ ਪੀ.ਐੱਚ.ਡੀ. ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪਹੁੰਚ ਕੀਤੀ। ਪੀ.ਐਚ.ਡੀ. ਲਈ ਚੁਣੇ ਆਪਣੇ ਵਿਸ਼ੇ 'ਮਾਝੇ ਦੇ ਗਦਰੀ ਸ਼ਹੀਦ' ਦਾ ਥੀਸਿਸ ਪੂਰਾ ਕਰਨ ਲਈ ਉਹਨੇ ਦੇਸ਼-ਭਗਤ ਗਦਰੀਆਂ ਦੇ ਜ਼ੱਦੀ ਪਿੰਡਾਂ ਤੇ ਇਤਿਹਾਸਿਕ ਸ੍ਰੋਤਾਂ ਵਾਲੀਆਂ ਸਾਰੀਆਂ ਥਾਵਾਂ ਤੇ ਜਾ ਕੇ ਪੁਰਾਣੇ ਬਜ਼ੁਰਗਾਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਵਿਸ਼ੇ ਨਾਲ਼ ਸਬੰਧਤ ਮੈਟਰ ਹਾਸਲ ਕਰਨ ਲਈ ਜਲੰਧਰ ਦੇਸ਼-ਭਗਤ ਹਾਲ ਤੇ ਦਿੱਲੀ ਆਰਕਾਈਵਜ਼ ਦੇ ਅਣਗਿਣਤ ਚੱਕਰ ਲਾਏ। ਆਖ਼ਰ ਉਹਦੀ ਮਿਹਨਤ ਰੰਗ ਲਿਆਈ ਤੇ ਉਹਦੇ ਨਾਂ ਨਾਲ 'ਡਾਕਟਰ' ਸ਼ਬਦ ਪੱਕੇ ਤੌਰ ਤੇ ਜੁੜ ਗਿਆ। ਉਹ ਤੇ ਉਹਦਾ ਜਿਗਰੀ ਦੋਸਤ ਲਖਵਿੰਦਰ ਸਿੰਘ ਕਈ ਸਾਲ ਇਕੱਠੇ ਸਰਕਾਰੀ ਹਾਈ ਸਕੂਲ ਠਰੂ ਵਿਖੇ ਸੇਵਾ ਕਰਦੇ ਰਹੇ। ਆਖਰ ਉਹ ਲੈਕਚਰਾਰ ਇਤਿਹਾਸ ਤੇ ਲਖਵਿੰਦਰ ਸਿੰਘ ਲੈਕਚਰਾਰ ਅੰਗਰੇਜ਼ੀ ਪਦ-ਉਨਤ ਹੋ ਕੇ ਵੱਖੋ ਵੱਖ ਸਕੂਲਾਂ ਵਿੱਚ ਚਲੇ ਗਏ। ਮੇਰੀ ਸੇਵਾ ਮੁਕਤੀ ਤੱਕ ਉਹਨੇ ਤੇ ਲਖਵਿੰਦਰ ਸਿੰਘ ਨੇ ਅਧਿਆਪਕਾਂ ਤੇ ਮੁਲਾਜ਼ਮਾਂ ਦੇ ਫਰੰਟ ਦੇ ਹਰ ਤਰ੍ਹਾਂ ਮੇਰਾ ਸਾਥ ਦਿੱਤਾ। ਮੈਂ ਤੇ ਅਜਮੇਰ ਸਿੰਘ ਕਈ ਵਾਰ ਜਲੰਧਰ, ਲੁਧਿਆਣਾ ਜਾਂ ਮੋਗਾ ਤੱਕ ਮੋਟਰ ਸਾਈਕਲ ਤੇ ਹੀ ਜਥੇਬੰਦੀ ਦੀ ਮੀਟਿੰਗ ਅਟੈਂਡ ਕਰ ਆਉਂਦੇ ਰਹੇ ਹਾਂ। ਇਹਨਾਂ ਸੰਘਰਸ਼-ਸ਼ੀਲ ਸਾਥੀਆਂ ਚੋਂ ਹੁਣ ਕੁਝ ਸੇਵਾ-ਮੁਕਤ ਹੋ ਗਏ ਹਨ ਤੇ ਕੁਝ ਅਜੇ ਸੇਵਾ ਦੌਰਾਨ ਸੰਘਰਸ਼ ਕਰ ਰਹੇ ਹਨ। ਸਾ: ਅਜਮੇਰ ਸਿੰਘ ਵੀ 2020 ਵਿੱਚ ਸੇਵਾ ਮੁਕਤ ਹੋਣ ਉਪ੍ਰੰਤ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਤਰਨਤਾਰਨ ਦੇ ਜਨਰਲ ਸਕੱਤਰ ਵਜੋਂ ਸੇਵਾ ਕਰ ਰਿਹਾ ਹੈ। ਸਾ: ਲਖਵਿੰਦਰ ਸਿੰਘ ਵਰਗਾ ਅਨਮੋਲ ਹੀਰਾ ਜੁਲਾਈ 2016 ਵਿੱਚ ਚੰਦਰੀ ਮੌਤ ਨੇ ਸਾਥੋਂ ਖੋਹ ਲਿਆ ਸੀ, ਉਹਦੇ ਵੱਲੋਂ ਅਧਿਆਪਕ ਤੇ ਮੁਲਾਜ਼ਮ ਲਹਿਰ ਨੂੰ ਮਜ਼ਬੂਤ ਕਰਨ ਹਿਤ ਪਾਏ ਗਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਸੂਬਾਈ ਪੱਧਰ ਤੇ ਰਾਣਾ ਜੀ ਤੋਂ ਬਾਅਦ ਸਾ: ਸੁਖਦੇਵ ਸਿੰਘ ਬੜੀ ਪ੍ਰਧਾਨ ਬਣੇ ਤੇ ਬੜੀ ਤੋਂ ਬਾਅਦ ਇਹ ਯੂਨੀਅਨ ਦੋ ਗਰੁੱਪਾਂ 'ਚ ਵੰਡੀ ਗਈ। ਵਿਗਿਆਨਕ ਗਰੁੱਪ ਵੱਲੋਂ ਸਾ: ਪਰਮਜੀਤ ਗਾਂਧਰੀ ਪ੍ਰਧਾਨ ਰਹੇ, ਉਹਨਾਂ ਤੋਂ ਬਾਅਦ ਬੀਬੀ ਸੁਰਿੰਦਰ ਕੌਰ, ਸਾ: ਸੁੱਚਾ ਸਿੰਘ ਅਜਨਾਲਾ, ਸਾ: ਪ੍ਰੇਮ ਰੱਕੜ, ਸਾ: ਕੁਲਵੰਤ ਸਿੰਘ ਤੇ ਸਾ: ਹਰਜੀਤ ਸਿੰਘ ਬਸੋਤਾ ਆਦਿ ਸੂਬਾਈ ਪ੍ਰਧਾਨ ਰਹੇ ਹਨ। ਹੋਰ ਬਹੁਤ ਸਾਰੇ ਗਰੁੱਪਾਂ ਦੀ ਆਪਣੀ 2 ਯੂਨੀਅਨ ਤੇ

ਆਪਣੇ 2 ਪ੍ਰਧਾਨ ਹਨ। ਹੁਣ ਤਾਂ ਟੀਚਰਾਂ ਦੀਆਂ ਕੈਟੇਗਰੀ-ਵਾਈਜ਼ ਅਣਗਿਣਤ ਯੂਨੀਅਨਾਂ ਬਣ ਗਈਆਂ ਹਨ ਤੇ ਸਿੱਟੇ ਵਜੋਂ ਸਰਕਾਰੀ ਜਬਰ ਵੀ ਵਧ ਗਿਆ ਹੈ ਤੇ ਮੰਗਾਂ-ਮਸਲੇ ਉਲਝਦੇ ਜਾ ਰਹੇ ਹਨ। ਸਾਂਝੀ ਟੀਚਰ ਯੂਨੀਅਨ ਨੇ ਜਨਤਕ ਸੰਘਰਸ਼ ਦੀ ਵਿਗਿਆਨਕ ਲਾਈਨ ਤੇ ਚੱਲਦਿਆਂ ਬਹੁਤ ਪ੍ਰਾਪਤੀਆਂ ਕੀਤੀਆਂ ਹਨ। ਕੱਚੇ ਅਧਿਆਪਕਾਂ ਨੂੰ ਸਮੇਂ 2 ਪੱਕੇ ਕਰਾਉਣਾ, ਖਾਲੀ ਪੋਸਟਾਂ ਤੇ ਅਡਹਾਕ ਜਾਂ ਰੈਗੂਲਰ ਭਰਤੀ, ਪੇ-ਕਮਿਸ਼ਨਾਂ ਤੋਂ ਸਪੈਸ਼ਲ ਗਰੇਡਾਂ ਦੀ ਪ੍ਰਾਪਤੀ, ਬਰਾਬਰ ਤਨਖ਼ਾਹ ਤੇ ਬਰਾਬਰ ਤਰੱਕੀ ਦਰ, ਪ੍ਰਾਫੀਸੈਂਸੀ ਸਟੈੱਪ ਅੱਪਸ, ਏ.ਸੀ.ਪੀ., ਇਸਤਰੀਆਂ ਨੂੰ ਛੇ ਮਹੀਨੇ ਦੀ ਜਣੇਪਾ-ਛੁੱਟੀ ਤੇ 42 ਦਿਨ ਦੀ ਅਬਾਰਸ਼ਨ ਲੀਵ, ਸਮੇਂ 2 ਅੰਤਰਿਮ ਰਲੀਫ਼ ਦੀ ਪ੍ਰਾਪਤੀ, ਮੈਡੀਕਲ ਭੱਤੇ 'ਚ ਵਾਧਾ, ਬਾਰਡਰ ਏਰੀਆ ਭੱਤਾ, ਪੇਂਡੂ ਭੱਤਾ, ਕਮਾਈ ਛੁੱਟੀ, ਵਿਭਾਗੀ ਪਦ-ਉਨਤੀਆਂ ਤੇ ਬਦਲੀਆਂ ਦੇ ਪੱਕੇ ਨਿਯਮ ਬਣਵਾਉਣਾ ਆਦਿ ਅਨੇਕਾਂ ਮੰਗਾਂ ਅਧਿਆਪਕਾਂ ਦੇ ਏਕੇ ਤੇ ਸੰਘਰਸ਼ ਦਾ ਹੀ ਨਤੀਜਾ ਹਨ।

ਗੌਂ: ਟੀ: ਯੂ: ਦੇ ਝੰਡੇ ਹੇਠ ਅਧਿਆਪਕਾਂ ਦੀਆਂ ਮੰਗਾਂ ਲਈ ਜ਼ਿਲ੍ਹਾ-ਅਧਿਕਾਰੀਆਂ ਤੇ ਡੀ.ਪੀ.ਆਈ. ਦਫ਼ਤਰਾਂ ਮੂਹਰੇ ਧਰਨੇ-ਮੁਜ਼ਾਹਰਿਆਂ ਤੋਂ ਛੁੱਟ ਇਸ ਯੂਨੀਅਨ ਵੱਲੋਂ ਸਾਬਕਾ ਸਿੱਖਿਆ ਮੰਤਰੀ ਮਰਹੂਮ ਸ੍ਰ. ਹਰਚਰਨ ਸਿੰਘ ਅਜਨਾਲਾ ਵਿਰੁੱਧ ਦਫ਼ਾ 144 ਤੋੜ ਕੇ ਕੀਤੇ ਮੁਜ਼ਾਹਰੇ, ਲਖਮੀਰ ਸਿੰਘ ਰੰਧਾਵੇ ਖ਼ਿਲਾਫ਼ ਫਤਹਿਗੜ੍ਹ ਚੂੜੀਆਂ 'ਚ ਦਫ਼ਾ 144 ਦੀਆਂ ਧੱਜੀਆਂ ਉਡਾਉਣ, ਸਾਬਕਾ ਸਿੱਖਿਆ ਮੰਤਰੀ ਤੋਤਾ ਸਿੰਘ ਵਿਰੁੱਧ ਮੋਗੇ ਦੇ ਮੁਜ਼ਾਹਰੇ, ਲੰਬੀ ਤੇ ਬਠਿੰਡੇ ਦੀਆਂ ਰੈਲੀਆਂ ਤੇ ਮਾਰਚ, ਹਰਨਾਮ ਦਾਸ ਜੌਹਰ ਦੇ ਖ਼ਿਲਾਫ ਲੁਧਿਆਣੇ ਦਾ ਮੁਜ਼ਾਹਰਾ, ਸ੍ਰੀ ਮਤੀ ਉਪਿੰਦਰਜੀਤ ਕੌਰ ਵਿਰੁੱਧ ਕਪੂਰਥਲੇ 'ਚ ਹੰਝੂ-ਗੈਸ ਦੇ ਗੋਲਿਆਂ ਦੀ ਬੁਛਾੜ, ਕੈਪਟਨ ਅਮਰਿੰਦਰ ਸਿੰਘ ਦੇ ਸ਼ਹਿਰ ਪਟਿਆਲੇ 'ਚ ਮਾਰਚ ਤੇ ਇਸੇ ਤਰ੍ਹਾਂ ਮੁਲਾਜ਼ਮ ਫ਼ੈਡਰੇਸ਼ਨਾਂ ਦੇ ਸੱਦੇ ਤੇ ਅਨੇਕਾਂ ਵਾਰ ਮਟਕਾ ਚੌਂਕ ਵੱਲ ਵਹੀਰਾਂ ਘੱਤੀਆਂ ਗਈਆਂ ਅਤੇ ਸਮੇਂ 2 ਕੇਂਦਰੀ ਸਰਕਾਰ ਦੀਆਂ ਉਦਾਰੀਕਰਣ, ਵਪਾਰੀਕਰਨ ਤੇ ਨਿੱਜੀਕਰਨ ਵਾਲੀਆਂ ਨੀਤੀਆਂ ਨੂੰ ਮੋੜਾ ਦੇਣ ਲਈ ਰਾਸਟਰੀ ਪੱਧਰ ਤੇ ਹੜਤਾਲਾਂ ਲਾਮਬੰਦ ਕੀਤੀਆਂ ਗਈਆਂ। ਉਕਤ ਪ੍ਰਾਪਤੀਆਂ ਇਹਨਾਂ ਸਿਰੜੀ ਸ਼ੰਘਰਸ਼ਾਂ ਦਾ ਹੀ ਨਤੀਜਾ ਹਨ।

# ਪਿੰਡ ਨਾਲ ਸਾਂਝ

ਭਾਵੇਂ ਮੈਨੂੰ ਪੰਜਾਬ ਵਿੱਚ ਵਿਗੜੇ ਮਾਹੌਲ ਤੇ ਦਹਿਸ਼ਤ ਦੇ ਦੌਰ ਵਿੱਚ ਸੁਰੱਖਿਆ ਕਾਰਨਾਂ ਕਰਕੇ ਆਪਣੀ ਰਿਹਾਇਸ਼ ਬਦਲ ਕੇ 1987 ਵਿੱਚ, ਤਰਨ-ਤਾਰਨ ਸ਼ਹਿਰ ਆਉਣਾ ਪਿਆ ਸੀ ਪਰ ਮੈਂ ਪਿੰਡ ਨਾਲੋਂ ਆਪਣਾ ਸੰਪਰਕ ਪੂਰੀ ਤਰ੍ਹਾਂ ਨਹੀਂ ਤੋੜ ਸਕਿਆ, ਨਾ ਹੀ ਇਹ ਟੁੱਟ ਸਕਦਾ ਹੈ।ਜਿੱਥੇ ਜੰਮਿਆ-ਪਲਿਆ ਤੇ ਖੇਡਿਆ ਸੀ, ਹਾਣੀਆਂ ਨਾਲ ਲੁਕਣਮੀਟੀ, ਚੋਰ-ਸਿਪਾਹੀ, ਪੂਣ-ਸਿਲਾਈ, ਧੁੱਪ-ਛਾਂ, ਖਿੱਦੋ-ਖੂੰਡੀ, ਪਿੱਠੂ-ਗਰਮ, ਬਾਂਦਰ-ਕਿੱਲਾ, ਬਾਰਾਂ-ਟਾਂਕੂ, ਗੁੱਲੀ-ਡੰਡਾ ਤੇ ਘੋਲ-ਕਬੱਡੀ ਵਰਗੀਆਂ ਖੇਡਾਂ ਖੇਡੀਆਂ ਸਨ, ਉਸ ਥਾਂ ਨਾਲੋਂ ਏਨੀ ਛੇਤੀ ਨਾਤਾ ਕਿਵੇਂ ਤੋੜਿਆ ਜਾ ਸਕਦਾ ਹੈ? ਇਸ ਤੋਂ ਛੁੱਟ ਭਗਵਾਨ ਦਾ ਰੂਪ ਮਾਂ-ਪਿਉ ਤੇ ਬਾਕੀ ਭਰਾਵਾਂ ਦਾ ਪਰਿਵਾਰ ਵੀ ਤਾਂ ਪਿੰਡ ਹੀ ਰਹਿੰਦਾ ਸੀ। ਇਸ ਕਾਰਨ ਮੈਂ ਗਾਹੇ-ਬਿਗਾਹੇ ਪਿੰਡ ਜਾਂਦਾ ਹੀ ਰਹਿੰਦਾ ਹਾਂ। ਪਿੰਡ ਸ਼ਰੀਕੇ-ਭਾਈਚਾਰੇ ਵਾਲੇ ਸਾਰੇ ਘਰ, (ਹਾਣੀ ਬੱਚਿਆਂ ਵਿੱਚੋਂ) ਥੋੜ੍ਹਾ ਵੱਧ ਪੜ੍ਹਿਆ ਹੋਣ ਕਰਕੇ, ਮੇਰਾ ਬੜਾ ਮਾਣ-ਸਤਿਕਾਰ ਕਰਦੇ ਹਨ। ਜਦੋਂ ਵੀ ਕਦੇ ਉਹਨਾਂ ਖ਼ੁਸ਼ੀ-ਗਮੀਂ ਦਾ ਕੋਈ ਸਾਰਥ ਕਰਨਾ ਹੁੰਦਾ ਹੈ ਤਾਂ ਉਹ ਮੈਨੂੰ ਸਲਾਹ ਲੈਣ ਲਈ ਉਡੀਕਦੇ ਰਹਿੰਦੇ ਹਨ ਤੇ ਜਦ ਮੈਂ ਉਹਨਾਂ ਕੋਲ ਜਾਂਦਾ ਹਾਂ ਤਾਂ ਉਹ ਮੈਨੂੰ ਅੰਤਾਂ ਦਾ ਪਿਆਰ ਤੇ ਸਤਿਕਾਰ ਦੇਂਦੇ ਹਨ।ਮੈਂ ਵੀ ਉਹਨਾਂ ਨੂੰ ਸਾਰਥਿਕ ਸਲਾਹ ਦੇਂਦਾ ਤੇ ਯਥਾਸ਼ਕਤ ਸਹਾਇਤਾ ਕਰਦਾ ਹਾਂ।ਸਾਡੇ ਪਿੰਡ ਦੇ ਮੇਰੇ ਤੋਂ ਪਹਿਲਾਂ ਜਿਹੜੇ ਦਸਵੀਂ ਪਾਸ ਕਰਕੇ ਤੇ ਜੇ.ਬੀ.ਟੀ. ਕਰਕੇ ਟੀਚਰ ਲੱਗੇ ਹੋਏ ਸਨ, ਉਹਨਾਂ ਵਿੱਚ ਭੈਣ ਜੀ ਅਮਰਪਾਲ, ਲਖਬੀਰ ਕੌਰ, ਸਵ: ਜਗਦੀਸ਼ ਚੰਦ, ਚੰਚਲ ਸਿੰਘ, ਸਵ: ਸੁਰਜੀਤ ਸਿੰਘ ਤੇ ਹਰਿੰਦਰ ਸਿੰਘ (ਸਾਰੇ ਸੇਵਾਮੁਕਤ) ਆਦਿ ਸ਼ਾਮਲ ਹਨ।ਸਾਬਕਾ ਸਰਪੰਚ ਸ੍ਰ ਤੇਜਾ ਸਿੰਘ ਦਾ ਲੜਕਾ ਤਲਵਿੰਦਰ ਸਿੰਘ ਪੋਸਟ ਗਰੈਜੂਏਟ ਸੀ ਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰੋਫੈਸਰ ਅਤੇ ਵਿਭਾਗ-ਮੁਖੀ ਦੇ ਤੌਰ ਤੇ ਰਿਟਾਇਰ ਹੋਇਆ ਹੈ। ਕਾਮਰੇਡ ਸੁਰੈਣ ਸਿੰਘ ਦਾ ਮੁੰਡਾ ਅਵਤਾਰ ਸਿੰਘ 'ਅਣਭੋਲ' ਇਹਨਾਂ ਤੋਂ ਵੀ ਪਹਿਲਾਂ ਬੀ.ਡੀ.ਪੀ.ਓ. ਦਫ਼ਤਰ ਵਿੱਚ ਸੁਪਰਡੰਟ ਲੱਗਾ ਹੋਇਆ ਸੀ ਤੇ ਉਹ ਪੰਜਾਬੀ ਕਹਾਣੀਕਾਰ ਵੀ ਸੀ।ਕੁਝ ਸਾਲ ਪਹਿਲਾਂ ਉਸ ਦੀ ਮੌਤ ਹੋ ਗਈ ਸੀ।ਇਹਨਾਂ ਤੋਂ ਬਾਅਦ ਮੈਂ ਹੀ ਬੀ.ਏ. ਤੱਕ ਔਖਾ-ਸੌਖਾ ਹੋ ਕੇ

ਪਹੁੰਚਿਆ ਸਾਂ ਤੇ ਗਿਆਨੀ ਜੇ.ਬੀ.ਟੀ. ਕਰਕੇ ਸਰਕਾਰ ਦੇ ਘਰੋਂ ਚਾਰ ਪੈਸੇ ਕਮਾਉਣ ਦੇ ਲਾਇਕ ਹੋਇਆ ਸਾਂ।

ਪਿੰਡ ਵਿੱਚ ਜਿੱਥੇ ਮੇਰਾ ਬਚਪਨ ਦਾ ਦੋਸਤ ਦਰਸ਼ਨ ਮੌਜੂਦ ਸੀ, ਉੱਥੇ ਵਿਚਾਰਾਂ ਦੀ ਸਾਂਝ ਕਰਕੇ ਮੇਰੀ ਕਾ: ਜੋਗਿੰਦਰ ਸਿੰਘ ਪ੍ਰਜਾਪਤ ਤੇ ਉਹਨਾਂ ਦੇ ਸ਼ਰੀਕੇ-ਬਰਾਦਰੀ ਨਾਲ ਵੀ ਗੂੜ੍ਹੀ ਸਾਂਝ ਹੈ।ਉਹ ਪਿਤਾ-ਪੁਰਖੀ ਕਈ ਸਾਲਾਂ ਤੋਂ ਪਿੰਡ ਵਿੱਚ ਰਹਿੰਦੇ ਸ਼ਾਹਾਂ ਦੀ ਜ਼ਮੀਨ ਤੇ ਮੁਜ਼ਾਰੇ ਬਣ ਕੇ ਖੇਤੀ ਕਰਦੇ ਸਨ।ਜਦੋਂ ਪੰਜਾਬ ਸਰਕਾਰ ਨੇ ਲੈਂਡ-ਸੀਲਿੰਗ ਬਿੱਲ ਪਾਸ ਕੀਤਾ ਤਾਂ ਉਹ ਜ਼ਮੀਨ ਮਿਥੀ ਹੱਦ ਤੋਂ ਵਧੇਰੇ ਹੋਣ ਕਾਰਨ ਸ਼ਾਹਾਂ ਦੇ ਹੱਥੋਂ ਜਾਂਦੀ ਰਹੀ ਸੀ।ਮੁਜ਼ਾਰੇ ਹੋਣ ਕਾਰਨ ਉਹ ਜ਼ਮੀਨ ਪ੍ਰਜਾਪਤਾਂ ਨੂੰ ਅਲਾਟ ਹੋ ਗਈ ਤੇ ਸਰਕਾਰ ਨੂੰ ਬਣਦੀ ਰਕਮ ਕਿਸ਼ਤਾਂ ਵਿੱਚ ਦੇ ਕੇ ਉਹ ਮਾਲਕ ਬਣ ਗਏ।ਪਰ ਜੱਟ ਏਨੀ ਛੇਤੀ ਜ਼ਮੀਨ ਦਾ ਕਬਜ਼ਾ ਨਹੀਂ ਛੱਡਦਾ, ਇਸ ਕਾਰਨ ਅਜੇ ਤੱਕ ਵੀ ਦੋਹਾਂ ਧਿਰਾਂ ਦਾ ਝਗੜਾ ਚੱਲ ਰਿਹਾ ਹੈ।ਕਈ ਵਾਰ ਦੋਹੀਂ ਪਾਸੀਂ ਸੱਟਾਂ-ਪੇਟਾਂ ਲੱਗੀਆਂ ਹਨ, ਇੱਕ ਧਿਰ ਦਾ ਬੰਦਾ ਵੀ ਕਤਲ ਹੋ ਗਿਆ ਹੈ ਪਰ ਅਜੇ ਤੱਕ ਝਗੜਾ ਖ਼ਤਮ ਨਹੀਂ ਹੋਇਆ, ਰੱਬ ਖ਼ੈਰ ਕਰੇ।ਪਿੰਡ ਵਿੱਚ ਧੜੇਬੰਦੀ ਹੋਣ ਦੇ ਬਾਵਜੂਦ ਵੀ ਮੈਂ ਹਰੇਕ ਦਾ ਬਰਾਬਰ ਸਤਿਕਾਰ ਕਰਦਾ ਰਿਹਾ ਹਾਂ ਉਂਜ ਵੀ ਸ਼ਹਿਰ ਵਿੱਚ ਰਹਿਣ ਕਰਕੇ ਮੇਰਾ ਪਿੰਡ ਵਿੱਚ ਕਿਸੇ ਧੜੇ ਨਾਲ ਖਲੋਣਾ ਬੇ-ਮਤਲਬ ਹੈ।

ਪਿੰਡ ਦੇ ਹੀ ਇਕ ਹੋਰ ਮਿੱਤਰ ਜਰਨੈਲ ਸਿੰਘ ਫੌਜੀ ਦੇ ਪਰਿਵਾਰ ਨਾਲ ਵੀ ਮੇਰਾ ਬਹੁਤ ਸਾਂਝ-ਪਿਆਰ ਹੈ।ਉਹਨੇ ਫੌਜ ਦੀ ਪੈਨਸ਼ਨ ਲੈ ਕੇ ਕਈ ਸਾਲ ਬੈਂਕ ਵਿੱਚ ਨੌਕਰੀ ਕੀਤੀ ਹੈ।ਇਸ ਦੌਰਾਨ ਉਹ ਹਾੜ-ਸਿਆਲ ਸਾਈਕਲ ਤੇ ਹੀ ਪਿੰਡੋਂ ਤਰਨਤਾਰਨ ਤੱਕ ਆਉਂਦਾ-ਜਾਂਦਾ ਰਿਹਾ ਹੈ।ਸਵੇਰੇ ਸੂਰਜ ਚੜ੍ਹਦਿਆਂ ਹੀ ਸਾਈਕਲ ਫੜ ਘਰੋਂ ਤੁਰਨਾ, ਤਰਨ-ਤਾਰਨੋਂ ਅੰਮ੍ਰਿਤਸਰ ਦੀ ਬੱਸ ਫੜ ਕੇ ਲਾਰੰਸ਼ ਰੋਡ ਤੇ ਕੈਨਰਾ ਬੈਂਕ ਪਹੁੰਚਣਾ, ਪੰਜ ਵਜੇ ਤੋਂ ਬਾਅਦ ਛੁੱਟੀ ਹੋਣ ਤੇ ਵਾਪਸ ਤਰਨ-ਤਾਰਨ ਤੋਂ ਸਾਈਕਲ ਫੜ ਕੇ ਪਿੰਡ ਪਹੁੰਚਣਾ ਉਹਦਾ ਨਿੱਤ-ਕ੍ਰਮ ਸੀ।ਮੇਰੇ ਇਸ ਮਿੱਤਰ ਨੇ ਵੀ ਜੀਵਨ ਵਿੱਚ ਬਹੁਤ ਸਖਤ ਮਿਹਨਤ ਕਰਕੇ ਆਪਣੇ ਪਰਿਵਾਰ ਨੂੰ ਪੈਰਾਂ-ਸਿਰ ਕੀਤਾ ਹੈ, ਇਸ ਕਾਰਨ ਉਹ ਮੇਰਾ ਵੀ ਪ੍ਰੇਰਨਾ-ਸ੍ਰੋਤ ਬਣਿਆ ਰਿਹਾ ਹੈ ਤੇ ਮੈਂ ਉਸ ਦਾ ਧੰਨਵਾਦੀ ਹਾਂ।ਸ਼ਾਲਾ ਇਹ ਦੋਸਤੀਆਂ ਤੇ ਸਾਂਝਾਂ ਸਦਾ ਸਲਾਮਤ ਰਹਿਣ।

# ਸੇਵਾ-ਮੁਕਤੀ ਉਪ੍ਰੰਤ ਸੇਵਾ ਬਾਰੇ

**ਜਮਹੂਰੀ ਲਹਿਰ** : ਆਪਣੀ ਸਰਕਾਰੀ ਨੌਂਕਰੀ ਦੌਰਾਨ ਇਮਾਨਦਾਰੀ ਨਾਲ ਡਿਊਟੀ ਕਰਨ ਦੇ ਨਾਲ ਨਾਲ਼ ਮੈਂ ਅਧਿਆਪਕਾਂ ਤੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ, ਆਪਣੇ ਸੰਵਿਧਾਨਕ ਜਮਹੂਰੀ ਹੱਕਾਂ ਦੀ ਵਰਤੋਂ ਕਰਦਿਆਂ, ਸਰਕਾਰਾਂ ਵਿਰੁੱਧ ਚੱਲਦੇ ਸੰਘਰਸ਼ ਨਾਲ ਲਗਾਤਾਰ ਜੁੜਿਆ ਰਿਹਾ ਸਾਂ। ਇਸ ਲਈ ਮੇਰੀ ਦਿਲੀ ਖ਼ਾਹਸ਼ ਸੀ ਕਿ ਸੇਵਾ-ਮੁਕਤੀ ਤੋਂ ਬਾਅਦ ਸਮਾਜਿਕ ਪ੍ਰਬੰਧ ਨੂੰ ਬਦਲਣ ਲਈ, ਗਰੀਬ ਕਾਮਿਆਂ-ਕਿਸਾਨਾਂ ਦੀ ਹੋ ਰਹੀ ਲੁੱਟ ਅਤੇ ਧੱਕੇ-ਸ਼ਾਹੀ ਵਿਰੁੱਧ ਚੱਲ ਰਹੀ ਜਨਤਕ ਲਹਿਰ ਵਿੱਚ ਆਪਣਾ ਬਣਦਾ ਯੋਗਦਾਨ ਪਾਵਾਂਗਾ। ਇਸ ਮੰਤਵ ਲਈ ਮੈਂ ਕਾਮਰੇਡ ਹੀਰਾ ਸਿੰਘ ਕੰਡਿਆਂਵਾਲੇ ਤੇ ਦਵਿੰਦਰਜੀਤ ਸਿੰਘ ਢਿੱਲੋਂ ਦੀ ਪ੍ਰੇਰਨਾ ਨਾਲ ਜਮਹੂਰੀ ਲਹਿਰ ਨਾਲ ਜੁੜ ਗਿਆ। ਕਾ. ਦਵਿੰਦਰਜੀਤ ਢਿੱਲੋਂ ਵਿਦਿਆਰਥੀ ਜੀਵਨ ਤੋਂ ਹੀ ਜਮਹੂਰੀ ਲਹਿਰ ਨਾਲ ਜੁੜ ਗਿਆ ਸੀ। ਉਹ ਵਿਦਿਆਰਥੀਆਂ ਦੀ ਜਥੇਬੰਦੀ ਐਸ.ਐਫ.ਆਈ. ਦਾ ਸੂਬਾਈ ਆਗੂ ਰਿਹਾ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਵਿਦਿਆਰਥੀਆਂ ਵਿੱਚ ਹੋਏ ਇੱਕ ਦੋ-ਧਿਰੀ ਝਗੜੇ ਦੌਰਾਨ ਚੱਲੀ ਗੋਲ਼ੀ ਨਾਲ ਇਕ ਕਤਲ ਹੋ ਜਾਣ ਕਾਰਨ ਉਹਨੂੰ ਕਈ ਸਾਲ ਜੇਲ੍ਹ ਵਿੱਚ ਰਹਿਣਾ ਪਿਆ। ਜੇਲ੍ਹ ਤੋਂ ਬਾਹਰ ਆ ਕੇ ਉਹ ਸੀ.ਪੀ.ਆਈ.ਐਮ. ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਲੱਗ ਪਿਆ। ਇਸ ਦੌਰਾਨ ਉਹਨੇ ਲਾਅ ਪਾਸ ਹੋਣ ਕਰਕੇ ਐਡਵੋਕੇਟ ਵਜੋਂ ਕੰਮ ਵੀ ਕੀਤਾ। ਜਦੋਂ ਮੈਂ ਉਹਨਾਂ ਨਾਲ਼ ਜੁੜਿਆ ਉਹ ਪਾਰਟੀ ਦੀ ਜ਼ਿਲ੍ਹਾ ਕਮੇਟੀ ਦਾ ਸਕੱਤਰ ਸੀ।

ਬਾਅਦ ਵਿੱਚ ਕਿਸੇ ਡੂੰਘੇ ਮੱਤਭੇਦ ਕਾਰਨ ਉਹ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ 'ਚ ਚਲੇ ਗਿਆ। ਉੱਥੇ ਕੁਝ ਵੀ ਨਵਾਂ ਨਾ ਵੇਖਦਿਆਂ ਦੋ ਸਾਲ ਬਾਅਦ ਉਹ ਫਿਰ ਵਾਪਸ ਆ ਗਿਆ। ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਲਈ ਜਥੇਬੰਦਕ ਲੜਾਈ ਜਾਰੀ ਰੱਖਣ ਦੀ ਉਹਦੀ ਯੋਗਤਾ ਤੇ ਕੋਈ ਸ਼ੱਕ ਨਹੀਂ ਹੈ ਪਰ ਘਰੇਲੂ ਹਾਲਾਤਾਂ ਦੀ ਮਜ਼ਬੂਰੀ ਕਰਕੇ ਉਹ ਹੁਣ ਮੋਹਾਲੀ ਸੈਟਲ ਹੋ ਗਿਆ ਹੈ। ਇਸ ਵੇਲ਼ੇ ਉਹ ਪਾਰਟੀ ਦੀ ਜ਼ਿਲ੍ਹਾ ਕਮੇਟੀ ਦਾ ਮੈਂਬਰ ਅਤੇ ਆਲ ਇੰਡੀਆ ਕਿਸਾਨ ਸਭਾ ਦੀ ਪੰਜਾਬ ਇਕਾਈ ਦਾ ਖ਼ਜ਼ਾਨਚੀ ਹੈ। ਕਾ: ਇੰਦਰਜੀਤ ਸਿੰਘ ਮਰਾਹਣਾ ਇਸ ਵਾਰ ਪਾਰਟੀ ਦਾ ਜਿਲ੍ਹਾ ਸਕੱਤਰ

ਚੁਣਿਆ ਗਿਆ ਹੈ। ਉਹ ਬਤੌਰ ਚੀਫ਼ ਫਾਰਮਾਸਿਸਟ ਰਿਟਾਇਰ ਹੋਇਆ ਹੇ। ਮੁਲਾਜ਼ਮਾਂ ਵਿੱਚ ਉਹ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਵਿਗਿਅਨਕ) ਦੇ ਜਿਲ੍ਹਾ ਸਕੱਤਰ ਅਤੇ ਜਿਲ੍ਹਾ ਪ੍ਰਧਾਨ ਵਜੋਂ ਸਰਕਾਰਾਂ ਦੀਆਂ ਮੁਲਾਜ਼ਮ-ਮਾਰੂ ਨੀਤੀਆਂ ਵਿਰੁੱਧ ਤੇ ਮੁਲਾਜ਼ਮ-ਮੰਗਾਂ ਦੇ ਹੱਕ ਵਿੱਚ ਸੰਘਰਸ਼ਸ਼ੀਲ ਰਿਹਾ ਹੈ। ਪਾਰਟੀ ਨੂੰ ਉਸ ਤੋਂ ਜਨਤਕ ਲਾਮਬੰਦੀ ਤੇ ਸਰਗਰਮੀ ਵਧਾਉਣ ਦੀਆਂ ਭਾਰੀ ਉਮੀਦਾਂ ਹਨ।

ਕਾਮਰੇਡ ਮੇਜਰ ਸਿੰਘ ਭਿੱਖੀਵਿੰਡ ਪਾਰਟੀ ਦੀ ਜ਼ਿਲ੍ਹਾ ਇਕਾਈ ਦਾ ਸਕੱਤਰ ਅਤੇ ਸੂਬਾਈ ਸਕੱਤਰੇਤ ਦਾ ਮੈਂਬਰ ਹੈ। ਭਾਵੇਂ ਮੇਰੇ ਉਹਦੇ ਨਾਲ਼ ਬਹੁਤੇ ਗਹਿਰੇ ਸਬੰਧ ਨਹੀਂ ਹਨ ਪਰ ਮੈਨੂੰ ਪਤਾ ਹੈ ਕਿ 1983 ਤੋਂ 1992 ਤੱਕ ਉਹ ਅਤਿਵਾਦੀਆਂ ਦੀ ਹਿੱਟ ਲਿਸਟ ਤੇ ਰਿਹਾ ਹੈ ਅਤੇ ਉਹ ਪਾਰਟੀ ਸਿਧਾਂਤ ਤੇ ਪਹਿਰਾ ਦੇਂਦਿਆਂ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਵਾਂਗ ਆਪਣੇ ਘਰ ਪੱਕਾ ਮੋਰਚਾ ਬਣਾ ਕੇ ਕਥਿਤ ਅਤਿਵਾਦੀਆਂ ਦਾ ਬੜੀ ਬਹਾਦਰੀ ਨਾਲ਼ ਮੁਕਾਬਲਾ ਕਰਦਾ ਰਿਹਾ ਹੈ। ਉਹਦਾ ਘਰ ਭਿੱਖੀਵਿੰਡ-ਪੱਟੀ ਰੋਡ ਤੇ ਸੀ ਤੇ ਅਨੇਕਾਂ ਵਾਰ ਹਥਿਆਰ-ਬੰਦ ਦਹਿਸ਼ਤਗਰਦਾਂ ਨੇ ਰਾਤ ਦੇ ਹਨੇਰੇ ਵਿੱਚ ਉਹਦੇ ਘਰ ਤੇ ਹਮਲਾ ਕੀਤਾ ਸੀ ਪਰ ਹਰ ਵਾਰ ਉਹਨਾਂ ਨੂੰ ਮੂੰਹ ਦੀ ਖਾਣੀ ਪਈ ਸੀ। ਇੱਕ ਪੰਜਾਬੀ ਨਾਵਲਕਾਰ ਦਰਸ਼ਨ ਸਿੰਘ ਨੇ ਆਪਣੇ ਨਾਵਲ "ਗੈਲਰੀ ਸ਼ਹੀਦਾਂ ਦੀ" ਵਿੱਚ ਉਹਨਾਂ ਦੋਹਾਂ ਨੂੰ ਜ਼ਿੰਦਾ ਸ਼ਹੀਦ ਮੰਨਿਆ ਹੈ।

ਦੂਸਰੇ ਸਾਥੀ ਹੀਰਾ ਸਿੰਘ ਕੰਡਿਆਂਵਾਲੇ ਹਨ ਜਿਹਨਾਂ ਨੂੰ ਪਾਰਟੀ ਸਿਧਾਂਤ ਦੀ ਸਮਝ ਅਤੇ ਪਾਰਟੀ ਆਗੂਆਂ ਨਾਲ ਭਾਈਚਾਰਕ ਸਬੰਧਾਂ ਦੀ ਦਾਤ ਵਿਰਸੇ ਵਿੱਚ ਹੀ ਮਿਲੀ ਹੈ। ਉਸ ਦੇ ਪਿਤਾ ਜੀ ਕਾਮਰੇਡ ਧਰਮ ਸਿੰਘ ਲੋਹੇ ਵਾਲ਼ੇ ਪਾਰਟੀ ਦੇ ਪੁਰਾਣੇ ਕਾਮਰੇਡ ਤੇ ਅਜ਼ਾਦੀ ਸੰਗਰਾਮ ਦੇ ਸਿਪਾਹੀ ਰਹੇ ਹਨ। ਉਹਨਾਂ ਨੂੰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾ. ਦਲੀਪ ਸਿੰਘ ਟਪਿਆਲ਼ਾ, ਕਾ. ਫੌਜਾ ਸਿੰਘ ਭੁੱਲਰ, ਕਾ. ਮੱਖਣ ਸਿੰਘ ਤਰਸਿੱਕਾ, ਕਾ. ਦਰਸ਼ਨ ਸਿੰਘ ਝਬਾਲ, ਮੋਹਣ ਸਿੰਘ ਮਾਹਵਾ, ਹਜ਼ੂਰਾ ਸਿੰਘ ਦੇਊ, ਦੀਦਾਰ ਸਿੰਘ ਬਾਗੜੀਆਂ, ਹਰਬੰਸ ਸਿੰਘ ਬਾਗੜੀਆਂ, ਹਰਬੰਸ ਸਿੰਘ ਮਥਰੇਵਾਲ, ਅਮਰ ਸਿੰਘ ਰੂੜੇ ਆਸਲ, ਹਰਦਿੱਤ ਸਿੰਘ ਵਲੀਪੁਰ, ਜੋਗਿੰਦਰ ਸਿੰਘ ਵਾਂਸਾਂਵਾਲ਼ਾ ਤੇ ਕਰਤਾਰ ਸਿੰਘ ਟਿੱਕੀਆਂ ਵਾਲ਼ਾ ਆਦਿ ਕਮਿਊਨਿਸਟ ਆਗੂਆਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਸਾਂਝੀ ਪਾਰਟੀ ਵਿੱਚ ਉਹ ਡਾ. ਗੁਰਬਖ਼ਸ਼ ਸਿੰਘ ਸੰਧੂ ਅਤੇ ਕਾ. ਬ੍ਰਹਮ ਦੱਤ ਨੁਸ਼ਹਿਰਾ ਪੰਨੂੰਆਂ ਦੇ ਸੰਪਰਕ ਵਿੱਚ ਰਹੇ। ਕਮਿਊਨਿਸਟ ਪਾਰਟੀ ਵਿੱਚ ਸਿਧਾਂਤਕ ਮਤਭੇਦ ਹੋਣ ਬਾਅਦ ਜਦੋਂ 1964 ਵਿੱਚ ਸੀ.ਪੀ.ਆਈ.ਐਮ. ਦੀ ਸਥਾਪਨਾ ਹੋਈ ਤਾਂ ਉਹ ਇਸ ਪਾਰਟੀ ਨਾਲ ਖੜ ਗਏ ਅਤੇ ਪਾਰਟੀ ਦੇ ਹੇਠਲੇ ਵਰਕਰਾਂ ਤੇ ਉਤਲੇ ਆਗੂਆਂ ਨਾਲ ਸਬੰਧ ਮਜ਼ਬੂਤ ਕੀਤੇ।

ਆਪਣੇ ਬਜ਼ੁਰਗਾਂ ਨੂੰ ਪਾਰਟੀ ਸਰਗਰਮੀਆਂ ਜਾਰੀ ਰੱਖਣ ਦਾ ਸਮਾਂ ਦੇਣ ਲਈ ਕਾ. ਹੀਰਾ ਸਿੰਘ ਨੇ ਹਾਰਡ-ਵੇਅਰ ਦੀ ਦੁਕਾਨ ਤੇ ਕੰਡਿਆਂ ਵਾਲੀ ਫ਼ਰਮ ਦਾ ਕਾਰਜ-ਭਾਰ ਆਪ ਸੰਭਾਲਿਆ ਅਤੇ ਵਪਾਰ ਦੇ ਕੰਮ ਨੂੰ ਸ਼ਿਖ਼ਰਾਂ ਤੇ ਪਹੁੰਚਾਉਣ ਲਈ ਸਖ਼ਤ ਮਿਹਨਤ ਕੀਤੀ। ਅਤਿਵਾਦ ਦੇ ਦਹਿਸ਼ਤ ਭਰੇ ਦੌਰ ਵਿੱਚ ਉਹਨਾਂ ਦਾ ਪਰਿਵਾਰ ਅਤਿਵਾਦੀਆਂ ਦੇ ਨਿਸ਼ਾਨੇ ਤੇ ਹੋਣ ਕਾਰਨ ਕਈ ਵਾਰ ਫਿਰੌਤੀਆਂ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲੀਆਂ। ਜਿਸ ਦਾ ਖਮਿਆਜ਼ਾ ਹਿਫ਼ਾਜ਼ਤੀ ਪ੍ਰਬੰਧਾਂ ਕਾਰਨ ਦੁਕਾਨ-ਵਪਾਰ ਦੇ ਘਾਟੇ ਦੇ ਰੂਪ ਵਿੱਚ ਝੱਲਣਾ ਪਿਆ। ਪਰ ਫਿਰ ਵੀ ਉਹਨਾਂ ਨੇ ਪਾਰਟੀ ਦਾ ਲੜ ਨਾ ਛੱਡਿਆ ਤੇ ਆਪਣੇ ਅਕੀਦੇ ਤੇ ਅਡੋਲ ਖੜੇ ਰਹੇ। ਜਦੋਂ ਸੰਨ 2000 ਵਿੱਚ ਸਾ. ਮੰਗਤ ਰਾਮ ਪਾਸਲਾ ਨੇ ਪਾਰਟੀ ਨਾਲ ਮਤਭੇਦ ਹੋ ਜਾਣ ਤੇ'ਸੀ.ਪੀ.ਐਮ. ਪੰਜਾਬ' ਨਾਂ ਦਾ ਵੱਖਰਾ ਗਰੁੱਪ ਬਣਾ ਲਿਆ ਤਾਂ ਉਹ ਸੀ.ਪੀ.ਆਈ.ਐਮ. ਨਾਲ ਡਟ ਕੇ ਖਲੋਤੇ ਰਹੇ ਅਤੇ ਤਰਨਤਾਰਨ ਦੇ ਆਸ-ਪਾਸ ਪਾਰਟੀ ਦਾ ਵਿਸਥਾਰ ਕਰਨ ਲਈ ਯਤਨ ਕਰਦੇ ਰਹੇ। ਬਜ਼ੁਰਗਾਂ ਨਾਲ ਘਰ ਆਉਂਦੇ ਪਾਰਟੀ ਕਾਮਰੇਡਾਂ ਨਾਲ ਮੇਲ-ਮਿਲਾਪ ਹੋਣ ਕਰਕੇ ਕਾ. ਹੀਰਾ ਸਿੰਘ ਦੀ ਪਾਰਟੀ ਨਾਲ ਸਾਂਝ ਮਜ਼ਬੂਤ ਹੋ ਗਈ ਅਤੇ 2007 ਵਿੱਚ ਪਿਤਾ ਜੀ ਦੀ ਮੌਤ ਤੋਂ ਬਾਅਦ ਉਹਨਾਂ ਨੇ ਸ਼ਹਿਰ ਵਿੱਚ ਪਾਰਟੀ ਦੀ ਜ਼ਿੰਮੇਵਾਰੀ ਸੰਭਾਲ਼ੀ।

ਕਾ. ਹੀਰਾ ਸਿੰਘ ਨੇ ਪਿਛਲੇ ਸਮੇਂ ਵਿੱਚ ਜਿੱਥੇ ਆਪਣੇ ਕਾਰੋਬਾਰ ਨੂੰ ਪੈਰਾਂ-ਸਿਰ ਕੀਤਾ ਉੱਥੇ ਤਰਨਤਾਰਨ ਜ਼ਿਲ੍ਹੇ ਵਿੱਚ ਪਾਰਟੀ ਸਰਗਰਮੀਆਂ ਨਾਲ ਤਾਲਮੇਲ ਕਰਕੇ ਪਾਰਟੀ ਨੂੰ ਤਕੜਾ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ। ਇਲਾਕੇ ਵਿੱਚ ਪਾਰਟੀ ਦੀ ਕੋਈ ਵੀ ਮੀਟਿੰਗ, ਰੈਲੀ ਜਾਂ ਮੁਜ਼ਾਹਰਾ ਹੋਵੇ ਤਾਂ ਸਾਰਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਉਹਨਾਂ ਦੇ ਸਿਰ ਹੁੰਦੀ ਹੈ। ਹੁਣ ਦੁਕਾਨ ਤੇ ਕਾਰੋਬਾਰ ਦਾ ਕੰਮ ਉਹਨਾਂ ਦੇ ਬੱਚਿਆਂ ਨੇ ਸੰਭਾਲ ਲਿਆ ਹੈ। ਵਿਹਲ ਤਾਂ ਭਾਵੇਂ ਉਹਨਾਂ ਕੋਲ ਹੈ ਪਰ ਸਿਹਤ ਦੀਆਂ ਸਮੱਸਿਆਵਾਂ ਕਾਰਨ ਪਾਰਟੀ ਸਰਗਰਮੀਆਂ ਪਹਿਲਾਂ ਨਾਲੋਂ ਘਟ ਗਈਆਂ ਹਨ। ਇਸ ਵੇਲ਼ੇ ਉਹ ਪਾਰਟੀ ਦੀ ਤਹਿਸੀਲ ਤਰਨਤਾਰਨ ਦੇ ਸਕੱਤਰ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਹਨ। ਤਕਰੀਬਨ ਦਸ ਸਾਲ ਮੈਨੂੰ ਉਹਨਾਂ ਦੇ ਨੇੜੇ ਰਹਿ ਕੇ ਜਮਹੂਰੀ ਲਹਿਰ 'ਚ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਹ ਹਰ ਦਿਲ ਅਜੀਜ਼ ਤੇ ਹਰਮਨ ਪਿਆਰੇ ਆਗੂ ਹਨ। ਉਹ ਖੱਬੀ ਲਹਿਰ ਨਾਲ ਸਬੰਧਤ ਹਰ ਬੰਦੇ ਦਾ ਸਤਿਕਾਰ ਕਰਦੇ ਹਨ। ਉਹਨਾਂ ਨਾਲ ਭਾਈਚਾਰਕ ਤੇ ਭਾਵਨਾਤਮਿਕ ਸਾਂਝ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਤੀਜੇ ਚੌਥੇ ਦਿਨ ਉਹਨਾਂ ਨੂੰ ਦੁਕਾਨ ਤੇ ਜਾ ਕੇ ਮਿਲਣਾ ਹੀ ਪੈਂਦਾ ਹੈ। ਇਸ ਤਰ੍ਹਾਂ ਦਾ ਸ਼ੁਭਾਅ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ।

2013 ਤੋਂ 2018 ਤੱਕ ਪੰਜ ਸਾਲ ਖੱਬੀ ਲਹਿਰ ਵਿੱਚ ਕੰਮ ਕਰਦਿਆਂ ਮੈਂ ਮਹਿਸੂਸ

ਕੀਤਾ ਹੈ ਕਿ ਕੁਝ ਆਗੂਆਂ ਵਿੱਚ ਪੈਦਾ ਹੋ ਰਹੀਆਂ ਕੁ-ਰੁਚੀਆਂ ਜਿਵੇਂ ਪਾਰਟੀ-ਫੰਡ ਦਾ ਲਿਖਤੀ ਹਿਸਾਬ-ਕਿਤਾਬ ਨਾ ਰੱਖਣਾ, ਧੜੇਬੰਦਕ ਪਹੁੰਚ ਰੱਖਣੀ, ਲੱਤਾਂ-ਖਿੱਚੂ ਕੰਮ-ਢੰਗ, ਭਾਈ-ਭਤੀਜਾਵਾਦ ਅਤੇ ਵਿਰੋਧੀ ਵਿਚਾਰ ਰੱਖਦੇ ਸਾਥੀਆਂ ਨੂੰ ਬਣਦਾ ਸਤਿਕਾਰ ਨਾ ਦੇ ਕੇ ਗੁੱਠੇ ਲਾਉਣ ਦੀ ਗੈਰ-ਵਿਧਾਨਕ ਪਹੁੰਚ ਆਦਿ ਖੱਬੀ ਲਹਿਰ ਨੂੰ ਅੱਗੇ ਵਧਣ ਤੋਂ ਰੋਕਦੀਆਂ ਹਨ। ਸਵੈ-ਪੜਚੋਲ, ਜਮਹੂਰੀ ਫੰਕਸ਼ਨਿੰਗ ਅਤੇ ਆਪਸੀ-ਤਾਲਮੇਲ ਦੀ ਘਾਟ ਵੀ ਲਹਿਰ ਦੀ ਕਮਜ਼ੋਰੀ ਦਾ ਮੁੱਖ ਕਾਰਨ ਬਣ ਰਹੇ ਹਨ। ਇਹ ਸਾਰਾ ਕੁਝ ਇਕ ਰਾਸਟਰੀ ਪੱਧਰ ਦੇ ਆਗੂ ਜਿਸ ਨੂੰ ਬਾਅਦ ਵਿਚ ਪਾਰਟੀ ਚੋਂ ਕੱਢ ਦਿੱਤਾ ਗਿਆ (ਤੇ ਜੋ ਹੁਣ ਇਸ ਦੁਨੀਆਂ ਵਿਚ ਮੌਜੂਦ ਨਹੀਂ ਹੈ) ਦੀ ਨਾਂਹ-ਪੱਖੀ ਰਾਜਨੀਤੀ ਦੇ ਪ੍ਰਭਾਵ ਹੇਠ ਹੋ ਰਿਹਾ ਸੀ। ਉਹਦੀ ਛਤਰ-ਛਾਇਆ ਹੇਠ ਚੱਲਦੇ ਇਸ ਨਾਂਹ-ਪੱਖੀ ਵਰਤਾਰੇ ਦੇ ਸਿੱਟੇ ਵਜੋਂ ਪੈਦਾ ਹੋਈ ਨਿਰਾਸ਼ਤਾ ਕਾਰਨ ਮੈਂ ਆਪਣਾ ਬਣਦਾ ਇਤਿਹਾਸਿਕ ਫ਼ਰਜ਼ ਨਿਭਾਉਣ ਵਿੱਚ ਕਾਮਯਾਬ ਨਹੀਂ ਹੋ ਸਕਿਆ। 2018 ਵਿਚ ਸਿਹਤ ਸਬੰਧੀ ਗੰਭੀਰ ਸਮੱਸਿਆ ਪੈਦਾ ਹੋ ਜਾਣ ਕਾਰਨ ਮੈਂ ਸੰਘਰਸ਼ ਵਿਚ ਬਹੁਤੀ ਸਰਗਰਮੀ ਨਾਲ ਭਾਗ ਲੈ ਸਕਣ ਦੇ ਯੋਗ ਨਹੀਂ ਰਿਹਾ। ਇਹ ਲੋਕ-ਸੇਵਾ ਦਾ ਖੇਤਰ ਹੈ ਜੋ ਬਹੁਤ ਮਿਹਨਤ ਅਤੇ ਭੱਜ-ਦੌੜ ਦੀ ਮੰਗ ਕਰਦਾ ਹੈ ਪਰ ਮੈਂ ਏਨੀ ਭੱਜ-ਦੌੜ ਕਰਨ ਦੇ ਸਮਰੱਥ ਨਹੀਂ ਹਾਂ। ਇਸ ਕਾਰਨ ਮੈਂ ਜਮਹੂਰੀ ਲਹਿਰ ਦੀਆਂ ਲੋਕਲ ਪੱਧਰ ਦੀਆਂ ਸਰਗਰਮੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹਾਂ। ਮੈਨੂੰ ਅਫਸੋਸ ਹੈ ਕਿ ਆਪਣੇ ਸਾਥੀਆਂ ਦੀ ਆਸ ਮੁਤਾਬਕ ਮੈਂ ਇਸ ਲੋਕ-ਸੇਵਾ ਦੀ ਕਸਵੱਟੀ ਤੇ ਪੂਰਾ ਨਹੀਂ ਉੱਤਰ ਸਕਿਆ।

**ਸਮਾਜ-ਸੇਵਾ** : ਰਿਟਾਇਰ ਹੋਣ ਪਿੱਛੋਂ ਮੈਂ ਪਰਿਵਾਰ ਦੀ ਸਲਾਹ ਨਾਲ ਭੀੜੀ ਗਲੀ ਵਿਚਲਾ ਮਕਾਨ ਵੇਚ ਕੇ ਸ਼ਹਿਰੋਂ ਬਾਹਰਵਾਰ ਖੁੱਲ੍ਹੀਆਂ ਸੜਕਾਂ ਵਾਲੀ ਨਵੀਂ ਉੱਸਰ ਰਹੀ ਕਲੋਨੀ 'ਪਾਰਕ ਐਵੇਨਿਊ' ਵਿੱਚ ਕੋਠੀ ਬਣਾਉਣ ਦਾ ਸੁਪਨਾ ਸਾਕਾਰ ਕਰ ਲਿਆ ਤਾਂ ਕਲੋਨੀ 'ਚ ਬਣੀਆਂ 30-35 ਕੋਠੀਆਂ 'ਚੋਂ ਪੰਜ-ਸੱਤ ਚੰਗੇ ਪੜ੍ਹੇ-ਲਿਖੇ ਉਤਸ਼ਾਹੀ ਨੌਜਵਾਨਾਂ ਨੇ ਕਲੋਨੀ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਲਈ ਸੋਸ਼ਲ ਵੈੱਲਫ਼ੇਅਰ ਸੁਸਾਇਟੀ ਬਣਾਉਣ ਦਾ ਫ਼ੈਸਲਾ ਕੀਤਾ। ਉਹਨਾਂ ਨੇ ਕਲੋਨੀ-ਵਾਸੀਆਂ ਦੀ ਮੀਟਿੰਗ ਕਰ ਕੇ ਇੱਕ ਪੰਜ-ਮੈਂਬਰੀ ਕਮੇਟੀ ਬਣਾ ਕੇ ਮੇਰੀ ਗੈਰ-ਹਾਜ਼ਰੀ ਵਿੱਚ ਹੀ ਮੈਨੂੰ ਸੁਸਾਇਟੀ ਦੇ ਪ੍ਰਧਾਨ ਦੀ ਸੇਵਾ ਸੌਂਪ ਦਿੱਤੀ। ਸ੍ਰ. ਰਮਨਪ੍ਰੀਤ ਸਿੰਘ ਗਿੱਲ ਪ੍ਰਿੰਸੀਪਲ ਬਾਬਾ ਦੀਪ ਸਿੰਘ ਪਬਲਿਕ ਸਕੂਲ, ਬੇਗੇਪੁਰ, ਇਸ ਦੇ ਜਨਰਲ ਸਕੱਤਰ, ਇਸੇ ਸਕੂਲ ਦੇ ਐਮ.ਡੀ. ਸ੍ਰ. ਬਲਵਿੰਦਰ ਸਿੰਘ ਬਾਠ ਮੀਤ ਪ੍ਰਧਾਨ, ਸ੍ਰ, ਪ੍ਰਮਿੰਦਰਜੀਤ ਸਿੰਘ ਸੰਧੂ ਪ੍ਰਿੰ: ਐਸ.ਜੀ.ਐਸ. ਕਾਲਜ, ਜੰਡਿਆਲਾ ਰੋਡ, ਨੂੰ ਕੈਸ਼ੀਅਰ ਤੇ ਦੋ ਹੋਰ ਅਹੁਦੇਦਾਰ ਸ੍ਰ. ਮਨਿੰਦਰ ਸਿੰਘ ਠੇਕੇਦਾਰ ਤੇ ਡਾ. ਸਤਨਾਮ ਸਿੰਘ ਲਏ ਗਏ। ਅਸੀਂ ਸੁਸਾਇਟੀ ਨੂੰ ਰਜਿਸਟਰ ਕਰਵਾ ਲਿਆ ਤੇ ਕੁਝ ਹੋਰ ਸਿਆਣੇ

ਬੰਦਿਆਂ ਨੂੰ ਨਾਲ ਜੋੜ ਕੇ ਕਲੋਨੀ ਵਿੱਚ ਚੰਗੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸਬੰਧ ਸਿਰਜਣ ਅਤੇ ਕਲੋਨੀ ਦੀ ਸੁੰਦਰਤਾ ਤੇ ਸੁਰੱਖਿਆ ਲਈ ਸਾਰਥਿਕ ਯਤਨ ਕੀਤੇ। ਜਿਵੇਂ ਕਿ ਆਮ ਤੌਰ ਤੇ ਹੁੰਦਾ ਹੈ, ਹਰ ਕੰਮ ਵਿੱਚ ਨੁਕਸ ਕੱਢਣ ਵਾਲੇ ਵੀ ਸਾਡੇ ਆਸ-ਪਾਸ ਹੀ ਹੁੰਦੇ ਹਨ, ਕਲੋਨੀ ਦੇ ਕੁਝ ਅਜਿਹੇ ਮਹਾਂ-ਪੁਰਸ਼ਾਂ ਦੇ ਵਿਰੋਧ ਨੂੰ ਵੇਖਦੇ ਹੋਏ ਅਸੀਂ ਸੁਸਾਇਟੀ ਦੀ ਸਾਰੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪ ਕੇ ਸੁਰਖ਼ੁਰੂ ਹੋ ਗਏ ਹਾਂ। ਰੱਬ ਖ਼ੈਰ ਕਰੇ!

**ਮੇਰੇ ਮਾਪੇ ਮੇਰਾ ਇਸ਼ਟ ਫਾਊਂਡੇਸ਼ਨ** :-ਕਲੋਨੀ ਦੀ ਸੇਵਾ ਤੋਂ ਵਿਹਲੇ ਹੋ ਕੇ ਮੈਂ ਇਕ ਹੋਰ ਸਮਾਜ-ਸੇਵਾ ਦਾ ਕਾਰਜ ਸ਼ੁਰੂ ਕੀਤਾ ਹੈ। 2019 ਤੋਂ "ਮੇਰੇ ਮਾਪੇ ਮੇਰਾ ਇਸ਼ਟ ਫਾਊਂਡੇਸ਼ਨ, ਤਰਨਤਾਰਨ" ਨਾਂ ਦੀ ਇਕ ਸਵੈ-ਸੇਵਾ ਸੰਸਥਾ ਰਾਹੀਂ ਦਾਨ-ਰਾਸ਼ੀ ਇਕੱਠੀ ਕਰਕੇ ਹਰ ਸਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹੁਸ਼ਿਆਰ ਤੇ ਲੋੜਵੰਦ ਬੱਚਿਆਂ ਦੀ ਆਰਥਿਕ ਮਦਦ ਕਰਨ ਲਈ ਨਕਦ ਰਾਸ਼ੀ ਦੇ ਅਵਾਰਡ ਦੇਣੇ ਸ਼ੁਰੂ ਕੀਤੇ ਹਨ ਜੋ ਅੱਜ ਵੀ ਜਾਰੀ ਹੈ। ਪਹਿਲਾਂ ਅਸੀਂ ਪੜ੍ਹੇ ਗਏ ਸਿਲੇਬਸ ਵਿੱਚੋਂ ਬੱਚਿਆਂ ਦਾ ਆਪ ਟੈਸਟ ਲੈਂਦੇ ਸਾਂ ਪਰ ਇਸ ਸਾਲ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਜਾਣ ਵਾਲ਼ੀ ਪ੍ਰੀਖਿਆ ਨੂੰ ਅਧਾਰ ਮੰਨ ਲਿਆ ਹੈ। ਸ੍ਰ, ਗੁਰਭੇਜ ਸਿੰਘ ਕੱਲ੍ਹਾ, ਸ੍ਰ. ਕੁਲਵੰਤ ਸਿੰਘ ਲੈਕਚਰਾਰ, ਸ੍ਰ. ਬਲਵਿੰਦਰ ਸਿੰਘ ਕੱਚਾ-ਪੱਕਾ, ਸ੍ਰ. ਮਨਿੰਦਰ ਸਿੰਘ ਠੇਕੇਦਾਰ, ਸਵ: ਸ੍ਰ. ਕੁਲਵੰਤ ਸਿੰਘ ਮੁਗਲ ਚੱਕ ਪਨੂੰਆਂ ਦਾ ਪਰਿਵਾਰ, ਅਤੇ ਮੈਂ ਖ਼ੁਦ ਇਸ ਸੰਸਥਾ ਦੇ ਸਥਾਈ ਮੈਂਬਰ ਹਾ ਜੋ 5-6 ਹਜ਼ਾਰ ਰੁਪਏ ਦੀ ਰਾਸ਼ੀ ਦੇਂਦੇ ਹਨ ਪਰ ਸ੍ਰ. ਕੁਲਵੰਤ ਸਿੰਘ ਦੇ ਪਰਿਵਾਰ ਵੱਲੋਂ 10000 ਤੋਂ ਵੱਧ ਯੋਗਦਾਨ ਪਾਇਆ ਜਾਂਦਾ ਹੈ। ਸ੍ਰ. ਬਖ਼ਸ਼ੀਸ਼ ਸਿੰਘ ਸਬਾਜ਼ਪੁਰ, ਰਜਿੰਦਰ ਕੁਮਾਰ ਹੈੱਡ ਮਾਸਟਰ, ਬਲਬੀਰ ਸਿੰਘ ਮੱਲ੍ਹੀ, ਗੁਰਨਾਮ ਸਿੰਘ ਸਰਾਂ, ਹਰਜੀਤ ਸਿੰਘ ਜੱਸਲ, ਰਮਨਪ੍ਰੀਤ ਸਿੰਘ ਗਿੱਲ ਅਤੇ ਕਈ ਹੋਰ ਦੋਸਤ ਵੀ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹੇ ਹਨ। ਦਾਨ ਦੀ ਇਹ ਰਾਸ਼ੀ 40,000 ਤੋਂ ਲੈ ਕੇ 55,000 ਤੱਕ ਹੋ ਜਾਂਦੀ ਹੈ। ਇਸ ਉੱਦਮ ਨਾਲ਼ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੁੰਦੀ ਹੈ, ਬੱਚਿਆਂ ਵਿਚ ਪੜ੍ਹਾਈ ਲਈ ਉਤਸ਼ਾਹ ਵਧਦਾ ਹੈ ਅਤੇ ਪਿੰਡਾਂ ਵਿੱਚ ਹਾਸ਼ੀਏ ਤੇ ਬੈਠੇ ਜ਼ਿੰਦਗੀ ਬਸ਼ਰ ਕਰ ਰਹੇ ਲੋਕਾਂ ਦੀ ਕੁਝ ਮਦਦ ਹੋ ਜਾਂਦੀ ਹੈ।

**ਪੈਨਸ਼ਨਰਜ਼ ਯੂਨੀਅਨ** : ਕੁਝ ਸਮਾਂ ਮੈਨੂੰ ਪੈਨਸ਼ਨਰਜ਼ ਐਂਡ ਸੀਨੀਅਰ ਸਿਟੀਜ਼ਨਜ਼ ਐਸੋਸੀਏਸ਼ਨ ਦੀ ਸਥਾਨਕ ਇਕਾਈ 'ਚ ਸੇਵਾ ਕਰਨ ਦਾ ਵੀ ਮੌਕਾ ਮਿਲਿਆ ਸੀ ਪਰ ਸਿਹਤ ਦੀ ਸਮੱਸਿਆ ਕਾਰਨ ਹੀ ਮੈਂ ਇਸ ਦੀ ਸਰਗਰਮ ਭੂਮਿਕਾ ਵੀ ਨਹੀਂ ਨਿਭਾ ਸਕਿਆ। ਫਿਰ ਵੀ ਜੇ ਕਿਸੇ ਪੈਨਸ਼ਨਰ ਸਾਥੀ ਨੂੰ ਕਿਸੇ ਪ੍ਰਕਾਰ ਦੀ ਕੋਈ ਸਲਾਹ ਜਾਂ ਸਹਾਇਤਾ ਦੀ ਲੋੜ ਪਏ ਤਾਂ ਕਰਦਾ ਹਾਂ ਤੇ ਹਰ ਮਹੀਨੇ ਇੱਕ ਦਿਨ, ਅਸੀਂ ਕੁਝ ਪੈਨਸ਼ਨਰ ਸਾਥੀ, ਘੰਟਾ-ਦੋ-ਘੰਟੇ, ਹੱਸਣ-ਖੇਡਣ ਤੇ ਚਾਹ ਦਾ ਕੱਪ ਸਾਂਝਾ ਕਰਨ ਲਈ ਸਮਾਂ ਕੱਢਦੇ

ਹਾਂ। ਸਾ: ਕੁਲਵੰਤ ਸਿੰਘ ਲੈਕਚਰਾਰ, ਰਜਿੰਦਰ ਕੁਮਾਰ, ਬਖ਼ਸੀਸ਼ ਸਿੰਘ ਸ਼ਾਹ, ਸੁਰਜੀਤ ਸਿੰਘ ਝਾਮਕਾ, ਬਲਬੀਰ ਸਿੰਘ ਮੱਲ੍ਹੀ, ਵਿਜੇ ਕੁਮਾਰ ਜੋਸ਼ੀ, ਵਿਜੇ ਪ੍ਰਭਾਕਰ, ਸੁਰਜੀਤ ਸਿੰਘ ਚੁਤਾਲ਼ਾ, ਗੁਰਨਾਮ ਸਿੰਘ ਸਰਾਏ ਦੀਵਾਨਾ, ਗਿਆਨ ਸਿੰਘ ਪਲਾਸੌਰ, ਗੁਰਦੀਪ ਸਿੰਘ ਮਾਣੋਚਾਹਲ ਖ਼ੁਰਦ, ਚੰਚਲ ਸਿੰਘ ਮਾਣੋਚਾਹਲ, ਬਹਾਲ ਸਿੰਘ, ਕਸ਼ਮੀਰ ਸਿੰਘ ਢਿੱਲੋਂ, ਬਾਬੂ ਸਿੰਘ, ਡਾ: ਅਜਮੇਰ ਸਿੰਘ, ਕਰਮ ਸਿੰਘ ਲਾਲਪੁਰਾ, ਮਨਜੀਤ ਸਿੰਘ ਨੂਰਪੁਰ, ਸਕੱਤਰ ਸਿੰਘ, ਹਰਜੀਤ ਸਿੰਘ ਜੱਸਲ, ਤੇਜਿੰਦਰ ਸਿੰਘ ਕਾਜ਼ੀਕੋਟ, ਤਰਸੇਮ ਸਿੰਘ ਲਾਲੂਘੁੰਮਣ ਤੇ ਨਛੱਤਰ ਸਿੰਘ ਆਦਿ ਇਸ ਹੱਸਣ-ਖੇਲਣ ਗਰੁੱਪ ਦੇ ਸਰਗਰਮ ਮੈਂਬਰ ਹਨ।

**ਸਾਹਿਤਕ ਸ਼ੌਕ** : ਇਸ ਤੋਂ ਛੁੱਟ ਮੈਂ ਇੱਕ ਹੋਰ ਸ਼ੌਕ ਵੀ ਪਾਲ਼ ਰਿਹਾ ਹਾਂ, ਸਾਹਿਤ ਪੜ੍ਹਨ ਅਤੇ ਸਿਰਜਣਾ ਦਾ। ਇਹ ਚੇਟਕ ਮੈਨੂੰ ਜਸਬੀਰ ਝਬਾਲ, ਪ੍ਰਧਾਨ ਪੰਜਾਬੀ ਸਭਿਆਚਾਰਕ ਸੱਥ, ਅੰਮ੍ਰਿਤਸਰ ਨੇ ਲਾਈ ਸੀ, ਨਹੀ ਤਾਂ ਮੈਂ ਮਨ ਵਿਚਲੇ ਵਿਚਾਰ ਤੇ ਭਾਵਨਾਵਾਂ ਨਾਲ ਹੀ ਲੈ ਜਾਣੀਆਂ ਸਨ। ਉਹਦੀ ਪ੍ਰੇਰਨਾ ਨਾਲ ਮੈਂ ਕੁਝ ਕਹਾਣੀਆਂ ਲਿਖੀਆਂ ਤੇ 2018 'ਵਰਦੀ ਦਾ ਮੁੱਲ' ਨਾਂ ਹੇਠ ਕਹਾਣੀ-ਸੰਗ੍ਰਹਿ ਛਪਵਾ ਕੇ ਪੰਜਾਬੀ ਸਾਹਿਤ 'ਚ ਕੁਝ ਹਿੱਸਾ ਪਾਇਆ ਹੈ। ਇਸ ਤੋਂ ਬਾਅਦ 'ਮੈਂ ਜਾਣਿਆ ਦੁੱਖ ਮੁਝ ਕੋ', 'ਬਦਲੇ ਰੰਗ ਪੰਜਾਬ ਦੇ' ਅਤੇ 'ਮੇਰਾ ਪਿੰਡ ਤੇ ਮੇਰੇ ਲੋਕ' ਤਿੰਨ ਵਾਰਤਿਕ ਦੀਆਂ ਪੁਸਤਕਾਂ ਲੋਕ-ਅਰਪਣ ਹੋਈਆਂ ਹਨ। ਇੱਕ ਹੋਰ ਪੁਸਤਕ 'ਦਲਦਲ' ਕਹਾਣੀ-ਸੰਗ੍ਰਹਿ ਛਪ ਕੇ ਪਾਠਕਾਂ ਕੋਲ਼ ਜਾਣ ਲਈ ਤਿਆਰ ਹੈ। ਕਿਤਾਬਾਂ ਪੜ੍ਹਨ ਦੀ ਭੁੱਖ ਪੂਰੀ ਕਰਨ ਲਈ ਪਹਿਲਾਂ ਸੰਗਮ ਪ੍ਰਕਾਸ਼ਨ ਤੋਂ ਡਾਕ ਰਾਹੀਂ ਪੁਸਤਕਾਂ ਮੰਗਵਾ ਕੇ ਪੜ੍ਹਦਾ ਸਾਂ ਤੇ ਹੁਣ ਪੀਪਲਜ ਫੋਰਮ ਬਰਗਾੜੀ ਨਾਲ ਜੁੜ ਗਿਆ ਹਾਂ। ਖ਼ੁਸ਼ਵੰਤ ਬਰਗਾੜੀ ਹੋਰੀਂ ਦੋ ਮਹੀਨੇ ਬਾਅਦ 250 ਰੁ: (ਹੁਣ 300 ਰੁਪਏ) ਵਿੱਚ ਤਿੰਨ-ਚਾਰ ਪੜ੍ਹਨ-ਯੋਗ ਕਿਤਾਬਾਂ ਭੇਜ ਦੇਂਦੇ ਹਨ। ਕੁਝ ਪੰਜਾਬੀ ਮੈਗ਼ਜ਼ੀਨ ਮੰਗਵਾਉਣ ਦਾ ਪ੍ਰਬੰਧ ਵੀ ਕਰ ਰੱਖਿਆ ਹੈ ਤੇ ਕੁਝ ਭਾਈ ਮੋਹਣ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਤੋਂ ਪੰਜਾਬੀ ਸਾਹਿਤ ਪੜ੍ਹਨ ਨੂੰ ਮਿਲ ਜਾਂਦਾ ਹੈ।

ਸਾਹਿਤਕ ਝੱਸ ਪੂਰਾ ਕਰਨ ਲਈ ਸ੍ਰ: ਜਸਵਿੰਦਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਤੇ ਬਲਬੀਰ ਭੈਲ਼ ਦੀ ਸਰਪ੍ਰਸਤੀ ਹੇਠ ਚੱਲ ਰਹੀ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਵੀ ਬਣ ਗਿਆ ਹਾਂ। ਮਹੀਨੇ-ਦੋ-ਮਹੀਨੇ ਬਾਅਦ ਸਾਹਿਤ ਸਭਾ ਦੀ ਮੀਟਿੰਗ ਵਿੱਚ ਪੰਜਾਬੀ ਕਵੀਆਂ ਤੇ ਹੋਰ ਵਿਧਾਵਾਂ ਦੇ ਲੇਖਕਾਂ ਦੀਆਂ ਰਚਨਾਵਾਂ ਸੁਣ ਕੇ ਅਨੰਦ ਮਾਨਣ ਤੇ ਆਪਣੇ ਦਿਲ ਦੀ ਭੜਾਸ ਕੱਢਣ ਦਾ ਵੀ ਮੌਕਾ ਮਿਲ ਜਾਂਦਾ ਹੈ। ਢਿੱਲੋਂ ਸਾਹਬ ਬੜੇ ਮਿਠਬੋਲੜੇ, ਮਿਲਣਸਾਰ ਤੇ ਹਰੇਕ ਬੰਦੇ ਨੂੰ ਬਣਦਾ ਸਤਿਕਾਰ ਦੇਣ ਵਾਲੇ ਹਰਮਨ-ਪਿਆਰੇ ਦਾਨਿਸ਼ਵਰ ਤੇ ਕਵੀ ਸੱਜਣ ਹਨ। ਉਹਨਾਂ ਦੀ ਘੜੀ-ਪਲ ਦੀ ਸੰਗਤ ਵੀ ਮਨ ਨੂੰ ਸਕੂਨ ਦੇਂਦੀ ਹੈ। ਉਹ ਵੀ ਹੁਣ ਮੇਰੇ ਵਾਂਗ ਸਰਕਾਰੀ ਸੇਵਾ ਤੋਂ ਸੇਵਾ-ਮੁਕਤ ਹੋ ਕੇ

ਸਾਹਿਤ-ਸੇਵਾ ਕਰ ਰਹੇ ਹਨ। ਸਭਾ ਦੇ ਪ੍ਰਧਾਨ ਹੋਣ ਦੇ ਨਾਤੇ ਉਹਨਾਂ ਨੇ ਮੇਰੀ ਪਲੇਠੀ ਪੁਸਤਕ 'ਵਰਦੀ ਦਾ ਮੁੱਲ' ਲੋਕ-ਅਰਪਣ ਕਰਨ ਲਈ ਨਿੱਜੀ ਤੌਰ ਤੇ ਭਾਰੀ ਪੁਰਸ਼ਾਰਥ ਕੀਤਾ ਅਤੇ ਮਗਰੋਂ ਦੂਜੀਆਂ ਤਿੰਨ ਕਿਤਾਬਾਂ ਵੀ ਸਾਹਿਤ ਸਭਾ ਦੇ ਸਮਾਗਮ ਵਿੱਚ ਹੀ ਰਿਲੀਜ਼ ਕੀਤੀਆਂ ਗਈਆਂ। ਇਸ ਲਈ ਉਹਨਾਂ ਦਾ ਧੰਨਵਾਦ ਕਰਨਾ ਬਣਦਾ ਹੈ। ਢਿੱਲੋਂ ਸਾਹਿਬ ਹੋਰ ਸਾਹਿਤ ਸਭਾਵਾਂ ਦੀਆਂ ਸਰਗਰਮੀਆਂ ਨਾਲ ਵੀ ਜੁੜੇ ਰਹਿੰਦੇ ਹਨ। ਮੈਂ ਉਹਨਾਂ ਦੀ ਚੰਗੀ ਸਿਹਤ ਅਤੇ ਪਰਿਵਾਰਿਕ ਖ਼ੁਸ਼ਹਾਲੀ ਦੀ ਕਾਮਨਾ ਕਰਦਾ ਹਾਂ।

ਇਸ ਵੇਲੇ ਮੈਂ ਕੁਝ ਸਿਹਤ ਦੀ ਸਮੱਸਿਆ ਕਰਕੇ ਬਹੁਤੀ ਭੱਜ-ਨੱਠ ਤੇ ਖੇਚਲ-ਖੱਭਲ ਤੋਂ ਪ੍ਰਹੇਜ ਕਰਨ ਲਈ ਮਜ਼ਬੂਰ ਹਾਂ। ਅੱਖਾਂ ਦੇ ਕਾਲੇ ਮੋਤੀਏ ਦੀ ਸ਼ਿਕਾਇਤ ਤਾਂ ਮੈਨੂੰ ਬਚਪਨ ਤੋਂ ਹੀ ਸੀ, ਆਪਣੀ ਬਿਮਾਰੀ ਨੂੰ ਦੂਜਿਆਂ ਤੋਂ ਲੁਕੋ ਕੇ ਰੱਖਣ ਦੀ ਸੰਗਾਊ-ਪੇਂਡੂ ਪਹੁੰਚ ਤੇ ਸਹੀ ਅਗਵਾਈ ਦੀ ਘਾਟ ਕਾਰਨ ਮੇਰਾ ਇਹ ਰੋਗ ਕਾਫੀ ਵਧ ਗਿਆ ਸੀ। ਜਦੋਂ ਤੋਂ ਐਨਕ ਲਵਾ ਕੇ ਇਲਾਜ ਸ਼ੁਰੂ ਕੀਤਾ ਹੈ, ਦਵਾ-ਦਾਰੂ ਨਾਲ ਕੰਟਰੋਲ ਹੋ ਗਿਆ ਹੈ ਤੇ ਰੈਗੂਲਰ ਚੈਕਿੰਗ ਜਾਰੀ ਹੈ। ਸਬਕ ਇਹੋ ਹੈ ਕਿ ਬੱਚਾ ਹੋਵੇ ਜਾਂ ਸਿਆਣਾ, ਸਿਹਤ ਸਬੰਧੀ ਜਦੋਂ ਵੀ ਕੋਈ ਸਮੱਸਿਆ ਪੇਸ਼ ਆਵੇ, ਬਿਨਾਂ ਝਿਜਕ ਘਰ-ਪਰਿਵਾਰ ਵਿੱਚ ਸਾਂਝੀ ਕਰਕੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। 1977 ਵਿੱਚ ਜਦੋਂ ਮੈਂ ਵੇਰਕੇ ਜੇ.ਬੀ.ਟੀ. ਕਰਦਾ ਸਾਂ ਤਾਂ ਇਕ ਦਿਨ ਖੇਡ-ਮੈਦਾਨ ਵਿੱਚ ਲੰਮੀ-ਛਾਲ ਦੀ ਪ੍ਰੈਕਟਿਸ ਕਰਦਿਆਂ ਲੱਕ ਦੀ ਡਿਸਕ ਹਿੱਲ ਜਾਣ ਕਾਰਨ ਕਈ ਦਿਨ ਦਰਦ ਨਾਲ ਕਰਾਹੁੰਦਾ ਰਿਹਾ ਸਾਂ। ਆਖ਼ਰ ਇਕ ਹੱਡੀਆਂ ਦੇ ਮਾਹਰ ਤੋਂ ਇਲਾਜ ਕਰਾਉਣ ਪਿੱਛੋਂ ਮਾੜਾ-ਮੋਟਾ ਤੁਰਨ ਜੋਗਾ ਹੋਇਆ ਸਾਂ ਪਰ ਉਹਨੇ ਝੁਕ ਕੇ ਭਾਰ ਚੁੱਕਣ ਤੇ ਭਾਰਾ ਕੰਮ ਕਰਨ ਤੋਂ ਵਰਜ ਦਿੱਤਾ ਸੀ। ਲੰਮਾ ਸਮਾਂ ਤਾਂ ਇਹ ਠੀਕ ਰਿਹਾ ਤੇ ਮੈਂ ਚੰਡੀਗੜ੍ਹ ਤੱਕ ਧਰਨੇ-ਮੁਜ਼ਾਹਰੇ ਲਈ ਬੱਸਾਂ ਦਾ ਸਫ਼ਰ ਬੇ-ਖ਼ੌਫ਼ ਹੋ ਕੇ ਕਰਦਾ ਰਿਹਾ ਹਾਂ, ਪਰ 2011 ਵਿੱਚ ਜਦੋਂ ਮੈਂ ਦਿੱਲੀ-ਮਾਰਚ ਵਿੱਚ ਭਾਗ ਲੈਣ ਗਿਆ ਤਾਂ ਲਗਾਤਾਰ 10-12 ਕਿਲੋਮੀਟਰ ਤੁਰਨ ਪਿੱਛੋਂ ਮੇਰੀ ਲੱਤ ਸੁੰਨ ਹੋ ਗਈ। ਵਾਪਸੀ ਬਾਅਦ ਕਈ ਥਾਂਵਾਂ ਤੋਂ ਇਲਾਜ ਕਰਾਉਣ ਦੇ ਬਾਅਦ ਸੁੰਨਾਪਣ ਤਾਂ ਠੀਕ ਹੋ ਗਿਆ ਹੈ ਪਰ ਸਟੰਟ ਪਿਆ ਹੋਣ ਕਾਰਨ ਚੱਲਦੀਆਂ ਦਵਾਈਆਂ ਦੇ ਸਾਈਡ-ਇਫੈਕਟ ਕਰਕੇ ਤੁਰਨ-ਫਿਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਕਾਰਨ ਬੱਸਾਂ-ਗੱਡੀਆਂ ਤੇ ਲੰਮਾ ਸਫ਼ਰ ਕਰਨ ਤੋਂ ਮੈਨੂੰ ਪ੍ਰਹੇਜ਼ ਕਰਨਾ ਪੈਂਦਾ ਹੈ ਤੇ ਲੋਕਲ ਪੱਧਰ ਤੇ ਹੀ ਸਰਗਰਮੀ ਕਰਨ-ਯੋਗ ਹਾਂ।

**ਮਾਰਚ 2018 ਵਿੱਚ ਦਿਲ ਦੀ ਇੱਕ ਖ਼ੂਨ**-ਵਾਹਨੀ ਵਿੱਚ ਰੁਕਾਵਟ ਆ ਜਾਣ ਕਰਕੇ ਦਿਲ-ਰੋਗਾਂ ਦੇ ਮਾਹਰ ਨੇ ਨਾੜੀ ਅੰਦਰ ਛੱਲਾ ਪਾ ਕੇ ਜੀਊਣ-ਯੋਗ ਕਰ ਦਿੱਤਾ ਹੈ ਪਰ ਨਾਲ ਹੀ ਪ੍ਰਹੇਜ਼ਾਂ ਦੀ ਲਿਸਟ, ਖਾਣ-ਯੋਗ ਖ਼ੁਰਾਕ ਦਾ ਚਾਰਟ ਤੇ ਬਿਨਾਂ ਨਾਗਾ ਦਵਾਈ ਖਾਣ ਲਈ ਪਰਚੀ ਵੀ ਲਿਖ ਦਿੱਤੀ ਹੈ। ਫਿਰ ਵੀ ਡਾਕਟਰ ਦੀ ਸਲਾਹ ਅਨੁਸਾਰ

ਜੀਵਨ ਬਸਰ ਕਰਦਿਆਂ ਮੈਂ ਠੀਕ ਅਨੁਭਵ ਕਰ ਰਿਹਾ ਹਾਂ। ਸੂਰਜ ਚੜ੍ਹਨ ਤੋਂ ਘੰਟਾ ਪਹਿਲਾਂ ਉੱਠ ਕੇ ਸਿਹਤ ਮੁਤਾਬਕ ਸੈਰ ਕਰਨ ਦੇ ਨਿਯਮ ਦੀ ਪਾਲਣਾ ਕਰਨ ਦੀ ਪੂਰੀ ਕੋਸ਼ਿਸ਼ ਕਰਦਾ ਹਾਂ। ਇਹ ਮੌਕਾ ਕਾਦਰ ਦੀ ਕੁਦਰਤ ਤੋਂ ਬਲਿਹਾਰ ਜਾਣ ਦਾ ਵੀ ਹੁੰਦਾ ਹੈ। ਸਮਾਂ ਕੱਢ ਕੇ ਕਦੇ 2 ਮੈਂ ਆਪਣੇ ਮਿੱਤਰਾਂ ਨੂੰ ਮਿਲ ਕੇ ਉਹਨਾਂ ਦੀ ਸੁੱਖ-ਨੰਦ ਪੁੱਛਣਾ ਆਪਣਾ ਫ਼ਰਜ਼ ਸਮਝਦਾ ਹਾਂ। ਸਰਹੱਦੀ ਇਲਾਕੇ ਦੇ ਇੱਕ ਪਛੜੇ ਹੋਏ ਪਿੰਡ ਦੇ ਕੱਚੇ ਕੋਠਿਆਂ ਤੋਂ ਆਪਣਾ ਸਫ਼ਰ ਸ਼ੁਰੂ ਕਰਕੇ ਵਧੀਆ ਸ਼ਹਿਰੀ ਕਲੋਨੀ ਦੀ ਦੋ-ਮੰਜ਼ਿਲੀ ਕੋਠੀ ਤੱਕ ਪਹੁੰਚਣ ਅਤੇ ਇੱਕ ਚਾਰਖ਼ਾਨੇ ਦੀ ਬੁਸ਼ਰਟ ਤੇ ਫਾਟਾਂ ਵਾਲੇ ਪਜਾਮੇ ਨਾਲ ਪੜ੍ਹਾਈ ਕਰਕੇ, ਸਾਈਕਲ ਦੇ ਪੈਡਲਾਂ ਤੇ ਸਫ਼ਰ ਸ਼ੁਰੂ ਕਰਕੇ ਵੈਨਿਊ ਕਾਰ ਦੀ ਮੂਹਰਲੀ ਸੀਟ 'ਤੇ ਬੈਠਣ ਨੂੰ ਹੀ ਮੈਂ ਆਪਣੇ ਧੰਨ-ਭਾਗ ਸਮਝਦਾ ਹਾਂ। ਬੇਸ਼ਕ ਧਨ-ਦੌਲਤ ਦੀ ਵਧਦੀ ਇੱਛਾ ਤੋਂ ਛੁਟਕਾਰਾ ਪਾ ਸਕਣਾ ਬੰਦੇ ਲਈ ਮੁਸ਼ਕਿਲ ਹੈ ਪਰ ਮੈਂ ਸਮਝਦਾ ਹਾਂ ਕਿ ਸਬਰ-ਸੰਤੋਖ ਜ਼ਿੰਦਗੀ ਵਿੱਚ ਸੰਤੁਲਨ ਕਾਇਮ ਰੱਖਦਾ ਹੈ ਤੇ ਲਾਲਚ ਇਸ ਨੂੰ ਨਰਕ ਬਣਾ ਦੇਂਦਾ ਹੈ। ਇਸ ਕਰਕੇ ਮਾਇਆ ਦੇ ਜੰਜ਼ਾਲ 'ਚ ਫਸਣ ਦੀ ਥਾਂ ਪਰਵਰਦਿਗਾਰ ਦੇ ਸ਼ੁਕਰ-ਗੁਜ਼ਾਰ ਹੋਣਾ ਚਾਹੀਦਾ ਹੈ। ਵਾਧੂ ਇਛਾਵਾਂ ਮਨੁੱਖ ਨੂੰ ਦੁਖੀ ਹੀ ਕਰਦੀਆਂ ਹਨ ਇਸ ਲਈ ਬੰਦੇ ਨੂੰ ਵਾਧੂ-ਇਛਾਵਾਂ ਤੇ ਕਾਬੂ ਪਾ ਕੇ ਰੱਖਣਾ ਚਾਹੀਦਾ ਹੈ।

**ਭਾਵੇਂ ਮੈਂ ਅਗਾਂਹ**-ਵਧੂ ਸਿਧਾਂਤ ਤੇ ਚਲਦਿਆਂ ਮੁਲਾਜ਼ਮ ਸਫ਼ਾਂ 'ਚ ਕੋਈ ਉੱਚ-ਪੱਧਰ ਦਾ ਲੀਡਰ ਨਹੀਂ ਰਿਹਾ ਤੇ ਨਾ ਹੀ ਸਿੱਖਿਆ ਹਾਸਲ ਕਰਦਿਆਂ ਕੋਈ ਗਿਣਨ-ਯੋਗ ਪ੍ਰਾਪਤੀ ਕੀਤੀ ਹੈ ਜਾਂ ਕਿਸੇ ਵਿਭਾਗੀ-ਅਹੁਦੇ ਦੇ ਸਿਖ਼ਰ ਤੇ ਪਹੁੰਚਾ ਹਾਂ ਅਤੇ ਨਾ ਹੀ ਕੋਈ ਸਿਆਸੀ ਪਿੜ ਫ਼ਤਹਿ ਕਰ ਸਕਿਆ ਹਾਂ ਪਰ ਫਿਰ ਵੀ ਮੇਰੀ ਸਮਝ ਹੈ ਕਿ ਮਾਪਿਆਂ ਦੀ ਮਜ਼ਬੂਰੀ ਕਾਰਨ ਬਚਪਨ 'ਚ ਮਿਲੇ ਸੀਮਿਤ ਜਿਹੇ ਵਸੀਲਿਆਂ ਤੇ ਅਨਪੜ੍ਹ ਪੇਂਡੂ ਪਿਛੋਕੜ ਦੇ ਹੁੰਦਿਆਂ, ਆਪਣੇ ਸੁਪਨੇ ਸਾਕਾਰ ਕਰ ਲੈਣੇ ਵੀ ਮੇਰੇ ਲਈ ਕੋਈ ਘੱਟ ਪ੍ਰਾਪਤੀ ਨਹੀਂ ਹੈ। ਜੀਵਨ ਇੱਕ ਸੰਘਰਸ਼ ਹੈ ਤੇ ਚੰਗੇਰੀਆਂ ਜੀਵਨ-ਹਾਲਤਾਂ ਪ੍ਰਾਪਤ ਕਰਨ ਲਈ ਇਹ ਹਰ ਜੀਵ ਨੂੰ ਲੜਨਾ ਪੈਂਦਾ ਹੈ। ਇਸ ਸੰਘਰਸ਼ ਵਿੱਚ ਜਿੱਤ ਵੀ ਹੈ ਤੇ ਹਾਰ ਵੀ। ਦੋ ਕਦਮ ਅੱਗੇ ਵਧ ਕੇ ਕਈ ਵਾਰ ਇੱਕ ਕਦਮ ਪਿਛਾਂਹ ਵੀ ਮੁੜਨਾ ਪੈ ਸਕਦਾ ਹੈ। ਹਿੰਮਤਾਂ ਵਾਲੇ ਹੀ ਇਸ ਜੰਗ 'ਚ ਜੇਤੂ ਹੁੰਦੇ ਹਨ, ਹੌਂਸਲਾ ਹਾਰ ਜਾਣ ਵਾਲੇ ਮੰਜ਼ਿਲ ਦੀ ਪ੍ਰਾਪਤੀ ਕਦੇ ਨਹੀਂ ਕਰ ਸਕਦੇ। ਮੈਂ ਆਪਣੇ ਹਿੱਸੇ ਦੀ ਇਸ ਜੰਗ ਵਿੱਚ ਭਾਵੇਂ ਬਹੁਤੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਿਆ ਪਰ ਇਹ ਆਸ ਜ਼ਰੂਰ ਰੱਖਦਾ ਹਾਂ ਕਿ ਪਾਠਕ ਇਸ ਜੀਵਨ-ਗਾਥਾ ਨੂੰ ਪੜ੍ਹ ਕੇ ਆਪਣੀ ਜ਼ਿੰਦਗੀ ਦੇ ਉੱਚੇ ਮੁਕਾਮ ਹਾਸਲ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਧੰਨਵਾਦ!